**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763



**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Fourtheenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 14, Issue 03, January 19th, 2013
20451 N Plum Grove Rd. Palatine, IL 60074
Ph:847-359-0746, Fax:847-705-9388

ਬਾਦਲੀ ਰਮਜ਼ਾਂ

## ਸੁਖਬੀਰ ਦੀ ਗੁੱਡੀ ਚੜ੍ਹਾਉਣ ਲਈ ਸੀ ਪੁਰਾਣੇ ਆਗੂਆਂ ਦੀ ਤਾਰੀਫ

### ਸਾਲਾ ਬਣਿਆ ਸੁਖਬੀਰ ਦਾ 'ਸ਼ਰੀਕ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬ) ਵਿਚ ਪਿਛਲੇ ਸਮੇਂ ਤੋਂ ਚੱਲ ਰਹੀ ਖਿੱਚੋਤਾਣ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਇਸ ਵਾਰ ਪਾਰਟੀ ਦੀਆਂ ਸਾਰੀਆਂ ਸ਼ਕਤੀਆਂ ਆਪਣੀ ਮੁੱਠੀ ਵਿਚ ਰੱਖਣ ਵਾਲੇ ਬਾਦਲ ਪਰਿਵਾਰ ਨੂੰ ਕਿਤੋਂ ਬਾਹਰੋਂ ਨਹੀਂ, ਬਲਕਿ ਆਪਣੇ ਰਿਸ਼ਤੇਦਾਰ, ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਹੀ ਖ਼ਤਰਾ ਮਹਿਸੂਸ ਹੋਇਆ ਹੈ। ਅਸਲ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਾਝੇ ਵਿਚ ਸ. ਮਜੀਠੀਆ ਦਾ ਉਭਾਰ ਭਵਿੱਖ ਲਈ ਖਤਰਾ ਮਹਿਸੂਸ ਹੋਣ ਲੱਗਾ ਹੈ ਤੇ ਉਨ੍ਹਾਂ ਨੇ ਹੁਣ ਤੋਂ ਹੀ ਇਸ ਸਮੱਸਿਆ ਨਾਲ ਨਜਿੱਠਣ ਲਈ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਸ. ਬਾਦਲ ਵੱਲੋਂ ਟਕਸਾਲੀ ਆਗੂਆਂ ਨੂੰ ਹੱਲਾਸ਼ੇਰੀ ਦੇਣ ਦੀਆਂ ਗੁੱਝੀਆਂ ਰਮਜ਼ਾਂ ਦਾ ਰਾਜ਼ ਇਹੀ ਸੀ। ਉਧਰ, ਲੋਕ ਸਭਾ ਮੈਂਬਰ ਸ. ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਦੀ ਸੰਸਦ ਵਿਚ ਕਾਰਗੁਜ਼ਾਰੀ ਦੇ ਮੱਦੇਨਜ਼ਰ ਇਹ ਚਰਚਾ ਅਕਸਰ ਚੱਲਦੀ ਰਹਿੰਦੀ ਹੈ ਕਿ ਮੁੱਖ ਮੰਤਰੀ ਦੇ ਅਹੁਦੇ ਲਈ ਉਹ ਸੁਖਬੀਰ ਸਿੰਘ ਬਾਦਲ ਦੇ ਮੁਕਾਬਲੇ ਬਿਹਤਰ ਉਮੀਦਵਾਰ ਹੈ।

ਮਾਝੇ ਵਿਚ ਸ਼ਕਤੀ ਦਾ ਸੰਤੁਲਨ ਬਣਾਉਣ

(ਬਾਕੀ ਸਫਾ 6 'ਤੇ)



*ਸੁਖਬੀਰ ਸਿੰਘ ਬਾਦਲ*



*ਬਿਕਰਮ ਸਿੰਘ ਮਜੀਠੀਆ*

# ਗੋਲੀ ਨੇ ਅਮਨ ਦੀ ਅੱਖ ਫੁੰਡੀ

## ਭਾਰਤੀ ਫੌਜ ਦੀਆਂ ਬੜ੍ਹਕਾਂ ਨੇ ਬਲਦੀ ਉਤੇ ਤੇਲ ਪਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਅਤੇ ਪਾਕਿਸਤਾਨ ਵਿਚਾਲੇ ਇਕ ਵਾਰ ਫਿਰ ਤਣਾਅ ਦਾ ਮਾਹੌਲ ਬਣ ਗਿਆ ਹੈ ਜਿਸ ਨੇ ਪਿਛਲੇ ਦਹਾਕੇ ਦੌਰਾਨ ਰਿਸ਼ਤਿਆਂ ਵਿਚ ਆਇਆ ਨਿੱਘ ਠਾਰ ਦਿੱਤਾ ਹੈ। ਦੋਵਾਂ ਮੁਲਕਾਂ ਦੀ ਲੋਕ ਸੁਧਰ ਰਹੇ ਰਿਸ਼ਤਿਆਂ ਤੋਂ ਕਾਫੀ ਖੁਸ਼ ਸਨ ਅਤੇ ਕਾਰੋਬਾਰ ਵਿਚ ਵੀ ਨਵੀਂ ਪੈੜਾਂ ਪੈਣ ਦੇ ਆਸਾਰ ਬਣ ਰਹੇ ਸਨ, ਪਰ ਆਚਨਕ ਸਿਆਸੀ ਅਤੇ ਫੌਜੀ ਰਣਨੀਤੀ ਨੇ ਅਜਿਹਾ ਪਲਟਾ ਮਾਰਿਆ ਕਿ ਲੰਮੀਆਂ ਕੋਸ਼ਿਸ਼ਾਂ ਤੋਂ ਬਾਅਦ ਲੀਹੇ ਚੜ੍ਹੀ ਸ਼ਾਂਤੀ ਦੀ ਪ੍ਰਕਿਰਿਆ 'ਤੇ ਇਕ ਵਾਰ ਫਿਰ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਇਕ ਵਾਰ ਫਿਰ 'ਫੌਜੀ ਗੁਸਤਾਖੀ' ਨੇ ਦੋਵਾਂ ਗੁਆਂਢੀ ਮੁਲਕਾਂ ਨੂੰ ਦੂਰ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸਰਹੱਦ 'ਤੇ ਪਾਕਿਸਤਾਨੀ ਸੈਨਿਕਾਂ ਨੇ ਦੋ ਭਾਰਤੀ ਜਵਾਨਾਂ ਦੀ ਹੱਤਿਆ ਕਰ ਦਿੱਤੀ ਸੀ। ਇਨ੍ਹਾਂ ਵਿਚੋਂ ਇਕ ਜਵਾਨ ਦਾ ਤਾਂ ਸਿਰ ਹੀ ਨਹੀਂ ਲੱਭਾ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਦੀਆਂ ਫੌਜਾਂ ਵੱਲੋਂ ਸਰਹੱਦ 'ਤੇ ਲਗਾਤਾਰ ਗੋਲੀਬੰਦੀ ਦੀ ਉਲੰਘਣਾ ਕੀਤੀ ਗਈ ਅਤੇ ਤਿੱਖੇ ਬਿਆਨ ਦਾਗੇ ਗਏ ਪਰ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਹਰਕਤ ਵਿਚ ਨਾ ਆਈਆਂ। ਪਾਕਿਸਤਾਨ ਸਰਕਾਰ ਨੇ ਤਾਂ ਕਈ ਦਿਨ ਚੁੱਪ ਹੀ ਵੱਟੀ ਰੱਖੀ। ਭਾਰਤ ਨੇ ਵੀ ਫੌਜੀ ਜਰਨੈਲਾਂ ਨੂੰ ਤਿੱਖੀਆਂ ਟਿੱਪਣੀਆਂ ਕਰਨ ਤੋਂ ਨਾ ਵਰਜਿਆ।

ਇਸ ਸਭ ਕਾਸੇ ਦੌਰਾਨ ਪਾਕਿਸਤਾਨ ਪ੍ਰਤੀ ਕੱਟੜ ਭਾਵਨਾ ਰੱਖਣ ਵਾਲੀ ਭਾਜਪਾ ਨੇ ਇਸ ਮਾਮਲੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਤੇ ਇਸ ਨੂੰ ਭਾਰਤ ਸਰਕਾਰ ਦੀ ਬੁਜ਼ਦਿਲੀ ਵਜੋਂ ਪੇਸ਼ ਕੀਤਾ। ਇਸ ਪ੍ਰਚਾਰ ਕਰ ਕੇ ਆਖ਼ਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਾਕਿਸਤਾਨ ਨੂੰ ਸਖ਼ਤ ਲਹਿਜ਼ੇ ਵਿਚ ਕਹਿ ਹੀ ਦਿੱਤਾ ਕਿ ਕੰਟਰੋਲ ਰੇਖਾ ਉਪਰ ਭਾਰਤੀ ਫੌਜੀ ਦਾ ਸਿਰ ਕਲਮ ਕਰਨ ਮਗਰੋਂ ਸਭ ਕੁਝ ਆਮ ਵਾਂਗ ਨਹੀਂ ਰਹਿ ਸਕਦਾ। ਇਸ ਦੇ ਨਾਲ ਹੀ ਭਾਰਤ ਨੇ ਸਖ਼ਤ ਰੁਖ ਅਖਤਿਆਰ ਕਰਦਿਆਂ ਪਾਕਿਸਤਾਨ ਦੇ ਸੀਨੀਅਰ ਸਿਟੀਜ਼ਨਾਂ ਨੂੰ ਮੌਕੇ 'ਤੇ ਹੀ ਵੀਜ਼ੇ ਦੀ ਸਹੂਲਤ ਦੇ ਅਮਲ ਉਪਰ ਰੋਕ ਲਾ ਦਿੱਤੀ ਹੈ। ਪਾਕਿਸਤਾਨ ਦੇ 65 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਨੂੰ ਮੌਕੇ 'ਤੇ ਵੀਜ਼ਾ ਦੇਣ ਦੀ ਸਹੂਲਤ ਅਟਾਰੀ ਚੈਕ ਪੋਸਟ 'ਤੇ ਸ਼ੁਰੂ ਹੋਈ ਹੈ। ਦੋਵਾਂ ਮੁਲਕਾਂ ਵਿਚਾਲੇ ਵੀਜ਼ਾ ਸਮਝੌਤਾ ਸਤੰਬਰ 2012 ਵਿਚ ਹੋਇਆ ਸੀ। ਇਸ ਤੋਂ ਇਲਾਵਾ ਹਾਕੀ ਇੰਡੀਆ ਲੀਗ ਵਿਚ ਖੇਡਣ ਆਏ ਨੌਂ ਪਾਕਿਸਤਾਨੀ ਖਿਡਾਰੀਆਂ ਨੂੰ ਵਾਪਸ ਭੇਜ ਦਿੱਤਾ ਗਿਆ।

ਇਸ ਤੋਂ ਪਹਿਲਾਂ ਥਲ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਨੇ ਪਾਕਿਸਤਾਨ ਨੂੰ ਸਪਸ਼ਟ ਚਿਤਾਵਨੀ ਦਿੱਤੀ ਕਿ ਭਾਰਤ ਨੂੰ ਇਸ ਵਹਿਸ਼ੀ ਕਾਰਵਾਈ ਦਾ ਬਦਲਾ ਲੈਣ ਦਾ ਪੂਰਾ ਹੱਕ ਹੈ ਅਤੇ ਭਾਰਤ ਆਪਣੀ ਮਰਜ਼ੀ ਮੁਤਾਬਕ ਢੁਕਵੇਂ ਸਮੇਂ ਅਤੇ ਸਥਾਨ 'ਤੇ ਇਸ ਦਾ ਬਦਲਾ ਲਵੇਗਾ। ਜਨਰਲ ਬਿਕਰਮ ਸਿੰਘ ਨੇ ਕਿਹਾ ਕਿ ਜਵਾਨਾਂ ਦੇ ਸਿਰ ਕੱਟਣੇ 'ਨਾ-ਸਵੀਕਾਰਯੋਗ' ਤੇ 'ਨਾ-ਮੁਆਫੀਯੋਗ' ਹੈ ਤੇ ਜੇ ਭੜਕਾਹਟ ਪੈਦਾ ਕੀਤੀ ਗਈ ਤਾਂ ਜਵਾਨ ਇਸ ਦਾ ਤੁਰੰਤ ਹਮਲਾਵਰ ਹੋ ਕੇ ਜ਼ਬਰਦਸਤ ਜਵਾਬ ਦੇਣਗੇ। ਪਹਿਲਾਂ ਤੋਂ ਹੀ ਸੋਚੀ-ਸਮਝੀ ਸਾਜ਼ਿਸ਼ ਨੂੰ ਜਾਇਜ਼ ਠਹਿਰਾਉਣ ਲਈ ਪਾਕਿਸਤਾਨ ਵੱਲੋਂ ਬੋਲੇ ਜਾ ਰਹੇ ਕੋਰੇ ਝੂਠ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਹਮਲਾ ਪਾਕਿਸਤਾਨ ਦੇ ਕਮਾਂਡੋ ਯੂਨਿਟ ਐਸ.ਐਸ.ਜੀ. ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਇਸ ਹਮਲੇ ਵਿਚ ਪਾਕਿਸਤਾਨੀ ਸੈਨਾ ਦੀ ਲਸ਼ਕਰ-ਏ-ਤੋਇਬਾ ਵੱਲੋਂ ਸਹਾਇਤਾ ਕੀਤੇ ਜਾਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ।

(ਬਾਕੀ ਸਫਾ 6 'ਤੇ)

## ਮੀਡੀਏ ਨੇ ਲਾਜ ਰੱਖੀ


**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਮੁੱਖ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਅਤੇ ਭਾਰਤੀ ਫੌਜ ਮੁਖੀ ਜਨਰਲ ਬਿਕਰਮ ਸਿੰਘ ਜਦੋਂ ਪਾਕਿਸਤਾਨ ਖਿਲਾਫ ਬੜ੍ਹਕਾਂ ਮਾਰ ਰਹੇ ਹਨ, ਤਾਂ ਭਾਰਤ ਦੀਆਂ ਮੁੱਖ ਕੌਮੀ ਅਖਬਾਰਾਂ ਨੇ ਅਜਿਹੀ ਜੰਗਬਾਜ਼ ਪਹੁੰਚ ਬਾਰੇ ਖਬਰਦਾਰ ਕਰਦਿਆਂ ਟਿੱਪਣੀਆਂ ਕੀਤੀਆਂ ਹਨ ਕਿ ਇਹ ਸਾਰਾ ਕੁਝ ਬਲਦੀ ਉਤੇ ਤੇਲ ਪਾਉਣ ਵਾਲੀਆਂ ਕਾਰਵਾਈਆਂ ਹਨ। ਮੀਡੀਆ ਮੁਤਾਬਕ, ਪਾਕਿਸਤਾਨੀ ਫੌਜ ਨੇ ਭਾਰਤੀ ਫੌਜੀ ਦਾ ਸਿਰ ਵੱਢ ਕੇ ਭਾਵੇਂ ਸਿਰੇ ਦੀ ਵਹਿਸ਼ੀਆਨਾ ਕਾਰਵਾਈ ਕੀਤੀ ਹੈ, ਪਰ ਇਸ ਮਾਮਲੇ ਵਿਚ ਜ਼ਬਤ ਬੇਹੱਦ ਜ਼ਰੂਰੀ ਹੈ। ਇਹ ਨੁਕਤਾ ਧਿਆਨ ਵਿਚ ਰੱਖਣਾ ਬਣਦਾ ਹੈ ਕਿ ਪਿਛਲੇ ਦਸ ਸਾਲਾਂ ਦੌਰਾਨ ਦੋਹਾਂ ਦੇਸ਼ਾਂ ਵਿਚਕਾਰ ਹੋਏ ਜੰਗਬੰਦੀ ਸਮਝੌਤੇ ਨਾਲ ਕਿੰਨੇ ਫੌਜੀਆਂ ਦੀਆਂ ਜਾਨਾਂ ਬਚੀਆਂ ਹਨ ਅਤੇ ਆਪਸੀ ਸਬੰਧਾਂ ਵਿਚ ਕਿੰਨਾ ਸੁਧਾਰ ਆਇਆ ਹੈ। ਇਸ ਦੇ ਨਾਲ ਹੀ ਪਾਕਿਸਤਾਨੀ ਫੌਜ ਦੇ ਭਾਰਤ ਪ੍ਰਤੀ ਰੁਖ ਨੂੰ ਵੀ

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

PANNU'S
Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200
(209) 679-8025

E-mail: indiavisa123@yahoo.com • Fax: (510) 279-7624



ooraa



ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



ਆਪਣੀ ਜ਼ਿੰਦਗੀ ਨੂੰ ਦਰਦਾਂ ਤੋਂ ਛੁਟਕਾਰਾ ਦਿਵਾਓ

Covered by Medi-Cal, MediCare & most PPO's!

ਕੀ ਨਿਊਰੋਪੈਥੀ, ਤਿੱਖੇ ਦਰਦ, ਸੁੰਨ ਹੋਣ, ਚੀਸਾਂ, ਸੁੱਜੇ ਹੋਏ ਅਤੇ ਬੇਰੰਗ ਹੋਏ ਪੈਰਾਂ ਜਾਂ ਉਭਰੀਆਂ ਨਸਾਂ ਨੇ ਤੁਹਾਡਾ ਜਿਉਣਾ ਦੁੱਭਰ ਕੀਤਾ ਹੋਇਆ ਹੈ?

ਇਸ ਦਾ ਇਲਾਜ ਹੋ ਸਕਦਾ ਹੈ



ਨਸਾਂ ਦੀ ਸੋਜਿਸ਼ | ਸੋਜਿਸ਼ | ਅਲਸਰ

ਸਾਡੇ ਇਲਾਜ ਰਾਹੀਂ ਤੁਹਾਨੂੰ ਫੌਰੀ ਰਾਹਤ ਮਿਲ ਸਕਦੀ ਹੈ

ਸਿਰਫ ਸਾਡੀ ਗੱਲ 'ਤੇ ਬੇਸ਼ਕ ਯਕੀਨ ਨਾ ਕਰੋ, ਦੇਖੋ ਸਾਡੇ ਮਰੀਜ ਕੀ ਕਹਿੰਦੇ ਹਨ...



"ਮੈਨੂੰ ਇੰਨਾ ਦਰਦ ਹੁੰਦਾ ਸੀ ਕਿ ਤੁਰਨਾ-ਫਿਰਨਾ ਮੁਹਾਲ ਹੋਇਆ ਪਿਆ ਸੀ ਤੇ ਮੈਨੂੰ ਖੂੰਡੀ ਲੈ ਕੇ ਚੱਲਣਾ ਪੈਂਦਾ ਸੀ। ਪੈਰਾਂ 'ਚ ਦਰਦ ਹੁੰਦਾ ਸੀ ਤੇ ਚੋਖੀ ਸੋਜਿਸ਼ ਵੀ ਸੀ। ਮੈਨੂੰ ਜਾਪਣ ਲੱਗਿਆ ਸੀ, ਜਿਵੇਂ ਹੁਣ ਤਾਂ ਇਸੇ ਦਰਦ ਨਾਲ ਹੀ ਜਿਊਣਾ ਪਵੇਗਾ। ਮੈਂ ਸਲਾਹ ਮਸ਼ਵਰੇ ਲਈ ਪੈਸੇਫਿਕ ਕੋਸਟ ਮੈਡੀਕਲ ਸੈਂਟਰ ਗਈ ਅਤੇ ਇਕੋ ਵਾਰੀ ਦੇ ਇਲਾਜ ਨਾਲ ਮੇਰੀ ਤਕਲੀਫ 70% ਘਟ ਗਈ। ਮੈਨੂੰ ਹੁਣ ਖੂੰਡੀ ਦੀ ਹੁਣ ਕੋਈ ਲੋੜ ਨਹੀਂ। ਪੈਸੇਫਿਕ ਕੋਸਟ ਮੈਡੀਕਲ ਸਟਾਫ ਅਤੇ ਕਮਾਲ ਦੇ ਡਾਕਟਰ ਦਾ ਲੱਖ ਲੱਖ ਸ਼ੁਕਰਾਨਾ। ਜਿਸ ਕਿਸੇ ਨੂੰ ਵੀ ਪੈਰਾਂ ਤੇ ਲੱਤਾਂ ਦੀ ਦਰਦ ਹੈ, ਮੈਂ ਤਾਂ ਕਹਾਂਗੀ ਉਹ ਇਸ ਕਲੀਨਿਕ ਜ਼ਰੂਰ ਜਾਵੇ।" *-ਐਲੀਸੀਆ ਐਸ, ਉਮਰ 72 ਸਾਲ*



"ਪਿਛਲੇ ਕਈ ਚਿਰ ਤੋਂ ਮੇਰੀਆਂ ਲੱਤਾਂ ਵਿਚ ਦਰਦ ਸੀ ਅਤੇ ਖੂਨ ਦਾ ਦੌਰਾ ਬਹੁਤ ਘੱਟ ਸੀ। ਮੈਂ ਕੁਝ ਕਦਮ ਹੀ ਚੱਲ ਫਿਰ ਸਕਦਾ ਤੇ ਫਿਰ ਦਰਦ ਮੈਨੂੰ ਬਹਿਣ ਲਈ ਮਜਬੂਰ ਕਰ ਦਿੰਦੀ। ਫਿਰ ਮੈਨੂੰ ਪਤਾ ਲੱਗਾ ਕਿ ਪੈਸੇਫਿਕ ਕੋਸਟ ਮੈਡੀਕਲ ਸੈਂਟਰ ਵਾਲੇ ਇਕ ਨਵੇਂ ਤਰੀਕੇ ਨਾਲ ਇਲਾਜ ਕਰਦੇ ਹਨ ਅਤੇ ਮੈਂ ਸੋਚਿਆ ਕਿ ਚਲੋ ਅਜ਼ਮਾ ਕੇ ਤਾਂ ਦੇਖੋ। ਇਹ ਇਲਾਜ ਕਰਵਾਉਣ ਪਿਛੋਂ ਮੇਰੀ ਹਾਲਤ ਪਹਿਲਾਂ ਦੇ ਮੁਕਾਬਲੇ ਬਹੁਤ ਬਿਹਤਰ ਹੈ। ਮੈਂ ਹੁਣ ਕਿੰਨੀ ਕਿੰਨੀ ਦੂਰ ਤੱਕ ਚਲ ਫਿਰ ਸਕਦਾ ਹਾਂ ਤੇ ਦਰਦ ਵੀ ਨਹੀਂ ਹੁੰਦੀ। ਪੈਸੇਫਿਕ ਕੋਸਟ ਮੈਡੀਕਲ ਸੈਂਟਰ ਦੇ ਡਾਕਟਰਾਂ ਦਾ ਬਹੁਤ ਬਹੁਤ ਸ਼ੁਕਰੀਆ।" *-ਜੇ ਕਾਰਵੈਲ, ਉਮਰ 94 ਸਾਲ*

ਜਲਦੀ ਕਰੋ! ਸਭ ਤੋਂ ਪਹਿਲਾਂ ਫੋਨ ਕਰਨ ਵਾਲੇ ਪਹਿਲੇ 50 ਮਰੀਜਾਂ ਨੂੰ ਮੁਆਇਨਾ ਕਰਵਾਉਣ 'ਤੇ ਕੰਪਰੈਸ਼ਨ ਸਟਾਕਿੰਗਜ਼ (ਵਿਸ਼ੇਸ਼ ਕਿਸਮ ਦੀਆਂ ਜੁਰਾਬਾਂ) ਮੁਫਤ ਦਿੱਤੀਆਂ ਜਾਣਗੀਆਂ ਜਿਨ੍ਹਾਂ ਦੀ ਕੀਮਤ 70 ਡਾਲਰ ਹੈ।

ਮੁਫਤ ਮੁਆਇਨਾ

ਸਾਡਾ ਇਹ ਇਲਾਜ ਮੈਡੀਕੈਲ, ਮੈਡੀਕੇਅਰ ਅਤੇ ਬਹੁਤੀਆਂ ਪੀ ਪੀ ਓ ਕਵਰ ਕਰਦੀਆਂ ਹਨ

PACIFIC COAST MEDICAL CENTER INC.

ਤੁਹਾਡੀ ਸਹੂਲਤ ਲਈ ਸਟਾਕਟਨ ਅਤੇ ਸੈਕਰਾਮੈਂਟੋ ਵਿਚ ਦੋ ਲੋਕੇਸ਼ਨਾਂ
ਇਹ ਜਾਨਣ ਲਈ ਅੱਜ ਹੀ ਸਾਨੂੰ ਕਾਲ ਕਰੋ ਕਿ ਅਸੀਂ ਕਿਵੇਂ ਤੁਹਾਨੂੰ ਦਰਦਾਂ ਤੋਂ ਛੁਟਕਾਰਾ ਦਿਵਾ ਸਕਦੇ ਹਾਂ

1-855-944-PAIN (7246)

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੇਫੋਰਨੀਆ)

## ਸਮੂਹ ਸਾਧ ਸੰਗਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਲੱਖ-ਲੱਖ ਵਧਾਈ

### ਆਗਮਨ ਪੁਰਬ ਸਬੰਧੀ ਵਿਸ਼ੇਸ਼ ਸਮਾਗਮ 18 ਤੋਂ 20 ਜਨਵਰੀ 2013

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਰਬੰਸਦਾਨੀ, ਕਲਗੀਧਰ ਪਾਤਸ਼ਾਹ, ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਗੁਰਪੁਰਬ ਗੁਰਦੁਆਰਾ ਸਾਹਿਬ ਵਿਖੇ ਜਨਵਰੀ 18 ਤੋਂ 20 ਜਨਵਰੀ 2013 ਤੱਕ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਹਰ ਰੋਜ਼ ਗੁਰਦੁਆਰਾ ਸਾਹਿਬ ਅੰਦਰ ਕੀਤੀ ਜਾਂਦੀ ਪ੍ਰਭਾਤ ਫੇਰੀ 'ਚ ਸ਼ਾਮਲ ਹੋ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪੰਥ ਦੇ ਮਹਾਨ ਵਿਦਵਾਨ ਅਤੇ ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਹਰ ਰੋਜ਼ ਗੁਰੂ ਘਰ ਵਿਖੇ ਕਥਾ ਸਰਵਣ ਕਰਾ ਰਹੇ ਹਨ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਤਾਜਵਿੰਦਰ ਸਿੰਘ ਗੁਰਪੁਰਬ ਦੇ ਸਬੰਧ 'ਚ 18 ਤੋਂ 20 ਜਨਵਰੀ ਦੌਰਾਨ ਵਿਸ਼ੇਸ਼ ਹਾਜ਼ਰੀਆਂ ਭਰਨਗੇ।




#### ਪ੍ਰੋਗਰਾਮ ਦਾ ਵੇਰਵਾ

18 ਜਨਵਰੀ: ਕਥਾ/ਕੀਰਤਨ ਦੁਪਿਹਰ 12 ਵਜੇ ਤੱਕ, ਸ਼ਾਮ 4 ਵਜੇ ਤੋਂ 10 ਵਜੇ ਤੱਕ
19 ਜਨਵਰੀ: ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਕਥਾ/ਕੀਰਤਨ ਸ਼ਾਮ 5 ਵਜੇ ਤੋਂ 9 ਵਜੇ ਤੱਕ ਅਤੇ ਰੈਣ ਸਭਾਈ ਕੀਰਤਨ 9 ਵਜੇ ਤੋਂ 12 ਵਜੇ ਤੱਕ।
20 ਜਨਵਰੀ: ਕਥਾ/ਕੀਰਤਨ ਸਾਰਾ ਦਿਨ, ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਵਾਰਾਂ ਗਾ ਕੇ ਸਿੱਖ ਇਤਿਹਾਸ ਸਰਵਣ ਕਰਾਏਗਾ।

#### ਵਿਸ਼ੇਸ਼ ਲੰਗਰ ਸੇਵਾ

18 ਜਨਵਰੀ: ਭਾਈ ਹਰਜੀਤ ਸਿੰਘ ਤੇ ਹਰਮੀਤ ਸਿੰਘ ਪਰਿਵਾਰ
19 ਤੇ 20 ਜਨਵਰੀ: ਭਾਈ ਦੀਪਕ ਸਿੰਘ ਤੇ ਬੀਬੀ ਜਸਵੀਰ ਕੌਰ ਪਰਿਵਾਰ

#### ਸਮੂਹ ਸਾਧ ਸੰਗਤ ਨੂੰ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀਓ, ਗੁਰੂ ਘਰ ਦੀ ਨਵੀਂ ਬਿਲਡਿੰਗ ਦੇ ਰਹਿੰਦੇ ਬਿਲਾਂ ਦਾ ਭੁਗਤਾਨ ਕਰਨ ਲਈ ਸੇਵਾਦਾਰਾਂ ਦੀ ਵਿਸ਼ੇਸ਼ ਬੇਨਤੀ ਪ੍ਰਵਾਨ ਕਰਦਿਆਂ ਨਵੇਂ ਸਾਲ ਦੇ ਸਮਾਗਮ ਦੌਰਾਨ ਆਪ ਜੀ ਨੇ ਗੁਰੂ ਘਰ ਨੂੰ ਵੱਧ ਤੋਂ ਵੱਧ ਮਾਇਆ ਭੇਟਾ ਕੀਤੀ, ਸੰਗਤਾਂ ਦਾ ਬਹੁਤ-ਬਹੁਤ ਧੰਨਵਾਦ ਜਿਨ੍ਹਾਂ ਸਦਕਾ 2 ਦਿਨਾਂ 'ਚ 75,000 ਹਜ਼ਾਰ ਡਾਲਰ ਇਕੱਠਾ ਹੋ ਗਿਆ। ਆਓ, ਇੱਕ ਵਾਰ ਫੇਰ ਰਲ ਕੇ ਹੰਭਲਾ ਮਾਰੀਏ ਤਾਂ ਕਿ ਸਾਰੇ ਦੇ ਸਾਰੇ ਬਿਲਾਂ ਦਾ ਜਲਦੀ ਤੋਂ ਜਲਦੀ ਭੁਗਤਾਨ ਕੀਤਾ ਜਾ ਸਕੇ।

ਗੁਰੂ ਘਰ ਦੇ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਗੁਰੂ ਘਰ ਦੀ ਵੈਬ ਸਾਈਟ www.thesikhgurdwarasj.org ਜਾਂ ਫੇਸ ਬੁੱਕ San Jose Gurdwara 'ਤੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੀ।

ਹੁਣ ਗੁਰੂ ਘਰ ਨੂੰ ਮਾਇਆ ਇੰਟਰਨੈਟ ਰਾਹੀਂ ਅਤੇ ਗੁਰੂ ਘਰ ਵਿਖੇ ਕਰੈਡਿਟ ਕਾਰਡ ਨਾਲ ਵੀ ਭੇਟਾ ਕੀਤੀ ਜਾ ਸਕਦੀ ਹੈ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: thesikhgurdwarasj.org

# ਮੇਲਾ ਮਾਘੀ: ਸ਼ਰਧਾ ਤੇ ਸਿਆਸਤ

ਮੇਲਾ ਮਾਘੀ ਮੌਕੇ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ 40 ਮੁਕਤਿਆਂ ਨੂੰ ਸ਼ਰਧਾਂਜਲੀ ਦੇਣ ਲਈ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਵਿਚ ਨਤਮਸਤਕ ਹੋਏ, ਉੱਥੇ ਸਿਆਸੀ ਕਾਨਫਰੰਸਾਂ ਵਿਚ ਵੀ ਚੋਖੀਆਂ ਰੌਣਕਾਂ ਲੱਗੀਆਂ ਰਹੀਆਂ। ਉਂਜ, ਇਸ ਵਾਰ ਫਰਕ ਇਹ ਸੀ ਕਿ ਰਾਜਸੀ ਦੂਸ਼ਣਬਾਜ਼ੀ ਮੁਕਾਬਲਤਨ ਘਟ ਰਹੀ। ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਮੁੱਖ ਬੁਲਾਰੇ ਰਹੇ। ਮੁੱਖ ਮੰਤਰੀ ਨੇ ਲੋਕਾਂ ਨੂੰ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਭਾਂਜ ਦੇਣ ਦਾ ਸੱਦਾ ਦਿੱਤਾ ਜਦੋਂਕਿ ਉਪ ਮੁੱਖ ਮੰਤਰੀ ਨੇ ਪਾਰਟੀ ਮੈਂਬਰਾਂ ਨੂੰ ਮੋਗਾ ਜ਼ਿਮਨੀ ਚੋਣ ਜਿੱਤਣ ਲਈ ਉਸ ਹਲਕੇ ਵਿਚ ਡੇਰੇ ਲਾਉਣ ਲਈ ਕਿਹਾ। ਕਾਂਗਰਸ ਦੀ ਕਾਨਫਰੰਸ ਵਿਚ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਲਾ-ਕਾਨੂੰਨੀ ਦੀ ਦੁਹਾਈ ਦਿੰਦਿਆਂ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਦੀ ਮੰਗ ਕੀਤੀ। ਕਾਂਗਰਸ ਨੇ ਪੰਜਾਬ ਵਿਧਾਨ ਸਭਾ ਵਿਚ ਗਾਲੀ-ਗਲੋਚ ਨਾਲ ਜੁੜੀ ਵਿਵਾਦਤ ਸੀਡੀ ਵੀ ਇਸ ਕਾਨਫਰੰਸ ਵਿਚ ਤਿੰਨ ਵਾਰ ਦਿਖਾਈ।



## ਪੰਜਾਬ ਦੀ ਮਾੜੀ ਹਾਲਤ ਲਈ ਕੇਂਦਰ ਜ਼ਿੰਮੇਵਾਰ: ਬਾਦਲ

**ਸ੍ਰੀ ਮੁਕਤਸਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੀ ਕਾਨਰਫੰਸ ਵਿਚ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੀ ਕਿਸਾਨੀ ਦੇ ਨਿਘਾਰ, ਸਿੱਖਾਂ 'ਤੇ ਧਾਰਮਿਕ ਜ਼ੁਲਮ ਤੇ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਲਈ ਖਤਰਿਆਂ ਵਾਸਤੇ ਕੇਂਦਰ ਦੀ ਯੂਪੀਏ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਸਿਰ 32 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਲਈ ਕੇਂਦਰ ਸਰਕਾਰ ਕਸੂਰਵਾਰ ਹੈ। ਅਕਾਲੀ ਦਲ ਕੁਰਬਾਨੀਆਂ ਦੀ ਮਿਸਾਲ ਹੈ ਪਰ ਕਾਂਗਰਸ ਲੋਟੂ ਟੋਲਾ ਹੈ।

ਸ. ਬਾਦਲ ਨੇ ਹਰਿਮੰਦਰ ਸਾਹਿਬ ਉਪਰ ਫੌਜੀ ਹਮਲੇ ਤੇ ਚੁਰਾਸੀ ਦੇ ਕਤਲੇਆਮ ਲਈ ਵੀ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਹੁਣ ਇੰਨੀ ਗਈ ਗੁਜ਼ਰੀ ਹੋ ਚੁੱਕੀ ਹੈ ਕਿ ਇਕ ਫੌਜੀ ਦਾ ਸਿਰ ਕਲਮ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰ ਸਕੀ। ਉਨ੍ਹਾਂ ਨੇ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਕਾਂਗਰਸ ਦੇ ਜ਼ੁਲਮਾਂ ਦਾ ਬਦਲਾ ਲੈਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਪੂਰੇ ਜੋਸ਼ ਨਾਲ ਹਿੱਸਾ ਲੈਣ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਪ੍ਰੇਰਿਤ ਕੀਤਾ। ਸ. ਬਾਦਲ ਨੇ ਸਟੇਜ ਤੋਂ ਸੀਨੀਅਰ ਅਕਾਲੀ ਆਗੂ ਬ੍ਰਹਮਪੁਰਾ, ਭੂੰਦੜ, ਵਡਾਲਾ, ਢੀਂਡਸਾ ਤੇ ਡੱਬਵਾਲਾ ਕਲਾਂ ਦਾ ਨਾਂ ਲੈਂਦਿਆਂ ਉਨ੍ਹਾਂ ਵੱਲੋਂ ਅਕਾਲੀ ਦਲ ਦੇ ਮਾੜੇ ਵੇਲੇ ਕੀਤੀਆਂ ਕੁਰਬਾਨੀਆਂ ਦੀ ਗਿਣਤੀ ਕਰਦਿਆਂ ਨਵੇਂ ਆਗੂਆਂ ਨੂੰ ਉਨ੍ਹਾਂ ਦੇ ਪੈਰ-ਚਿੰਨ੍ਹਾਂ 'ਤੇ ਚੱਲਣ ਲਈ ਕਿਹਾ। ਇਸ ਦੌਰਾਨ ਆਪਣੇ ਸੰਬੋਧਨ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਪਿਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪੰਜਾਬ ਦੇ ਭਲੇ ਦੀ ਖਾਤਰ ਕੱਟੀਆਂ ਜੇਲ੍ਹਾਂ ਦਾ ਜ਼ਿਕਰ ਕਰਦਿਆਂ ਕਾਂਗਰਸੀਆਂ ਨੂੰ ਨਿਕੰਮੀ ਪਾਰਟੀ ਗਰਦਾਨਿਆ। ਉਨ੍ਹਾਂ ਅਕਾਲੀ ਦਲ ਦੀ ਪੁਰਾਣੀ ਪੀੜ੍ਹੀ ਨੂੰ ਪਲੋਸਣ ਦਾ ਯਤਨ ਕਰਦਿਆਂ ਵਰਕਰਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਬਜ਼ੁਰਗ ਨਾਲ ਸ. ਪ੍ਰਕਾਸ਼ ਸਿੰਘ ਬਾਦਲ ਦੀ ਯਾਦਗਾਰੀ ਫੋਟੋ ਹੋਵੇ ਤਾਂ ਉਹ ਉਨ੍ਹਾਂ ਨੂੰ ਭੇਜਣ। ਉਹ ਮੁੱਖ ਮੰਤਰੀ ਦਫਤਰ ਤੇ ਘਰ ਵਿਚ ਇਹ ਫੋਟੋ ਲਾ ਕੇ ਆਉਣ ਵਾਲੀ ਨਵੀਂ ਪੀੜ੍ਹੀ ਤੱਕ ਇਹ ਯਾਦ ਪਹੁੰਚਾਉਣਗੇ। ਇਸ ਮੌਕੇ ਭਾਵੇਂ ਦੋਵਾਂ ਬਾਦਲਾਂ ਵੱਲੋਂ ਪੰਜ ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟਾਂ ਤੇ ਹੋਰ ਵਿਕਾਸ ਕਾਰਜਾਂ ਬਾਰੇ ਗੱਲਾਂ ਕੀਤੀਆਂ ਪਰ ਲੋਕਾਂ ਦੀ ਆਸ ਦੇ ਉਲਟ ਮੁਕਤਸਰ ਲਈ ਸਪੱਸ਼ਟ ਰੂਪ ਵਿਚ ਕਿਸੇ ਪ੍ਰਾਜੈਕਟ ਦਾ ਐਲਾਨ ਨਹੀਂ ਕੀਤਾ। ਇਸ ਦੇ ਨਾਲ ਹੀ ਸਾਰੇ ਬੁਲਾਰਿਆਂ ਵੱਲੋਂ ਕੇਂਦਰ ਸਰਕਾਰ ਦੀ ਰੱਜ ਕੇ ਭੰਡੀ ਕੀਤੀ ਗਈ। ਸ. ਬਾਦਲ ਨੇ ਜਿਥੇ ਕਾਂਗਰਸ ਪਾਰਟੀ ਦੀ ਆਲੋਚਨਾ ਕੀਤੀ, ਉਥੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਦੀ ਨਿੱਜੀ ਰੂਪ ਵਿਚ ਸਿਫ਼ਤ ਵੀ ਕੀਤੀ।



## ਸਿਆਸੀ ਧਿਰਾਂ ਜਥੇਦਾਰ ਦੀ ਹਦਾਇਤ ਤੋਂ ਬੇਪਰਵਾਹ



ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਵਾਰ-ਵਾਰ ਹਦਾਇਤਾਂ ਕਰਨ ਦੇ ਬਾਵਜੂਦ ਧਾਰਮਿਕ ਸ਼ਹੀਦੀ ਮੇਲਿਆਂ ਮੌਕੇ ਹੋਣ ਵਾਲੀਆਂ ਸਿਆਸੀ ਕਾਨਫਰੰਸਾਂ ਵਿਚ ਦੂਸ਼ਣਬਾਜ਼ੀ ਦਾ ਦੌਰ ਘਟਿਆ ਨਹੀਂ। ਸ੍ਰੀ ਮੁਕਤਸਰ ਸਾਹਿਬ ਵਿਖੇ ਸਿਆਸੀ ਕਾਨਫਰੰਸਾਂ ਦੌਰਾਨ ਸਾਰੀਆਂ ਧਿਰਾਂ ਨੇ ਇਕ-ਦੂਜੇ ਖ਼ਿਲਾਫ਼ ਖੂਬ ਚਿੱਕੜ ਉਛਾਲਿਆ। ਹਾਲਾਂਕਿ ਗਿਆਨੀ ਗੁਰਬਚਨ ਸਿੰਘ ਵੱਲੋਂ ਸਿਆਸੀ ਧਿਰਾਂ ਨੂੰ ਮੁੜ ਚੇਤਾ ਕਰਾਇਆ ਗਿਆ ਸੀ ਕਿ ਉਹ ਧਾਰਮਿਕ ਮੇਲਿਆਂ 'ਤੇ ਸਿਆਸੀ ਅਲੋਚਨਾ ਤੋਂ ਗੁਰੇਜ਼ ਕਰਨ ਪਰ ਇਸ ਹਦਾਇਤ ਦਾ ਕੋਈ ਖਾਸ ਅਸਰ ਨਹੀਂ ਹੋਇਆ।

ਉਧਰ ਮੀਡੀਆ ਵਿਚ ਅਲੋਚਨਾ ਤੋਂ ਬਚਣ ਲਈ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਸਮਾਗਮ 'ਤੇ ਸਿਆਸੀ ਧਿਰਾਂ ਨੂੰ ਇਕ ਦੂਸਰੇ ਉੱਤੇ ਚਿੱਕੜ ਉਛਾਲੀ ਤੋਂ ਰੋਕਿਆ ਗਿਆ ਸੀ ਤੇ ਸ੍ਰੀ ਅਕਾਲ ਤਖਤ ਤੋਂ ਕੀਤੀ ਅਪੀਲ ਦਾ ਕਾਫ਼ੀ ਅਸਰ ਵੀ ਦੇਖਣ ਨੂੰ ਮਿਲਿਆ। ਉਨ੍ਹਾਂ ਉਮੀਦ ਜਤਾਈ ਕਿ ਅਗਲੇ ਵਰ੍ਹੇ ਤੱਕ ਫਤਹਿਗੜ੍ਹ ਸਾਹਿਬ ਸ਼ਹੀਦੀ ਸਮਾਗਮ 'ਤੇ ਸਿਆਸੀ ਧਿਰਾਂ ਵੱਲੋਂ ਮਾੜੀ ਭਾਸ਼ਾ ਦੀ ਵਰਤੋਂ ਖਤਮ ਹੀ ਹੋ ਜਾਣੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਐਤਕੀਂ ਸਿਆਸੀ ਧਿਰਾਂ ਨੇ ਆਪਣੇ ਆਪ ਨੂੰ ਕਾਫ਼ੀ ਜ਼ਾਬਤੇ ਵਿਚ ਰੱਖਿਆ।

## ਪੰਜਾਬ ਵਿਚ ਹੁਣ 'ਗੁੰਡਿਆਂ' ਦਾ ਰਾਜ: ਕੈਪਟਨ ਅਮਰਿੰਦਰ

### ਮਜੀਠੀਆ ਤੇ ਸੁਖਬੀਰ 'ਤੇ ਤਿੱਖੇ ਹਮਲੇ

**ਸ੍ਰੀ ਮੁਕਤਸਰ ਸਾਹਿਬ:** ਕਾਂਗਰਸ ਦੀ ਸਿਆਸੀ ਕਾਨਫਰੰਸ ਵਿਚ ਪੰਜਾਬ ਵਿਚ ਅਮਨ ਕਾਨੂੰਨ ਦੀ ਵਿਗੜੀ ਵਿਵਸਥਾ ਦਾ ਮੁੱਦਾ ਛਾਇਆ ਰਿਹਾ। ਕਾਂਗਰਸੀ ਆਗੂਆਂ ਨੇ ਬਾਦਲ ਪਰਿਵਾਰ ਨੂੰ ਰਗੜੇ ਲਾਉਣ ਖਾਤਰ ਤਿੱਖੇ ਲਫਜ਼ਾਂ ਦੀ ਵਰਤੋਂ ਵੀ ਕੀਤੀ ਤੇ ਰਾਜ ਵਿਚੋਂ ਗੁੰਡਾਗਰਦੀ ਦੇ ਦੌਰ ਦੇ ਖ਼ਾਤਮੇ ਲਈ ਲੋਕਾਂ ਨੂੰ ਤਕੜੇ ਹੋਣ ਦਾ ਸੱਦਾ ਦਿੱਤਾ। ਇਸ ਕਾਨਫਰੰਸ ਨੂੰ ਕੇਂਦਰੀ ਰੇਲ ਮੰਤਰੀ ਪਵਨ ਬਾਂਸਲ ਨੇ ਮਾਲਵਾ ਖ਼ਿੱਤੇ ਲਈ ਐਲਾਨੇ ਵਿਸ਼ੇਸ਼ ਰੇਲ ਪੈਕੇਜ ਰਾਹੀਂ ਤਾਕਤ ਬਖ਼ਸ਼ੀ। ਕੇਂਦਰੀ ਮੰਤਰੀ ਨੇ ਵਿਸ਼ੇਸ਼ ਐਲਾਨ ਕਰਕੇ ਮਲਵਈਆਂ ਦੇ ਦਿਲ ਜਿੱਤਣ ਦੀ ਕੋਸ਼ਿਸ਼ ਕੀਤੀ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਨੂੰ ਮੋਗਾ ਜ਼ਿਮਨੀ ਚੋਣ ਲਈ ਕਮਰਕੱਸੇ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਆਖਿਆ ਕਿ ਰਾਜ ਵਿਚ ਅਮਨ ਕਾਨੂੰਨ ਦੀ ਬਦਤਰ ਹਾਲਤ ਨੇ ਰਾਸ਼ਟਰਪਤੀ ਰਾਜ ਲਈ ਮਾਹੌਲ ਤਿਆਰ ਕਰ ਦਿੱਤਾ ਹੈ। ਇੰਜ ਹੀ ਸੂਬੇ ਦੀ ਮਾੜੀ ਆਰਥਿਕਤਾ ਕਰਕੇ ਵਿੱਤੀ ਐਮਰਜੈਂਸੀ ਲਈ ਵੀ ਰਾਹ ਤਿਆਰ ਹੋ ਗਿਆ ਹੈ।ਇਹ ਸਿਆਸੀ ਕਾਨਫਰੰਸ ਇਕੱਠ ਪੱਖੋਂ ਕਾਫ਼ੀ ਭਰਵੀਂ ਰਹੀ। ਕਾਨਫਰੰਸ ਵਿਚ ਬਾਦਲ ਪਰਿਵਾਰ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸਿੱਧੇ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ।

ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਪਰਿਵਾਰ ਤੇ ਬਿਕਰਮ ਮਜੀਠੀਆ ਖ਼ਿਲਾਫ਼ ਤਿੱਖੇ ਤੇ ਵਿਅੰਗਮਈ ਸ਼ਬਦਾਂ ਦੀ ਵਰਤੋਂ ਕੀਤੀ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਪੁਲਿਸ 'ਤੇ ਅਕਾਲੀ ਹਮਲੇ ਵਧ ਗਏ ਹਨ ਜਿਸ ਕਰਕੇ ਰਾਜ ਦੇ ਹਾਲਾਤ ਵਿਗੜਨ ਲੱਗੇ ਹਨ। ਰਾਜ ਵਿਚ ਕੋਈ ਨਿਵੇਸ਼ ਕਰਨ ਨੂੰ ਤਿਆਰ ਨਹੀਂ ਹੈ। ਪੰਜਾਬ ਵਿਚ ਬਣੇ ਮਾੜੇ ਮਾਹੌਲ ਕਾਰਨ ਸੂਬੇ ਦੀ ਆਰਥਿਕਤਾ ਨੂੰ ਵੀ ਸੱਟ ਵੱਜ ਰਹੀ ਹੈ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਪੰਜਾਬ ਦੇ ਹਾਲਾਤ ਇਸੇ ਤਰ੍ਹਾਂ ਹੀ ਵਿਗੜਦੇ ਰਹੇ ਤਾਂ ਅਮਨ ਕਾਨੂੰਨ ਨੂੰ ਮੁੱਖ ਰੱਖਦਿਆਂ ਪੰਜਾਬ ਵਿਚ ਕਿਸੇ ਵੇਲੇ ਰਾਸ਼ਟਰਪਤੀ ਰਾਜ ਲਾਗੂ ਹੋ ਸਕਦਾ ਹੈ। ਉਨ੍ਹਾਂ ਕਿ ਪੰਜਾਬ ਦੀ ਆਮ ਜਨਤਾ ਨੇ ਤਾਂ ਕੀ ਸੁਰੱਖਿਅਤ ਰਹਿਣਾ ਸਗੋਂ ਹੁਣ ਤਾਂ ਲੋਕਾਂ ਨੂੰ ਸੁਰੱਖਿਆ ਦੇ ਰਹੀ ਪੰਜਾਬ ਪੁਲਿਸ ਵੀ ਸੁਰੱਖਿਅਤ ਨਹੀਂ ਤੇ ਸੱਤਾਧਾਰੀ ਆਗੂਆਂ ਦੀ ਸ਼ਹਿ 'ਤੇ ਗੁੰਡੇ ਉਨ੍ਹਾਂ ਦੀ ਕੁੱਟਮਾਰ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਮੋਗਾ ਜ਼ਿਮਨੀ ਚੋਣ ਵਿਚ ਲੋਕ ਇਕੱਠੇ ਹੋ ਕੇ ਹਾਕਮ ਧਿਰ ਨੂੰ ਸਬਕ ਸਿਖਾਉਣ।



ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਹੰਕਾਰੀ ਸਰਕਾਰ ਦਾ ਖਾਤਾ ਪਾੜ ਦੇਣ ਤੇ ਪੰਜਾਬ ਦੀ ਤਰੱਕੀ ਲਈ ਇੱਕਜੁੱਟ ਹੋਣ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਭਰੋਸਾ ਜ਼ਹਿਰ ਕਰਦੇ ਹੋਏ ਪੰਜਾਬ ਦੀ ਕਿਸਾਨੀ ਤੇ ਮਜ਼ਦੂਰਾਂ ਦੇ ਮਸਲਿਆਂ ਨੂੰ ਤੱਥਾਂ ਸਹਿਤ ਪੇਸ਼ ਕੀਤਾ। ਮੋਗਾ ਜ਼ਿਮਨੀ ਚੋਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਚੋਣ ਕਾਂਗਰਸ ਜਿੱਤੇਗੀ। ਵਿਰੋਧੀ ਧਿਰ ਦੇ ਨੇਤਾ ਸੁਨੀਲ ਕੁਮਾਰ ਜਾਖੜ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਤੇ ਕਿਸਾਨਾਂ ਲਈ ਕੇਂਦਰ ਵੱਲੋਂ ਭੇਜੇ ਕਰੋੜਾਂ ਰੁਪਏ ਅਕਾਲੀ ਹੀ ਹੜੱਪ ਕਰ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਉਨ੍ਹਾਂ ਕਿਸਾਨਾਂ ਦੇ ਟਿਊਬਵੈੱਲ ਪੁੱਟਣ ਵਾਲੀ ਲਈ ਨੋਟਿਸ ਭੇਜ ਦਿੱਤੇ ਹਨ ਜਿਨ੍ਹਾਂ ਕੋਲ ਪੰਜ ਏਕੜ ਤੱਕ ਜ਼ਮੀਨ ਹੈ। ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਆਖਿਆ ਕਿ ਅਕਾਲੀ ਦਲ ਗੁਰੂ ਦੀ ਗੋਲਕ ਨੂੰ ਆਪਣੇ ਮੁਫਾਦਾਂ ਲਈ ਵਰਤ ਰਿਹਾ ਹੈ ਤੇ ਪੰਜਾਬ ਦੀ ਲੁੱਟ ਕੀਤੀ ਜਾ ਰਹੀ ਹੈ। ਬੀਬੀ ਭੱਠਲ ਨੇ ਕਿਹਾ ਕਿ ਨੰਨ੍ਹੀ ਛਾਂ ਦੀ ਗੱਲ ਕਰਨ ਵਾਲਿਆਂ ਦੇ ਰਾਜ ਵਿਚ ਅੱਜ ਕੋਈ ਵੀ ਧੀ ਭੈਣ ਸੁਰੱਖਿਅਤ ਨਹੀਂ ਤੇ ਜਦ ਵੀ ਕੋਈ ਕਾਂਡ ਵਾਪਰਦਾ ਹੈ, ਉਸ ਪਿਛੇ ਅਕਾਲੀ ਆਗੂਆਂ ਦਾ ਹੱਥ ਹੁੰਦਾ ਹੈ।

## ਮਜੀਠੀਆ ਦੀ ਸੀਡੀ ਵਿਖਾਉਣ ਤੋਂ ਅਕਾਲੀ ਦਲ ਖ਼ਫ਼ਾ

**ਚੰਡੀਗੜ੍ਹ:** ਕਾਂਗਰਸ ਵੱਲੋਂ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਵਿਧਾਨ ਸਭਾ ਵਿਚ 'ਗਾਲੀ ਗਲੋਚ' ਸਬੰਧੀ ਸੀ.ਡੀ. ਨੂੰ ਜਨਤਕ ਕੀਤੇ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਅਕਸ ਨੂੰ ਢਾਹ ਲੱਗ ਰਹੀ ਹੈ। ਇਸ ਮੁੱਦੇ 'ਤੇ ਅਕਾਲੀ ਦਲ ਖਫਾ ਹੈ ਤੇ ਉਸ ਵੱਲੋਂ ਮਿਲ ਬੈਠ ਕੇ ਹੱਲ ਕੱਢਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਧਰ, ਕਾਂਗਰਸ 'ਤੇ ਦਬਾਅ ਬਣਾਉਣ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਮਾਹਿਰਾਂ ਦੀ ਰਿਪੋਰਟ ਮੰਗ ਲਈ ਹੈ। ਸ. ਅਟਵਾਲ ਦਾ ਕਹਿਣਾ ਹੈ ਕਿ ਨਵੀਂ ਦਿੱਲੀ ਵਿਚ ਕੁਝ ਕਾਨੂੰਨੀ ਤੇ ਸੰਵਿਧਾਨਕ ਮਾਹਿਰਾਂ ਨਾਲ ਰਾਬਤਾ ਕਾਇਮ ਕਰਕੇ ਇਹ ਪੁੱਛਿਆ ਗਿਆ ਹੈ ਕਿ ਸਦਨ ਵਿਚ ਹੋਈ ਕਾਰਵਾਈ ਦੇ ਜਨਤਕ ਹੋਣ ਤੇ ਸੋਸ਼ਲ ਮੀਡੀਆ ਵਿਚ ਪ੍ਰਸਾਰਤ ਹੋਣ ਤੋਂ ਬਾਅਦ ਵਿਧਾਨ ਸਭਾ ਸਕੱਤਰ ਕਿਸ ਤਰ੍ਹਾਂ ਦੀ ਕਾਰਵਾਈ ਅਮਲ ਵਿਚ ਲਿਆ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਾਹਿਰਾਂ ਦੀ ਰਿਪੋਰਟ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਬੁਲਾ ਕੇ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਮਸਲੇ ਦਾ ਹੱਲ ਕੱਢਿਆ ਜਾ ਸਕੇ। ਸ. ਅਟਵਾਲ ਵੱਲੋਂ ਇਹ ਸੰਕੇਤ ਵੀ ਦਿੱਤਾ ਗਿਆ ਕਿ ਵਿਧਾਨ ਸਭਾ ਸਕੱਤਰੇਤ ਮਾਮਲੇ ਨੂੰ ਨਜਿੱਠਣ ਵਿੱਚ ਹੀ ਭਲਾ ਹੈ। ਸਦਨ ਦੇ ਨੇਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਿਛਲੇ ਦਿਨੀਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਕਾਂਗਰਸ ਤੇ ਹਾਕਮ ਪਾਰਟੀ ਦੇ ਮੈਂਬਰਾਂ ਦਰਮਿਆਨ ਹੋਏ ਗਾਲੀ ਗਲੋਚ ਦੇ ਮਾਮਲੇ ਨੂੰ ਨਿਬੇੜਨ ਵਿੱਚ ਹੀ ਭਲਾ ਹੈ।

# ਅਕਾਲੀ ਦਲ (ਅੰਮ੍ਰਿਤਸਰ) ਨੇ ਖਾਲਿਸਤਾਨ ਦਾ ਮੁੱਦਾ ਉਭਾਰਿਆ



**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਗੁਰੂ ਸਾਹਿਬਾਨ ਨੇ ਮਨੁੱਖਤਾ ਦੀ ਬਿਹਤਰੀ ਤੇ ਸਿੱਖ ਕੌਮ ਦੀ ਇਨਸਾਨੀਅਤ ਪੱਖੀ ਆਵਾਜ਼ ਨੂੰ ਬੁਲੰਦ ਕਰਨ ਲਈ ਅਨੇਕਾਂ ਦੁੱਖ ਤਕਲੀਫਾਂ, ਮਾਨਸਿਕ ਤੇ ਸਰੀਰਕ ਅਸਹਿ ਤਸੀਹੇ ਝੱਲਦੇ ਹੋਏ ਮਹਾਨ ਕੁਰਬਾਨੀਆਂ, ਅਹੂਤੀਆਂ ਦੇ ਕੇ ਕੌਮੀ ਮਿਸ਼ਨ ਦੀ ਪ੍ਰਾਪਤੀ ਲਈ ਸਭ ਕੁਝ ਕੁਰਬਾਨ ਤੇ ਤਿਆਰ ਕਰਨ ਦੀ ਪ੍ਰੇਰਣਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਅਮ੍ਰਿੰਤਸਰ ਵੱਲੋਂ ਕੀਤੀ ਕਾਨਫਰੰਸ ਮੌਕੇ ਸ. ਮਾਨ ਨੇ ਖਾਲਿਸਤਾਨ ਦੀ ਮੰਗ ਨੂੰ ਦੁਹਰਾਇਆ। ਕਾਂਗਰਸ ਵੱਲੋਂ ਰਾਣਾ ਗੁਰਜੀਤ ਸਿੰਘ ਤੇ ਬਿਕਰਮ ਸਿੰਘ ਮਜੀਠੀਆ ਵਿਚਕਾਰ ਵਿਧਾਨ ਸਭਾ ਵਿਚ ਹੋਈ ਬਹਿਸਬਾਜ਼ੀ ਦੀ ਸੀਡੀ ਚਲਾਉਣ ਦੀ ਕਾਂਗਰਸ ਵੱਲੋਂ ਕੀਤੇ ਜਾ ਰਹੇ ਐਲਾਨ ਸਬੰਧੀ ਉਨ੍ਹਾਂ ਕਿਹਾ ਕਿ ਵਿਧਾਨ ਸਭਾ ਸਪੀਕਰ ਨੂੰ ਦੋਵਾਂ ਹੀ ਵਿਅਕਤੀਆਂ ਨੂੰ ਮੁਅੱਤਲ ਕਰਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਇਸ ਘਟਨਾ ਦੀਆਂ ਸੀਡੀਜ਼ ਚਲਾਉਣੀਆਂ ਚਾਹੁੰਦੀ ਹੈ ਤਾਂ ਇਸ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਕਾਨਫਰੰਸ ਵਿਚ ਸੀਡੀਜ਼ ਨਹੀ ਚੱਲਣ ਦਿੱਤੀਆਂ ਜਾਂਦੀਆਂ ਤਾਂ ਇਹ ਅਕਾਲੀ ਦਲ ਅਮ੍ਰਿੰਤਸਰ ਦੀ ਕਾਨਫਰੰਸ ਤੇ ਚਲਾ ਦਿੱਤੀਆਂ ਜਾਣ।

ਇਸ ਦੌਰਾਨ ਕੋਸੋਵੋ ਦੀ ਤਰ੍ਹਾਂ ਬਿਨਾਂ ਕਿਸੇ ਖੂਨ ਖਰਾਬੇ ਤੇ ਨੁਕਸਾਨ ਤੋਂ ਖਾਲਿਸਤਾਨ ਹੋਂਦ ਵਿਚ ਲਿਆਉਣ, ਸਿੱਖ ਵੱਸੋਂ ਵਾਲੇ ਇਲਾਕੇ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਚੰਡੀਗੜ੍ਹ, ਜੰਮੂ ਕਸ਼ਮੀਰ ਤੇ ਲੇਹ ਲਦਾਖ ਨੂੰ ਫਲਾਈ ਜ਼ੋਨ ਐਲਾਨਣ, ਅਮਰੀਕਾ ਦੇ ਵਾਸ਼ਿੰਗਟਨ ਸਥਿਤ ਅਮਰੀਕੀ ਵਿਦੇਸ਼ ਵਿਭਾਗ ਵਿਖੇ ਤੇ ਅਮਰੀਕਾ ਦੇ ਸਮੁੱਚੇ ਸਫ਼ਾਰਤਖਾਨਿਆਂ ਵਿਖੇ ਪੱਕੇ ਤੌਰ 'ਸਿੱਖ ਡੈਸਕ' ਕਾਇਮ ਕਰਨ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਤੇ ਅਕਾਲੀ ਦਲ ਦੇ ਐਸਓਆਈ ਵੱਲੋਂ ਕੀਤੀਆਂ ਜਾਂਦੀਆਂ ਕਥਿਤ ਵਧੀਕੀਆਂ ਰੋਕਣ, ਖਾਲਿਸਤਾਨ ਰਾਜ ਵਿਚ ਹਰ ਨਾਗਰਿਕ ਲਈ ਕੁੱਲੀ-ਗੁੱਲੀ-ਜੁੱਲੀ ਦੇਣ ਤੇ ਨਿਊਕਲੀਅਰ ਹਥਿਆਰਾਂ ਵਿਰੁੱਧ ਮੁਹਿੰਮ ਵਿੱਢਣ ਸਬੰਧੀ ਮਤੇ ਪਾਸ ਕੀਤੇ ਗਏ।

## ਚਰਚਾ ਵਿਚ ਰਹੀ ਬਿਕਰਮ ਵਾਲੀ ਸੀਡੀ

ਮਾਘੀ ਮੇਲੇ ਵਿਚ ਬਿਕਰਮ ਸਿੰਘ ਮਜੀਠੀਆ ਦੀ 'ਗਾਲੀ ਗਲੋਚ' ਵਾਲੀ ਸੀਡੀ ਖ਼ੂਬ ਚਰਚਾ ਵਿਚ ਰਹੀ। ਪੰਜਾਬ ਸਰਕਾਰ ਨੇ ਸੀਡੀ ਦੇ ਪ੍ਰਦਰਸ਼ਨ ਨੂੰ ਰੋਕਣ ਦਾ ਪੂਰਾ ਜ਼ੋਰ ਲਾਇਆ ਪਰ ਕਾਂਗਰਸੀ ਆਪਣੇ ਪ੍ਰੋਗਰਾਮ ਵਿਚ ਸਫਲ ਰਹੇ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਾਂਗਰਸੀ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਇਕ ਦਫ਼ਾ ਤਾਂ ਮੌਕੇ 'ਤੇ ਚਿਤਾਵਨੀ ਦਿੱਤੀ ਗਈ ਪਰ ਮਗਰੋਂ ਕੋਈ ਰੋਕ ਨਾ ਲਾਈ ਗਈ।

## ਰਹਿਤ ਮਰਿਆਦਾ ਦਾ ਧਿਆਨ

ਇਸ ਵਾਰ ਅਕਾਲੀ ਦਲ ਦੀ ਕਾਨਫਰੰਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਕਰਕੇ ਰਹਿਤ ਮਰਿਆਦਾ ਦੀ ਪਾਲਣਾ ਵੱਲ ਆਗੂਆਂ ਵੱਲੋਂ ਪੂਰਾ ਧਿਆਨ ਦੇਣ ਦੀ ਕੋਸ਼ਿਸ਼ ਕੀਤੀ ਗਈ। ਸਟੇਜ 'ਤੇ ਛੋਟੇ-ਛੋਟੇ ਬੈਨਰ ਲਾਏ ਗਏ ਸਨ ਜਿਨ੍ਹਾਂ 'ਤੇ 'ਜੀ ਆਇਆਂ ਨੂੰ' ਲਿਖਿਆ ਗਿਆ ਸੀ। ਅਕਾਲੀ ਵਰਕਰ ਮੋਨੇ ਲੋਕਾਂ ਦੇ ਰੁਮਾਲਾਂ ਨਾਲ ਸਿਰ ਢਕਵਾ ਰਹੇ ਸਨ। ਸ. ਬਾਦਲ ਨੇ ਖੁਦ ਕਈ ਵਾਰ ਲੋਕਾਂ ਨੂੰ ਭਾਸ਼ਨਾਂ ਦੌਰਾਨ ਤਾੜੀ ਮਾਰਨ ਤੋਂ ਰੋਕਿਆ।

## ਵੱਡੇ ਬਾਦਲ ਵੱਲੋਂ ਛੋਟੇ ਬਾਦਲ ਦੀ ਵਡਿਆਈ

ਕਾਨਫਰੰਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਨਆਰਆਈ ਸੰਮੇਲਨ ਦੌਰਾਨ ਸੀਨੀਅਰ ਅਕਾਲੀ ਲੀਡਰਸ਼ਿਪ ਨੂੰ ਉਭਾਰਨ ਦੇ ਮੁੱਦੇ 'ਤੇ ਪੈਦਾ ਹੋਏ ਵਿਵਾਦ ਨੂੰ ਠੰਢਾ ਕਰਨ ਦਾ ਯਤਨ ਕਰਦਿਆਂ ਲੁਕਵੇਂ ਰੂਪ ਵਿਚ ਆਪਣੇ ਬੇਟੇ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਜਾਨਸ਼ੀਨ ਐਲਾਨ ਦਿੱਤਾ। ਸ ਬਾਦਲ ਨੇ ਕਿਹਾ ਕਿ ਜਦੋਂ ਪੁੱਤ ਤਰੱਕੀ ਕਰੇ ਤਾਂ ਪਿਤਾ ਨੂੰ ਖੁਸ਼ੀ ਹੁੰਦੀ ਹੈ ਤੇ ਸੁਖਬੀਰ ਨੇ ਇਸ ਵਾਰ ਕਬੱਡੀ ਖਿਡਾਰੀਆਂ ਵਾਂਗ ਕੈਂਚੀ ਮਾਰ ਕੇ ਕਾਂਗਰਸੀਆਂ ਨੂੰ ਸਿੱਟ ਕੇ ਅਕਾਲੀ ਸਰਕਾਰ ਬਣਾਈ ਹੈ।

# ਸਾਂਝੇ ਮੋਰਚੇ ਵੱਲੋਂ ਬਾਦਲ ਸਰਕਾਰ ਨੂੰ ਖੂਬ ਰਗੜੇ



**ਸ੍ਰੀ ਮੁਕਤਸਰ ਸਾਹਿਬ:** ਸਾਂਝੇ ਮੋਰਚੇ ਦੀ ਕਾਨਫਰੰਸ ਭਾਵੇਂ ਸ਼ਹਿਰ ਤੋਂ ਬਹੁਤ ਦੂਰ ਸੀ ਪਰ ਕਾਨਫਰੰਸ ਦਾ ਪੰਡਾਲ ਪੂਰਾ ਭਰਿਆ ਹੋਇਆ ਸੀ। ਕਾਨਫਰੰਸ ਦੌਰਾਨ ਸਾਂਝੇ ਮੋਰਚੇ ਦੇ ਸਰਪ੍ਰਸਤ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਬਾਦਲ ਸਰਕਾਰ ਨੂੰ ਖੂਬ ਰਗੜੇ ਲਾਏ।

ਉਨ੍ਹਾਂ ਕਿਹਾ ਕਿ ਜਿਹੜਾ ਸੂਬਾ ਕਦੇ ਨੰਬਰ ਇਕ 'ਤੇ ਹੁੰਦਾ ਸੀ ਉਹ ਅੱਜ ਬਾਦਲ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ 12ਵੇਂ ਸਥਾਨ 'ਤੇ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਕਮਾਂ ਨੇ ਪੈਸਿਆਂ ਦੇ ਲਾਲਚ ਵਿਚ ਆ ਕੇ ਰੇਤਾ-ਬੱਜਰੀ 'ਤੇ ਵੀ ਕਬਜ਼ਾ ਕਰ ਲਿਆ ਹੈ ਤੇ ਹੁਣ ਲੋਕਾਂ ਲਈ ਸਿਰ ਦੀ ਛੱਤ ਬਣਾਉਣੀ ਵੀ ਔਖੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਵਿਚ ਕੁਰਸੀ ਦੀ ਜੰਗ ਛਿੜੀ ਹੋਈ ਹੈ। ਸੁਖਬੀਰ ਤੇ ਮਜੀਠੀਆ ਵੱਡੇ ਬਾਦਲ ਤੋਂ ਕੁਰਸੀ ਹਥਿਆਉਣਾ ਚਾਹੁੰਦੇ ਹਨ ਜਦੋਂਕਿ ਪ੍ਰਕਾਸ਼ ਸਿੰਘ ਬਾਦਲ ਕੁਰਸੀ ਛੱਡਣ ਨੂੰ ਤਿਆਰ ਨਹੀਂ। ਉਨ੍ਹਾਂ ਸੂਬੇ ਵਿਚ ਅਮਨ-ਕਾਨੂੰਨ ਦੀ ਮਾੜੀ ਹਾਲਤ ਬਾਰੇ ਕਿਹਾ ਕਿ ਇਨ੍ਹਾਂ ਦੇ ਰਾਜ ਵਿਚ ਸਰਕਾਰੀ ਸ਼ਹਿ 'ਤੇ ਯੂਥ ਅਕਾਲੀ ਆਗੂ ਪੁਲਿਸ ਅਫਸਰਾਂ ਨੂੰ ਥੱਪੜ ਮਾਰ ਰਹੇ ਹਨ। ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਉਹ ਪੰਜਾਬ ਦੇ ਲੋਕਾਂ 'ਤੇ ਕੀਤੇ ਜਾ ਰਹੇ ਜ਼ੁਲਮ ਖ਼ਿਲਾਫ਼ ਪਹਿਲੀ ਮਾਰਚ ਤੋਂ ਪੂਰੇ ਪੰਜਾਬ ਵਿਚ ਜਨ-ਸੰਪਰਕ ਮੁਹਿੰਮ ਚਲਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਕਮਾਂ ਦੀਆਂ ਨੀਤੀਆਂ ਕਾਰਨ ਪੰਜਾਬ ਸਿਰ 90 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ। ਸੂਬੇ ਵਿਚ ਸਿੱਖਿਆ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ਤੇ ਲੋਕ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਮਰ ਰਹੇ ਹਨ। ਸਰਕਾਰੀ ਨੌਕਰੀਆਂ ਖਾਲੀ ਪਈਆਂ ਹਨ। ਇਥੇ ਕਾਨੂੰਨ ਦੇ ਰਖਵਾਲਿਆਂ ਨੂੰ ਆਪਣੀ ਧੀ ਦੀ ਇੱਜ਼ਤ ਬਚਾਉਣ ਲਈ ਜਾਨ ਦੇਣੀ ਪੈ ਰਹੀ ਹੈ। ਉਨ੍ਹਾਂ ਸੁਖਬੀਰ ਨੂੰ ਸਿੱਧੇ ਸੰਬੋਧਨ ਹੁੰਦਿਆਂ ਕਿਹਾ ਕਿ 'ਤੁਸੀਂ ਇਕੋ ਵੇਲੇ ਕਾਤਲ ਤੇ ਮਕਤੂਲ ਦੋਹਾਂ ਦੇ ਸਿਰ 'ਤੇ ਹੱਥ ਨਹੀਂ ਰੱਖ ਸਕਦੇ।' ਇਸ ਮੌਕੇ ਉਨ੍ਹਾਂ ਮੋਗਾ ਦੀ ਜ਼ਿਮਨੀ ਚੋਣ ਸਬੰਧੀ ਐਲਾਨ ਕਰਦਿਆਂ ਕਿਹਾ ਕਿ ਮੋਗੇ ਤੋਂ ਸਾਂਝੇ ਮੋਰਚੇ ਦੇ ਉਮੀਦਵਾਰ ਡਾ. ਰਵਿੰਦਰ ਸਿੰਘ ਧਾਲੀਵਾਲ ਹੋਣਗੇ। ਇਕੱਠ ਨੂੰ ਸੰਬੋਧਨ ਕਰਦਿਆਂ ਸੀਪੀਐਮ ਦੇ ਸੂਬਾ ਸਕੱਤਰ ਕਾਮਰੇਡ ਚਰਨ ਸਿੰਘ ਵਿਰਦੀ ਨੇ ਕਿਹਾ ਕਿ ਅਮਨ-ਕਾਨੂੰਨ ਦੀ ਵਿਗੜੀ ਹਾਲਤ ਲਈ ਸੂਬੇ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਸਾਂਝਾ ਮੋਰਚਾ ਮੋਗਾ ਜ਼ਿਮਨੀ ਚੋਣ ਨੂੰ ਪੂਰੀ ਸ਼ਿੱਦਤ ਨਾਲ ਲੜੇਗਾ।


Short Sale Specialist

Selling HUD homes anywhere in California



Just Sold
7 Derow Ct.,
Sacramento, CA 95833
$40,000.00
2625 Hayden Brook Ave.,
Stockton, CA 95212
$141,500

Listing
2519 Tornado Way,
Rancho Cordova, CA 95670
$105,000
4545 Valley Hi Dr.,
Sacramento, CA 95823
$140,000
2430 Yreka Ave,
Sacramento, CA 95822
$63,000

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call: Sohanpreet 'Sam' Chahal
@916-612-5773
visit: www.hudhomestore.com
Serving from Bay Area to Sacramento

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਖਬੀਰ ਦੀ ਗੁੱਡੀ ਚੜ੍ਹਾਉਣ ਲਈ ਸੀ ਪੁਰਾਣੇ ਆਗੂਆਂ ਦੀ ਤਾਰੀਫ

ਲਈ ਸ. ਬਾਦਲ ਵਲੋਂ ਬਜ਼ੁਰਗ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਸਰਗਰਮ ਹੋਣ ਲਈ ਕਿਹਾ ਗਿਆ ਹੈ। ਇਸ ਸਭ ਕੁਝ ਨੂੰ ਲੁਕਾ ਛਪਾ ਕੇ ਨਹੀਂ ਰੱਖਿਆ ਸਗੋਂ ਮੀਡੀਆ ਰਾਹੀਂ ਜ਼ੋਰਦਾਰ ਢੰਗ ਨਾਲ ਪ੍ਰਚਾਰਿਆ ਗਿਆ ਤਾਂ ਜੋ ਪਾਰਟੀ ਦੇ ਨਾਲ-ਨਾਲ ਆਮ ਜਨਤਾ ਵਿਚ ਸਪਸ਼ਟ ਸੁਨੇਹਾ ਜਾ ਸਕੇ। ਚੇਤੇ ਰਹੇ ਕਿ ਐਨ.ਆਰ.ਆਈ. ਸੰਮੇਲਨ ਦੌਰਾਨ ਸ. ਬਾਦਲ ਨੇ ਸ. ਮਜੀਠੀਆ ਨੂੰ ਖਰੀਆਂ-ਖਰੀਆਂ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ, ਪਰ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਮੌਕੇ ਕੀਤੀ ਗਈ ਸਿਆਸੀ ਕਾਨਫਰੰਸ ਵਿਚ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਦੀ ਖੁੱਲ੍ਹ ਕੇ ਵਡਿਆਈ ਕਰਨ ਦੇ ਨਾਲ ਹੀ ਲੁਕਵੇਂ ਢੰਗ ਨਾਲ ਉਨ੍ਹਾਂ ਨੂੰ ਆਪਣਾ ਜਾਂਨਸ਼ੀਨ ਐਲਾਨ ਕੇ ਸਪਸ਼ਟ ਕਰ ਦਿੱਤਾ ਕਿ ਸਮੱਸਿਆ ਨਵੀਂ ਪੀੜ੍ਹੀ ਦੀ 'ਨਵੀਂ ਸਿਆਸਤ' ਨਾਲ ਨਹੀਂ, ਸਗੋਂ ਮਜੀਠੀਆ ਦੇ ਅਚਾਨਕ ਹੋਏ ਉਭਾਰ ਨਾਲ ਹੈ।

ਜ਼ਿਕਰਯੋਗ ਹੈ ਕਿ ਸੂਬੇ ਵਿਚ ਅਕਾਲੀ-ਭਾਜਪਾ ਦੀ ਦੂਜੀ ਵਾਰ ਸਰਕਾਰ ਬਣਨ ਤੋਂ ਬਾਅਦ ਅਕਾਲੀ ਦਲ ਵਿਚ ਇਹ ਚਰਚਾ ਭਾਰੂ ਹੈ ਕਿ ਮਾਝੇ ਵਿਚ ਵੱਡੇ ਆਗੂ ਵਜੋਂ ਉਭਰ ਰਹੇ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਦਾ ਪਾਰਟੀ ਅੰਦਰ ਤਕੜਾ ਧੜਾ ਖੜ੍ਹਾ ਹੋ ਗਿਆ ਹੈ। ਇਸ ਗਰੁਪ ਵਿਚ ਅੱਧੀ ਦਰਜਨ ਦੇ ਕਰੀਬ ਵਿਧਾਇਕ ਵੀ ਮੰਨੇ ਜਾਂਦੇ ਹਨ। ਇਸ ਤੋਂ ਇਲਾਵਾ ਸਰਕਾਰੀ ਦਫ਼ਤਰਾਂ ਵਿਚ ਵੀ ਸ. ਮਜੀਠੀਆ ਦੀ ਹੀ ਤੂਤੀ ਬੋਲਦੀ ਹੈ। ਕੋਈ ਸਿਆਸੀ ਆਗੂ ਵੀ ਆਪਣੇ ਕੰਮ ਵਾਇਆ ਮਜੀਠੀਆ ਕਰਵਾਉਣ ਲੱਗੇ ਹਨ। ਵੱਡੇ ਅਫਸਰ ਵੀ ਸ. ਮਜੀਠੀਆ ਦੀ ਹੀ ਹਾਜ਼ਰੀ ਭਰਨ ਲੱਗੇ ਹਨ।

ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਜਿਹੜਾ ਲਾਕਾਨੂੰਨੀ ਦਾ ਮਾਹੌਲ ਬਣਿਆ, ਉਹ ਸਭ ਕੁਝ ਅਕਾਲੀ ਦਲ ਤੇ ਸਰਕਾਰ ਵਿਚ ਮਜੀਠੀਏ ਦੀ ਚੜ੍ਹਤ ਹੀ ਸਿੱਟਾ ਹੈ। ਸ. ਮਜੀਠੀਆ ਦੀ ਤਾਕਤ ਯੂਥ ਬ੍ਰਿਗੇਡ ਹੈ ਜਿਸ ਵਿਚ ਅਪਰਾਧੀ ਪਿਛੋਕੜ ਵਾਲੇ ਧੜੇ ਵੀ ਸ਼ਾਮਲ ਹਨ। ਇਨ੍ਹਾਂ ਜਰਾਇਮ ਪੇਸ਼ਾ ਲੋਕਾਂ ਦਾ ਸਿਆਸੀ ਸ਼ਹਿ ਹਾਸਲ ਹੋਣ ਤੋਂ ਬਾਅਦ ਹੌਸਲਾ ਕਾਫੀ ਵਧ ਗਿਆ ਹੈ ਤੇ ਉਹ ਕਾਨੂੰਨ ਨੂੰ ਵੀ ਆਪਣੇ ਲਈ ਬੜੀ ਛੋਟੀ ਸ਼ੈਅ ਸਮਝਦੇ ਹਨ। ਸ. ਬਾਦਲ ਬੇਸ਼ੱਕ ਪਿਛਲੇ ਦਿਨੀਂ ਵਾਪਰੀਆਂ ਘਟਨਾਵਾਂ ਕਰ ਕੇ ਪਾਰਟੀ ਦੇ ਅਕਸ ਨੂੰ ਲੱਗੇ ਦਾਗ਼ ਤੋਂ ਪ੍ਰੇਸ਼ਾਨ ਹਨ ਪਰ ਉਨ੍ਹਾਂ ਨੂੰ ਸਭ ਤੋਂ ਵੱਡਾ ਫਿਕਰ ਭਵਿੱਖ ਦਾ ਹੀ ਸਤਾ ਰਿਹਾ ਹੈ। ਮਾਘੀ ਦੇ ਇਤਿਹਾਸਕ ਦਿਹਾੜੇ ਮੌਕੇ ਇਸ ਦੀ ਪੁਸ਼ਟੀ ਵੀ ਹੋ ਗਈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਜਾਂਨਸ਼ੀਨ ਐਲਾਨ ਦਿੱਤਾ। ਉਨ੍ਹਾਂ ਪਹਿਲੀ ਵਾਰੀ ਜਨਤਕ ਤੌਰ 'ਤੇ ਆਪਣੇ 'ਗੱਦੀਨਸ਼ੀਨ' ਦਾ ਇਉਂ ਐਲਾਨ ਕੀਤਾ ਹੈ। ਅਸਲ ਵਿਚ ਪਾਰਟੀ ਅੰਦਰ ਸ. ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੀ ਕਈ ਵਾਰ ਚਰਚਾ ਚੱਲੀ ਪਰ ਸ. ਪ੍ਰਕਾਸ਼ ਸਿੰਘ ਬਾਦਲ ਹਮੇਸ਼ਾ ਇਸ ਗੱਲ ਨੂੰ ਟਾਲਦੇ ਆ ਰਹੇ ਸਨ ਪਰ ਪਿਛਲੇ ਦਿਨੀਂ ਅਚਾਨਕ ਸੁਖਬੀਰ ਬਾਦਲ ਨੂੰ ਉਭਾਰਨ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛਿੜੀ ਹੈ।

ਸ. ਬਾਦਲ ਮੁਤਾਬਕ ਸੁਖਬੀਰ ਰਾਜਨੀਤੀ ਦੇ ਖੇਤਰ ਵਿਚ ਉਨ੍ਹਾਂ ਦੇ ਪਾਏ ਨਕਸ਼ੇ ਕਦਮਾਂ 'ਤੇ ਹੀ ਚੱਲ ਰਿਹਾ ਹੈ। ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਕਾਇਮ ਰੱਖਣ ਦਾ ਜੋ ਸਿਹਰਾ ਉਨ੍ਹਾਂ ਨੂੰ ਜਾਂਦਾ ਹੈ, ਉਸ ਨੂੰ ਸੁਖਬੀਰ ਵੀ ਕਾਇਮ ਰੱਖੇਗਾ। ਉਨ੍ਹਾਂ ਬੜੇ ਮਾਣ ਨਾਲ ਕਿਹਾ ਕਿ ਅਜਿਹੀ ਪ੍ਰੌੜ੍ਹ ਰਾਜਨੀਤੀ ਦੇ ਲੱਛਣ ਉਨ੍ਹਾਂ ਨੂੰ ਆਪਣੇ ਪੁੱਤਰ ਵਿਚ ਦਿਖਾਈ ਦੇ ਰਹੇ ਹਨ।

ਪੰਜਾਬ ਵਿਚ ਪਿਛਲੇ ਅੱਧੇ ਦਹਾਕੇ ਤੋਂ ਇਹ ਗੱਲ ਚਰਚਾ ਦਾ ਵਿਸ਼ਾ ਰਹੀ ਹੈ ਕਿ ਸੁਖਬੀਰ ਬਾਦਲ ਮੁੱਖ ਮੰਤਰੀ ਵਜੋਂ ਸੂਬੇ ਦੀ ਵਾਗਡੋਰ ਕਦੋਂ ਸੰਭਾਲੇਗਾ। ਪਾਰਟੀ ਵਿਚ ਅਹਿਮ ਅਹੁਦਿਆਂ 'ਤੇ ਹੁੰਦੇ ਹੋਏ ਸੁਖਬੀਰ ਬਾਦਲ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਸੱਤਾ ਦਿਵਾਉਣ ਤੋਂ ਬਾਅਦ ਪਾਰਟੀ ਦੇ ਪ੍ਰਧਾਨ ਬਣੇ। ਕੁਝ ਸਾਲ ਛੋਟੇ ਬਾਦਲ ਨੇ ਸਰਕਾਰੀ ਅਹੁਦਾ ਨਾ ਹੁੰਦਿਆਂ ਵੀ 'ਰਾਜ' ਕੀਤਾ। ਇਸ ਸਮੇਂ ਉਹ ਸੂਬੇ ਦੇ ਉਪ ਮੁੱਖ ਮੰਤਰੀ ਹਨ ਤੇ ਸਰਕਾਰ ਦੇ ਜ਼ਿਆਦਾਤਰ ਮਹੱਤਵਪੂਰਨ ਫੈਸਲੇ ਉਹ ਹੀ ਕਰਦੇ ਹਨ। ਉਨ੍ਹਾਂ ਨੂੰ ਗ੍ਰਹਿ, ਕਰ ਤੇ ਆਬਕਾਰੀ, ਸ਼ਹਿਰੀ ਵਿਕਾਸ ਵਰਗੇ ਮਹੱਤਵਪੂਰਨ ਵਿਭਾਗਾਂ ਸਮੇਤ ਹੋਰ ਕਈ ਵਿਭਾਗਾਂ ਦਾ ਕੰਮ ਦਿੱਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਵਿਚ ਚਰਚਾ ਹੈ ਕਿ ਮੁੱਖ ਮੰਤਰੀ ਨੇ ਅਕਾਲੀ ਦਲ ਵਿਚਲੀ ਦੂਜੀ ਕਤਾਰ ਦੀ ਲੀਡਰਸ਼ਿਪ ਨੂੰ ਸਪੱਸ਼ਟ ਇਸ਼ਾਰਾ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਲੀਡਰ ਹੁਣ ਸੁਖਬੀਰ ਹੀ ਹੋਵੇਗਾ।

## ਸੁਖਬੀਰ ਨਾਲ ਕੋਈ ਮੁਕਾਬਲਾ ਨਹੀਂ: ਮਜੀਠੀਆ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਲੇ ਅਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਸਿਆਸਤ ਦੇ ਖੇਤਰ ਵਿਚ ਉਨ੍ਹਾਂ ਦਾ ਸੁਖਬੀਰ ਨਾਲ ਕੋਈ ਮੁਕਾਬਲਾ ਨਹੀਂ ਹੈ। ਇਹ ਗੱਲਾਂ ਮੀਡੀਆ ਅਤੇ ਕੁਝ ਸਿਆਸਤਦਾਨਾਂ ਦੇ ਦਿਮਾਗ ਦੀ ਕਾਢ ਹੈ। ਪਾਰਟੀ ਵਿਚ ਆਪਣਾ ਧੜਾ ਖੜ੍ਹਾ ਕਰਨ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਕੋਈ ਬੰਦਾ ਕੰਮ ਕਰੇਗਾ ਤਾਂ ਉਹਦੇ ਨਾਲ ਚਾਰ ਬੰਦੇ ਤਾਂ ਜੁੜਨਗੇ ਹੀ। ਸੁਖਬੀਰ ਸਿੰਘ ਬਾਦਲ ਨੇ ਇਸ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ।

# ਪਾਕਿਸਤਾਨ 'ਚ ਸੰਵਿਧਾਨਕ ਸੰਕਟ

**ਇਸਲਾਮਾਬਾਦ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਬਿਜਲੀ ਪ੍ਰੋਜੈਕਟਾਂ ਲਈ ਰਿਸ਼ਵਤ ਲੈਣ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਰਾਜਾ ਪਰਵੇਜ਼ ਅਸ਼ਰਫ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ ਹੈ। ਇਸ ਹੁਕਮ ਨਾਲ ਦੇਸ਼ ਵਿਚ ਤਾਜ਼ਾ ਸਿਆਸੀ ਸੰਕਟ ਪੈਦਾ ਹੋ ਗਿਆ ਹੈ। ਮੌਲਵੀ ਤਾਹਿਰ-ਉਲ-ਕਾਦਰੀ ਵੱਲੋਂ ਸੂਬਾਈ ਵਿਧਾਨ ਸਭਾਵਾਂ ਤੇ ਸੰਸਦ ਭੰਗ ਕਰਨ ਦੀ ਮੰਗ ਲਈ ਜਾਰੀ ਪ੍ਰਦਰਸ਼ਨ ਝੱਲ ਰਿਹਾ ਪਾਕਿਸਤਾਨ ਸਿਆਸੀ ਬੇਯਕੀਨੀ ਵਿਚ ਘਿਰ ਰਿਹਾ ਹੈ। ਸੰਭਾਵਨਾ ਹੈ ਕਿ ਦੇਸ਼ ਨੂੰ ਇਕ ਸਾਲ ਦੇ ਅੰਦਰ ਦੂਜੇ ਪ੍ਰਧਾਨ ਮੰਤਰੀ ਨੂੰ ਅਹੁਦਾ ਛੱਡਦੇ ਹੋਏ ਦੇਖਣਾ ਪੈ ਸਕਦਾ ਹੈ।

ਪਿਛਲੇ ਸਾਲ ਜੂਨ ਵਿਚ ਯੂਸਫ਼ ਰਜ਼ਾ ਗਿਲਾਨੀ ਦੇ ਅਸਤੀਫੇ ਮਗਰੋਂ ਪ੍ਰਧਾਨ ਮੰਤਰੀ ਬਣਨ ਵਾਲੇ 62 ਸਾਲਾ ਅਸ਼ਰਫ ਉਪਰ ਕੇਂਦਰੀ ਜਲ ਤੇ ਬਿਜਲੀ ਮੰਤਰੀ ਰਹਿੰਦਿਆਂ ਰੈਂਟਲ ਬਿਜਲੀ ਪ੍ਰੋਜੈਕਟਾਂ (ਆਰ.ਪੀ.ਪੀ.) ਵਿਚ ਰਿਸ਼ਵਤ ਲੈਣ ਦਾ ਦੋਸ਼ ਹੈ। ਪਾਕਿਸਤਾਨ ਦੀ ਮੌਜੂਦਾ ਸਰਕਾਰ ਮਾਰਚ ਵਿਚ ਪੰਜ ਸਾਲ ਪੂਰੇ ਕਰੇਗੀ ਤੇ ਚੋਣਾਂ ਮਈ ਤੱਕ ਹੋਣੀਆਂ ਹਨ। ਹਾਲੇ ਇਹ ਸਪਸ਼ਟ ਨਹੀਂ ਹੋਇਆ ਕਿ ਅਸ਼ਰਫ ਖ਼ਿਲਾਫ਼ ਸੁਪਰੀਮ ਕੋਰਟ ਦੇ ਹੁਕਮ ਦੇ ਸਿਆਸੀ ਨਤੀਜੇ ਕੀ ਨਿਕਲਣਗੇ ਕਿਉਂਕਿ ਇਹ ਪਹਿਲਾ ਮਾਮਲਾ ਹੈ ਜਦੋਂ ਕਿਸੇ ਭ੍ਰਿਸ਼ਟਾਚਾਰ ਮਾਮਲੇ ਵਿਚ ਪ੍ਰਧਾਨ ਮੰਤਰੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਗਏ ਹਨ। ਹੁਣ ਇਹ ਦੇਖਣਾ ਹੈ ਕਿ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਅਸ਼ਰਫ ਦੀ ਥਾਂ ਕਿਸ ਨੂੰ ਨਵਾਂ ਨੇਤਾ ਚੁਣੇਗੀ।

ਪਿਛਲੇ ਸਾਲ ਮਾਰਚ ਵਿਚ ਸੁਪਰੀਮ ਕੋਰਟ ਨੇ ਸਰਕਾਰ ਵੱਲੋਂ ਰੈਂਟਲ ਬਿਜਲੀ ਪਲਾਟਾਂ ਲਈ ਆਏ ਸਾਰੇ ਟੈਂਡਰ ਗੈਰ-ਕਾਨੂੰਨੀ ਕਰਾਰ ਦੇ ਦਿੱਤੇ ਗਏ ਸਨ ਤੇ ਅਧਿਕਾਰੀਆਂ ਨੂੰ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਵਾਲੇ ਅਸ਼ਰਫ ਸਣੇ ਸਾਰੇ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਹੁਕਮ ਦਿੱਤਾ ਸੀ।

ਦੇਸ਼ ਦੀ ਮੁੱਖ ਭ੍ਰਿਸ਼ਟਾਚਾਰ ਰੋਕੂ ਏਜੰਸੀ ਕੌਮੀ ਜਵਾਬਦੇਹੀ ਬਿਊਰੋ (ਐਨ.ਏ.ਬੀ.) ਨੇ ਹੁਣ ਤੱਕ ਅਦਾਲਤ ਦੇ ਹੁਕਮਾਂ ਉਪਰ ਅਮਲ ਕਰਨ ਤੋਂ ਇਨਕਾਰ ਕੀਤਾ ਸੀ। ਬੈਂਚ ਨੇ ਐਨ.ਏ.ਬੀ. ਮੁਖੀ ਫਸੀਹ ਬੁਖਾਰੀ ਖ਼ਿਲਾਫ਼ ਅਦਾਲਤੀ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ।

# ਚੋਣਾਂ ਵਿਚ ਦੇਰੀ ਬਰਦਾਸ਼ਤ ਨਹੀਂ

**ਇਸਲਾਮਾਬਾਦ:** ਪ੍ਰਸਿੱਧ ਮੌਲਵੀ ਤਾਹਿਰ-ਉਲ-ਕਾਦਰੀ ਵੱਲੋਂ ਸੰਸਦ ਭੰਗ ਕਰਨ ਤੇ ਨਿਗਰਾਨ ਸਰਕਾਰ ਦਾ ਗਠਨ ਕਰਨ ਦੀ ਕੀਤੀ ਜਾ ਰਹੀ ਮੰਗ ਦੇ ਪਿਛੋਕੜ ਵਿਚ ਪਾਕਿਸਤਾਨ ਦੀ ਸੁਪਰੀਮ ਕੋਰਟ ਤੇ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਸ ਸਾਲ ਹੋਣ ਵਾਲੀਆਂ ਆਮ ਚੋਣਾਂ ਵਿਚ ਦੇਰੀ ਨਹੀਂ ਹੋਣੀ ਚਾਹੀਦੀ ਤੇ ਉਹ ਨਿਰਧਾਰਤ ਸਮੇਂ 'ਤੇ ਹੋਣੀਆਂ ਚਾਹੀਦੀਆਂ ਹਨ। ਮਨੋਨੀਤ ਅਦਾਲਤ ਦੇ ਤਿੰਨ ਜੱਜਾਂ ਦੇ ਬੈਂਚ ਵੱਲੋਂ ਚੋਣ ਸੁਧਾਰਾਂ ਬਾਰੇ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਮੁੱਖ ਜੱਜ ਇਫਤਿਖਾਰ ਚੌਧਰੀ ਨੇ ਕਿਹਾ ਹੈ ਕਿ ਕਿਸੇ ਦੀ ਵਿਅਕਤੀਗਤ ਕਾਰਵਾਈ ਮਹੱਤਵਪੂਰਨ ਨਹੀਂ ਹੈ ਤੇ ਚੋਣਾਂ ਹਰ ਹਾਲਤ ਵਿਚ ਨਿਸ਼ਚਿਤ ਸਮੇਂ 'ਤੇ ਹੋਣਗੀਆਂ। ਇਸ ਸਬੰਧੀ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਚੋਣ ਕਮਿਸ਼ਨ ਨੂੰ ਚੋਣਾਂ ਕਰਵਾਉਣ ਲਈ ਤਿਆਰ ਹੋਣਾ ਚਾਹੀਦਾ ਹੈ।

# ਮੀਡੀਏ ਨੇ ਲਾਜ ਰੱਖੀ

*(ਸਫਾ ਇਕ ਦੀ ਬਾਕੀ)*

ਦਰਕਿਨਾਰ ਨਹੀਂ ਕਰਨਾ ਚਾਹੀਦਾ; ਪਾਕਿਸਤਾਨੀ ਫੌਜ ਨੇ ਪਹਿਲਾਂ ਵੀ ਆਪਹੁਦਰੀਆਂ ਕੀਤੀਆਂ ਹਨ ਅਤੇ ਦੋਹਾਂ ਦੇਸ਼ਾਂ ਦੇ ਸਿਆਸੀ ਰਿਸ਼ਤਿਆਂ ਉਤੇ ਅਸਰ ਪਾਇਆ ਹੈ। 1999 ਵਿਚ ਕਾਰਗਿਲ ਵਾਲਾ ਹਮਲਾ ਅਜਿਹੀ ਹੀ ਵੱਡੀ ਕਾਰਵਾਈ ਸੀ।

ਮੀਡੀਏ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਇਹ ਮਿਹਣਾ ਵੀ ਦਿੱਤਾ ਹੈ ਕਿ ਉਂਜ ਤਾਂ ਉਹ ਹਰ ਮਾਮਲੇ ਬਾਰੇ ਚੁੱਪ ਵੱਟ ਲੈਂਦੇ ਹਨ, ਪਰ ਹੁਣ ਛੇਤੀ ਹੀ ਬੋਲ ਪਏ ਹਨ ਅਤੇ ਬੋਲੇ ਵੀ ਵਿਰੋਧੀ ਧਿਰ ਵਾਲੀ ਬੋਲੀ ਹਨ। ਉਨ੍ਹਾਂ ਨੂੰ ਤਾਂ ਸਗੋਂ ਭਾਰਤ ਦੀ ਪਾਕਿਸਤਾਨ ਪ੍ਰਤੀ ਅਪਨਾਈ ਜਾ ਰਹੀ ਦੋਸਤਾਨਾ ਸਬੰਧਾਂ ਵਾਲੀ ਨੀਤੀ ਦੇ ਘੇਰੇ ਵਿਚ ਰਹਿ ਕੇ ਗੱਲ ਕਰਨੀ ਚਾਹੀਦੀ ਸੀ। ਇਤਿਹਾਸ ਵੀ ਗਵਾਹ ਹੈ ਕਿ ਪਾਕਿਸਤਾਨ ਅਤੇ ਭਾਰਤ ਵਿਚਕਾਰ ਕੁੜੱਤਣ ਦੇ ਮਾਹੌਲ ਨੇ ਦੋਹਾਂ ਧਿਰਾਂ ਦਾ ਕੁਝ ਨਹੀਂ ਸੰਵਾਰਿਆ। ਜਾਪਦਾ ਇਸ ਤਰ੍ਹਾਂ ਹੈ ਕਿ ਪ੍ਰਧਾਨ ਮੰਤਰੀ ਨੇ 2014 ਵਿਚ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਇਸ ਮਾਮਲੇ 'ਤੇ ਭਾਰਤੀ ਜਨਤਾ ਪਾਰਟੀ ਵਾਲਾ ਰੁਖ ਅਖਤਿਆਰ ਕੀਤਾ ਹੈ। ਮੀਡੀਆ ਨੇ ਪ੍ਰਧਾਨ ਮੰਤਰੀ ਦੀ ਇਸ ਪਹੁੰਚ ਨੂੰ ਮਾੜੀ ਕਰਾਰ ਦਿੰਦਿਆਂ ਜ਼ਬਤ ਤੋਂ ਕੰਮ ਲੈਣ ਦੀ ਸਲਾਹ ਦਿੱਤੀ ਹੈ ਅਤੇ ਕਿਹਾ ਹੈ ਕਿ ਅਜਿਹੇ ਮਾਮਲਿਆਂ ਵਿਚ ਭਾਰਤੀ ਜਨਤਾ ਪਾਰਟੀ ਦੇ ਦਬਾਅ ਹੇਠ ਆਉਣ ਦੀ ਉਕਾ ਹੀ ਕੋਈ ਲੋੜ ਨਹੀਂ ਹੈ। ਪਾਕਿਸਤਾਨ ਦੇ ਹਾਕੀ ਖਿਡਾਰੀਆਂ ਨੂੰ ਵਾਪਸ ਭੇਜਣ ਦੇ ਫੈਸਲੇ ਨੂੰ ਵੀ ਮੀਡੀਆ ਨੇ ਮਾੜਾ ਫੈਸਲਾ ਕਰਾਰ ਦਿੱਤਾ ਹੈ। ਯਾਦ ਰਹੇ ਕਿ ਪਾਕਿਸਤਾਨ ਦੇ 9 ਹਾਕੀ ਖਿਡਾਰੀ ਭਾਰਤ ਵਿਚ ਇੰਡੀਅਨ ਹਾਕੀ ਲੀਗ ਖੇਡਣ ਆਏ ਸਨ।

ਇਸੇ ਦੌਰਾਨ ਸੈਨਿਕ ਮਾਹਿਰਾਂ ਨੇ ਇਹ ਗੱਲ ਧਿਆਨ ਵਿਚ ਲਿਆਂਦੀ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੰਟਰੋਲ ਰੇਖਾ ਦੇ ਆਰ-ਪਾਰ ਦੋਹਾਂ ਦੇਸ਼ਾਂ ਦੀਆਂ ਫੌਜਾਂ ਵੱਲੋਂ ਬੰਕਰ ਅਤੇ ਹੋਰ ਫੌਜੀ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮਾਮਲੇ ਵਿਚ ਪਹਿਲ ਕਿਸ ਧਿਰ ਨੇ ਕੀਤੀ ਹੈ, ਅਜੇ ਤੱਕ ਸਪਸ਼ਟ ਨਹੀਂ ਹੈ। ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਸਰਹੱਦ ਉਤੇ ਫੌਜਾਂ ਤਾਇਨਾਤ ਕਰ ਕੇ ਉਨ੍ਹਾਂ ਦੇ ਹੱਥਾਂ ਵਿਚ ਹਥਿਆਰ ਦੇ ਹੀ ਦਿੱਤੇ ਹਨ ਤਾਂ ਇਹ ਕਿਸੇ ਦਿਨ ਤਾਂ ਚੱਲਣੇ ਹੀ ਹੁੰਦੇ ਹਨ। ਦੋਹਾਂ ਧਿਰਾਂ ਨੂੰ ਇਸ ਮਾਮਲੇ ਵਿਚ ਪਹਿਲ ਕਰਦਿਆਂ ਸਰਹੱਦ ਉਤੇ ਫੌਜ ਬਾਰੇ ਕੋਈ ਅਹਿਦ ਨੇਪਰੇ ਚਾੜ੍ਹਨਾ ਚਾਹੀਦਾ ਹੈ।

ਇਕ ਗੱਲ ਹੋਰ ਵੀ ਚਰਚਾ ਵਿਚ ਹੈ ਕਿ ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ਤਾਂ ਹੁਣ ਸਮਝਣ ਲੱਗ ਪਈ ਹੈ ਕਿ ਭਾਰਤ ਨੂੰ ਦੁਸ਼ਮਣ ਨੰਬਰ ਇਕ ਗਿਣ ਕੇ ਨੁਕਸਾਨ ਹੀ ਨੁਕਸਾਨ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਇਹ ਖਬਰਾਂ ਆ ਰਹੀਆਂ ਹਨ ਕਿ ਕੁਝ ਸਿਆਸੀ ਧਿਰਾਂ ਧਾਰਮਿਕ ਕੱਟੜਪੰਥੀਆਂ ਨੂੰ ਦੇਸ਼ ਦਾ ਦੁਸ਼ਮਣ ਨੰਬਰ ਇਕ ਮੰਨ ਚੁੱਕੀਆਂ ਹਨ। ਇਸ ਮਾਮਲੇ 'ਤੇ ਭਾਰਤ ਸਗੋਂ ਉਲਟੇ ਪੈਰੀਂ ਤੁਰ ਪਿਆ ਹੈ।

# ਗੋਲੀ ਨੇ ਅਮਨ ਦੀ ਅੱਖ ਫੁੰਡੀ

*(ਸਫਾ ਇਕ ਦੀ ਬਾਕੀ)*

ਪਾਕਿਸਤਾਨ ਵੱਲੋਂ ਕੀਤੇ ਗਏ ਇਸ ਹਮਲੇ ਵਿਚ ਭਾਰਤ ਦੇ ਦੋ ਜਵਾਨ ਮਾਰੇ ਗਏ ਸਨ ਅਤੇ ਇਨ੍ਹਾਂ ਵਿਚੋਂ ਇਕ ਜਵਾਨ ਦਾ ਪਾਕਿਸਤਾਨੀ ਸਿਰ ਲਾਹ ਕੇ ਲੈ ਗਏ ਸਨ। ਉਨ੍ਹਾਂ ਕਿਹਾ ਕਿ ਲਾਂਸ ਨਾਇਕ ਹੇਮਰਾਜ ਦਾ ਸਿਰ ਲਾਹੁਣਾ ਸਿਰੇ ਦੀ ਵਹਿਸ਼ੀ ਕਾਰਵਾਈ ਹੈ। ਇਸ ਲਈ ਕੋਈ ਦਲੀਲ ਨਹੀਂ ਮੰਨੀ ਜਾ ਸਕਦੀ ਤੇ ਇਹ ਫਰਜ਼ ਨਿਭਾਉਣ ਦੇ ਅਸੂਲਾਂ ਦੇ ਵੀ ਉਲਟ ਹੈ।

ਉਧਰ, ਸਿਰ ਤੋਂ ਪਾਣੀ ਲੰਘਦਾ ਵੇਖ ਪਾਕਿਸਤਾਨ ਨੇ ਕਿਹਾ ਕਿ ਉਹ ਕੰਟਰੋਲ ਰੇਖਾ 'ਤੇ ਪਹਿਲਾਂ ਹੀ ਬਣੀ ਤਣਾਅ ਪੂਰਨ ਸਥਿਤੀ ਨੂੰ ਹੋਰ ਖ਼ਰਾਬ ਕਰਨ ਦੇ ਹੱਕ ਵਿਚ ਨਹੀਂ। ਉਂਜ, ਪਾਕਿਸਤਾਨ ਦੀ ਇਹ ਟਿੱਪਣੀ ਕਾਫੀ ਦੇਰ ਬਾਅਦ ਆਈ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੌਜ਼ਮ ਖਾਨ ਨੇ ਇਹ ਬਿਆਨ ਭਾਰਤੀ ਫੌਜ ਦੇ ਮੁਖੀ ਜਨਰਲ ਬਿਕਰਮ ਸਿੰਘ ਵੱਲੋਂ ਜੰਗਬੰਦੀ ਉਲੰਘਣਾ ਸਬੰਧੀ ਦਿੱਤੇ ਬਿਆਨ ਦੇ ਸੰਦਰਭ ਵਿਚ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਅਮਨ ਪ੍ਰਕਿਰਿਆ ਦੀ ਮਹੱਤਤਾ ਨੂੰ ਸਮਝਦਾ ਹੈ ਤੇ ਕੰਟਰੋਲ ਰੇਖਾ 'ਤੇ ਜੰਗਬੰਦੀ ਦੀ ਉਲੰਘਣਾ ਦੇ ਸਾਰੇ ਮੁੱਦਿਆਂ ਨੂੰ ਮੰਨਣਯੋਗ ਢਾਂਚੇ ਤਹਿਤ ਸੁਲਝਾਉਣ ਲਈ ਵਚਨਬੱਧ ਹੈ। ਪਾਕਿ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਪਾਕਿਸਤਾਨ ਭਾਰਤ ਨਾਲ ਗੱਲਬਾਤ ਦੇ ਅਮਲ ਨੂੰ ਸਹੀ ਢੰਗ ਨਾਲ ਸੁਲਝਾਉਣ ਦੇ ਹੱਕ ਵਿਚ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਕੈਨੇਡੀਅਨਾਂ ਦੇ ਹਿਰਦੇ ਬੜੇ ਵਿਸ਼ਾਲ: ਪੀਟਰ ਸੰਧੂ

**ਚੰਡੀਗੜ੍ਹ:** ਕੈਨੇਡਾ ਵਿਚ 'ਗੋਰਿਆਂ ਦੇ ਗੜ੍ਹ' ਮੰਨੇ ਜਾਂਦੇ ਹਲਕੇ ਮੈਨਿੰਗ (ਐਡਮੰਟਨ) ਤੋਂ ਦੋ ਵਾਰ ਵਿਧਾਇਕ ਬਣ ਕੇ ਰਿਕਾਰਡ ਕਾਇਮ ਕਰਨ ਵਾਲੇ ਪੀਟਰ ਸੰਧੂ ਨੇ ਕਿਹਾ ਕਿ ਮਿਹਨਤੀ ਪਰਵਾਸੀ ਭਾਰਤੀਆਂ ਲਈ ਅੱਜ ਵੀ ਕੈਨੇਡਾ ਵਰਦਾਨ ਹੈ। ਉਥੇ ਹਰੇਕ ਹੁਨਰਮੰਦ ਪਰਵਾਸੀ ਭਾਰਤੀ ਨੂੰ ਰੁਜ਼ਗਾਰ ਮਿਲਣ ਦੇ ਪੂਰੇ ਆਸਾਰ ਹਨ। ਹੁਣ ਤਾਂ ਕੈਨੇਡਾ ਸਰਕਾਰ ਵੱਲੋਂ ਵੀ ਕਮਾਊ ਪਰਵਾਸੀ ਭਾਰਤੀਆਂ ਨੂੰ ਜੀ ਆਇਆਂ ਕਿਹਾ ਜਾਂਦਾ ਹੈ।

ਪੰਜਾਬ ਆਏ ਪੀਟਰ ਸੰਧੂ ਨੇ ਦੱਸਿਆ ਕਿ ਜਦੋਂ ਕੈਨੇਡਾ ਵਿਚ ਪਹਿਲੀ ਨੌਕਰੀ ਕਰਨ ਲਈ ਉਨ੍ਹਾਂ ਸਬੰਧਤ ਕੰਪਨੀ ਨੂੰ ਆਪਣਾ ਨਾਂ ਪਰਮਜੀਤ ਸਿੰਘ ਸੰਧੂ ਲਿਖਵਾਇਆ ਤਾਂ ਇਹ ਨਾਂ ਗੋਰਿਆਂ ਨੂੰ ਬੜਾ ਔਖਾ ਲੱਗਿਆ। ਫਿਰ ਗੋਰਿਆਂ ਨੇ ਹੀ ਉਸ ਨੂੰ ਸੁਖਾਲਾ ਨਾਂ ਪੀਟਰ ਸੰਧੂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਗੋਰਿਆਂ ਦੀ ਵਿਸ਼ਾਲਤਾ ਇਸ ਤੋਂ ਵੱਧ ਹੋਰ ਕੀ ਹੋ ਸਕਦੀ ਕਿ ਮੈਨਿੰਗ ਹਲਕੇ ਵਿਚਲੀ ਕੁੱਲ 46 ਹਜ਼ਾਰ ਦੀ ਆਬਾਦੀ ਵਿਚ ਸਿਰਫ 500 ਪੰਜਾਬੀ ਹੀ ਹਨ ਤੇ ਇਸ ਦੇ ਬਾਵਜੂਦ ਗੋਰਿਆਂ ਨੇ ਇਕ ਪਰਵਾਸੀ ਪੰਜਾਬੀ ਨੂੰ ਇਥੋਂ ਦੋ ਵਾਰ ਜਿਤਾ ਕੇ ਮਿਹਨਤ ਤੇ ਦਿਆਨਤਦਾਰੀ ਦਾ ਮੁੱਲ ਪਾਇਆ ਹੈ। ਉਨ੍ਹਾਂ ਹੋਰ ਦੱਸਿਆ ਕਿ ਉਹ ਮੈਨਿੰਗ ਹਲਕੇ ਦੇ ਵਸਨੀਕ ਨਾ ਹੋਣ ਦੇ ਬਾਵਜੂਦ ਇਥੋਂ ਦੋ ਵਾਰ ਜੇਤੂ ਰਹੇ ਹਨ।

ਪਬਲਿਕ ਸੇਫਟੀ ਤੇ ਸਰਵਿਸਿਜ਼ ਦੀ ਕੈਬਨਿਟ ਪਾਲਿਸੀ ਕਮੇਟੀ ਤੇ ਪਬਲਿਕ ਅਕਾਊਂਟਸ ਤੇ ਪ੍ਰਾਈਵੇਟ ਬਿੱਲਜ਼ ਦੀਆਂ ਸਟੈਂਡਿੰਗ ਕਮੇਟੀਆਂ ਦੇ ਪ੍ਰਤੀਨਿਧ ਵਜੋਂ ਜ਼ਿੰਮੇਵਾਰੀਆਂ ਨਿਭਾਅ ਰਹੇ ਪੀਟਰ ਸੰਧੂ ਨੇ ਕਿਹਾ ਕਿ ਜਦੋਂ ਉਹ 1979 ਵਿਚ ਕੈਨੇਡਾ ਗਏ ਸਨ ਤਾਂ ਉਨ੍ਹਾਂ ਬੇਰੀਆਂ ਦੇ ਫਾਰਮ ਤੇ ਸਟੀਲ ਦੀ ਫੈਕਟਰੀ ਵਿਚ ਮਜ਼ਦੂਰੀ ਕਰਨ ਤੋਂ ਲੈ ਕੇ ਬੱਸ ਡਰਾਈਵਰੀ ਤੱਕ ਕੀਤੀ। ਇਸ ਪਿੱਛੋਂ ਉਨ੍ਹਾਂ ਮਕਾਨ ਉਸਾਰੀ ਦਾ ਕੰਮ ਸ਼ੁਰੂ ਕੀਤਾ ਤੇ



ਸਾਲ 2001 ਤੱਕ ਨਾਲ ਹੀ ਨਾਲ ਨੌਕਰੀ ਵੀ ਕੀਤੀ। ਇਸ ਦੌਰਾਨ ਉਨ੍ਹਾਂ ਦੀ ਪਤਨੀ ਵੀ ਕੰਮ ਕਰਦੀ ਸੀ। ਸਾਲ 1986 ਵਿਚ ਕੰਜ਼ਰਵੇਟਿਵ ਪਾਰਟੀ ਨਾਲ ਜੁੜਨ ਤੋਂ ਬਾਅਦ ਉਨ੍ਹਾਂ ਨੇ ਆਮ ਲੋਕਾਂ ਵਿਚ ਵਿਚਰ ਕੇ ਕੰਮ ਕੀਤਾ ਤੇ ਅੱਜ ਉਨ੍ਹਾਂ ਨੂੰ ਜੜ੍ਹਾਂ ਨਾਲ ਜੁੜੇ ਲੀਡਰ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਆਪਣੇ ਹਲਕੇ ਵਿਚ 48 ਪੁਲ ਬਣਾ ਕੇ ਚੰਗਾ ਨਾਮਣਾ ਖੱਟਿਆ ਹੈ ਤੇ 'ਅੰਗ ਦਾਨ' ਕਰਨ ਦੇ ਪ੍ਰਾਈਵੇਟ ਬਿੱਲ ਨੂੰ ਪਾਸ ਕਰਵਾ ਕੇ ਕੈਨੇਡਾ ਵਿਚ ਲੋਕ ਭਲਾਈ ਲਈ ਇਕ ਨਵੀਂ ਲਹਿਰ ਚਲਾਈ ਹੈ।

ਉਨ੍ਹਾਂ ਕਿਹਾ ਕਿ ਕੈਨੇਡਾ 160 ਦੇ ਕਰੀਬ ਵੱਖ-ਵੱਖ ਭਾਈਚਾਰਿਆਂ ਦਾ ਸਮੂਹ ਹੈ ਤੇ ਉੱਥੇ ਹਰ ਸਾਲ ਲੱਗਦੇ ਵਿਰਾਸਤੀ ਮੇਲੇ ਦੌਰਾਨ ਵੱਖ-ਵੱਖ ਭਾਈਚਾਰਿਆਂ ਦੇ 52 ਪੰਡਾਲ ਲੱਗਦੇ ਹਨ। ਇਸ ਦੌਰਾਨ ਹਰੇਕ ਭਾਈਚਾਰੇ ਦੇ ਸੱਭਿਆਚਾਰ ਤੇ ਬੋਲੀ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ ਤੇ ਖਾਸ ਕਰਕੇ ਗੋਰੇ ਅਜਿਹੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਪੁੱਜਦੇ ਹਨ। ਇਸ ਲਈ ਉਨ੍ਹਾਂ ਦੇ ਮਨ ਵਿਚ ਕੈਨੇਡਾ ਵਰਗੇ ਦੇਸ਼ ਵਿਚ ਨਸਲੀ ਵਿਤਕਰੇ ਦੀ ਭਾਵਨਾ ਪੈਦਾ ਹੋਣ ਦਾ ਰਤਾ ਭਰ ਵੀ ਸ਼ੱਕ ਨਹੀਂ ਹੈ।

## ਡਿਪੋਰਟ ਹੋਏ ਲੋਕਾਂ ਨੂੰ ਮਿਲਣਗੇ ਨਵੇਂ ਪਾਸਪੋਰਟ

**ਜਲੰਧਰ:** ਡਿਪੋਰਟ ਕੀਤੇ 310 ਲੋਕਾਂ ਨੂੰ ਪਾਸਪੋਰਟ ਜਾਰੀ ਕਰਨ ਦਾ ਮਸਲਾ ਹੱਲ ਹੋ ਗਿਆ ਹੈ। 2011 ਦੇ ਡਿਪੋਰਟ ਕੀਤੇ ਲੋਕ ਪਾਸਪੋਰਟ ਲੈਣ ਲਈ ਚੱਕਰ ਲਾ ਰਹੇ ਸਨ ਤੇ ਇਸ ਸਬੰਧੀ ਵਿਦੇਸ਼ ਮੰਤਰਾਲੇ ਦੀ ਵਿਸ਼ੇਸ਼ ਮਨਜ਼ੂਰੀ ਲੈ ਕੇ ਮਸਲੇ ਹੱਲ ਕਰ ਦਿੱਤੇ ਹਨ। ਇਨ੍ਹਾਂ ਲੋਕਾਂ ਨੂੰ ਹੁਣ ਪਾਸਪੋਰਟ ਜਾਰੀ ਕਰ ਦਿੱਤੇ ਜਾਣਗੇ।

ਵਿਦੇਸ਼ ਮੰਤਰਾਲੇ ਕੋਲ ਮਸਲਾ ਉਠਾਇਆ ਗਿਆ ਸੀ ਕਿ ਡਿਪੋਰਟ ਕੀਤੇ ਗਏ ਜਿਹੜੇ ਲੋਕਾਂ ਦੇ ਵਿਦੇਸ਼ਾਂ ਤੋਂ ਭਾਰਤੀ ਦੂਤਘਰਾਂ ਤੋਂ ਜਵਾਬ ਨਹੀਂ ਆ ਰਹੇ ਹਨ, ਉਨ੍ਹਾਂ ਦੇ ਜਵਾਬ ਜਲਦੀ ਭੇਜੇ ਜਾਣ। ਜੇਕਰ ਜਵਾਬ ਨਹੀਂ ਭੇਜੇ ਜਾਂਦੇ ਤਾਂ ਪਾਸਪੋਰਟ ਜਾਰੀ ਕਰਨ ਦੇ ਅਧਿਕਾਰ ਦਿੱਤੇ ਜਾਣ। ਪਾਸਪੋਰਟ ਅਫ਼ਸਰ ਅਨੁਸਾਰ ਇਹ ਮਸਲਾ ਹੱਲ ਹੋਣ 'ਤੇ ਲੋਕਾਂ ਨੂੰ ਭਟਕਣਾ ਨਹੀਂ ਪਵੇਗਾ। ਪਾਸਪੋਰਟ ਦਫ਼ਤਰ ਵਿਚ 1300 ਦੇ ਕਰੀਬ ਜਿਹੜੇ ਮਸਲੇ ਹੱਲ ਹੋਣ ਲਈ ਪਏ ਸਨ, ਉਨ੍ਹਾਂ ਨੂੰ ਪਾਸਪੋਰਟ ਜਾਰੀ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

## ਬਰਤਾਨੀਆ ਵਿਚ ਵੀ ਭ੍ਰਿਸ਼ਟਾਚਾਰ ਦਾ ਬੋਲਬਾਲਾ: ਲਾਰਡ ਪਾਲ

ਲੰਡਨ: ਪ੍ਰਸਿੱਧ ਪਰਵਾਸੀ ਭਾਰਤੀ ਉਦਯੋਗਪਤੀ ਲਾਰਡ ਸਵਰਾਜ ਪਾਲ ਨੇ ਕਿਹਾ ਹੈ ਕਿ ਭ੍ਰਿਸ਼ਟਾਚਾਰ ਬਰਤਾਨੀਆ ਵਿਚ ਵੀ ਪੈਰ ਪਸਾਰ ਰਿਹਾ ਹੈ ਤੇ ਇਸ ਵਿਰੁੱਧ ਸਖਤ ਕਦਮ ਚੁੱਕਣ ਦੀ ਲੋੜ ਹੈ। ਸ੍ਰੀ ਪਾਲ ਨੇ ਕਿਹਾ ਕਿ ਹੁਣ ਵੇਲਾ ਆ ਗਿਆ ਹੈ ਕਿ ਇਸ ਗੱਲ ਨੂੰ ਸਵੀਕਾਰਿਆ ਜਾਵੇ ਕਿ ਬਰਤਾਨੀਆ ਵਿਚ ਵੀ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਉਨ੍ਹਾਂ ਕਿਹਾ ਕਿ ਇਸ ਵਿਰੁੱਧ ਕੁਝ ਕਰਨ ਦੀ ਲੋੜ ਹੈ ਤੇ ਇਸ ਕਾਰਜ ਵਿਚ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ।

ਲਾਰਡ ਜਸਟਿਸ ਲੀਵਸਨਜ਼ ਦੀ ਪ੍ਰੈਸ ਦੇ ਅਸੂਲ, ਅਮਲ ਤੇ ਸੱਭਿਆਚਾਰ ਬਾਰੇ ਰਿਪੋਰਟ 'ਤੇ ਬਹਿਸ ਦੌਰਾਨ ਲਾਰਡ ਪਾਲ ਨੇ ਹਾਊਸ ਆਫ ਲਾਰਜ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੇਸ਼ੱਕ ਹਾਊਸ ਹੋਰ ਦੇਸ਼ਾਂ ਵਿਚ ਭ੍ਰਿਸ਼ਟਾਚਾਰ ਦੇ ਸਵਾਲ 'ਤੇ ਵਿਚਾਰ ਕਰ ਰਿਹਾ ਹੈ ਪਰ ਵੇਲਾ ਆ ਗਿਆ ਹੈ ਕਿ ਇਸ ਗੱਲ ਨੂੰ ਸਵੀਕਾਰ ਕੀਤਾ ਜਾਵੇ ਕਿ ਇਹ ਸਭ ਕੁਝ ਇਥੇ ਹੀ ਵਾਪਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਖ਼ਿਲਾਫ਼ ਕੁਝ ਕਰਨ ਦੀ ਲੋੜ ਹੈ ਤੇ ਇਹ ਬੜੀ ਤੇਜ਼ੀ ਨਾਲ ਹੋਣਾ ਚਾਹੀਦਾ ਹੈ।

# ਦੋ ਪੰਜਾਬੀਆਂ ਨੂੰ ਪਰਵਾਸੀ ਭਾਰਤੀ ਪੁਰਸਕਾਰ

**ਕੋਚੀ:** ਡਾ. ਗੁਰਸ਼ਰਨ ਸਿੰਘ ਛਤਵਾਲ ਨੂੰ ਪਰਵਾਸੀ ਭਾਰਤੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਛਤਵਾਲ ਇਸ ਵੇਲੇ ਜਰਮਨੀ ਵਿਚ ਰਹਿੰਦੇ ਹਨ। ਦੋ ਸਾਲ ਪਹਿਲਾਂ ਚੰਡੀਗੜ੍ਹ ਦੇ ਉਦਮੀ ਹਰਿੰਦਰਪਾਲ ਸਿੰਘ ਬਾਂਗਾ ਨੂੰ ਵੀ ਇਸ ਸਨਮਾਨ ਨਾਲ ਨਿਵਾਜ਼ਿਆ ਗਿਆ ਸੀ। ਪਰਵਾਸੀ ਭਾਰਤੀ ਸੰਮੇਲਨ ਦੌਰਾਨ ਪੁਰਸਕਾਰ ਹਾਸਲ ਕਰਨ ਵਾਲੇ 15 ਵਿਅਕਤੀਆਂ ਦੀ ਸੂਚੀ ਵਿਚ ਡਾ. ਗੁਰਸ਼ਰਨ ਸਿੰਘ ਛਤਵਾਲ ਦੇ ਨਾਲ-ਨਾਲ ਆਸਟਰੇਲੀਆ ਇੰਡੀਆ ਸੁਸਾਇਟੀ ਵਿਕਟੋਰੀਆ ਦੇ ਪੰਜਾਬੀ ਮੁਖੀ ਡਾ. ਗੁਰਦੀਪ ਸਿੰਘ ਅਰੋੜਾ ਦਾ ਨਾਂ ਵੀ ਸ਼ਾਮਲ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਮਾਰੀਸ਼ਿਸ ਦੇ ਰਾਸ਼ਟਰਪਤੀ ਰਾਜਕੇਸ਼ਵਾਰ ਪਰਿਆਗ ਤੇ 14 ਹੋਰਾਂ ਨੂੰ ਸਮਾਪਤੀ ਸਮਾਰੋਹ ਮੌਕੇ ਪਰਵਾਸੀ ਭਾਰਤੀ ਸਨਮਾਨ ਭੇਟ ਕੀਤੇ।

22 ਸਤੰਬਰ, 1949 ਨੂੰ ਚੰਡੀਗੜ੍ਹ ਦੇ ਇਕ ਵਪਾਰੀ ਪਰਿਵਾਰ ਵਿਚ ਜਨਮੇ ਗੁਰਸ਼ਰਨ ਛਤਵਾਲ ਨੇ ਮੁੰਬਈ, ਜਪਾਨ ਤੇ ਕੈਨੇਡਾ ਵਿਚ ਪੜ੍ਹਾਈ ਕੀਤੀ। 1978 ਵਿਚ ਉਹ ਭਾਸ਼ਾ, ਸੱਭਿਆਚਾਰ ਤੇ ਹੋਰ ਉਪਰੇਪਣ ਕਾਰਨ ਜਰਮਨੀ ਪੜ੍ਹਨ ਨਹੀਂ ਜਾਣਾ ਚਾਹੁੰਦੇ ਸਨ ਪਰ ਉਸ ਵੇਲੇ ਭਾਰਤ ਵਿਚ ਖੋਜ ਦੇ ਮੌਕੇ ਬਹੁਤੇ ਨਹੀਂ ਸਨ। ਹੋਰ ਤਾਂ ਹੋਰ ਸਟੱਡੀ ਮੈਟੀਰੀਅਲ ਹਾਸਲ ਕਰਨਾ ਹੀ ਔਖਾ ਸੀ।

1980 ਵਿਚ ਜਰਮਨੀ ਪੁੱਜ ਕੇ ਉਸ ਨੇ ਜੀਸੈਨ ਯੂਨੀਵਰਸਿਟੀ ਦੀ ਪੇਸ਼ਕਸ਼ ਸਵੀਕਾਰ ਕਰ ਲਈ। ਉਸ ਦੀ ਯੋਜਨਾ 2-3 ਸਾਲ ਰਿਸਰਚ ਕਰਕੇ ਦੇਸ਼ ਪਰਤਣ ਦੀ ਸੀ ਪਰ ਉਥੇ ਮਿਲੀ ਇਜੇਬੋਰਗ ਨੇ ਉਸ ਦਾ ਜੀਵਨ ਹੀ ਬਦਲ ਦਿੱਤਾ। ਉਹ ਹੁਣ ਉਸ ਦੀ ਪਤਨੀ ਹੈ ਤੇ ਇਹ ਜੋੜੀ ਬਰੌਨਸ਼ਵਿਗ ਦੇ ਬਾਹਰਵਾਰ ਪੈਂਦੇ ਇਕ ਪਿੰਡ ਗਰੌਸ ਡੇਂਕਟੇ ਵਿਚ ਆਪਣੇ ਦੋ ਬੱਚਿਆਂ ਨਾਲ ਰਹਿੰਦੀ ਹੈ।

ਇਸ ਵਿਗਿਆਨੀ ਨੇ ਭਾਰਤ ਜਿਹੇ ਮੁਲਕਾਂ ਵਿਚ ਫੈਲਣ ਵਾਲੇ ਖਤਰਨਾਕ ਬੈਕਟੀਰੀਆ ਸਟਰੈਟੋਕੋਕਾਈ 'ਤੇ ਕੰਮ ਕੀਤਾ ਹੈ। ਇਹ ਬੈਕਟੀਰੀਆ ਗਲੇ ਦੇ ਇਨਫੈਕਸ਼ਨ ਲਈ ਜ਼ਿੰਮੇਵਾਰ ਹੈ ਪਰ ਸਟਰੈਟੋਕੋਕਾਈ ਦੀ ਟਾਈਪ ਦੇ ਆਧਾਰ 'ਤੇ ਬਿਮਾਰੀ ਦਾ ਅਸਰ ਬੜਾ ਮਾਰੂ ਹੋ ਸਕਦਾ ਹੈ। ਡਾ. ਛਤਵਾਲ ਅਨੁਸਾਰ ਭਾਰਤ ਵਿਚ ਇਹ ਬੱਚਿਆਂ 'ਤੇ ਆਮ ਮਾਰ ਕਰਦਾ ਹੈ ਤੇ ਅੱਗਿਓਂ ਹਿਰਦੇ ਰੋਗਾਂ ਦਾ ਕਾਰਨ ਬਣਦਾ ਹੈ।

ਆਸਟਰੇਲੀਆ ਇੰਡੀਆ ਸੁਸਾਇਟੀ ਆਫ ਵਿਕਟੋਰੀਆ ਇਕ ਸੰਗਠਨ ਹੈ ਜੋ ਸਮੇਂ ਦੀਆਂ ਚੁਣੌਤੀਆਂ ਖਿਲਾਫ ਭਟਕ ਰਿਹਾ ਹੈ ਤੇ ਹੁਣ ਇਹ ਆਪਣੇ 50 ਵਰ੍ਹੇ ਵਿਚ ਦਾਖਲ ਹੋ ਰਿਹਾ ਹੈ। ਡਾ. ਗੁਰਦੀਪ ਸਿੰਘ ਅਰੋੜਾ 1995 ਤੋਂ ਇਸ ਨਾਲ ਜੁੜੇ ਹੋਏ ਹਨ ਤੇ ਤਿੰਨ ਸਾਲ ਇਸ ਦੇ ਮੁਖੀ ਵੀ ਰਹੇ ਹਨ। ਉਨ੍ਹਾਂ ਨੂੰ ਵੀ ਇਹ ਪੁਰਸਕਾਰ ਦਿੱਤਾ ਗਿਆ ਹੈ।

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

## ਚੀਨ ਵੱਲੋਂ ਭਾਰਤ ਨਾਲ ਨਿੱਘੇ ਸਬੰਧ ਬਰਕਰਾਰ ਰੱਖਣ ਦਾ ਭਰੋਸਾ

**ਪੇਇਚਿੰਗ (ਪੰਜਾਬ ਟਾਈਮਜ਼ ਬਿਊਰੋ):** ਚੀਨ ਦੀ ਨਵੀਂ ਲੀਡਰਸ਼ਿਪ ਨੇ ਸਾਲ 2013 ਦੀ ਸ਼ੁਰੂਆਤ ਵਿਚ ਹੀ ਭਾਰਤ ਵੱਲ ਸ਼ੁਭ ਸੁਨੇਹਾ ਭੇਜਦਿਆਂ ਕਿਹਾ ਹੈ ਕਿ ਉਨ੍ਹਾਂ ਲਈ ਭਾਰਤ ਨਾਲ ਨਿੱਘੇ ਰਿਸ਼ਤੇ ਬੜੀ ਅਹਿਮੀਅਤ ਰੱਖਦੇ ਹਨ। ਚੀਨ ਦੇ ਚੁਣੇ ਗਏ ਨਵੇਂ ਆਗੂ ਸੀ. ਜਿਨਪਿੰਗ ਨੇ ਪਹਿਲੀ ਵਾਰ ਭਾਰਤ ਨਾਲ ਸਬੰਧਾਂ 'ਤੇ ਟਿੱਪਣੀ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦਾ ਮੁਲਕ ਭਾਰਤ ਨਾਲ ਨਿੱਘੇ ਸਬੰਧ ਬਣਾਉਣ ਨੂੰ ਬੇਹੱਦ ਤਰਜੀਹ ਦਿੰਦਾ ਹੈ। ਚੀਨੀ ਆਗੂ ਦਾ ਕਹਿਣਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਸਬੰਧ ਬਹੁਤ ਪੁਰਾਣੇ ਹਨ ਅਤੇ ਇਨ੍ਹਾ ਵਿਚ ਸਹਿਯੋਗ ਦੋਵਾਂ ਧਿਰਾਂ ਲਈ ਕਾਫੀ ਲਾਹੇਵੰਦ ਸਾਬਤ ਹੋਵੇਗਾ।

ਚੀਨੀ ਆਗੂ ਸੀ. ਜਿਨਪਿੰਗ ਨੇ ਡਾ. ਮਨਮੋਹਨ ਸਿੰਘ ਦੇ ਨਾਂ ਪੱਤਰ ਲਿਖ ਕੇ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕੀਤਾ ਹੈ। ਇਹ ਪੱਤਰ 11 ਜਨਵਰੀ ਨੂੰ ਨਵੀਂ ਦਿੱਲੀ ਵਿਚ ਚੀਨੀ ਦੂਤ ਨੇ ਡਾ. ਸਿੰਘ ਨੂੰ ਸੌਂਪਿਆ।

ਇਸ ਪੱਤਰ ਵਿਚ ਚੀਨੀ ਆਗੂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਆਸ ਹੈ ਕਿ ਦੁਵੱਲੇ ਸਬੰਧਾਂ ਦੇ ਸੁਨਹਿਰੀ ਭਵਿੱਖ ਲਈ ਭਾਰਤ ਵੱਲੋਂ ਸਹਿਯੋਗ ਮਿਲਦਾ ਰਹੇਗਾ। ਸਰਕਾਰੀ ਖਬਰ ਏਜੰਸੀ ਸਿਨਹੂਆ ਵਿਚ ਛਪੀ ਰਿਪੋਰਟ ਅਨੁਸਾਰ ਭਾਰਤ ਤੇ ਚੀਨ ਦੇ ਸਬੰਧ ਪਿਛਲੇ ਕਈ ਸਾਲਾਂ ਤੋਂ ਕਾਫੀ ਨਿੱਘੇ ਚਲੇ ਆ ਰਹੇ ਹਨ ਜਿਸ ਦਾ ਲਾਹਾ ਦੋਵਾਂ ਮੁਲਕਾਂ ਦੀ ਜਨਤਾ ਨੂੰ ਮਿਲਿਆ ਹੈ।



# ਜਥੇਦਾਰੀ ਰਾਜ ਅਸਫਲ

## ਸੁਖਬੀਰ ਦੀਆਂ ਸਭ ਸਕੀਮਾਂ ਪੁੱਠੀਆਂ ਪਈਆਂ

ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਨਵੀਂ ਤਰਜ਼ ਦੀ ਪ੍ਰਸ਼ਾਸਕੀ ਪ੍ਰਣਾਲੀ ਦਾ ਉਲਟ ਅਸਰ ਹੋਣਾ ਆਰੰਭ ਹੋ ਗਿਆ ਹੈ। ਸੁਖਬੀਰ ਨੇ ਹਰ ਇਲਾਕੇ ਵਿਚ ਪਾਰਟੀ ਦੇ ਜਥੇਦਾਰਾਂ ਨੂੰ ਪ੍ਰਸ਼ਾਸਨ ਉਤੇ ਭਾਰੀ ਪਾ ਦਿੱਤਾ ਹੈ। ਪੰਜਾਬ ਵਿਚ ਸਿਆਸੀ ਬੁਰਛਾਗਰਦੀ ਦੀਆਂ ਜਿੰਨੀਆਂ ਵੀ ਘਟਨਾਵਾਂ ਸਾਹਮਣੇ ਆਈਆਂ ਹਨ, ਉਨ੍ਹਾਂ ਦੀਆਂ ਜੜ੍ਹਾਂ ਸੁਖਬੀਰ ਦੇ ਇਸ ਮਾਡਲ ਵਿਚ ਹੀ ਪਈਆਂ ਹਨ।



# ਪ੍ਰਸ਼ਾਸਕੀ ਸੁਧਾਰਾਂ ਦੀ ਮੁਹਿੰਮ ਦੇ ਨਿਕਲੇ ਭਿਆਨਕ ਸਿੱਟੇ

**ਚੰਡੀਗੜ੍ਹ: (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਸ਼ਾਸਨੀ ਸੁਧਾਰਾਂ ਦੀ ਮੁਹਿੰਮ ਦੀ ਪੋਲ ਖੁੱਲ੍ਹ ਗਈ ਹੈ। ਮੀਡੀਆ ਵਿਚ ਇਸ ਗੱਲ ਨੂੰ ਬੜੇ ਜ਼ੋਰਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਸ. ਸੁਖਬੀਰ ਬਾਦਲ ਨਵੀਂ ਤਰਜ਼ ਦੀ ਪ੍ਰਸ਼ਾਸਨੀ ਪ੍ਰਣਾਲੀ ਲਾਗੂ ਕਰ ਰਹੇ ਹਨ ਜਿਸ ਨਾਲ ਲੋਕਾਂ ਦੀ ਖੱਜਲ ਖੁਆਰੀ ਘਟੇਗੀ ਪਰ ਇਸ ਨਵੇਂ ਤਜਰਬੇ ਦੇ ਨਤੀਜੇ ਬੇਹੱਦ ਭਿਆਨਕ ਰੂਪ ਧਾਰ ਕੇ ਸਾਹਮਣੇ ਆਏ ਹਨ। ਨਵੀਂ ਪ੍ਰਸ਼ਾਸਨੀ ਪ੍ਰਣਾਲੀ ਤਹਿਤ ਸਮੁੱਚੇ ਪ੍ਰਸ਼ਾਸਨ ਨੂੰ ਕਾਨੂੰਨ ਦੀ ਥਾਂ ਪਾਰਟੀ ਆਗੂਆਂ ਦੇ ਅਧੀਨ ਕੀਤਾ ਜਾ ਰਿਹਾ ਹੈ ਜਿਸ ਨਾਲ ਸਾਰੇ ਪ੍ਰਸ਼ਾਸਨ ਦਾ ਹੱਦੋਂ ਵੱਧ ਸਿਆਸੀਕਰਨ ਹੋ ਗਿਆ ਹੈ।

ਅਫਸਰਸ਼ਾਹੀ ਦਾ ਵੱਡਾ ਹਿੱਸਾ ਇਸ ਵੇਲੇ ਅਨਪੜ੍ਹ ਜਥੇਦਾਰਾਂ ਦਾ ਮੁਥਾਜ ਬਣ ਗਿਆ ਹੈ। ਪ੍ਰਸ਼ਾਸਨ ਦਾ ਸਿਆਸੀਕਰਨ ਹੋਣ ਕਾਰਨ ਅਫਸਰ ਨਿਹੱਥੇ ਹੋ ਗਏ ਹਨ। ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਤਾਇਨਾਤੀਆਂ, ਹਰ ਪੱਧਰ 'ਤੇ ਲਏ ਜਾਣ ਵਾਲੇ ਫੈਸਲੇ ਤੇ ਰੋਜ਼ਾਨਾ ਦੇ ਸਰਕਾਰੀ ਕੰਮ ਵੀ ਬਹੁਤਾ ਕਰਕੇ ਸਿਆਸੀ ਨੇਤਾਵਾਂ ਦੀ ਪ੍ਰਵਾਨਗੀ, ਇੱਛਾ ਤੇ ਮਨਜ਼ੂਰੀ ਨਾਲ ਹੀ ਕੀਤੇ ਜਾਂਦੇ ਹਨ। ਕੋਈ ਵੀ ਅਧਿਕਾਰੀ ਕਾਨੂੰਨ ਅਨੁਸਾਰ ਕੰਮ ਜਾਂ ਕਾਰਵਾਈ ਕਰਨ ਦੀ ਜੁਅਰਤ ਨਹੀਂ ਕਰ ਸਕਦਾ ਕਿਉਂਕਿ ਇਸ ਦਾ ਉਸ ਨੂੰ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਸੂਤਰਾਂ ਅਨੁਸਾਰ ਨਵੀਂ ਤਰਜ਼ ਦੀ ਪ੍ਰਸ਼ਾਸਨੀ ਪ੍ਰਣਾਲੀ ਵਿਚ ਸਮੁੱਚੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਹੇਠਾਂ ਤੱਕ ਸਿਆਸੀ ਨੇਤਾਵਾਂ ਅਧੀਨ ਕਰਨ ਦੀ ਵਿਉਂਤਬੱਧ ਯੋਜਨਾ ਲਾਗੂ ਕੀਤੀ ਗਈ ਹੈ। ਇਸ ਯੋਜਨਾ ਤਹਿਤ ਜ਼ੁਬਾਨੀ ਹੁਕਮ ਅਧੀਨ ਜ਼ਿਲ੍ਹਾ ਪੁਲਿਸ ਮੁਖੀਆਂ ਵੱਲੋਂ ਥਾਣਿਆਂ ਦੇ ਐਸ.ਐਚ.ਓ .ਤੇ ਮੁਨਸ਼ੀ ਸਿਰਫ ਵਿਧਾਇਕ ਦੇ ਕਹਿਣ ਉੱਪਰ ਹੀ ਲਾਏ ਜਾਂਦੇ ਹਨ। ਜੇਕਰ ਕਿਸੇ ਹੋਰ ਅਹਿਮ ਸ਼ਖਸੀਅਤ ਜਾਂ ਨੇਤਾ ਨੇ ਕੋਈ ਆਪਣਾ ਬੰਦਾ ਐਸ.ਐਚ.ਓ. ਲਵਾਉਣਾ ਹੋਵੇ ਤਾਂ ਵੀ ਵਿਧਾਇਕ ਰਾਹੀਂ ਸਿਫਾਰਸ਼ ਜ਼ਰੂਰੀ ਸਮਝੀ ਜਾਂਦੀ ਹੈ।



ਡੀ.ਐਸ.ਪੀ. ਦਾ ਕਾਰਜ ਖੇਤਰ ਪਹਿਲਾਂ ਸਬ ਡਵੀਜ਼ਨ ਹੁੰਦਾ ਸੀ ਪਰ ਨਵੀਂ ਤਰਜ਼ ਦੀ ਪ੍ਰਣਾਲੀ ਅਧੀਨ ਹੁਣ ਵਿਧਾਨ ਸਭਾ ਹਲਕੇ 'ਤੇ ਆਧਾਰਤ ਡੀ.ਐਸ.ਪੀ. ਦਾ ਘੇਰਾ ਮਿੱਥ ਦਿੱਤਾ ਗਿਆ ਹੈ। ਹਲਕੇ ਦਾ ਡੀ.ਐਸ.ਪੀ. ਵੀ ਹਲਕਾ ਵਿਧਾਇਕ ਜਾਂ ਹਲਕਾ ਇੰਚਾਰਜ ਦੀ ਸਿਫਾਰਸ਼ ਨਾਲ ਹੀ ਲਗਦਾ ਹੈ। ਹਲਕਾ ਵਿਧਾਇਕ ਡੀ.ਐਸ.ਪੀ. ਲਾਏ ਜਾਣ ਬਾਰੇ ਆਪਣੀ ਸਿਫਾਰਸ਼ ਉੱਪ ਮੁੱਖ ਮੰਤਰੀ ਦੇ ਦਫਤਰ ਭੇਜਦਾ ਹੈ ਤੇ ਉਥੋਂ ਫਿਰ ਉਸ ਦੀ ਤਾਇਨਾਤੀ ਦੇ ਹੁਕਮ ਜਾਰੀ ਹੁੰਦੇ ਹਨ। ਇਸੇ ਤਰ੍ਹਾਂ ਐਸ.ਡੀ.ਐਮ. ਵੀ ਵਿਧਾਇਕ ਜਾਂ ਹਲਕਾ ਇੰਚਾਰਜ ਦੇ ਕਹਿਣ ਉੱਪਰ ਹੀ ਲਾਏ ਜਾਂਦੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਤਾਂ ਮਰਜ਼ੀ ਜਾਂ ਨਿਯਮ ਅਨੁਸਾਰ ਪਟਵਾਰੀ ਵੀ ਨਹੀਂ ਲਾ ਸਕਦੇ। ਵਿਧਾਇਕਾਂ ਤੇ ਆਗੂਆਂ ਦੀ ਸਿਫਾਰਸ਼ ਉੱਪਰ ਹੀ ਪਟਵਾਰੀ ਤੇ ਹੋਰ ਕਰਮਚਾਰੀ ਲਾਏ ਜਾਂਦੇ ਹਨ। ਤਹਿਸੀਲਦਾਰਾਂ ਤੇ ਹੋਰ ਵਿਭਾਗਾਂ ਦੇ ਅਮਲੇ-ਫੈਲੇ ਦੀ ਬਦਲੀ ਤੇ ਨਿਯੁਕਤੀ ਵਿਚ ਵੀ ਅਜਿਹਾ ਹੀ ਕੁਝ ਹੁੰਦਾ ਹੈ। ਹਾਲਾਤ ਇਹ ਬਣ ਗਏ ਹਨ ਕਿ ਹੁਣ ਤਾਂ ਹਰ ਮਹਿਕਮੇ ਦੇ ਅਧਿਕਾਰੀ ਹਲਕਾ ਵਿਧਾਇਕ ਜਾਂ ਇੰਚਾਰਜ ਦੀ ਮਨਜ਼ੂਰੀ ਨਾਲ ਹੀ ਲੱਗਣ ਲੱਗੇ ਹਨ। ਵਿਧਾਇਕਾਂ ਦੇ ਕਹਿਣ ਉੱਪਰ ਲੱਗੇ ਹੋਣ ਕਾਰਨ ਉਹ ਜ਼ਿਲ੍ਹਾ ਪੁਲਿਸ ਮੁਖੀ ਦੀ ਥਾਂ ਵਿਧਾਇਕਾਂ ਨੂੰ ਵਧੇਰੇ ਤਰਜੀਹ ਦਿੰਦੇ ਹਨ। ਸਿਵਲ ਪ੍ਰਸ਼ਾਸਨ ਵਿਚ ਵੀ ਕੋਈ ਦਿਵਾਨੀ ਜਾਂ ਹੋਰ ਮਾਮਲਾ ਨਜਿੱਠਣ ਲਈ ਐਸ.ਡੀ.ਐਮਜ਼, ਡਿਪਟੀ ਕਮਿਸ਼ਨਰ ਤੇ ਡਵੀਜ਼ਨਲ ਕਮਿਸ਼ਨਰਾਂ ਨੂੰ ਹਦਾਇਤ ਹੈ ਕਿ ਵਿਧਾਇਕ ਜਾਂ ਹਲਕਾ ਇੰਚਾਰਜ ਦੀ ਇੱਛਾ ਅਨੁਸਾਰ ਕੀਤਾ ਜਾਵੇ।

ਇੱਥੋਂ ਤੱਕ ਕਿ ਕਿਸੇ ਨੂੰ ਪਿੰਡ ਦਾ ਨੰਬਰਦਾਰ ਬਣਾਉਣਾ ਹੈ ਜਾਂ ਮੁਅੱਤਲ ਕਰਨਾ ਹੈ, ਪੰਚਾਇਤ ਦੇ ਸਰਪੰਚ ਜਾਂ ਮੈਂਬਰ ਨੂੰ ਮੁਅੱਤਲ ਕਰਨਾ ਹੈ ਜਾਂ ਬਹਾਲ, ਸਭ ਵਿਧਾਇਕ ਜਾਂ ਇੰਚਾਰਜ ਦੇ ਕਹਿਣ ਉੱਪਰ ਹੀ ਹੁੰਦਾ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਜੇਕਰ ਕੋਈ ਮਾਮਲਾ ਆਉਂਦਾ ਹੈ ਤਾਂ ਉਹ ਮੈਰਿਟ ਜਾਂ ਕਾਨੂੰਨ ਅਨੁਸਾਰ ਕੰਮ ਕਰਨ ਦੀ ਬਜਾਏ ਵਿਧਾਇਕ ਜਾਂ ਇੰਚਾਰਜ ਨੂੰ ਫੋਨ ਖੜਕਾਉਂਦਾ ਹੈ। ਥਾਣਿਆਂ ਵਿਚ ਕੇਸ ਦਰਜ ਕਰਨ ਤੇ ਝਗੜਿਆਂ ਦੇ ਨਿਬੇੜੇ ਲਈ ਵੀ ਵਿਧਾਇਕਾਂ ਦੀ ਰਜ਼ਾਮੰਦੀ ਪਹਿਲੋਂ ਲਈ ਜਾਂਦੀ ਹੈ।

## ਸਭ ਕੁਝ ਠੀਕ ਠਾਕ: ਸੁਖਬੀਰ

**ਚੰਡੀਗੜ੍ਹ:** ਪੰਜਾਬ ਵਿਚ ਇਸ ਵੇਲੇ ਅਮਨ ਕਾਨੂੰਨ ਦੀ ਹਾਲਤ ਬੇਹੱਦ ਖਸਤਾ ਹੈ ਪਰ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਰਾਜ ਵਿਚ ਸਭ ਕੁਝ ਠੀਕ ਠਾਕ ਹੈ। ਲੰਘੇ ਦਿਨੀਂ ਪੰਜਾਬ ਵਿਧਾਨ ਸਭਾ ਵਿਚ ਰਾਜ ਦੀ ਅਮਨ ਕਾਨੂੰਨ ਦੀ ਸਥਿਤੀ 'ਤੇ ਹੋਈ ਬਹਿਸ ਦੌਰਾਨ ਸ. ਸੁਖਬੀਰ ਸਿੰਘ ਬਾਦਲ ਨੇ ਕੌਮੀ ਦਾਅਵਾ ਕੀਤਾ ਕਿ ਭਾਰਤ ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਪੰਜਾਬ ਅਮਨ ਕਾਨੂੰਨ ਪੱਖੋਂ ਦੇਸ਼ ਦੇ ਬਹੁਤ ਸਾਰੇ ਰਾਜਾਂ ਨਾਲੋਂ ਅੱਗੇ ਹੈ ਤੇ ਰਾਜ ਵਿਚ ਮਗਰਲੇ ਪੰਜ ਸਾਲਾਂ ਦੌਰਾਨ ਅਪਰਾਧਿਕ ਕਾਰਵਾਈਆਂ ਵਿਚ ਵੱਡੀ ਕਮੀ ਆਈ ਹੈ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਦੇ ਕੌਮੀ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਕਾਂਗਰਸ ਦੇ ਪੰਜਾਬ ਵਿਚ ਕਾਰਜਕਾਲ ਦੌਰਾਨ 2002 ਤੋਂ 2006 ਤੱਕ ਰਾਜ ਵਿਚ ਅਪਰਾਧਿਕ ਵਾਰਦਾਤਾਂ ਵਿਚ 18.2 ਪ੍ਰਤੀਸ਼ਤ ਦਾ ਵਾਧਾ ਹੋਇਆ, ਜਦੋਂਕਿ 2006 ਤੋਂ 2011 ਤੱਕ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਅਪਰਾਧਿਕ



ਘਟਨਾਵਾਂ ਵਿਚ 4.8 ਪ੍ਰਤੀਸ਼ਤ ਦੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਕੌਮੀ ਬਿਊਰੋ ਵੱਲੋਂ ਦਰਸਾਏ ਅੰਕੜਿਆਂ ਅਨੁਸਾਰ ਪੰਜਾਬ ਵਿਚ ਔਰਤਾਂ ਵਿਰੁੱਧ ਵੀ ਅਪਰਾਧਾਂ ਵਿਚ ਕਮੀ ਆਈ ਹੈ ਜਦੋਂਕਿ ਅਨੁਸੂਚਿਤ ਜਾਤਾਂ ਵਿਰੁੱਧ ਅਪਰਾਧ ਪੰਜਾਬ ਵਿਚ ਸਭ ਤੋਂ ਘੱਟ ਹਨ। ਉਨ੍ਹਾਂ ਦੱਸਿਆ ਕਿ 2011 ਦੌਰਾਨ ਪੰਜਾਬ ਵਿਚ ਅਨੁਸੂਚਿਤ ਜਾਤਾਂ ਵਿਰੁੱਧ 90 ਕੇਸ ਦਰਜ ਹੋਏ ਜਦੋਂਕਿ ਰਾਜਸਥਾਨ ਵਿਚ 5100, ਯੂ.ਪੀ. 7702 ਤੇ ਹਰਿਆਣਾ ਵਿਚ 400 ਕੇਸ ਦਰਜ ਹੋਏ।

## ਪਰਿਵਾਰਵਾਦ ਤੇ ਪੈਸਾ ਹੋਇਆ ਭਾਰੂ

**ਚੰਡੀਗੜ੍ਹ:** ਰਾਜਸੀ ਪਾਰਟੀਆਂ ਦੇ ਕੇਂਦਰੀਕਰਨ ਹੋਣ ਕਾਰਨ ਪਾਰਟੀਆਂ ਵਿਚ ਸਿਖਲਾਈ ਵਗੈਰਾ ਦਾ ਰਿਵਾਜ ਹੀ ਖਤਮ ਹੋ ਗਿਆ। ਇਸ ਦੀ ਬਜਾਏ ਪਰਿਵਾਰਵਾਦ ਤੇ ਪੈਸਾ ਹੀ ਰਾਜਸੀ ਪੌੜੀਆਂ ਚੜ੍ਹਨ ਦਾ ਮੁੱਖ ਵਸੀਲਾ ਬਣ ਗਿਆ ਹੈ। ਸਿਆਸੀ ਮਾਹਿਰਾਂ ਅਨੁਸਾਰ ਮੁੱਖ ਧਾਰਾ ਵਿਚ ਸ਼ਾਮਲ ਕਰਨ ਦੇ ਨਾਂ ਹੇਠ ਸਾਡੇ ਸਿਆਸਤਦਾਨਾਂ ਨੇ ਅਪਰਾਧੀ ਪਿਛੋਕੜ ਵਾਲਿਆਂ ਨੂੰ ਹੀ ਲੀਡਰਸ਼ਿਪ ਸੌਂਪ ਦਿੱਤੀ ਹੈ। ਸਾਰੀਆਂ ਹੀ ਰਾਜਸੀ ਪਾਰਟੀਆਂ ਇਸ ਮਾਮਲੇ ਵਿਚ ਬਰਾਬਰ ਹਨ। ਰਾਜਸੀ ਪਾਰਟੀਆਂ ਅੰਦਰ ਜਿੱਤਣ ਦੀ ਸਮਰੱਥਾ ਵਾਲੇ ਨੂੰ ਟਿਕਟ ਦੇਣ ਦਾ ਨਵਾਂ ਸਿਧਾਂਤ ਪੈਦਾ ਹੋ ਗਿਆ ਹੈ। ਜਿੱਤਣ ਦੀ ਸਮਰੱਥਾ ਪੈਸਾ ਤੇ ਬਾਹੂਬਲ ਪੈਦਾ ਕਰਦਾ ਹੈ। ਇਸੇ ਨੇ ਸਿਆਸੀ ਪ੍ਰਣਾਲੀ ਨੂੰ ਭ੍ਰਿਸ਼ਟਾਚਾਰ ਦਿੱਤਾ ਹੈ।

## ਭਾਜਪਾ ਆਗੂ ਨੇ ਖੋਲ੍ਹੀ ਸਰਕਾਰ ਦੀ ਪੋਲ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀ ਆਪਣੀ ਆਗੂ ਨੇ ਹੀ ਸਰਕਾਰੀ ਨਕਾਮੀਆਂ ਦੀ ਪੋਲ ਖੋਲ੍ਹੀ ਹੈ। ਪੰਜਾਬ ਦੀ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਦਾ ਕਹਿਣਾ ਹੈ ਸਰਕਾਰੀ ਵਿਭਾਗਾਂ ਵਿਚ ਕੋਈ ਤਾਲਮੇਲ ਨਾ ਹੋਣ ਕਾਰਨ ਹੇਠਲੇ ਪੱਧਰ 'ਤੇ ਹਾਲਾਤ ਵਿਸਫੋਟਕ ਬਣੇ ਹੋਏ ਹਨ। ਉਨ੍ਹਾਂ ਮੰਗ ਕੀਤੀ ਕਿ ਵੱਡੇ ਅਹੁਦਿਆਂ 'ਤੇ ਬੈਠੇ ਲੋਕ ਨੁਮਾਇੰਦਿਆਂ ਜਿਨ੍ਹਾਂ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਹੈ, ਨੂੰ ਤੁਰੰਤ ਅਹੁਦਿਆਂ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ।

ਬੀਬੀ ਸਿੱਧੂ ਨੇ ਕਿਹਾ ਕਿ ਅਜੋਕਾ ਸਮਾਂ ਅਜਿਹਾ ਹੈ ਜਦੋਂ ਲੋਕ ਨੁਮਾਇੰਦਿਆਂ ਦੀ ਜਵਾਬਦੇਹੀ ਵੀ ਬਣਾਈ ਜਾਣੀ ਚਾਹੀਦੀ ਹੈ। ਡਾ. ਸਿੱਧੂ ਨੇ ਕਿਹਾ ਕਿ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ, ਬੋਰਡਾਂ ਨਿਗਮਾਂ ਦੇ ਚੇਅਰਮੈਨਾਂ ਤੇ ਹੋਰ ਜਨਤਕ ਨੁਮਾਇੰਦਿਆਂ ਵਿਚ ਕਈ ਅਜਿਹੇ ਹਨ ਜਿਨ੍ਹਾਂ ਨੇ ਸਰਕਾਰੀ ਸਹੂਲਤਾਂ ਦਾ ਆਨੰਦ ਤਾਂ ਮਾਣਿਆ ਪਰ ਆਪਣੀ ਡਿਊਟੀ ਨਹੀਂ ਨਿਭਾਈ। ਉਨ੍ਹਾਂ ਕਿਹਾ ਕਿ ਸਰਕਾਰੀ ਖ਼ਜ਼ਾਨੇ ਵਿਚੋਂ ਤਨਖ਼ਾਹਾਂ ਤੇ ਸਹੂਲਤਾਂ ਲੈਣ ਵਾਲਿਆਂ ਦੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਗਾਤਾਰ ਰਿਪੋਰਟ ਲੈਣ ਤੇ ਉਸ ਦਾ ਮੁਲਾਂਕਣ ਕਰਨ। ਇਸ ਮੰਗ ਨੂੰ ਲੈ ਕੇ ਇਸ ਮੁੱਖ ਸੰਸਦੀ ਸਕੱਤਰ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਵੀ ਕੀਤੀ।



ਡਾ. ਸਿੱਧੂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਹਰ ਮਹੀਨੇ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ, ਚੇਅਰਮੈਨਾਂ ਤੇ ਹੋਰਾਂ ਦੇ ਕੰਮ ਦੀ ਸਮੀਖਿਆ ਕਰਨ ਤੇ ਉਨ੍ਹਾਂ ਤੋਂ ਪੁੱਛਣ ਕਿ ਜਨਤਕ ਨੁਮਾਇੰਦਿਆਂ ਨੇ ਆਪੋ ਆਪਣੇ ਵਿਭਾਗਾਂ ਜਾਂ ਵਿਧਾਨ ਸਭਾ ਹਲਕਿਆਂ ਵਿਚ ਜਨਤਾ ਲਈ ਕਿਹੜੇ ਕਿਹੜੇ ਕੰਮ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰੀ ਖ਼ਜ਼ਾਨੇ ਵਿੱਚੋਂ ਤਨਖ਼ਾਹਾਂ ਤੇ ਸਹੂਲਤਾਂ ਤਾਂ ਸਾਰੇ ਲੈ ਰਹੇ ਪਰ ਬਹੁ ਗਿਣਤੀ ਜਨਤਕ ਨੁਮਾਇੰਦੇ ਡੱਕਾ ਨਹੀਂ ਤੋੜਦੇ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰੀ ਅਧਿਕਾਰੀਆਂ ਦੀ ਜਵਾਬਦੇਹੀ ਹੋ ਸਕਦੀ ਹੈ ਤਾਂ ਲੋਕ ਨੁਮਾਇੰਦਿਆਂ ਦੀ ਕਿਉਂ ਨਹੀਂ? ਉਨ੍ਹਾਂ ਕਿਹਾ ਕਿ ਸਮੇਂ ਮੁਤਾਬਕ ਸਭ ਦੀ ਜਵਾਬਦੇਹੀ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸਿਹਤ ਵਿਭਾਗਾਂ ਵਿਚ ਡਾਕਟਰਾਂ ਨੂੰ ਪ੍ਰਾਈਵੇਟ ਪ੍ਰੈਕਟਿਸ ਤੇ ਸਰਕਾਰੀ ਹਸਪਤਾਲਾਂ ਵਿਚ ਗੈਰ ਕਾਨੂੰਨੀ ਤੌਰ 'ਤੇ ਬਣਾਏ ਜਾਂਦੇ ਪੁਲਿਸ ਕੇਸਾਂ ਜਿਨ੍ਹਾਂ ਵਿਚ ਸਿਆਸਤਦਾਨਾਂ ਦੀ ਸ਼ਮੂਲੀਅਤ ਵੀ ਹੁੰਦੀ ਹੈ, ਦੇ ਘਪਲੇ ਨੂੰ ਨਸ਼ਰ ਕਰਨ ਲਈ ਸਟਿੰਗ ਅਪਰੇਸ਼ਨ ਕੀਤੇ ਜਾਣਗੇ। ਇਹ ਮੁੱਖ ਸੰਸਦੀ ਸਕੱਤਰ ਸਟਿੰਗ ਅਪਰੇਸ਼ਨ ਕਰਨ ਕਾਰਨ ਸਿਹਤ ਮੰਤਰੀ ਮਦਨ ਮੋਹਨ ਮਿੱਤਲ ਨਾਲ ਟਕਰਾਅ ਚਰਚਾ ਵਿਚ ਹੈ। ਉਨ੍ਹਾਂ ਕਿਹਾ ਕਿ ਸਟਿੰਗ ਅਪਰੇਸ਼ਨ ਜਾਰੀ ਰਹਿਣਗੇ ਤੇ ਇਸ ਲਈ ਕੋਈ ਨਾਰਾਜ਼ ਹੁੰਦਾ ਹੈ ਤਾਂ ਉਸ ਦੀ ਕੋਈ ਪ੍ਰਵਾਹ ਨਹੀਂ। ਡਾ. ਸਿੱਧੂ ਨੇ ਸਰਕਾਰੀ ਹਸਪਤਾਲਾਂ ਦੇ ਐਮਰਜੈਂਸੀ ਵਾਰਡਾਂ ਵਿਚ ਪੁਲਿਸ ਕੇਸ ਬਣਾਉਣ ਲਈ ਹਸਪਤਾਲਾਂ ਵਿਚ ਹਮਲੇ, ਸਿਆਸਤਦਾਨਾਂ, ਪੁਲਿਸ ਤੇ ਅਪਰਾਧੀਆਂ ਦਾ ਗੱਠਜੋੜ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਗੱਠਜੋੜ ਨੂੰ ਤੋੜਨ ਲਈ ਸਟਿੰਗ ਅਪਰੇਸ਼ਨ ਕੀਤੇ ਜਾਣਗੇ। ਮੁੱਖ ਸੰਸਦੀ ਸਕੱਤਰ ਨੇ ਕਿਹਾ ਕਿ ਹਸਪਤਾਲਾਂ ਵਿਚ ਤਕੜੇ ਦਾ ਸੱਤੀਂ ਵੀਹੀਂ ਸੌ ਵਾਲੀ ਕਹਾਵਤ ਬਣਿਆ ਹੋਇਆ ਹੈ ਤੇ ਗਰੀਬ ਬੰਦੇ ਦੀ ਕੋਈ ਪੁੱਛਗਿੱਛ ਨਹੀਂ।

## ਸਿਆਸਤ ਦਾ ਅਪਰਾਧੀਕਰਨ ਬਣਿਆ ਵੰਗਾਰ

**ਚੰਡੀਗੜ੍ਹ:** ਅਕਾਲੀ ਆਗੂਆਂ ਦੀ ਬੁਰਛਾਗਰਦੀ ਨੇ ਪੰਜਾਬ ਦੀ ਸਿਆਸੀ ਫਿਜ਼ਾ ਵਿਚ ਗਰਮਾਹਟ ਲਿਆ ਦਿੱਤੀ ਹੈ। ਪ੍ਰਸ਼ਾਸਨੀ ਹਲਕੇ ਵੀ ਖ਼ੌਫ ਵਿਚ ਹਨ ਕਿਉਂਕਿ ਲੱਠਮਾਰਾਂ ਦੀ ਫ਼ੌਜ ਦਾ ਹੱਥ ਉਨ੍ਹਾਂ ਗਲਮੇ ਤੱਕ ਪੁੱਜ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਵੇਂ ਭਰਤੀ ਹੋ ਰਹੇ ਆਗੂਆਂ ਦੇ ਪਿਛੋਕੜ ਦੀ ਪੜਤਾਲ ਦਾ ਐਲਾਨ ਕਰਕੇ ਲੋਕਾਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਹੈ ਪਰ ਇਹ ਸਭ ਜਾਣਦੇ ਹਨ ਕਿ ਹੁਣ ਵੇਲਾ ਲੰਘ ਚੁੱਕਾ ਹੈ।

ਸਿਆਸੀ ਮਹਿਰਾਂ ਦਾ ਕਹਿਣਾ ਹੈ ਕਿ ਸਿਆਸਤ ਦੇ ਅਪਰਾਧੀਕਰਨ ਦਾ ਸੰਕਟ ਅਪਰਾਧੀ ਪਿਛੋਕੜ ਵਾਲੇ ਲੋਕਾਂ ਦੇ ਸਿਆਸਤ ਵਿਚ ਸ਼ਾਮਲ ਹੋਣ ਦਾ ਨਤੀਜਾ ਨਹੀਂ ਸਗੋਂ ਇਸ ਦਾ ਮੂਲ ਕਾਰਨ ਸਿਆਸੀ ਪਾਰਟੀਆਂ ਦੀ ਕਾਰਜਸ਼ੈਲੀ, ਸਿਖਲਾਈ ਤੇ ਰੋਲ ਮਾਡਲ ਬਣਦੇ ਆਗੂਆਂ ਦੀ ਤਾਸੀਰ ਵਿਚ ਆਇਆ ਵੱਡਾ ਨਿਘਾਰ ਹੈ। ਕਦੇ ਜ਼ਮਾਨਾ ਸੀ ਜਦ ਲੋਕ ਸੇਵਾ ਭਾਵਨਾ ਨਾਲ ਸਿਆਸਤ ਵਿਚ ਆਉਂਦੇ ਸਨ। ਸਾਦਗੀ ਤੇ ਦਰਵੇਸ਼ਪੁਣਾ ਉਨ੍ਹਾਂ ਦੀ ਇਖਲਾਕੀ ਜ਼ਿੰਦਗੀ ਦਾ ਗੁਣ ਹੁੰਦਾ ਸੀ। ਅਜਿਹੀਆਂ ਸ਼ਖ਼ਸੀਅਤਾਂ ਸਿਆਸਤ ਵਿਚ ਸ਼ਾਮਲ ਹੋਣ ਵਾਲੇ



ਨਵੇਂ ਆਗੂਆਂ ਲਈ ਰੋਲ ਮਾਡਲ ਬਣਦੀਆਂ ਸਨ। ਇਸੇ ਤਰ੍ਹਾਂ ਸਿਆਸਤ ਦੀ ਪੌੜੀ ਦਰ ਪੌੜੀ ਚੜ੍ਹਨ ਲਈ ਸਿਆਸੀ ਸਿਖਲਾਈ ਦਾ ਸਿੱਕੇਮੰਦ ਢਾਂਚਾ ਸੀ। ਅਕਾਲੀ ਦਲ ਦੇ ਆਗੂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਖੱਬੀਆਂ ਪਾਰਟੀਆਂ ਵਾਲੇ ਜਨਤਕ ਸੰਗਠਨਾਂ ਦੇ ਮਾਂਜੇ-ਸੰਵਾਰੇ ਪਾਰਟੀਆਂ ਵਿਚ ਆਉਂਦੇ ਸਨ। ਕਾਂਗਰਸ ਕੋਲ ਵੀ ਸੇਵਾ ਦਲ ਤੇ ਕਈ ਹੋਰ ਸੰਗਠਨ ਸਨ। ਇਨ੍ਹਾਂ ਸੰਗਠਨਾਂ ਦੇ ਬਾਕਾਇਦਾ ਟਰੈਕਿੰਗ ਕੈਂਪ ਲਗਦੇ ਸਨ। ਅਜਿਹੇ ਸੰਗਠਨਾਂ ਵਿਚ ਕੰਮ ਕਰਦਿਆਂ ਲੋਕਾਂ ਵਿਚ ਵਿਚਰਨ, ਸਿਆਸਤ ਦੀਆਂ ਬਾਰੀਕੀਆਂ ਸਿੱਖਣ ਤੇ ਸਭ ਤੋਂ ਵੱਡੀ ਗੱਲ ਲੋਕਾਂ ਪ੍ਰਤੀ ਸਮਰਪਿਤ ਹੋਣ ਤੇ ਸਾਦਗੀ ਵਾਲੀ ਰਹਿਣੀ-ਬਹਿਣੀ ਦਾ ਸਬਕ ਤੇ ਸਿਖਲਾਈ ਹਾਸਲ ਹੁੰਦੀ ਸੀ। ਹੁਣ ਪਾਰਟੀਆਂ ਦੇ ਉੱਚ ਨੇਤਾ ਸਾਦਗੀ ਤੇ ਲੋਕ ਸੇਵਾ ਵਾਲੇ ਵਿਹਾਰ ਦੀ ਥਾਂ ਵੱਡੀਆਂ-ਵੱਡੀਆਂ ਗੱਡੀਆਂ ਤੇ ਆਲੀਸ਼ਾਨ ਕੋਠੀਆਂ ਬਣਾਉਣ ਦਾ ਟੀਚਾ ਲੈ ਕੇ ਆਉਂਦੇ ਹਨ ਤੇ ਕੁਝ ਸਮੇਂ ਵਿਚ ਹਾਸਲ ਵੀ ਕਰ ਜਾਂਦੇ ਹਨ। ਅਜਿਹੇ ਆਗੂ ਹੀ ਨੌਜਵਾਨਾਂ ਲਈ ਰੋਲ ਮਾਡਲ ਬਣ ਰਹੇ ਹਨ।

# ਬੌਬੀ ਜਿੰਦਲ ਆਮਦਨ ਕਰ ਖ਼ਤਮ ਕਰਨ ਦੇ ਹੱਕ ਵਿਚ

**ਵਾਸ਼ਿੰਗਟਨ:** ਲੂਈਸਿਆਨਾ ਸਟੇਟ ਦੇ ਭਾਰਤੀ ਮੂਲ ਦੇ ਗਵਰਨਰ ਬੌਬੀ ਜਿੰਦਲ ਨੇ ਸੂਬੇ ਵਿਚ ਵਿਅਕਤੀਗਤ ਤੇ ਕਾਰਪੋਰੇਟ ਆਮਦਨ ਕਰ ਖ਼ਤਮ ਕਰਨ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਤਰਕ ਦਿੱਤਾ ਹੈ ਕਿ ਅਜਿਹਾ ਕਰਨ ਨਾਲ ਉਹ ਆਪਣੇ ਸੂਬੇ ਵਿਚ ਹੋਰ ਜ਼ਿਆਦਾ ਨਿਵੇਸ਼ ਤੇ ਲੋਕਾਂ ਨੂੰ ਖਿੱਚ ਸਕਣਗੇ। ਉਨ੍ਹਾਂ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਨਿਸ਼ਾਨਾ ਸਾਰੇ ਵਿਅਕਤੀਗਤ ਆਮਦਨ ਕਰਾਂ ਤੇ ਕਾਰਪੋਰੇਟ ਆਮਦਨ ਕਰਾਂ ਨੂੰ ਖ਼ਤਮ ਕਰਨਾ ਤੇ ਜਿੱਥੋਂ ਤੱਕ ਸੰਭਵ ਹੋ ਸਕੇ, ਉੱਥੋਂ ਤੱਕ ਵਿਕਰੀ ਕਰਾਂ ਨੂੰ ਘੱਟ ਕਰਨਾ ਹੈ।

ਸ੍ਰੀ ਜਿੰਦਲ ਦੇ ਇਸ ਪ੍ਰਸਤਾਵ ਦੀ ਕੁਝ ਸੈਨੇਟ ਮੈਂਬਰਾਂ ਨੇ ਤਿੱਖੀ ਨੁਕਤਾਚੀਨੀ ਕੀਤੀ ਹੈ। ਸ੍ਰੀ ਜਿੰਦਲ ਨੇ ਕਿਹਾ ਹੈ ਕਿ ਇਸ ਕਦਮ ਨਾਲ ਲੂਈਸਿਆਨਾ ਵਾਸੀਆਂ ਦੀਆਂ ਜੇਬਾਂ 'ਚ ਜ਼ਿਆਦਾ ਪੈਸਾ ਆਵੇਗਾ ਤੇ ਵਿਸ਼ਵ ਭਰ ਦੇ ਕਾਰੋਬਾਰੀਆਂ ਨੂੰ ਸੁਨੇਹਾ ਜਾਵੇਗਾ ਕਿ ਲੂਈਸਿਆਨਾ ਕਾਰੋਬਾਰ ਲਈ ਖੁੱਲ੍ਹਾ ਹੈ। ਉਨ੍ਹਾਂ ਕਿਹਾ ਕਿ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਜਿਹੜੇ ਸੂਬਿਆਂ ਵਿਚ ਆਮਦਨ ਕਰ ਨਹੀਂ ਜਾਂ ਘੱਟ ਹਨ, ਉੱਥੇ ਜ਼ਿਆਦਾ ਵਸੋਂ ਤੇ ਜ਼ਿਆਦਾ ਨੌਕਰੀਆਂ ਹਨ।



ਬੌਬੀ ਜਿੰਦਲ

ਭਾਰਤੀ ਮੂਲ ਦੇ ਇਸ ਗਵਰਨਰ ਦਾ ਤਰਕ ਹੈ ਕਿ ਸੂਬਾ ਪਹਿਲਾਂ ਹੀ ਸਿੱਧ ਕਰ ਚੁੱਕਾ ਹੈ ਕਿ ਉਹ ਆਰਥਿਕ ਵਿਕਾਸ ਪ੍ਰਾਜੈਕਟਾਂ ਵਿਚ ਦੇਸ਼ ਦੇ ਹੋਰ ਸੂਬਿਆਂ ਤੋਂ ਮੋਹਰੀ ਹੈ ਤੇ ਜੇਕਰ ਵਿਅਕਤੀਗਤ ਤੇ ਕਾਰਪੋਰੇਟ ਕਰ ਖ਼ਤਮ ਕਰ ਦਿੱਤੇ ਜਾਂਦੇ ਹਨ ਤਾਂ ਲੂਈਸਿਆਨਾ ਹੋਰ ਕੰਪਨੀਆਂ ਨੂੰ ਨਿਵੇਸ਼ ਕਰਨ ਤੇ ਰੁਜ਼ਗਾਰ ਪੈਦਾ ਕਰਨ ਲਈ ਖਿੱਚ ਸਕੇਗਾ। ਉਂਜ ਆਮਦਨ ਕਰਾਂ ਦਾ ਖਾਤਮਾ ਅਮਰੀਕਾ ਵਿਚ ਨਵਾਂ ਵਰਤਾਰਾ ਨਹੀਂ। ਇਸ ਤੋਂ ਪਹਿਲਾਂ ਅਲਾਸਕਾ, ਫਲੋਰੀਡਾ, ਨੇਵਾਡਾ, ਸਾਊਥ ਡਕੋਟਾ, ਕੈਕਸਾਸ, ਵਾਸ਼ਿੰਗਟਨ ਤੇ ਵਯੋਮਿੰਗ ਸੂਬਿਆਂ ਵਿਚ ਆਮਦਨ ਕਰ ਨਹੀਂ ਵਸੂਲੇ ਜਾ ਰਹੇ।

# ਕਮਲ ਸ਼ਰਮਾ ਹੱਥ ਆਈ ਪੰਜਾਬ ਭਾਜਪਾ ਦੀ ਕਮਾਨ

**ਚੰਡੀਗੜ੍ਹ:** ਕਮਲ ਸ਼ਰਮਾ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਚੁਣੇ ਗਏ ਹਨ। ਉਹ ਇਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸਲਾਹਕਾਰ ਵਜੋਂ ਤਾਇਨਾਤ ਹਨ। ਪਾਰਟੀ ਦੇ ਇਸ ਅਹਿਮ ਅਹੁਦੇ ਦੀ ਚੋਣ ਦਾ ਕੰਮ ਪਿਛਲੇ ਤਕਰੀਬਨ ਇਕ ਮਹੀਨੇ ਤੋਂ ਲਮਕਿਆ ਪਿਆ ਸੀ। ਪਾਰਟੀ ਦੇ ਕੇਂਦਰੀ ਦਰਸ਼ਕਾਂ ਦਾ ਦਾਅਵਾ ਹੈ ਕਿ ਕਮਲ ਸ਼ਰਮਾ ਦੀ ਚੋਣ ਨਿਰਵਿਰੋਧ ਹੋਈ ਹੈ। ਉਹ ਪਿਛਲੇ ਪੰਜ ਸਾਲ ਤੋਂ ਪੰਜਾਬ ਦੇ ਜਨਰਲ ਸਕੱਤਰ ਦੇ ਤੌਰ 'ਤੇ ਕੰਮ ਕਰ ਰਹੇ ਸਨ। ਇਸ ਚੋਣ ਦਾ ਐਲਾਨ ਸਾਬਕਾ ਲੋਕ ਸਭਾ ਮੈਂਬਰ ਅਤੇ ਕੇਂਦਰੀ ਚੋਣ ਅਬਜ਼ਰਬਰ ਰਾਮ ਨਾਥ ਕੋਵਿੰਦ ਅਤੇ ਸੂਬਾ ਚੋਣ ਅਬਜ਼ਰਬਰ ਵਿਨੋਦ ਸ਼ਰਮਾ ਨੇ ਕੀਤਾ।

ਨਵੇਂ ਚੁਣੇ ਪ੍ਰਧਾਨ ਨੇ ਕਿਹਾ ਕਿ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਵਧੇਰੇ ਤਾਲਮੇਲ ਬਣਾਇਆ ਜਾਵੇਗਾ।

# ਡਾ. ਬਰਾੜ ਇਲੀਨਾਏ ਵੈਟਰੀਨਰੀ ਬੋਰਡ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਡਾ. ਜਗਜੀਤ (ਜੈਕ) ਸਿੰਘ ਬਰਾੜ ਇਲੀਨਾਏ ਦੇ ਬੋਰਡ ਆਫ ਵੈਟਰੀਨਰੀ ਮੈਡੀਸਨ ਦੇ ਸਾਲ 2013 ਲਈ ਪ੍ਰਧਾਨ ਚੁਣੇ ਗਏ ਹਨ। ਇਸ ਸਬੰਧੀ ਫੈਸਲਾ ਇਲੀਨਾਏ ਡਿਪਾਰਟਮੈਂਟ ਆਫ ਫਾਇਨਾਂਸ਼ਲ ਐਂਡ ਪ੍ਰੋਫੈਸ਼ਨਲ ਰੈਗੂਲੇਸ਼ਨਜ਼ ਦੀ ਸਪਰਿੰਗਫੀਲਡ ਵਿਚ ਹੋਈ ਇਕ ਮੀਟਿੰਗ ਦੌਰਾਨ ਲਿਆ ਗਿਆ। ਡਾ. ਬਰਾੜ ਇਸ ਬੋਰਡ ਵਿਚ ਜਨਵਰੀ 2011 ਤੋਂ ਕੰਮ ਕਰ ਰਹੇ ਹਨ ਤੇ ਉਹ ਇਲੀਨਾਏ ਸਟੇਟ ਵੈਟਰੀਨਰੀ ਮੈਡੀਕਲ ਐਸੋਸੀਏਸ਼ਨ ਦੇ ਨਵੰਬਰ 2011 ਤੋਂ ਪ੍ਰਧਾਨ ਹਨ ਅਤੇ ਉਨ੍ਹਾਂ ਦੀ ਮਿਆਦ ਸਾਲ 2013 ਤੱਕ ਹੈ। ਇਸ ਐਸੋਸੀਏਸ਼ਨ ਦਾ ਹੈਡ ਕੁਆਰਟਰ ਸਪਰਿੰਗਫੀਲਡ ਵਿਚ ਹੈ ਅਤੇ 2000 ਤੋਂ ਵੱਧ ਵੈਟਰੀਨਰੀ ਡਾਕਟਰ ਇਸ ਦੇ ਮੈਂਬਰ ਹਨ। ਇਹ ਜਥੇਬੰਦੀ ਵੈਟਰੀਨਰੀ ਪੇਸ਼ੇ ਨਾਲ ਸਬੰਧਤ ਹਿਤਾਂ ਦੀ ਪੈਰਵੀ ਕਰਦੀ ਹੈ।

ਡਾ. ਬਰਾੜ ਸ਼ਿਕਾਗੋ ਵੈਟਰੀਨਰੀ ਮੈਡੀਕਲ ਐਸੋਸੀਏਸ਼ਨ ਦੇ ਸੰਨ 2006 ਵਿਚ ਪ੍ਰਧਾਨ ਰਹੇ ਹਨ। ਉਹ ਇਸ ਜਥੇਬੰਦੀ ਦੇ 31 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਮੈਂਬਰ ਹਨ ਅਤੇ ਜਥੇਬੰਦੀ ਸੰਨ 2005 ਵਿਚ ਉਨ੍ਹਾਂ ਦਾ ਮੈਰੀਟੋਰੀਅਸ ਸਰਵਿਸਜ਼ ਐਵਾਰਡ ਅਤੇ ਦਸੰਬਰ 2011 ਵਿਚ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨ ਕਰ ਚੁਕੀ ਹੈ। ਇਸ ਤੋਂ ਇਲਾਵਾ ਡਾ. ਬਰਾੜ ਯੂਨੀਵਰਸਿਟੀ ਆਫ ਇਲੀਨਾਏ ਦੀ ਕੁਕ ਕਾਊਂਟੀ ਐਕਸਟੈਂਸ਼ਨ ਦੀ ਐਗਜ਼ੈਕਟਿਵ ਕੌਂਸਲ ਦੇ ਸਾਲ 2006 ਤੋਂ ਮੈਂਬਰ ਹਨ। ਉਹ ਇਸ ਦੀ ਨਾਮਜ਼ਦਗੀ ਕਮੇਟੀ ਦੇ ਪਿਛਲੇ ਤਿੰਨ ਸਾਲ ਤੋਂ ਚੇਅਰਮੈਨ ਹਨ। ਯੂਨੀਵਰਸਿਟੀ ਆਫ ਇਲੀਨਾਏ ਦੇ ਕਾਲਜ ਆਫ ਵੈਟਰੀਨਰੀ ਮੈਡੀਸਨ ਅਲੂਮਨੀ ਐਸੋਸੀਏਸ਼ਨ ਵਲੋਂ ਸੰਨ 2005 ਵਿਚ ਉਨ੍ਹਾਂ ਦਾ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨ ਕੀਤਾ ਜਾ ਚੁਕਾ ਹੈ। ਜ਼ਿਕਰਯੋਗ ਹੈ ਕਿ ਡਾ. ਬਰਾੜ ਯੂਨੀਵਰਸਿਟੀ ਆਫ ਮਿਨੀਸੋਟਾ ਤੋਂ ਵੈਟਰੀਨਰੀ ਮੈਡੀਸਨ ਵਿਚ ਮਾਸਟਰਜ਼ ਡਿਗਰੀ ਹਨ।

## Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਸੇਖੋਂ ਕੈਲੀਫੋਰਨੀਆ ਰਹਿੰਦੀ ਗਰੀਨ ਕਾਰਡ ਹੋਲਡਰ (ਜੁਲਾਈ 2014 'ਚ ਸਿਟੀਜ਼ਨ ਬਣ ਰਹੀ) ਐਮ ਏ, 33 ਸਾਲਾ, ਕੱਦ 5'-5'' ਲੜਕੀ ਲਈ ਅਮਰੀਕਾ 'ਚ ਕੱਚੇ ਜਾਂ ਪੱਕੇ ਤੌਰ 'ਤੇ ਰਹਿੰਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਫੋਟੋ ਤੇ ਵੇਰਵਾ ਈਮੇਲ ਕਰੋ: prince.kular@yahoo.com

ਕੰਬੋਜ ਸਿੱਖ ਐਮ ਐਸ ਸੀ (ਆਈ ਟੀ) ਇੰਡੀਆ ਰਹਿੰਦੀ ਲੜਕੀ, ਉਮਰ 26 ਸਾਲ, ਕੱਦ 5'-5" ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਮਾਪੇ ਅਮਰੀਕਾ ਰਹਿੰਦੇ ਹਨ। ਲੜਕਾ ਜੇ ਇੰਡੀਆ ਹੋਵੇ ਤਾਂ ਸਰਕਾਰੀ ਨੌਕਰੀ 'ਚ ਹੋਵੇ। ਜਾਤ-ਪਾਤ ਦਾ ਭੇਦ ਨਹੀਂ। ਸੰਪਰਕ ਕਰੋ: ਫੋਨ 575-815-8264

### ਕੰਨਿਆ ਦੀ ਲੋੜ ਹੈ

Suitable US/Canadian girl sought for Jatt Sikh boy 26/5'3", B. Pharmacy, MBA, Green Cardholder, Vegetarian. Cont: vicksidhu19@gmail.com Or 815-439-9369

Suitable US/Canadian match for Sikh 26, 5'-10" boy working as a software engineer. Green card under process. Caste no bar. Contact: ksingh0615@gmail.com or 425-773-9030

# ਨੱਬੇ ਸਾਲਾ ਅਰਬੀ ਵੱਲੋਂ ਨਾਬਾਲਗ ਨਾਲ ਨਿਕਾਹ

**ਦੁਬਈ:** ਸਾਊਦੀ ਅਰਬ ਦੇ ਇਕ 90 ਸਾਲਾ ਨਾਗਰਿਕ ਨੇ ਭਾਰੀ ਮੁੱਲ ਤਾਰ ਕੇ ਇਕ 15 ਸਾਲਾ ਲੜਕੀ ਨਾਲ ਨਿਕਾਹ ਕਰਾਇਆ ਹੈ। ਇਸ ਵਰਤਾਰੇ ਦੀ ਸੋਸ਼ਲ ਸਾਈਟਾਂ ਉਤੇ ਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਭਾਰੀ ਆਲੋਚਨਾ ਕੀਤੀ ਜਾ ਰਹੀ ਹੈ। ਅਲ-ਅਰਬੀਆ ਦੀ ਰਿਪੋਰਟ ਅਨੁਸਾਰ ਘਬਰਾਈ ਹੋਈ ਲੜਕੀ ਨੇ ਆਪਣੇ ਬੈਡਰੂਮ ਨੂੰ ਅੰਦਰੋਂ ਕੁੰਡੀ ਮਾਰ ਲਈ ਤੇ ਲਾੜੇ ਨੂੰ ਅੰਦਰ ਨਾ ਵੜਨ ਦਿੱਤਾ ਤੇ ਇਸ ਤੋਂ ਬਾਅਦ ਲੜਕੀ ਭੱਜ ਕੇ ਆਪਣੇ ਪੇਕੇ ਘਰ ਚਲੀ ਗਈ।

ਦੂਜੇ ਪਾਸੇ 90 ਸਾਲਾਂ ਦੇ ਲਾੜੇ ਨੇ ਆਪਣੇ ਨਿਕਾਹ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਹੈ ਕਿ ਉਸ ਦਾ ਨਿਕਾਹ 'ਕਾਨੂੰਨੀ ਤੇ ਸਹੀ' ਹੈ। ਉਸ ਨੇ ਲੜਕੀ ਨਾਲ ਨਿਕਾਹ ਕਰਾਉਣ ਲਈ 17500 ਅਮਰੀਕੀ ਡਾਲਰ ਮੇਹਰ ਵਜੋਂ ਦਿੱਤੇ ਹਨ। ਇਸ ਲੜਕੀ ਦਾ ਪਿਤਾ ਯਮਨੀ ਮੂਲ ਦਾ ਤੇ ਮਾਂ ਸਾਊਦੀ ਮੂਲ ਦੀ ਹੈ। ਉਸ ਨੇ ਆਪਣੇ ਸਹੁਰੇ ਪਰਿਵਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜਾਂ ਤਾਂ ਉਹ ਉਸ ਦੀ ਪਤਨੀ ਨੂੰ ਵਾਪਸ ਭੇਜਣ ਜਾਂ ਫਿਰ ਉਸ ਵੱਲੋਂ ਦਿੱਤੀ ਰਕਮ ਵਾਪਸ ਕੀਤੀ ਜਾਵੇ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545 London $250

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines, Emirates, Korean Air, Singapore Airlines, Cathay Pacific, Lufthansa, China Airlines

FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein, market, iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

# ਪਾਕਿਸਤਾਨ ਵਿਚ ਸੰਵਿਧਾਨਕ ਸੰਕਟ

**ਇਸਲਾਮਾਬਾਦ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਬਿਜਲੀ ਪ੍ਰੋਜੈਕਟਾਂ ਲਈ ਰਿਸ਼ਵਤ ਲੈਣ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਰਾਜਾ ਪਰਵੇਜ਼ ਅਸ਼ਰਫ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ ਹੈ। ਇਸ ਹੁਕਮ ਨਾਲ ਦੇਸ਼ ਵਿਚ ਤਾਜ਼ਾ ਸਿਆਸੀ ਸੰਕਟ ਪੈਦਾ ਹੋ ਗਿਆ ਹੈ। ਮੌਲਵੀ ਤਾਹਿਰ-ਉਲ-ਕਾਦਰੀ ਵੱਲੋਂ ਸੂਬਾਈ ਵਿਧਾਨ ਸਭਾਵਾਂ ਤੇ ਸੰਸਦ ਭੰਗ ਕਰਨ ਦੀ ਮੰਗ ਲਈ ਜਾਰੀ ਪ੍ਰਦਰਸ਼ਨ ਝੱਲ ਰਿਹਾ ਪਾਕਿਸਤਾਨ ਸਿਆਸੀ ਬੇਯਕੀਨੀ ਵਿਚ ਘਿਰ ਰਿਹਾ ਹੈ। ਸੰਭਾਵਨਾ ਹੈ ਕਿ ਦੇਸ਼ ਨੂੰ ਇਕ ਸਾਲ ਦੇ ਅੰਦਰ ਦੂਜੇ ਪ੍ਰਧਾਨ ਮੰਤਰੀ ਨੂੰ ਅਹੁਦਾ ਛੱਡਦੇ ਹੋਏ ਦੇਖਣਾ ਪੈ ਸਕਦਾ ਹੈ।

ਪਿਛਲੇ ਸਾਲ ਜੂਨ ਵਿਚ ਯੂਸਫ ਰਜ਼ਾ ਗਿਲਾਨੀ ਦੇ ਅਸਤੀਫੇ ਮਗਰੋਂ ਪ੍ਰਧਾਨ ਮੰਤਰੀ ਬਣਨ ਵਾਲੇ 62 ਸਾਲਾ ਅਸ਼ਰਫ ਉਪਰ ਕੇਂਦਰੀ ਜਲ ਤੇ ਬਿਜਲੀ ਮੰਤਰੀ ਰਹਿੰਦਿਆਂ ਰੈਂਟਲ ਬਿਜਲੀ ਪ੍ਰੋਜੈਕਟਾਂ (ਆਰ.ਪੀ.ਪੀ.) ਵਿਚ ਰਿਸ਼ਵਤ ਲੈਣ ਦਾ ਦੋਸ਼ ਹੈ। ਪਾਕਿਸਤਾਨ ਦੀ ਮੌਜੂਦਾ ਸਰਕਾਰ ਮਾਰਚ ਵਿਚ ਪੰਜ ਸਾਲ ਪੂਰੇ ਕਰੇਗੀ ਤੇ ਚੋਣਾਂ ਮਈ ਤੱਕ ਹੋਣੀਆਂ ਹਨ। ਹਾਲੇ ਇਹ ਸਪਸ਼ਟ ਨਹੀਂ ਹੋਇਆ ਕਿ ਅਸ਼ਰਫ ਖ਼ਿਲਾਫ਼ ਸੁਪਰੀਮ ਕੋਰਟ ਦੇ ਹੁਕਮ ਦੇ ਸਿਆਸੀ ਨਤੀਜੇ ਕੀ ਨਿਕਲਣਗੇ ਕਿਉਂਕਿ ਇਹ ਪਹਿਲਾ ਮਾਮਲਾ ਹੈ ਜਦੋਂ ਕਿਸੇ ਭ੍ਰਿਸ਼ਟਾਚਾਰ ਮਾਮਲੇ ਵਿਚ ਪ੍ਰਧਾਨ ਮੰਤਰੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਗਏ ਹਨ। ਹੁਣ ਇਹ ਦੇਖਣਾ ਹੈ ਕਿ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਅਸ਼ਰਫ ਦੀ ਥਾਂ ਕਿਸ ਨੂੰ ਨਵਾਂ ਨੇਤਾ ਚੁਣੇਗੀ।

ਪਿਛਲੇ ਸਾਲ ਮਾਰਚ ਵਿਚ ਸੁਪਰੀਮ ਕੋਰਟ ਨੇ ਸਰਕਾਰ ਵੱਲੋਂ ਰੈਂਟਲ ਬਿਜਲੀ ਪਲਾਂਟਾਂ ਲਈ ਆਏ ਸਾਰੇ ਟੈਂਡਰ ਗੈਰ-ਕਾਨੂੰਨੀ ਕਰਾਰ ਦੇ ਦਿੱਤੇ ਗਏ ਸਨ ਤੇ ਅਧਿਕਾਰੀਆਂ ਨੂੰ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਵਾਲੇ ਅਸ਼ਰਫ ਸਣੇ ਸਾਰੇ ਜ਼ਿੰਮੇਵਾਰ ਲੋਕਾਂ ਖ਼ਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਹੁਕਮ ਦਿੱਤਾ ਸੀ। ਦੇਸ਼ ਦੀ ਮੁੱਖ ਭ੍ਰਿਸ਼ਟਾਚਾਰ ਰੋਕੂ ਏਜੰਸੀ ਕੌਮੀ ਜਵਾਬਦੇਹੀ ਬਿਊਰੋ (ਐਨ.ਏ.ਬੀ.) ਨੇ ਹੁਣ ਤੱਕ ਅਦਾਲਤ ਦੇ ਹੁਕਮਾਂ ਉਪਰ ਅਮਲ ਕਰਨ ਤੋਂ ਇਨਕਾਰ ਕੀਤਾ ਸੀ। ਬੈਂਚ ਨੇ ਐਨ.ਏ.ਬੀ. ਮੁਖੀ ਫਸੀਹ ਬੁਖਾਰੀ ਖ਼ਿਲਾਫ਼ ਅਦਾਲਤੀ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ।

## ਚੋਣਾਂ ਵਿਚ ਦੇਰੀ ਬਰਦਾਸ਼ਤ ਨਹੀਂ


**ਇਸਲਾਮਾਬਾਦ:** ਪ੍ਰਸਿੱਧ ਮੌਲਵੀ ਤਾਹਿਰ-ਉਲ-ਕਾਦਰੀ ਵੱਲੋਂ ਸੰਸਦ ਭੰਗ ਕਰਨ ਤੇ ਨਿਗਰਾਨ ਸਰਕਾਰ ਦਾ ਗਠਨ ਕਰਨ ਦੀ ਕੀਤੀ ਜਾ ਰਹੀ ਮੰਗ ਦੇ ਪਿਛੋਕੜ ਵਿਚ ਪਾਕਿਸਤਾਨ ਦੀ ਸੁਪਰੀਮ ਕੋਰਟ ਤੇ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਸ ਸਾਲ ਹੋਣ ਵਾਲੀਆਂ ਆਮ ਚੋਣਾਂ ਵਿਚ ਦੇਰੀ ਨਹੀਂ ਹੋਣੀ ਚਾਹੀਦੀ ਤੇ ਉਹ ਨਿਰਧਾਰਤ ਸਮੇਂ 'ਤੇ ਹੋਣੀਆਂ ਚਾਹੀਦੀਆਂ ਹਨ। ਮਨੋਨੀਤ ਅਦਾਲਤ ਦੇ ਤਿੰਨ ਜੱਜਾਂ ਦੇ ਬੈਂਚ ਵੱਲੋਂ ਚੋਣ ਸੁਧਾਰਾਂ ਬਾਰੇ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਮੁੱਖ ਜੱਜ ਇਫਤਿਖਾਰ ਚੌਧਰੀ ਨੇ ਕਿਹਾ ਹੈ ਕਿ ਕਿਸੇ ਦੀ ਵਿਅਕਤੀਗਤ ਕਾਰਵਾਈ ਮਹੱਤਵਪੂਰਨ ਨਹੀਂ ਹੈ ਤੇ ਚੋਣਾਂ ਹਰ ਹਾਲਤ ਵਿਚ ਨਿਸ਼ਚਿਤ ਸਮੇਂ 'ਤੇ ਹੋਣਗੀਆਂ। ਇਸ ਸਬੰਧੀ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਤੇ ਚੋਣ ਕਮਿਸ਼ਨ ਨੂੰ ਚੋਣਾਂ ਕਰਵਾਉਣ ਲਈ ਤਿਆਰ ਹੋਣਾ ਚਾਹੀਦਾ ਹੈ।

# ਕਾਦਰੀ ਵੱਲੋਂ ਹਕੂਮਤ ਖ਼ਿਲਾਫ਼ ਐਲਾਨ-ਏ-ਜੰਗ

**ਇਸਲਾਮਾਬਾਦ:** ਮੌਲਵੀ ਮੁਹੰਮਦ ਤਾਹਿਰ-ਉਲ-ਕਾਦਰੀ ਖੁੱਲ੍ਹ ਕੇ ਹਕੂਮਤ ਵਿਰੁੱਧ ਡਟ ਗਿਆ ਹੈ। ਲੰਘੇ ਦਿਨੀਂ ਉਨ੍ਹਾਂ ਦੇ ਸਮਰਥਕਾਂ ਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ ਜਿਸ ਦੌਰਾਨ ਪੁਲਿਸ ਨੇ ਹਵਾ ਵਿਚ ਗੋਲੀਆਂ ਚਲਾਈਆਂ, ਹੰਝੂ ਗੈਸ ਛੱਡੀ ਤੇ ਲਾਠੀਚਾਰਜ ਕੀਤਾ ਜਦਕਿ ਕਾਦਰੀ ਦੇ ਸਮਰਥਕਾਂ ਨੇ ਪੁਲਿਸ ਉਪਰ ਪਥਰਾਅ ਕੀਤਾ। ਕਾਦਰੀ ਦੇ ਬੁਲਾਰੇ ਸ਼ਾਹਿਦ ਮੁਰਸਾਲੀਨ ਨੇ ਦਾਅਵਾ ਕੀਤਾ ਹੈ ਕਿ ਹਾਲਾਤ ਉਸ ਸਮੇਂ ਖਰਾਬ ਹੋਏ, ਜਦੋਂ ਪੁਲਿਸ ਨੇ ਕਾਦਰੀ ਨੂੰ ਗ੍ਰਿਫਤਾਰ ਕਰਨ ਦਾ ਯਤਨ ਕੀਤਾ।

ਕਾਦਰੀ ਦੇ ਧੜੇ ਨੇ ਇਹ ਵੀ ਕਿਹਾ ਹੈ ਕਿ ਪੁਲਿਸ ਨੇ ਕਾਦਰੀ ਦੀ ਕਾਰ ਉਪਰ ਵੀ ਗੋਲੀ ਚਲਾਈ ਤੇ ਕਾਰ ਦੇ ਸ਼ੀਸ਼ੇ ਤੋੜਨ ਦਾ ਯਤਨ ਕੀਤਾ। ਭੀੜ ਉਸ ਸਮੇਂ ਪੁਲਿਸ ਪਿੱਛੇ ਭੱਜੀ ਜਦੋਂ ਉਸ ਨੂੰ ਅਹਿਸਾਸ ਹੋਇਆ ਕਿ ਪੁਲਿਸ ਉਨ੍ਹਾਂ ਦੇ ਨੇਤਾ ਕਾਦਰੀ ਉਪਰ ਹਮਲਾ ਕਰਨ ਦੇ ਯਤਨ ਵਿਚ ਹੈ। ਤਹਿਰੀਕ ਮਿਨਹਾਜ-ਉਲ-ਕੁਰਾਨ ਦੇ ਮੁਖੀ ਕਾਦਰੀ ਨੇ ਲੰਘੇ ਦਿਨੀਂ ਇਸਲਾਮਾਬਾਦ ਦੇ ਧੁਰ ਅੰਦਰ ਜਿਨਾਹ ਐਵੇਨਿਊ ਵਿਚ ਹਜ਼ਾਰਾਂ ਲੋਕਾਂ ਨਾਲ ਰੈਲੀ ਕੀਤੀ।

ਇਸ ਮੌਕੇ ਉਨ੍ਹਾਂ ਨੇ ਕੌਮੀ ਤੇ ਪ੍ਰਾਂਤਕ ਅਸੰਬਲੀਆਂ ਭੰਗ ਕਰਨ ਦੀ ਮੰਗ ਕੀਤੀ ਤੇ ਇਸ ਵਾਸਤੇ ਕੁਝ ਘੰਟਿਆਂ ਦਾ ਸਮਾਂ ਦਿੰਦਿਆਂ ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਲੋਕਾਂ ਦੇ ਜਮਹੂਰੀ ਇਨਕਲਾਬ ਦੀ ਅਗਵਾਈ ਕਰ ਰਹੇ ਹਨ। ਕਾਦਰੀ ਦੀ ਪਾਰਟੀ ਨੇ ਇਸਲਾਮਾਬਾਦ ਪ੍ਰਸ਼ਾਸਨ ਨਾਲ ਕੌਮੀ ਅਸੰਬਲੀ ਤੋਂ ਕੁਝ ਕਿਲੋਮੀਟਰ ਦੂਰ ਅਮਨ ਪੂਰਵਕ ਪ੍ਰਦਰਸ਼ਨ ਕਰਨ ਦੇ ਸਮਝੌਤੇ ਉਪਰ



ਡਾ. ਕਾਦਰੀ

ਦਸਤਖ਼ਤ ਕੀਤੇ ਸਨ, ਪਰ ਬਾਅਦ ਵਿਚ ਅਧਿਕਾਰੀ ਉਸ ਵੇਲੇ ਹੈਰਾਨ ਰਹਿ ਗਏ ਜਦੋਂ ਮੌਲਵੀ ਨੇ ਆਪਣੇ ਸਮਰਥਕਾਂ ਨੂੰ ਰੋਕਾਂ ਹਟਾ ਕੇ ਸੰਸਦ ਨੇੜੇ ਚੌਕ ਵੱਲ ਵਧਣ ਦਾ ਸੱਦਾ ਦੇ ਦਿੱਤਾ। ਕਾਦਰੀ ਨੇ ਪੁਲਿਸ ਦੇ ਜਵਾਨਾਂ ਤੇ ਨੀਮ ਫੌਜੀ ਬਲਾਂ ਨੂੰ ਵੀ ਉਕਸਾਇਆ ਤੇ ਕਿਹਾ ਕਿ ਉਹ ਆਪਣੇ ਅਫਸਰਾਂ ਦਾ ਹੁਕਮ ਮੰਨਣ ਤੋਂ ਨਾਂਹ ਕਰ ਦੇਣ ਜਿਨ੍ਹਾਂ ਅਫਸਰਾਂ ਦੀ ਕਲ੍ਹ ਤੱਕ ਛੁੱਟੀ ਕਰ ਦਿੱਤੀ ਜਾਵੇਗੀ।

# ਦਿੱਲੀ ਸਰ ਕਰਨ ਲਈ ਅਕਾਲੀਆਂ ਲਾਇਆ ਪੂਰਾ ਤਾਣ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰ ਮੰਤਰੀਆਂ ਦੇ ਨਵੀਂ ਦਿੱਲੀ ਵਿਚ ਗੁਰਦੁਆਰਾ ਚੋਣਾਂ ਵਿਚ ਰੁੱਝੇ ਹੋਣ ਤੇ ਫਿਰ ਮੋਗਾ ਉਪ ਚੋਣ ਕਾਰਨ ਸਰਕਾਰੀ ਸਰਗਰਮੀਆਂ ਸਵਾ ਮਹੀਨੇ ਲਈ ਠੱਪ ਹੀ ਰਹਿਣਗੀਆਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ 'ਤੇ ਸਮੂਹ ਮੰਤਰੀ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ, ਸੰਸਦ ਮੈਂਬਰਾਂ ਤੇ ਸੀਨੀਅਰ ਆਗੂਆਂ ਨੇ ਕੌਮੀ ਰਾਜਧਾਨੀ ਵਿਚ ਡੇਰੇ ਲਾ ਲਏ ਹਨ। ਪਾਰਟੀ ਦੀਆਂ ਸਮੁੱਚੀਆਂ ਸਿਆਸੀ ਸਰਗਰਮੀਆਂ ਨਵੀਂ ਦਿੱਲੀ ਵਿਚ ਤਬਦੀਲ ਹੋ ਗਈਆਂ ਹਨ।

ਦੋਹਾਂ ਬਾਦਲਾਂ ਨੇ ਆਪਣੇ ਰੁਝੇਵੇਂ ਫਿਲਹਾਲ ਰੱਦ ਕਰ ਦਿੱਤੇ ਹਨ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ 27 ਜਨਵਰੀ ਨੂੰ ਹੋਣਗੀਆਂ ਸਾਰੀ ਲੀਡਰਸ਼ਿਪ ਉਦੋਂ ਤੱਕ ਉਥੇ ਹੀ ਰਹੇਗੀ। ਇਹ ਚੋਣਾਂ ਸ਼੍ਰੋਮਣੀ ਅਕਾਲੀ ਦਲ ਲਈ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ ਕਿਉਂਕਿ ਕੌਮੀ ਰਾਜਧਾਨੀ ਵਿਚ ਸਿੱਖਾਂ ਦੀ ਇਸ ਪ੍ਰਤੀਨਿਧ ਸੰਸਥਾ ਉਪਰ ਪਰਮਜੀਤ ਸਿੰਘ ਸਰਨਾ ਦੇ ਧੜੇ ਦਾ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਕਬਜ਼ਾ ਚੱਲਿਆ ਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਕਬਜ਼ੇ ਨੂੰ ਤੋੜਨ ਲਈ ਯਤਨ ਕੀਤੇ ਜਾ ਰਹੇ ਹਨ।

ਇਸੇ ਲਈ ਸਮੁੱਚੀ ਲੀਡਰਸ਼ਿਪ ਨੂੰ ਨਵੀਂ ਦਿੱਲੀ ਵਿਚ 'ਤਾਇਨਾਤ' ਕਰ ਦਿੱਤਾ ਹੈ। ਪੰਜਾਬ ਦੇ ਸਕੱਤਰੇਤ ਵਿਚ ਡੇਢ ਮਹੀਨੇ ਤੱਕ ਮੰਤਰੀਆਂ ਦੀ ਗੈਰਹਾਜ਼ਰੀ ਕਾਰਨ ਰਾਜਸੀ ਚਹਿਲ ਪਹਿਲ ਇਕ ਤਰ੍ਹਾਂ ਨਾਲ ਗਾਇਬ ਹੀ ਰਹੇਗੀ। ਮੁੱਖ ਮੰਤਰੀ ਵੱਲੋਂ ਆਪਣੇ ਦਫ਼ਤਰ ਦੇ ਅਧਿਕਾਰੀਆਂ ਨੂੰ ਆਪਣੇ ਰੁਝੇਵਿਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਹਾਲਾਂਕਿ ਆਮ ਤੌਰ 'ਤੇ ਦੋ ਮਹੀਨੇ ਪਹਿਲਾਂ ਹੀ ਮੁੱਖ ਮੰਤਰੀ ਦਫ਼ਤਰ ਨੂੰ ਸ. ਬਾਦਲ ਦੇ ਰੁਝੇਵਿਆਂ ਬਾਰੇ ਜਾਣਕਾਰੀ ਹੁੰਦੀ ਹੈ।

ਇਸੇ ਤਰ੍ਹਾਂ ਦਾ ਹੀ ਹਾਲ ਸੁਖਬੀਰ ਸਿੰਘ ਬਾਦਲ ਦੇ ਦਫ਼ਤਰ ਦਾ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਹੋਰਾਂ ਮੰਤਰੀਆਂ ਦੀ ਗੈਰਹਾਜ਼ਰੀ ਕਾਰਨ ਸਰਕਾਰੀ ਕੰਮ ਅਗਾਂਹ ਪੈ ਜਾਣਗੇ। ਇਸੇ ਤਰ੍ਹਾਂ ਚੋਣ ਕਮਿਸ਼ਨ ਦੇ ਐਲਾਨੇ ਪ੍ਰੋਗਰਾਮ ਮੁਤਾਬਕ 23 ਫਰਵਰੀ ਨੂੰ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ ਪੈਣਗੀਆਂ। ਇਸ ਤਰ੍ਹਾਂ ਨਾਲ ਸਮੁੱਚੀ ਪੰਜਾਬ ਸਰਕਾਰ ਦੇ 23 ਫਰਵਰੀ ਤੱਕ ਮੋਗਾ ਵਿਚ ਡੇਰੇ ਲਾ ਲੈਣ ਦੇ ਆਸਾਰ ਹਨ।

ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜੁਲਾਈ ਮਹੀਨੇ ਦੌਰਾਨ ਵੀ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਤਕਰੀਬਨ ਇਕ ਮਹੀਨਾ ਪੰਜਾਬ ਤੋਂ ਬਾਹਰ ਰਹੇ ਤੇ ਸਰਕਾਰੀ ਕੰਮ-ਕਾਰ ਬਿਲਕੁਲ ਠੱਪ ਹੋ ਕੇ ਰਹਿ ਗਏ ਸਨ। ਬਾਦਲਾਂ ਦੀ ਗੈਰਹਾਜ਼ਰੀ ਵਿਚ ਅਫਸਰਸ਼ਾਹੀ ਦੀਆਂ ਮੌਜਾਂ ਹੁੰਦੀਆਂ ਹਨ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਦਿੱਲੀ ਸ਼੍ਰੋਮਣੀ ਕਮੇਟੀ ਚੋਣਾਂ ਪਾਰਟੀ ਲਈ ਅਹਿਮ ਹਨ ਇਸ ਕਰਕੇ ਸਮੁੱਚੀ ਲੀਡਰਸ਼ਿਪ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਵਿਚ ਮਾਹੌਲ ਅਕਾਲੀ ਦਲ (ਸਰਨਾ) ਦੇ ਖ਼ਿਲਾਫ ਹੈ।

# ਬਾਦਲ ਤੇ ਮੱਕੜ ਆਰਐਸਐਸ ਅੱਗੇ ਝੁਕੇ: ਦਲ ਖਾਲਸਾ


**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁੰਭ ਮੇਲੇ ਉਤੇ ਸਿੱਖ ਪ੍ਰਦਰਸ਼ਨੀ ਲਾਉਣ ਦੇ ਫੈਸਲੇ ਬਾਰੇ ਦਲ ਖਾਲਸਾ ਨੇ ਆਖਿਆ ਹੈ ਕਿ ਇਸ ਸਿੱਖ ਸੰਸਥਾ ਨੂੰ ਹੁਣ ਈਦ ਤੇ ਕ੍ਰਿਸਮਸ ਮੌਕੇ ਵੀ ਸਿੱਖਾਂ ਨਾਲ ਸਬੰਧਤ ਸਾਹਿਤ ਦੀ ਪ੍ਰਦਰਸ਼ਨੀ ਤੇ ਲੰਗਰ ਲਾਉਣ ਲਈ ਮਤਾ ਪਾਸ ਕਰ ਲੈਣਾ ਚਾਹੀਦਾ ਹੈ। ਦਲ ਦੇ ਬੁਲਾਰੇ ਕੰਵਰਪਾਲ ਸਿੰਘ ਤੇ ਜਨਰਲ ਸਕੱਤਰ ਡਾ. ਮਨਜਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਨਿਖੇਧੀ ਕਰਦਿਆਂ ਕਿਹਾ ਕਿ ਲੀਡਰਸ਼ਿਪ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਮਜਬੂਰ ਕਰਕੇ ਕੁੰਭ ਦੇ ਮੇਲੇ ਉਤੇ ਪ੍ਰਦਰਸ਼ਨੀ ਲਾਉਣ ਦੇ ਹੱਕ ਵਿਚ ਮਤਾ ਪਾਸ ਕਰਨ ਲਈ ਜ਼ੋਰ ਪਾਇਆ ਹੈ।

ਉਨ੍ਹਾਂ ਦੱਸਿਆ ਕਿ ਅੰਤਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਤਿੰਨ ਸੀਨੀਅਰ ਮੈਂਬਰਾਂ ਨੇ ਇਸ ਮਤੇ ਦੇ ਵਿਰੋਧ ਵਿਚ ਸਟੈਂਡ ਲਿਆ ਸੀ ਪਰ ਇਸ ਦੇ ਬਾਵਜੂਦ ਜਥੇਦਾਰ ਮੱਕੜ ਡਟੇ ਰਹੇ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਕਿਆਂ ਨੇ ਰਾਜਨੀਤਕ ਕਾਰਨਾਂ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਹਿੰਦੂਤਵੀ ਤਾਕਤਾਂ (ਭਾਜਪਾ) ਦੇ ਅਧੀਨ ਕੀਤਾ ਹੀ ਹੋਇਆ ਹੈ, ਹੁਣ ਉਨ੍ਹਾਂ ਆਰ.ਐਸ.ਐਸ ਦਾ ਕੁੰਭ ਦੇ ਮੇਲੇ ਵਿਚ ਸ਼ਾਮਲ ਹੋਣ ਦਾ ਸੱਦਾ ਪ੍ਰਵਾਨ ਕਰਕੇ ਸ਼੍ਰੋਮਣੀ ਕਮੇਟੀ ਦੀ ਅੱਡਰੀ ਪਛਾਣ ਤੇ ਇਸ ਦੀ ਖ਼ੁਦਮੁਖ਼ਤਿਆਰੀ ਨੂੰ ਵੀ ਦਾਅ ਉਤੇ ਲਾ ਦਿੱਤਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਬਿਆਨ ਕਿ ਕੁੰਭ ਦੇ ਮੇਲੇ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਇਕ ਪ੍ਰਦਰਸ਼ਨੀ ਤੇ ਲੰਗਰ ਲਾਏ ਜਾ ਰਹੇ ਹਨ, ਦਾ ਹਵਾਲਾ ਦਿੰਦਿਆਂ ਟਿੱਪਣੀ ਕੀਤੀ ਕਿ ਸ਼੍ਰੋਮਣੀ ਕਮੇਟੀ ਨੂੰ ਹੁਣ ਇਸੇ ਤਰ੍ਹਾਂ ਦੀ ਪ੍ਰਦਰਸ਼ਨੀ ਈਦ ਮੌਕੇ ਜਾਮਾ ਮਸਜਿਦ ਤੇ ਕ੍ਰਿਸਮਸ ਮੌਕੇ ਗੋਆ ਦੇ ਸਭ ਤੋਂ ਵੱਡੇ ਗਿਰਜਾਘਰ ਵਿਖੇ ਲਾਉਣ ਦਾ ਮਤਾ ਵੀ ਪਾਸ ਕਰ ਹੀ ਲੈਣਾ ਚਾਹੀਦਾ ਹੈ।

ਉਧਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਪੱਸ਼ਟ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੁੰਭ ਦੇ ਮੇਲੇ 'ਤੇ ਅਲਾਹਾਬਾਦ 'ਚ ਪਹਿਲੀ ਫਰਵਰੀ ਤੋਂ ਸਿੱਖ ਇਤਿਹਾਸ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਲੰਗਰ ਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਕੁੰਭ ਦੇ ਮੇਲੇ ਮੌਕੇ ਦੇ ਪ੍ਰੋਗਰਾਮ ਦੀ ਕੋਈ ਚਰਚਾ ਨਹੀਂ ਹੋਈ ਪਰ ਕਮੇਟੀ ਆਪਣੇ ਪਹਿਲੇ ਪ੍ਰੋਗਰਾਮ 'ਤੇ ਕਾਇਮ ਹੈ।

## ਭਾਈ ਧੂੰਦਾ ਨੇ ਜਦੋਂ ਰਹਿਤ ਮਰਿਆਦਾ ਦਾ ਸਵਾਲ ਉਠਾਇਆ

**ਟਰੇਸੀ (ਬਿਊਰੋ):** ਕਥਾਕਾਰ ਭਾਈ ਸਰਬਜੀਤ ਸਿੰਘ ਧੂੰਦਾ ਨੇ ਇਥੇ ਗੁਰਦੁਆਰਾ ਦਸਮੇਸ਼ ਦਰਬਾਰ ਵਿਚ ਉਸ ਸਮੇਂ ਗੁਰ ਮਰਿਆਦਾ ਦਾ ਸਵਾਲ ਖੜ੍ਹਾ ਕੀਤਾ ਜਦੋਂ ਉਸੇ ਹਾਲ ਵਿਚ ਇਕ ਰਾਗੀ ਜਥਾ ਕੀਰਤਨ ਕਰ ਰਿਹਾ ਸੀ, ਜਿਥੇ ਅਖੰਡ ਪਾਠ ਵੀ ਚੱਲ ਰਿਹਾ ਸੀ। ਭਾਈ ਧੂੰਦਾ ਨੇ ਇਸ ਸਮੇਂ ਪ੍ਰਬੰਧਕਾਂ ਦੇ ਧਿਆਨ ਵਿਚ ਲਿਆਂਦਾ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਅਖੰਡ ਪਾਠ ਵੇਲੇ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ। ਇਸ ਕਰਕੇ ਇਥੇ ਕਥਾ ਨਹੀਂ ਹੋ ਸਕਦੀ। ਜਦੋਂ ਸਟੇਜ ਸੈਕਟਰੀ ਨੇ ਭਾਈ ਧੂੰਦਾ ਨੂੰ ਉਸੇ ਹਾਲ ਵਿਚ ਸਟੇਜ 'ਤੇ ਕਥਾ ਕਰਨ ਲਈ ਆਉਣ ਲਈ ਕਿਹਾ ਤਾਂ ਉਨ੍ਹਾਂ ਮਰਿਆਦਾ ਦੇ ਸਵਾਲ 'ਤੇ ਉਸੇ ਹਾਲ ਵਿਚ ਕਥਾ ਕਰਨ ਤੋਂ ਇਨਕਾਰ ਕਰ ਦਿੱਤਾ। ਸਟੇਜ ਸੈਕਟਰੀ ਦੇ ਇਹ ਕਹਿਣ ਕਿ ਭਾਈ ਪਿੰਦਰਪਾਲ ਸਿੰਘ ਵੀ ਕਥਾ ਕਰਨ ਆਉਂਦੇ ਹਨ, ਉਨ੍ਹਾਂ ਨੇ ਤਾਂ ਕਦੇ ਇਸ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਕੀਤਾ, ਭਾਈ ਧੂੰਦਾ ਆਪਣੀ ਗੱਲ 'ਤੇ ਅੜੇ ਰਹੇ। ਇਸ ਪਿਛੋਂ ਪ੍ਰਬੰਧਕਾਂ ਵੱਲੋਂ ਨਾਲ ਦੇ ਕਮਰੇ ਵਿਚ ਕਥਾ ਕਰਾਉਣ ਦਾ ਇੰਤਜ਼ਾਮ ਕਰਨ 'ਤੇ ਹੀ ਭਾਈ ਧੂੰਦਾ ਨੇ ਕਥਾ ਅਰੰਭ ਕੀਤੀ। ਭਾਈ ਧੂੰਦਾ ਨੇ ਕਥਾ ਕਰਦਿਆਂ ਦੱਸਿਆ ਕਿ ਅਖੰਡ ਪਾਠ ਵੇਲੇ, ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।



ਇਸ ਤੋਂ ਪਹਿਲਾਂ ਗੁਰਦੁਆਰਾ ਸਟਾਕਟਨ ਵਿਖੇ ਕਥਾ ਕਰਨ ਲਈ ਕੁਝ ਪ੍ਰਬੰਧਕਾਂ ਵਲੋਂ ਕੁਝ ਸ਼ਰਤਾਂ ਰੱਖੇ ਜਾਣ 'ਤੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਸ਼ਰਤਾਂ ਤਹਿਤ ਉਥੇ ਕਥਾ ਵਿਆਖਿਆ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਅਤੇ ਕਥਾ ਕਰਨ ਨਹੀਂ ਗਏ।

# ਜਲੰਧਰ ਵਿਚੋਂ ਹਰ ਦੂਜੇ ਦਿਨ ਹੁੰਦਾ ਹੈ ਇਕ ਬੰਦਾ ਲਾਪਤਾ

**ਜਲੰਧਰ:** ਲੋਕਾਂ ਲਈ ਜਲੰਧਰ ਸ਼ਹਿਰ ਹੁਣ ਪਹਿਲਾਂ ਵਾਂਗ ਸੁਰੱਖਿਅਤ ਨਹੀਂ ਰਿਹਾ। ਇਥੋਂ ਹਰ ਦੂਜੇ ਦਿਨ ਬਾਅਦ ਇਕ ਵਿਅਕਤੀ ਲਾਪਤਾ ਹੋ ਰਿਹਾ ਹੈ। ਪੁਲਿਸ ਅੰਕੜਿਆਂ 'ਤੇ ਜੇਕਰ ਯਕੀਨ ਕੀਤਾ ਜਾਵੇ ਤਾਂ ਲੰਘੇ ਸਾਲ ਵਿਚ 186 ਜਣੇ ਲਾਪਤਾ ਹੋਏ ਹਨ ਜਿਨ੍ਹਾਂ ਵਿਚੋਂ ਅਜੇ ਵੀ 80 ਜਣਿਆਂ ਦਾ ਕੋਈ ਥਹੁ-ਪਤਾ ਨਹੀਂ ਲੱਗ ਰਿਹਾ। ਇਸ ਮਾਮਲੇ ਵਿਚ ਕੋਈ ਪ੍ਰਗਤੀ ਨਾ ਹੋਣ ਕਾਰਨ ਪੁਲਿਸ ਲਈ ਇਹ ਮਾਮਲਾ ਸਿਰਦਰਦੀ ਬਣਦਾ ਜਾ ਰਿਹਾ ਹੈ। ਪੁਲਿਸ ਸੂਤਰਾਂ ਅਨੁਸਾਰ ਲਾਪਤਾ ਹੋਏ 186 ਜਣਿਆਂ ਵਿਚੋਂ ਪੁਲੀਸ ਨੇ ਨੱਠ-ਭੱਜ ਕਰਕੇ 106 ਜਣਿਆਂ ਨੂੰ ਤਾਂ ਲੱਭ ਲਿਆ ਸੀ ਪਰ 80 ਜਣਿਆਂ ਦੀ ਗੁੰਮਸ਼ੁਦਗੀ ਅਜੇ ਵੀ ਰਹੱਸ ਬਣੀ ਹੋਈ ਹੈ। ਕਮਿਸ਼ਨਰੇਟ ਪੁਲਿਸ ਦੀ ਰਿਪੋਰਟ ਅਨੁਸਾਰ ਪਿਛਲੇ ਸਾਲ 58 ਪੁਰਸ਼ ਤੇ 49 ਔਰਤਾਂ ਲਾਪਤਾ ਹੋਈਆਂ ਸਨ। ਇਨ੍ਹਾਂ ਵਿਚੋਂ 25 ਔਰਤਾਂ ਦਾ ਅਜੇ ਵੀ ਕੋਈ ਥਹੁ-ਪਤਾ ਨਹੀਂ ਲੱਗ ਸਕਿਆ।

ਅੱਲ੍ਹੜ ਉਮਰ ਦੇ ਨੌਜਵਾਨ ਸਭ ਤੋਂ ਵੱਧ ਗੁਆਚੇ ਜਿਨ੍ਹਾਂ ਵਿਚ 38 ਲੜਕੀਆਂ ਤੇ 33 ਲੜਕੇ ਸ਼ਾਮਲ ਹਨ। ਪੁਲਿਸ ਨੇ ਕੋਸ਼ਿਸ਼ ਕਰਕੇ ਇਨ੍ਹਾਂ ਵਿਚੋਂ 27 ਲੜਕੀਆਂ ਤੇ 22 ਲੜਕਿਆਂ ਨੂੰ ਤਾਂ ਲੱਭ ਲਿਆ ਸੀ ਪਰ ਬਾਕੀਆਂ ਦਾ ਅਜੇ ਕੁਝ ਪਤਾ ਨਹੀਂ ਲੱਗਿਆ। ਗੁਆਚਣ ਵਾਲਿਆਂ ਵਿਚ 11 ਬੱਚੇ ਵੀ ਸ਼ਾਮਲ ਹਨ। ਪੁਲਿਸ ਅਧਿਕਾਰੀਆਂ ਨੇ ਗੁਆਚ ਰਹੇ ਬੰਦਿਆਂ ਬਾਰੇ ਦਾਅਵਾ ਕੀਤਾ ਕਿ ਬਹੁਤੀਆਂ ਸ਼ਿਕਾਇਤਾਂ ਝੂਠੀਆਂ ਹੀ ਨਿਕਲਦੀਆਂ ਹਨ। ਜਾਣਕਾਰੀ ਅਨੁਸਾਰ ਕੁਝ ਸਾਲ ਪਹਿਲਾਂ ਸਹੁਰਿਆਂ ਨੇ ਔਰਤ ਦੇ ਗੁੰਮ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਸੀ ਪਰ ਜਦੋਂ ਪੁਲੀਸ ਨੇ ਜਾਂਚ ਕੀਤੀ ਤਾਂ ਇਹ ਮਾਮਲਾ ਕਤਲ ਦਾ ਨਿਕਲਿਆ। ਪੁਲਿਸ ਨੇ ਇਹ ਦਾਅਵਾ ਵੀ ਕੀਤਾ ਕਿ ਲਾਪਤਾ ਹੋਣ ਦੀ ਰਿਪੋਰਟ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਉਸ ਵਿਚ ਕਿਸੇ ਦੀ ਕੋਈ ਡੂੰਘੀ ਸਾਜ਼ਿਸ਼ ਹੀ ਹੋਵੇ। ਦਿਹਾਤੀ ਪੁਲਿਸ ਦੇ ਸੂਤਰਾਂ ਅਨੁਸਾਰ ਪਿਛਲੇ ਸਾਲ ਜੁਲਾਈ ਤੱਕ 35 ਵਿਅਕਤੀਆਂ ਦੇ ਲਾਪਤਾ ਹੋਣ ਦੇ ਮਾਮਲੇ ਦਰਜ ਕੀਤੇ ਗਏ ਸਨ। ਇਨ੍ਹਾਂ ਵਿਚੋਂ ਦੋ ਮਾਮਲੇ ਹੀ ਸੁਲਝਾਏ ਜਾ ਸਕੇ ਸਨ।

# ਪੰਜਾਬ ਵਿਚ ਰੇਤੇ 'ਤੇ ਸਿਆਸਤ ਭਖੀ ਜਨਤਾ ਦੀ ਅੰਨ੍ਹੀ ਲੁੱਟ ਜਾਰੀ ਰਹੇਗੀ

**ਚੰਡੀਗੜ੍ਹ:** ਪੰਜਾਬ ਵਿਚ ਰੇਤੇ ਸਿਆਸਤ ਭਖ ਗਈ ਹੈ। ਪੰਜਾਬ ਸਰਕਾਰ ਵੱਲੋਂ ਰੇਤ ਦੀਆਂ ਖਾਣਾਂ ਦੀ ਨਿਲਾਮੀ ਤੋਂ ਰਿਕਾਰਡ ਕਮਾਈ ਕਰਨ ਦੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ ਕਿਉਂਕਿ ਆਸਮਾਨ ਛੂਹੰਦੀਆਂ ਬੋਲੀਆਂ ਦੇਣ ਵਾਲੇ 22 ਵਿਅਕਤੀਆਂ ਵਿਚੋਂ ਕੇਵਲ ਨੌਂ ਬੋਲੀਕਾਰਾਂ ਵੱਲੋਂ ਹੀ ਬੋਲੀ ਦੀ ਰਕਮ ਜਮ੍ਹਾਂ ਕਰਵਾਈ ਗਈ। ਅਜਿਹੇ ਹਾਲਾਤ ਵਿਚ ਪੰਜਾਬ ਦੇ ਲੋਕਾਂ ਨੂੰ ਨੇੜ ਭਵਿੱਖ ਵਿਚ ਸਸਤਾ ਰੇਤਾ ਬਜਰੀ ਮਿਲਣ ਦੇ ਆਸਾਰ ਇਕ ਵਾਰ ਫਿਰ ਮੱਧਮ ਪੈ ਗਏ ਹਨ।

ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ਼ੰਕਾ ਜ਼ਾਹਿਰ ਕੀਤੀ ਹੈ ਕਿ ਬੋਲੀਕਾਰਾਂ ਵਿਚਕਾਰ ਭਾਰੀ ਅੰਤਰ ਪਾ ਕੇ ਸਾਜ਼ਿਸ਼ ਘੜੀ ਗਈ ਹੈ ਕਿ ਉਚੀ ਬੋਲੀ ਦੇਣ ਤੋਂ ਬਾਅਦ ਬੋਲੀਕਾਰ ਆਪਣੀ ਜਮਾਂ ਰਾਸ਼ੀ ਨੂੰ ਜੁਰਮਾਨੇ ਵਜੋਂ ਜ਼ਬਤ ਕਰਵਾ ਦੇਵੇਗਾ ਤੇ ਇਸ ਤੋਂ ਬਾਅਦ ਦੂਸਰੇ ਬਹੁਤ ਘੱਟ ਬੋਲੀ ਦੇਣ ਵਾਲੇ ਵਿਅਕਤੀ ਨੂੰ ਖਾਣਾਂ ਅਲਾਟ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਹੋਰ ਦੋਸ਼ ਲਾਇਆ ਕਿ ਸਰਕਾਰ ਵਲੋਂ ਕੁਝ ਖਾਣਾਂ ਦੀ ਨੀਲਾਮੀ ਕਰਵਾ ਕੇ ਬਾਕੀ ਦੀਆਂ ਖੱਡਾਂ ਨੂੰ ਵਾਤਾਵਰਣ ਦੀਆਂ ਮਜਬੂਰੀਆਂ ਵਿਚ ਉਲਝਾ ਕੇ ਲੋਕਾਂ ਦੀ ਕਥਿਤ ਤੌਰ 'ਤੇ ਲੁੱਟ ਕਰਨ ਦੀ ਮਨਸ਼ਾ ਹੈ। ਉਨ੍ਹਾਂ ਰੇਤ ਖਾਣਾਂ ਦੀ ਕੀਤੀ ਨਿਲਾਮੀ ਰੱਦ ਕਰਨ ਦੀ ਮੰਗ ਕੀਤੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਇਸ ਵਾਰ ਆਨਲਾਈਨ ਰਾਹੀਂ ਰੇਤੇ ਦੀਆਂ 22 ਖੱਡਾਂ ਦੀ ਬੋਲੀ ਕਰਵਾ ਕੇ 234 ਕਰੋੜ ਰੁਪਏ ਕਮਾਉਣ ਦਾ ਦਾਅਵਾ ਕੀਤਾ ਸੀ। ਉਦਯੋਗ ਤੇ ਵਣਜ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ ਨੇ ਦਾਅਵਾ ਕੀਤਾ ਸੀ ਕਿ ਕੇਵਲ ਚਾਰ ਜ਼ਿਲ੍ਹਿਆਂ ਜਲੰਧਰ, ਮੁਹਾਲੀ, ਕਪੂਰਥਲਾ ਤੇ ਲੁਧਿਆਣਾ ਦੀਆਂ ਖਾਣਾਂ ਲਈ ਰੱਖੀ ਚਾਰ ਕਰੋੜ ਰੁਪਏ ਦੀ ਰਾਖਵੀਂ ਕੀਮਤ ਦੀ ਥਾਂ ਨਿਲਾਮੀ ਰਾਹੀਂ ਸਰਕਾਰ ਨੇ 101 ਕਰੋੜ ਰੁਪਏ ਕਮਾਏ ਹਨ। ਦੂਸਰੇ ਪਾਸੇ ਏਨੀਆਂ ਉੱਚੀਆਂ ਬੋਲੀਆਂ ਦੇਣ ਵਾਲੇ ਬੋਲੀਕਾਰਾਂ ਵਿਚੋਂ ਕੇਵਲ ਨੌਂ ਬੋਲੀਕਾਰਾਂ ਵੱਲੋਂ ਹੀ 14.6 ਕਰੋੜ ਰੁਪਏ ਰਾਸ਼ੀ ਜਮ੍ਹਾਂ ਕਰਵਾਈ ਗਈ ਹੈ।


ਹੁਣ ਸਰਕਾਰ ਜੇ ਦੂਜੇ ਸਭ ਤੋਂ ਵੱਧ ਬੋਲੀ ਦੇਣ ਵਾਲੇ ਵਿਅਕਤੀਆਂ ਨੂੰ ਖਾਣਾਂ ਅਲਾਟ ਕਰਦੀ ਹੈ ਤਾਂ ਇਸ ਨਾਲ ਸਰਕਾਰ ਦੇ ਪੱਲੇ ਕੁਝ ਪੈਂਦਾ ਨਹੀਂ ਜਾਪਦਾ ਜਿਸ ਕਾਰਨ ਸਰਕਾਰ ਕਸੂਤੀ ਫਸ ਗਈ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਹਰਟਾ ਖੱਡ ਦੀ ਸਭ ਤੋਂ ਵੱਧ ਬੋਲੀ ਦੋ ਕਰੋੜ ਰੁਪਏ ਗਈ ਸੀ ਜਦਕਿ ਦੂਜੀ ਸਭ ਤੋਂ ਉਚੀ ਬੋਲੀ ਕੇਵਲ 21 ਲੱਖ ਰੁਪਏ ਗਈ ਹੈ। ਇਸੇ ਤਰ੍ਹਾਂ ਚੰਡਿਆਲਾ ਕਲਾਂ ਦੀ ਖੱਡ ਦੀ ਉਚੀ ਬੋਲੀ 45 ਕਰੋੜ ਰੁਪਏ ਤੇ ਦੂਜੀ ਸਭ ਤੋਂ ਉਚੀ ਬੋਲੀ ਕੇਵਲ 45.15 ਲੱਖ ਰੁਪਏ ਗਈ ਹੈ।

## ਜੇਠਮਲਾਨੀ ਦੀ ਮੁਅੱਤਲੀ ਰੱਦ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਰਾਮ ਜੇਠਮਲਾਨੀ ਨੂੰ ਤਕਰੀਬਨ ਦੋ ਮਹੀਨੇ ਦੀ ਮੁਅੱਤਲੀ ਤੋਂ ਬਾਅਦ ਮੁੜ ਪਾਰਟੀ ਵਿਚ ਸ਼ਾਮਲ ਕਰ ਲਿਆ ਗਿਆ ਹੈ। 81 ਸਾਲਾਂ ਦੇ ਬਜ਼ੁਰਗ ਵਕੀਲ ਤੋਂ ਬਣੇ ਸਿਆਸਤਦਾਨ ਜੇਠਮਲਾਨੀ ਨੂੰ ਬੀਤੀ 26 ਨਵੰਬਰ ਨੂੰ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਦਾ ਅਸਤੀਫ਼ਾ ਮੰਗਣ ਕਾਰਨ ਮੁਅੱਤਲ ਕਰ ਦਿਤਾ ਗਿਆ ਸੀ।

## ਮਾਨ ਦਲ ਤੇ ਸਰਬ ਹਿੰਦ ਅਕਾਲੀ ਦਲ ਦਾ ਰਲੇਵਾਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦਾ ਰਲੇਵਾਂ ਹੋ ਗਿਆ ਹੈ। ਦੋਹਾਂ ਦਲਾਂ ਦੀ ਕਾਰਜਕਾਰਨੀ ਦੀ ਸਾਂਝੀ ਮੀਟਿੰਗ ਫਤਹਿਗੜ੍ਹ ਸਾਹਿਬ ਵਿਚ ਹੋਈ। ਇਸ ਰਲੇਵੇਂ ਪਿਛੋਂ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਰਹਿਣਗੇ। ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਸਵੰਤ ਸਿੰਘ ਮਾਨ ਨੇ ਦੱਸਿਆ ਕਿ ਰਲੇਵੇਂ ਦਾ ਫੈਸਲਾ ਦੋਹਾਂ ਦਲਾਂ ਦੇ ਅਹੁਦੇਦਾਰਾਂ ਦੀ ਸਹਿਮਤੀ ਨਾਲ ਹੋਇਆ ਹੈ ਤੇ ਭਵਿੱਖ ਵਿਚ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਵੱਖਰਾ ਨਹੀਂ ਰਹੇਗਾ।



ਰਲੇਵੇਂ ਤੋਂ ਬਾਅਦ ਨਵੇਂ ਅਹੁਦੇਦਾਰਾਂ ਦੀ ਚੋਣ ਕਰਨ ਤੇ ਹੋਰ ਫੈਸਲੇ ਲੈਣ ਦੇ ਅਧਿਕਾਰ ਸਿਮਰਨਜੀਤ ਸਿੰਘ ਮਾਨ ਤੇ ਜਸਵੰਤ ਸਿੰਘ ਮਾਨ ਨੂੰ ਦੇ ਦਿੱਤੇ ਗਏ ਹਨ। ਦਲ ਵੱਲੋਂ ਮਾਘੀ ਮੇਲੇ ਮੌਕੇ ਮੁਕਤਸਰ ਸਾਹਿਬ ਵਿਖੇ ਕਾਨਫਰੰਸ ਵੀ ਕੀਤੀ ਜਾਵੇਗੀ। ਇਸ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਅਖਤਿਆਰ ਕੀਤੀ ਨੀਤੀ ਦਾ ਐਲਾਨ ਕੀਤਾ ਜਾਵੇਗਾ। ਮੀਟਿੰਗ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਤੀਸਰਾ ਬਦਲ ਖੜ੍ਹਾ ਕਰਨ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿਚ ਧਿਆਨ ਸਿੰਘ ਮੰਡ, ਗੁਰਿੰਦਰਪਾਲ ਸਿੰਘ ਸਨੌਦਾ ਤੇ ਤਾਲਿਬ ਸਿੰਘ ਸੰਧੂ ਸਮੇਤ ਹੋਰ ਕਈਆਂ ਨੇ ਸ਼ਮੂਲੀਅਤ ਕੀਤੀ।

ਸ. ਜਸਵੰਤ ਸਿੰਘ ਮਾਨ ਨੇ ਇਸ ਰਲੇਵੇਂ ਬਾਰੇ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖ ਕੌਮ ਨੂੰ ਦਰਪੇਸ਼ ਧਾਰਮਿਕ, ਸਮਾਜਿਕ, ਇਖ਼ਲਾਕੀ ਤੇ ਸਿਆਸੀ ਮੁਸ਼ਕਲਾਂ ਨੂੰ ਦੂਰ ਕਰਨ ਲਈ ਕੀਤੇ ਜਾ ਰਹੇ ਉਦਮਾਂ ਦੀ ਬਦੌਲਤ ਹੀ ਰਲੇਵੇਂ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਿੱਖ ਕੌਮ ਨਾਲ ਹੋ ਰਹੇ ਜ਼ਬਰ-ਜ਼ੁਲਮ ਨੂੰ ਖ਼ਤਮ ਕਰਵਾਉਣ ਲਈ ਮਾਨ ਦੀ ਅਗਵਾਈ ਵਿਚ ਸਰਗਰਮੀਆਂ ਜਾਰੀ ਰੱਖੀਆਂ ਜਾਣਗੀਆਂ।

## ਕੇਂਦਰੀ ਸਿੱਖ ਅਜਾਇਬ ਘਰ 'ਚ ਲੱਗੇਗੀ ਦੀਵਾਨ ਟੋਡਰ ਮੱਲ ਦੀ ਤਸਵੀਰ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੀਵਾਨ ਟੋਡਰ ਮੱਲ ਦੀ ਤਸਵੀਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਚ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿਚ ਲਿਆ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਗੁਰੂ ਘਰ ਦੇ ਪਰਮ ਸੇਵਕ ਦੀਵਾਨ ਟੋਡਰ ਮੱਲ ਨੇ ਸਰਹਿੰਦ ਦੇ ਸੂਬੇਦਾਰ ਵਜੀਦ ਖਾਂ ਪਾਸੋਂ ਮੋਹਰਾਂ ਵਿਛਾ ਕੇ ਧਰਤੀ ਮੁੱਲ ਖਰੀਦੀ ਤੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਦੀ ਸ਼ਹਾਦਤ ਉਪਰੰਤ ਉਸ ਧਰਤੀ ਉਪਰ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਿੱਥੇ ਅੱਜ ਕੱਲ੍ਹ ਗੁਰਦੁਆਰਾ ਜੋਤੀ ਸਰੂਪ ਹੈ।

## ਸਿੱਖ ਕੈਦੀਆਂ ਲਈ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਜਾਵੇ: ਸੰਤ ਦਾਦੂਵਾਲ



**ਤਲਵੰਡੀ ਸਾਬੋ:** ਧਰਮ ਪ੍ਰਚਾਰਕ ਤੇ ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਮੰਗ ਕੀਤੀ ਹੈ ਕਿ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਲਈ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ 'ਸੁਧਾਰ ਘਰ' ਦੇ ਨਾਂ ਹੇਠ ਬਣੀਆਂ ਜੇਲ੍ਹਾਂ ਵਿਚ ਉਥੇ ਵੱਖ-ਵੱਖ ਮੁਕੱਦਮਿਆਂ ਵਿਚ ਸਜ਼ਾ ਕੱਟ ਰਹੇ ਸਿੱਖ ਕੈਦੀਆਂ ਨੂੰ ਆਪਣੀ ਜ਼ਿੰਦਗੀ ਵਿਚ ਸੁਧਾਰ ਕਰਨ ਦਾ ਹਕੂਮਤਾਂ ਕਿੰਨਾ ਕੁ ਮੌਕਾ ਦਿੰਦੀਆਂ ਹਨ, ਇਸ ਗੱਲ ਦਾ ਅੰਦਾਜ਼ਾ ਕਈ ਮਹੀਨੇ ਪਹਿਲਾਂ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿਚੋਂ 200 ਦੇ ਕਰੀਬ ਸਿੱਖ ਕੈਦੀਆਂ ਦੇ ਦਸਤਖ਼ਤਾਂ ਹੇਠ ਮਿਲੀਆਂ ਚਿੱਠੀਆਂ 'ਤੇ ਅਮਲ ਕਰਦਿਆਂ ਜੇਲ੍ਹ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ ਨੂੰ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਦੇ ਲੈਟਰਪੈਡ ਉਪਰ ਲਿਖ ਕੇ ਅੰਮ੍ਰਿਤ ਛਕਾਉਣ ਦੀ ਮੰਗੀ ਗਈ ਮਨਜ਼ੂਰੀ ਲਈ ਕਿਸੇ ਵੀ ਤਰ੍ਹਾਂ ਦੇ ਸਹਿਯੋਗ ਦੇ ਨਾ ਮਿਲਣ ਦੀ ਗੱਲ ਤੋਂ ਲਾਇਆ ਜਾ ਸਕਦਾ ਹੈ।

ਸੰਤ ਦਾਦੂਵਾਲ ਨੇ ਪੰਜਾਬ ਸਰਕਾਰ ਤੇ ਜੇਲ੍ਹਾਂ ਦੇ ਉੱਚ ਅਧਿਕਾਰੀਆਂ ਨੂੰ ਮੀਡੀਆ ਰਾਹੀਂ ਸੰਬੋਧਨ ਹੁੰਦਿਆਂ ਕਿਹਾ ਕਿ ਹਰੇਕ ਧਰਮ ਦੇ ਸ਼ਰਧਾਲੂਆਂ ਨੂੰ ਆਪਣੇ ਧਰਮ ਵਿਚ ਸ਼ਾਮਲ ਹੋਣ ਦਾ ਹੱਕ ਸੰਵਿਧਾਨ ਬਰਾਬਰ ਦਿੰਦਾ ਹੈ। ਉਨ੍ਹਾਂ ਵੱਲੋਂ ਕਈ ਮਹੀਨੇ ਪਹਿਲਾਂ ਲੁਧਿਆਣਾ ਜੇਲ੍ਹ ਦੇ ਇਨ੍ਹਾਂ ਸਿੱਖ ਕੈਦੀਆਂ ਲਈ ਅੰਮ੍ਰਿਤ ਸੰਚਾਰ ਕਰਵਾਉਣ ਸਬੰਧੀ ਭੇਜੇ ਗਏ ਬੇਨਤੀ-ਪੱਤਰਾਂ 'ਤੇ ਗੌਰ ਕਰਕੇ ਆਗਿਆ ਦਿੱਤੀ ਜਾਵੇ ਨਹੀਂ ਤਾਂ ਹੋਰ ਪੰਥਕ ਜਥੇਬੰਦੀਆਂ ਦੇ ਨਾਲ ਸਲਾਹ ਮਸ਼ਵਰਾ ਕਰਕੇ ਇਸ ਮੰਗ ਦੀ ਪੂਰਤੀ ਲਈ ਜੇਲ੍ਹਾਂ ਅੱਗੇ ਧਰਨੇ ਲਾ ਕੇ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

## ਯਮਲਾ ਜੱਟ ਦੇ ਨਾਂ 'ਤੇ ਮੇਰੀ ਦੂਜੀ ਕੋਈ ਸੰਸਥਾ ਨਹੀਂ-ਰਾਜ ਬਰਾੜ

**ਫਰਿਜ਼ਨੋ :** ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫੰਡ ਕੈਲੀਫੋਰਨੀਆ ਦੇ ਪ੍ਰਧਾਨ ਅਤੇ ਯਮਲਾ ਜੱਟ ਦੇ ਸ਼ਾਗਿਰਦ ਰਾਜਿੰਦਰ (ਰਾਜ) ਸਿੰਘ ਬਰਾੜ ਨੇ ਕਿਹਾ ਹੈ ਕਿ ਮੇਰਾ ਅਤੇ ਇਸ ਸੰਸਥਾ ਦੀ ਸਮੁੱਚੀ ਕਮੇਟੀ ਦਾ ਸਬੰਧ ਕਰੀਬ 12 ਸਾਲ ਤੋਂ ਰਜਿਸਟਰਡ ਇਸ ਇਕੋ ਇਕ ਨਾਨ-ਪ੍ਰਾਫਿਟ ਸੰਸਥਾ ਨਾਲ ਹੈ ਅਤੇ ਉਨ੍ਹਾਂ ਦਾ ਹੋਰ ਕਿਸੇ ਸੰਸਥਾ ਨਾਲ ਕੋਈ ਸਬੰਧ ਨਹੀਂ।



ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਰਾਜ ਬਰਾੜ ਨੇ ਕਿਹਾ ਕਿ ਕੁੱਝ ਦਿਨ ਪਹਿਲਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਫੇਸਬੁੱਕ ਉਤੇ ਕਿਸੇ ਯਮਲਾ ਜੱਟ ਸੰਸਥਾ, ਫਰਿਜ਼ਨੋ ਦੀ ਕਾਫੀ ਚਰਚਾ ਹੈ ਅਤੇ ਇਸ ਦੇ ਪਿਛੋਕੜ ਵਿਚ ਉਨ੍ਹਾਂ ਦਾ ਵੀ ਨਾਂ ਲਿਆ ਜਾ ਰਿਹਾ ਹੈ। ਰਾਜਿੰਦਰ ਬਰਾੜ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਪਿਛਲੇ 12 ਸਾਲਾਂ ਤੋਂ ਉਸਤਾਦ ਯਮਲਾ ਜੱਟ ਦੀ ਯਾਦ ਵਿਚ ਸਫਲ ਮੇਲੇ ਕਰਵਾ ਰਹੀ ਹੈ। ਇਸ ਤੋਂ ਇਲਾਵਾ ਭਾਰਤ, ਕਨੇਡਾ ਅਤੇ ਕੁੱਝ ਹਫਤੇ ਪਹਿਲਾਂ ਉਸਤਾਦ ਜੀ ਦੇ ਇੰਗਲੈਂਡ ਵਿਚ ਹੋਏ ਮੇਲੇ ਵਿਚ ਵੀ ਉਹ ਆਪਣੀ ਹਾਜ਼ਰੀ ਲਵਾ ਕੇ ਆਏ ਹਨ। ਹੁਣ ਫਰਿਜ਼ਨੋ ਇਲਾਕੇ ਵਿਚ 13ਵਾਂ ਮੇਲਾ ਖ਼ੁੱਲੀ ਗਰਾਊਂਡ ਵਿਚ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਵਿਚ ਪਹੁੰਚਣ ਲਈ ਭਾਰਤ ਤੋਂ ਯਮਲਾ ਜੀ ਦੇ ਪੁੱਤਰ ਜਸਦੇਵ ਯਮਲਾ ਤੇ ਕੁੱਝ ਹੋਰ ਪਤਵੰਤੇ ਸੱਜਣਾ ਨੂੰ ਸੱਦਾ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਯਮਲਾ ਜੱਟ ਦੇ ਨਾਂ ਨਾਲ ਨਵੀਂ ਜਨਮੀਂ ਕਿਸੇ ਸੰਸਥਾ ਨਾਲ ਮੇਰਾ ਅਤੇ ਸਾਡੀ ਕਮੇਟੀ ਦਾ ਕੋਈ ਸਬੰਧ ਨਹੀਂ ਹੈ।


# ਮੈਥ ਅਤੇ ਸਾਇੰਸ ਦੀ ਟਿਊਸ਼ਨ

ਐਲੀਮੈਂਟਰੀ, ਮਿਡਲ ਅਤੇ ਹੋਰ ਕਲਾਸਾਂ ਲਈ ਮੈਥ ਅਤੇ ਸਾਇੰਸ ਦੀਆਂ ਕਲਾਸਾਂ ਵਾਸਤੇ ਅਨੁਭਵੀ ਕੈਲੀਫੋਰਨੀਆ ਕਰੀਡੈਂਸ਼ੀਅਲਡ ਟੀਚਰ ਅਤੇ ਹੋਰ ਅਨੁਭਵੀ ਟਿਊਟਰ, ਜੋ ਹੋਮ ਵਰਕ ਕਰਾਉਣ ਵਿਚ ਵੀ ਮਾਹਿਰ ਹਨ।

ਸੰਪਰਕ: http://fremonttutorialhome.weebly.com/

ਫੋਨ: 510-304-1475



# HELP WANTED

**We need a couple for managing & housekeeping a small motel in Tulare county (CA). Must be able to speak English. Good salary, free accommodation.**

ਟੁਲੇਅਰ ਕਾਊਂਟੀ, ਕੈਲੀਫੋਰਨੀਆ ਵਿਚ ਇਕ ਛੋਟੀ ਮੋਟਲ ਸੰਭਾਲਣ ਵਾਸਤੇ ਇਕ ਜੋੜੇ ਦੀ ਲੋੜ ਹੈ ਜੋ ਅੰਗਰੇਜ਼ੀ ਬੋਲਣੀ ਜਾਣਦਾ ਹੋਵੇ। ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼।

*ਸੰਪਰਕ ਕਰੋ: ਅਮਰੀਕ ਭੰਡਾਲ*

ਫੋਨ: 559-380-8888



# ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
# ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577





ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ
ਉਨੇ ਹੀ ਮਿੰਟ ਕੱਟੇ ਜਾਣਗੇ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਦਿੱਲੀ ਗੁਰਦੁਆਰਾ ਚੋਣਾਂ ਸੁਖਬੀਰ ਲਈ ਵੰਗਾਰ

## ਸਰਨਾ ਗੁੱਟ ਨੂੰ ਲਾਂਭੇ ਕਰਨ ਲਈ ਰਣਨੀਤੀ ਉਲੀਕੀ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਗਿਣਵੇਂ ਦਿਨ ਰਹਿਣ ਕਾਰਨ ਅਕਾਲੀ ਦਲ ਬਾਦਲ ਸਰਗਰਮ ਹੋ ਗਿਆ ਹੈ। ਇਹ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਲਈ ਵੱਡੀ ਵੰਗਾਰ ਬਣੀਆਂ ਹੋਈਆਂ ਹਨ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੇ ਫਿਰ ਵਿਧਾਨ ਸਭਾ ਵਿਚ ਫਤਹਿ ਹਾਸਲ ਕਰਕੇ ਆਪਣਾ ਚੰਗਾ ਦਬਦਬਾ ਬਣਾ ਲਿਆ ਹੈ ਪਰ ਦਿੱਲੀ ਵਿਚ ਵਿਚ ਅਜੇ ਬਾਦਲ ਦਲ ਨੂੰ 'ਮਾਨਤਾ' ਨਹੀਂ ਮਿਲੀ।

ਇਸੇ ਕਰਕੇ ਸੁਖਬੀਰ ਸਿੰਘ ਬਾਦਲ ਇਸ ਵਾਰ ਇਨ੍ਹਾਂ ਚੋਣਾਂ ਵਿਚ ਵਿਸ਼ੇਸ਼ ਦਿਲਚਸਪੀ ਵਿਖਾ ਰਹੇ ਹਨ ਤੇ ਇਸ ਬਾਬਤ ਉਨ੍ਹਾਂ ਨੇ ਕਮੇਟੀ 'ਤੇ ਬੀਤੇ ਲੰਬੇ ਸਮੇਂ ਤੋਂ ਕਬਜ਼ ਸਰਨਾ ਗੁੱਟ ਦਾ ਸਫਾਇਆ ਕਰਨ ਲਈ ਵਿਸ਼ੇਸ਼ ਰਣਨੀਤੀ ਬਣਾਈ ਹੈ। ਸੂਤਰਾਂ ਮੁਤਾਬਕ ਪੰਜਾਬ ਵਿਧਾਨ ਸਭਾ ਚੋਣਾਂ ਵਾਂਗ ਪ੍ਰਭਾਵਸ਼ਾਲੀ ਚੋਣ ਪ੍ਰਬੰਧ ਨਾਲ ਇਸ ਵਾਰ ਦਿੱਲੀ ਗੁਰਦੁਆਰਾ ਚੋਣਾਂ ਜਿੱਤਣਾ ਹੀ ਅਕਾਲੀ ਦਲ ਦਾ ਮੁੱਖ ਟੀਚਾ ਬਣਾਇਆ ਹੋਇਆ ਹੈ। ਸੁਖਬੀਰ ਇਹ ਗੱਲ ਵੀ ਮੰਨਦੇ ਹਨ ਕਿ ਜੇਕਰ ਇਸ ਵਾਰ ਮੁੜ ਸਰਨਾ ਦਿੱਲੀ ਕਮੇਟੀ 'ਤੇ ਕਾਬਜ਼ ਹੋ ਗਿਆ ਤਾਂ ਭਵਿੱਖ ਵਿਚ ਉਸ ਨੂੰ ਹਟਾਉਣਾ ਮੁਸ਼ਕਲ ਹੋ ਜਾਵੇਗਾ। ਸੁਖਬੀਰ ਪਿਛਲੇ ਦਿਨੀਂ ਕੋਚੀ ਵਿਚ ਪਰਵਾਸੀ ਭਾਰਤੀ ਸੰਮੇਲਨ ਵਿਚ ਹਿੱਸਾ ਲੈਣ ਤੋਂ ਬਾਅਦ ਸਿੱਧੇ ਦਿੱਲੀ ਵਿਖੇ ਚੋਣ ਮੁਹਿੰਮ ਦੀ ਰਣਨੀਤੀ ਬਣਾਉਣ ਵਿਚ ਜੁਟ ਗਏ ਹਨ।

ਪੰਜਾਬ ਵਿਧਾਨ ਸਭਾ ਵਾਂਗ ਸੁਖਬੀਰ ਨੇ ਸਾਰੇ ਅਕਾਲੀ ਨੇਤਾਵਾਂ ਤੋਂ ਇਲਾਵਾ ਪਾਰਟੀ ਦੇ ਸਾਰੇ ਐਮ.ਪੀਜ਼ ਤੇ ਵਿਧਾਇਕਾਂ ਦੀਆਂ ਜ਼ਿੰਮੇਵਾਰੀਆਂ ਤੈਅ ਕਰ ਦਿੱਤੀਆਂ ਹਨ। ਇਹ ਸੁਖਬੀਰ ਦੀ ਰਣਨੀਤੀ ਦਾ ਹੀ ਨਤੀਜਾ ਹੈ ਕਿ ਬੀਤੇ ਦਿਨੀਂ ਸਰਨਾ ਗੁੱਟ ਦੇ ਕਈ ਮੁੱਖ ਆਗੂ ਜਿਨ੍ਹਾਂ ਵਿਚ ਕਈ ਉਮੀਦਵਾਰ ਵੀ ਸ਼ਾਮਲ ਹਨ, ਅਕਾਲੀ ਦਲ ਬਾਦਲ ਵਿਚ ਸ਼ਾਮਲ ਹੋ ਚੁੱਕੇ ਹਨ। ਦਿੱਲੀ ਗੁਰਦੁਆਰਾ ਚੋਣਾਂ ਵਿਚ ਅਕਾਲੀ ਦਲ ਸਾਰੀਆਂ 46 ਸੀਟਾਂ 'ਤੇ ਚੋਣ ਲੜ ਰਿਹਾ ਹੈ। ਸਾਰੀਆਂ ਸੀਟਾਂ 'ਤੇ ਸਿੱਧਾ ਮੁਕਾਬਲਾ ਸਰਨਾ ਗੁੱਟ ਨਾਲ ਹੀ ਹੈ।

ਇਸ ਵਾਰ ਕੇਂਦਰੀ ਸਿੰਘ ਸਭਾ ਨੇ ਵੀ 17 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਹਨ। ਇਸ ਤੋਂ ਇਲਾਵਾ ਅਕਾਲੀ ਦਲ ਯੂ. ਦੇ ਦਿੱਲੀ ਤੇ ਦਸਮੇਸ਼ ਸੁਸਾਇਟੀ ਵੀ 22 ਸੀਟਾਂ 'ਤੇ ਚੋਣ ਲੜ ਰਹੀ ਹੈ। ਵੋਟਾਂ ਵੰਡੇ ਜਾਣ ਦਾ ਲਾਭ ਅਕਾਲੀ ਦਲ ਬਾਦਲ ਨੂੰ ਹੀ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੀ ਮੋਗਾ ਵਿਧਾਨ ਸਭਾ ਲਈ ਜ਼ਿਮਨੀ ਚੋਣ ਦਾ ਵੀ ਐਲਾਨ ਹੋ ਚੁੱਕਾ ਹੈ। ਇਸ ਲਈ ਵੋਟਾਂ 23 ਫਰਵਰੀ ਨੂੰ ਪੈਣੀਆਂ ਹਨ। ਜੇਕਰ ਅਕਾਲੀ ਦਲ ਦਿੱਲੀ ਗੁਰਦੁਆਰਾ ਚੋਣਾਂ ਵਿਚ ਜੇਤੂ ਰਹਿੰਦਾ ਹੈ ਤਾਂ ਇਸ ਦਾ ਸਿੱਧਾ ਅਸਰ ਮੋਗਾ ਦੇ ਚੋਣ ਨਤੀਜਿਆਂ 'ਤੇ ਪਵੇਗਾ। ਇਸ ਲਈ ਅਗਲੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਅਕਾਲੀ ਦਲ ਦੀ ਸ਼ਕਤੀ ਨੂੰ ਹਰ ਪੱਖ ਤੋਂ ਮਜ਼ਬੂਤ ਕਰਨ ਦੀ ਰਣਨੀਤੀ 'ਤੇ ਚੱਲ ਰਹੇ ਹਨ ਤੇ ਦਿੱਲੀ ਚੋਣਾਂ ਉਨ੍ਹਾਂ ਦਾ ਇਕ ਸਖ਼ਤ ਟੈਸਟ ਮੰਨਿਆ ਜਾ ਰਿਹਾ ਹੈ।

# ਦਿੱਲੀ ਗੁਰਦੁਆਰਾ ਚੋਣਾਂ ਦਾ ਮੈਦਾਨ ਭਖਿਆ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦਾ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। ਦੋਵੇਂ ਮੁੱਖ ਵਿਰੋਧੀ ਧਿਰਾਂ ਸ਼੍ਰੋਮਣੀ ਅਕਾਲੀ ਦਲ (ਬ) ਤੇ ਦਿੱਲੀ ਅਕਾਲੀ ਦਲ ਨੇ ਸਿੱਖ ਕੌਮ ਦੀ ਬਿਹਤਰੀ ਲਈ ਕੀਤੇ ਉਪਰਾਲੇ ਗਿਣਾਉਣੇ ਸ਼ੁਰੂ ਕਰ ਦਿੱਤੇ ਹਨ। ਦੋਵਾਂ ਧਿਰਾਂ ਵੱਲੋਂ ਇਸ ਵਾਰ ਗੁਰਦੁਆਰਿਆਂ ਦੇ ਚੰਗੇ ਪ੍ਰਬੰਧ ਦੇਣ ਦਾ ਭਰੋਸਾ ਤੇ ਇਕ ਦੂਜੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਦੇ ਮੁੱਦੇ ਉਭਾਰੇ ਜਾ ਰਹੇ ਹਨ।

**ਦੋਵਾਂ ਧਿਰਾਂ ਵੱਲੋਂ ਦੂਸ਼ਣਬਾਜ਼ੀ ਦਾ ਦੌਰ ਜਾਰੀ**

ਚੋਣ ਪ੍ਰਚਾਰ ਦੌਰਾਨ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਦਿੱਲੀ ਕਮੇਟੀ ਤੇ ਸ਼੍ਰੋਮਣੀ ਕਮੇਟੀ ਦੀ ਤੁਲਨਾ ਕੀਤੀ ਜਾ ਰਹੀ ਹੈ। ਉਹ ਦਾਅਵਾ ਕਰ ਰਹੇ ਹਨ ਕਿ ਦਿੱਲੀ ਅਕਾਲੀ ਦਲ ਵੱਲੋਂ ਗੁਰਦੁਆਰਿਆਂ ਦੇ ਪ੍ਰਬੰਧ ਬਿਹਤਰ ਬਣਾਏ ਗਏ ਹਨ ਜਦਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਚੱਲ ਰਹੀ ਸ਼੍ਰੋਮਣੀ ਕਮੇਟੀ ਬਿਹਤਰ ਪ੍ਰਬੰਧ ਦੇਣ ਵਿਚ ਅਸਫ਼ਲ ਸਾਬਤ ਹੋਈ ਹੈ। ਸ. ਸਰਨਾ ਦਾ ਕਹਿਣਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਛੱਡ ਕੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਥਿਤੀ ਠੀਕ ਨਹੀਂ ਹੈ ਜਦਕਿ ਦਿੱਲੀ ਦੇ ਸਮੂਹ ਇਤਿਹਾਸਕ ਗੁਰਦੁਆਰਿਆਂ ਦੀ ਸਥਿਤੀ ਬਿਹਤਰ ਹੈ। ਇਸੇ ਤਰ੍ਹਾਂ ਦਿੱਲੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੀਆਂ ਵਿਦਿਅਕ ਸੰਸਥਾਵਾਂ ਦੀ ਸਥਿਤੀ ਵੀ ਬਿਹਤਰ ਹੈ ਤੇ ਉਥੇ ਵਧੇਰੇ ਵਿਕਾਸ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਈ ਵਾਰ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਨੂੰ ਅਣਦੇਖਿਆ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਕਮੇਟੀ ਨੇ ਦੇਸ਼ ਵਿਦੇਸ਼ ਦੇ ਸਿੱਖ ਮਸਲਿਆਂ ਨੂੰ ਕੌਮਾਂਤਰੀ ਪੱਧਰ 'ਤੇ ਉਭਾਰਨ ਦਾ ਯਤਨ ਕੀਤਾ ਹੈ ਤੇ ਇਹ ਮਸਲੇ ਹੱਲ ਵੀ ਕਰਵਾਏ ਹਨ।

ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸੱਤਾ ਦੌਰਾਨ ਪੰਜਾਬ ਵਿਚ ਸਿੱਖੀ ਨਿਘਾਰ ਵੱਲ ਗਈ ਹੈ। ਰਾਜ ਵਿਚ ਨਸ਼ਿਆਂ ਤੇ ਪਤਿਤਪੁਣੇ ਦਾ ਰੁਝਾਨ ਵਧਿਆ ਹੈ। ਸ਼੍ਰੋਮਣੀ ਕਮੇਟੀ ਇਸਨੂੰ ਰੋਕਣ ਵਿਚ ਅਸਫ਼ਲ ਰਹੀ ਹੈ। ਸ. ਸਰਨਾ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੀ ਸਾਖ ਮਜ਼ਬੂਤ ਕਰਨ ਲਈ ਚੋਣਾਂ ਵਿਚ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਤੇ ਪੈਸੇ ਦੇ ਬਲਬੂਤੇ ਆਗੂ ਖਰੀਦੇ ਜਾ ਰਹੇ ਹਨ। ਇਸ ਦੇ ਬਾਵਜੂਦ ਦਿੱਲੀ ਅਕਾਲੀ ਦਲ ਦੀ ਸਥਿਤੀ ਮਜ਼ਬੂਤ ਹੈ ਤੇ ਉਹ ਜਿੱਤ ਪ੍ਰਾਪਤ ਕਰਨਗੇ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਸਰਨਾ 'ਤੇ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਅਕਾਲੀ ਦਲ ਦਾ ਕਹਿਣਾ ਹੈ ਕਿ ਦਿੱਲੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਪੁਰਬ ਨਹੀਂ ਮਨਾਏ ਜਾ ਰਹੇ। ਦਿੱਲੀ ਕਮੇਟੀ 'ਤੇ ਗੁਰਧਾਮਾਂ ਦੀ ਜਾਇਦਾਦ ਖੁਰਦ ਬੁਰਦ ਕਰਨ ਦਾ ਵੀ ਦੋਸ਼ ਲਾਇਆ ਜਾ ਰਿਹਾ ਹੈ ਜਿਸ ਤਹਿਤ ਉਹ ਗੁਰਦੁਆਰਾ ਬਾਲਾ ਸਾਹਿਬ ਨਾਲ ਸਬੰਧਤ ਜਾਇਦਾਦ ਦਾ ਮਾਮਲਾ ਸੰਗਤ ਸਾਹਮਣੇ ਰੱਖ ਰਹੇ ਹਨ। ਇਸ ਤੋਂ ਇਲਾਵਾ ਦਿੱਲੀ ਕਮੇਟੀ ਵਿਚ ਭ੍ਰਿਸ਼ਟਾਚਾਰ ਹੋਣ ਦੇ ਦੋਸ਼ ਵੀ ਲਾਏ ਜਾ ਰਹੇ ਹਨ।

# ਪਾਕਿਸਤਾਨ ਵਿਚ ਸਿੱਖ ਦਾ ਸਿਰ ਕਲਮ ਕਰਨ 'ਤੇ ਵਿਆਪਕ ਰੋਸ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪਾਕਿਸਤਾਨ ਵਿਚ ਪਿੰਡ ਤੰਬੀ ਦੇ ਵਸਨੀਕ ਮਹਿੰਦਰ ਸਿੰਘ ਨੂੰ ਉਸ ਦੀ ਦਵਾਈਆਂ ਦੀ ਦੁਕਾਨ ਤੋਂ ਅਗਵਾ ਕਰਕੇ ਉਸ ਦਾ ਸਿਰ ਧੜ ਨਾਲੋਂ ਵੱਖ ਕਰ ਦੇਣ ਦੀ ਵਹਿਸ਼ੀਆਨਾ ਕਾਰਵਾਈ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਪਾਕਿਸਤਾਨ ਸਰਕਾਰ ਨੂੰ ਕਿਹਾ ਹੈ ਕਿ ਘੱਟ ਗਿਣਤੀ ਸਿੱਖਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤੇ ਪੀੜਤ ਪਰਿਵਾਰ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।

ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਵਿਚ ਜੰਮਪਲ ਕੋਈ ਵੀ ਵਿਅਕਤੀ ਕਿਸੇ ਦਾ ਬੁਰਾ ਨਹੀਂ ਮੰਗ ਸਕਦਾ। ਮਹਿੰਦਰ ਸਿੰਘ ਨੂੰ ਕਾਤਲਾਂ ਨੇ ਜਿਸ ਤਰ੍ਹਾਂ ਬੇਰਹਿਮੀ ਨਾਲ ਕਤਲ ਕੀਤਾ ਹੈ, ਉਸ ਤੋਂ ਸਿੱਧ ਹੈ ਕਿ ਪ੍ਰਮਾਤਮਾ ਵੱਲੋਂ ਬਖਸ਼ਿਸ਼ ਇਸ ਮਾਨਸ ਦੇਹ ਬਾਰੇ ਬੰਦੂਕਧਾਰੀਆਂ ਨੂੰ ਕੋਈ ਸਮਝ ਨਹੀਂ। ਉਨ੍ਹਾਂ ਕਿਹਾ ਕਿ ਅਤਿਵਾਦ ਦਾ ਕੋਈ ਧਰਮ ਨਹੀਂ ਹੁੰਦਾ, ਉਨ੍ਹਾਂ ਦੇ ਸਿਰ 'ਤੇ ਸਿਰਫ਼ ਖੂਨ ਹੀ ਸਵਾਰ ਹੁੰਦਾ ਹੈ। ਇਸ ਘਿਨਾਉਣੀ ਹਰਕਤ ਦੀ ਵੱਧ ਤੋਂ ਵੱਧ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਵਸਦਾ ਸਿੱਖ ਭਾਈਚਾਰਾ ਸਖ਼ਤ ਮਿਹਨਤ ਕਰਕੇ ਜਿਥੇ ਆਪਣੇ ਪਰਿਵਾਰਾਂ ਦੀ ਰੋਜ਼ੀ-ਰੋਟੀ ਚਲਾ ਰਿਹਾ ਹੈ, ਉਥੇ ਪਾਕਿਸਤਾਨ ਦੀ ਤਰੱਕੀ ਤੇ ਖੁਸ਼ਹਾਲੀ 'ਚ ਵੀ ਅਹਿਮ ਯੋਗਦਾਨ ਪਾ ਰਿਹਾ ਹੈ। ਪਾਕਿਸਤਾਨ ਸਰਕਾਰ ਨੂੰ ਚਾਹੀਦਾ ਹੈ ਕਿ ਸਿੱਖਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕੇ ਜਾਣ।

# ਅਮਰੀਕੀ ਸਿੱਖ ਜਥੇਬੰਦੀ ਵੱਲੋਂ ਸੁਰੱਖਿਆ ਦੀ ਮੰਗ

**ਵਾਸ਼ਿੰਗਟਨ:** ਪਾਕਿਸਤਾਨ ਵਿਚ ਘੱਟ ਗਿਣਤੀਆਂ ਨਾਲ ਵਧੀਕੀਆਂ ਦੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕਰਕੇ ਹੋਏ ਅਮਰੀਕਾ ਵਿਚ ਵਸਦੇ ਸਿੱਖ ਭਾਈਚਾਰੇ ਨੇ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਅਮਰੀਕੀ ਸਿੱਖਾਂ ਨੇ ਪਿਛਲੇ ਦਿਨ ਕੈਨੇਡੀਅਨ ਮੂਲ ਦੀ ਪੰਜਾਬਣ ਰਾਜਵਿੰਦਰ ਕੌਰ ਗਿੱਲ ਤੇ ਹੁਣ ਪਾਕਿਸਤਾਨੀ ਨਾਗਰਿਕ ਮਹਿੰਦਰ ਸਿੰਘ ਦੀ ਹੱਤਿਆ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਸਿੱਖਾਂ ਦੇ ਹਿੱਤਾਂ ਦੀ ਤਰਜਮਾਨੀ ਕਰਦੇ ਅਮਰੀਕੀ ਸਿੱਖਾਂ ਦੀ ਜਥੇਬੰਦੀ ਯੂਨਾਈਟਡ ਸਿੱਖਜ਼ ਨੇ ਮੰਗ ਕੀਤੀ ਹੈ ਕਿ ਪਾਕਿਸਤਾਨ ਸਰਕਾਰ ਦੇਸ਼ ਵਿਚ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਏ ਤੇ ਮ੍ਰਿਤਕਾਂ ਦੇ ਪਰਿਵਾਰਾਂ ਦੀ ਆਰਥਿਕ ਸਹਾਇਤਾ ਕਰੇ। ਜਥੇਬੰਦੀ ਨੇ ਪਰਿਵਾਰ ਲਈ ਲੋਕਾਂ ਨੂੰ ਆਰਥਿਕ ਸਹਾਇਤਾ ਦੇਣ ਦੀ ਵੀ ਅਪੀਲ ਕੀਤੀ ਹੈ।

# ਲੈਫਟੀਨੈਂਟ ਜਨਰਲ ਨੂੰ ਪਿਆ ਪੁੱਠਾ ਗੇੜ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਫੌਜ ਦੇ ਇਕ ਅਫਸਰ ਦੀ ਤਰੱਕੀ ਰੱਦ ਕਰਕੇ ਲੈਫਟੀਨੈਂਟ ਜਨਰਲ ਦੀ ਤਰੱਕੀ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਉਸ ਨੂੰ ਮੁੜ ਬ੍ਰਿਗੇਡੀਅਰ ਬਣਾ ਦਿੱਤਾ ਹੈ। ਜਸਟਿਸ ਗੀਤਾ ਮਿੱਤਲ ਤੇ ਜੇ.ਆਰ. ਮੀਧਾ ਦੇ ਆਧਾਰਤ ਬੈਂਚ ਨੇ 1974 ਬੈਚ ਦੇ ਅਫਸਰ ਲੈਫਟੀਨੈਂਟ ਜਨਰਲ ਐਸ. ਐਸ. ਠੁਕਰਾਲ ਨੂੰ 2009 ਤੇ 2011 ਵਿਚ ਮਿਲੀਆਂ ਦੋ ਤਰੱਕੀਆਂ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ।

ਅਦਾਲਤ ਨੇ ਕਿਹਾ ਹੈ ਕਿ ਸਟਾਫ ਸਿਲੈਕਸ਼ਨ ਬੋਰਡ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ ਤੇ ਤੈਅ ਪ੍ਰਕਿਰਿਆ ਨੂੰ ਲਾਂਭੇ ਰੱਖਦਿਆਂ ਫੌਜੀ ਅਫਸਰ ਨੂੰ ਤਰੱਕੀਆਂ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ 2009 ਵਿਚ ਇਸ ਫੌਜੀ ਅਧਿਕਾਰੀ ਨੂੰ ਮੇਜਰ ਜਨਰਲ ਬਣਾ ਦਿੱਤਾ ਗਿਆ ਸੀ ਤੇ ਉਸ ਤੋਂ ਬਾਅਦ 2011 ਵਿਚ ਲੈਫਟੀਨੈਂਟ ਜਨਰਲ ਬਣਾ ਦਿੱਤਾ ਗਿਆ ਸੀ। ਹੁਣ ਅਦਾਲਤ ਦੇ ਇਕ ਝਟਕੇ ਨਾਲ ਉਹ ਫਿਰ ਬ੍ਰਿਗੇਡੀਅਰ ਬਣ ਗਿਆ ਹੈ। ਅਦਾਲਤ ਨੇ ਸਖ਼ਤ ਲਹਿਜੇ ਵਿਚ ਕਿਹਾ ਕਿ ਇਨ੍ਹਾਂ ਤਰੱਕੀਆਂ ਵੇਲੇ ਤੈਅ ਪ੍ਰਕਿਰਿਆ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ।

ਇਸ ਲਈ ਸਟਾਫ ਸਿਲੈਕਸ਼ਨ ਬੋਰਡ ਦੇ 12 ਅਗਸਤ, 2009 ਤੇ 18 ਅਗਸਤ, 2011 ਨੂੰ ਤਰੱਕੀਆਂ ਬਾਰੇ ਲਏ ਗਏ ਫੈਸਲੇ ਰੱਦ ਕੀਤੇ ਜਾਂਦੇ ਹਨ। ਅਦਾਲਤ ਨੇ ਇਹ ਫੈਸਲਾ 1976 ਬੈਚ ਦੇ ਫੌਜੀ ਅਧਿਕਾਰੀ ਮੇਜਰ ਜਨਰਲ ਸ੍ਰੀਕਾਂਤ ਸ਼ਰਮਾ ਦੀ ਪਟੀਸ਼ਨ 'ਤੇ ਸੁਣਾਇਆ ਹੈ। ਮੇਜਰ ਜਨਰਲ ਸ਼ਰਮਾ ਨੇ ਦੋਸ਼ ਲਾਇਆ ਸੀ ਕਿ ਤਰੱਕੀਆਂ ਵੇਲੇ ਸਿਲੈਕਸ਼ਨ ਬੋਰਡ ਨੇ ਪੱਖਪਾਤ ਕੀਤਾ ਹੈ। ਮੇਜਰ ਜਨਰਲ ਸ਼ਰਮਾ ਦਾ ਕਹਿਣਾ ਹੈ ਕਿ ਠੁਕਰਾਲ ਦੀਆਂ ਤਰੱਕੀਆਂ ਨਾਲ ਉਹ ਪ੍ਰਭਾਵਿਤ ਹੋਇਆ ਹੈ।

# ਚੌਵੀ ਵਰ੍ਹਿਆਂ ਬਾਅਦ ਵੀ ਨਹੀਂ ਮਿਲਿਆ ਜੰਮੂ ਦੇ ਸਿੱਖਾਂ ਨੂੰ ਇਨਸਾਫ

## ਰਿਪੋਰਟ ਆਉਣ 'ਤੇ ਵੀ ਸਰਕਾਰ ਕਾਰਵਾਈ ਤੋਂ ਭੱਜੀ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੂਬੇ ਵਿਚ 24 ਸਾਲ ਪਹਿਲਾਂ ਭੜਕੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤ ਅੱਜ ਵੀ ਇਨਸਾਫ਼ ਦੀ ਉਡੀਕ ਵਿਚ ਹਨ। ਇਥੋਂ ਤੱਕ ਕੇ ਜੰਮੂ-ਕਸ਼ਮੀਰ ਸਰਕਾਰ ਨੇ ਜਾਂਚ ਕਮਿਸ਼ਨ ਦੀ ਰਿਪੋਰਟ ਆਉਣ ਤੋਂ ਬਾਅਦ ਵੀ ਮੁਲਜ਼ਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਦੰਗਿਆਂ ਵਿਚ 14 ਸਿੱਖ ਮਾਰੇ ਗਏ ਸਨ ਜਿਨ੍ਹਾਂ ਵਿਚ ਦੋ ਵਿਅਕਤੀ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਏ ਸਨ। ਇਨ੍ਹਾਂ ਦੰਗਿਆਂ ਵਿਚ ਬੱਚਿਆਂ ਤੇ ਬਜ਼ੁਰਗਾਂ ਸਮੇਤ 150 ਤੋਂ ਵੱਧ ਸਿੱਖ ਜ਼ਖ਼ਮੀ ਹੋਏ ਸਨ। ਜੰਮੂ ਵਿਖੇ 13 ਜਨਵਰੀ 1989 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਵਸ ਮੌਕੇ ਸਜਾਏ ਗਏ ਨਗਰ ਕੀਰਤਨ 'ਤੇ ਇਕ ਫਿਰਕੇ ਵੱਲੋਂ ਹਮਲਾ ਕੀਤਾ ਗਿਆ ਸੀ।

ਇਸ ਦੀ ਜਾਂਚ ਲਈ ਰਾਜ ਸਰਕਾਰ ਨੇ ਜਸਟਿਸ ਐਮ.ਐਮ ਅੰਸਾਰੀ ਕਮਿਸ਼ਨ ਸਥਾਪਤ ਕੀਤਾ ਸੀ। ਉਨ੍ਹਾਂ ਨੇ ਆਪਣੀ 250 ਸਫਿਆਂ ਦੀ ਰਿਪੋਰਟ 1990 ਵਿਚ ਸਰਕਾਰ ਨੂੰ ਦੇ ਦਿੱਤੀ ਸੀ ਜਿਸ ਵਿਚ ਸਾਫ ਕਿਹਾ ਗਿਆ ਸੀ ਕਿ ਪੁਲਿਸ ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ ਸਿੱਖ ਭਾਈਚਾਰੇ 'ਤੇ ਹਮਲੇ ਹੋਏ ਹਨ।ਕਮਿਸ਼ਨ ਸਥਾਪਤ ਹੋਣ ਪਿੱਛੋਂ ਦੰਗਾ ਪੀੜਤਾਂ ਨੂੰ ਇਨਸਾਫ ਦੀ ਉਮੀਦ ਸੀ ਪਰ ਸਰਕਾਰ ਨੇ ਅੱਜ ਤੱਕ ਇਸ 'ਅੰਸਾਰੀ ਕਮਿਸ਼ਨ' ਦੀ ਰਿਪੋਰਟ ਨੂੰ ਨਸ਼ਰ ਹੀ ਨਹੀਂ ਕੀਤਾ। ਇਸ ਕਾਰਨ ਪੀੜਤ ਪਰਿਵਾਰ ਅੱਜ ਵੀ ਇਨਸਾਫ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ।

ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋਏ ਗੁਰਦੀਪ ਸਿੰਘ ਦੇ ਭਰਾ ਦਲਬੀਰ ਸਿੰਘ ਮੁਤਾਬਕ ਉਸ ਦਾ ਭਰਾ ਨਗਰ ਕੀਰਤਨ ਵਿਚ ਸ਼ਾਮਲ ਵੀ ਨਹੀਂ ਸੀ, ਉਹ ਤਾਂ ਗੁਰਦੁਆਰਾ ਨਾਨਕ ਨਗਰ ਕੋਲ ਇਕ ਬੱਸ ਵਿਚ ਫਸੇ ਬੱਚਿਆਂ ਨੂੰ ਬਚਾਉਣ ਲਈ ਗਿਆ ਸੀ ਪਰ ਫੇਰ ਵੀ ਪੁਲਿਸ ਨੇ ਉਸ ਦੇ ਸਿਰ ਵਿਚ ਗੋਲੀ ਮਾਰ ਦਿੱਤੀ ਤੇ ਦੋਸ਼ੀ ਪੁਲਿਸ ਕਰਮੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ, ਨਾ ਹੀ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਗੁਰਦੀਪ ਸਿੰਘ ਦੀ ਮੌਤ ਬਾਰੇ ਕੋਈ ਪ੍ਰਮਾਣ ਪੱਤਰ ਦਿੱਤਾ ਹੈ ਪਰ ਅੱਜ ਵੀ ਉਸ ਨੇ ਆਪਣੇ ਭਰਾ ਦੀ ਖੂਨ ਨਾਲ ਭਿੱਜੀ ਪੱਗ ਸਾਂਭ ਕੇ ਰੱਖੀ ਹੈ।

ਇਸ ਬਾਰੇ ਵੱਖ-ਵੱਖ ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਨੇ ਕਦੇ ਵੀ ਸਿੱਖਾਂ ਨਾਲ ਇਨਸਾਫ ਨਹੀਂ ਕੀਤਾ ਭਾਵੇਂ 1984 ਵਿਚ ਜ਼ਿਲ੍ਹਾ ਰਿਆਸੀ ਦੇ ਪਿੰਡ ਤਲਵਾੜਾ ਦੇ 17 ਸਿੱਖ ਸ਼ਹੀਦ ਹੋਣ, 1989 ਦੇ ਜੰਮੂ ਦੇ 14 ਸ਼ਹੀਦ ਜਾਂ ਫੇਰ ਚਿੱਠੀਸਿੰਘਪੁਰਾ ਦੇ 35 ਸਿੱਖ ਹੋਣ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਇਨ੍ਹਾਂ ਘਟਨਾਵਾਂ ਦੀ ਜਾਂਚ ਕਦੇ ਵੀ ਸੂਬਾ ਸਰਕਾਰ ਵੱਲੋਂ ਨਹੀਂ ਕਰਵਾਈ ਗਈ ਤੇ ਜਿਹੜੀ ਜਾਂਚ 1989 ਦੇ ਜੰਮੂ ਦੰਗਿਆਂ ਦੀ ਅੰਸਾਰੀ ਕਮਿਸ਼ਨ ਵੱਲੋਂ ਹੋਈ ਵੀ ਹੈ, ਉਸ ਨੂੰ ਵੀ ਜਾਰੀ ਨਹੀਂ ਕੀਤਾ ਗਿਆ।

# ਸ਼੍ਰੋਮਣੀ ਕਮੇਟੀ ਕਰੇਗੀ ਫ਼ਿਲਮਾਂ ਰਾਹੀਂ ਧਰਮ ਦਾ ਪ੍ਰਚਾਰ

**ਅੰਮ੍ਰਿਤਸਰ:** ਸਿੱਖ ਨੌਜਵਾਨਾਂ ਵਿਚ ਵਧ ਰਹੇ ਪਤਿਤਪੁਣੇ ਨੂੰ ਰੋਕਣ ਤੇ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਨੀਮੇਸ਼ਨ ਧਾਰਮਿਕ ਫ਼ਿਲਮਾਂ ਤਿਆਰ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਇਸ ਕਾਰਜ ਲਈ ਸਬ-ਕਮੇਟੀ ਗਠਿਤ ਕੀਤੀ ਹੈ। ਇਸ ਕਮੇਟੀ ਦੇ ਕੋਆਰਡੀਨੇਟਰ ਅੰਗਰੇਜ਼ ਸਿੰਘ ਹੋਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਨੂੰ ਮੁੱਖ ਰੱਖਦਿਆਂ ਨਸ਼ਿਆਂ ਤੇ ਪਤਿਤਪੁਣੇ ਦੇ ਕੋਹੜ ਨੂੰ ਦੂਰ ਕਰਨ ਲਈ ਬਾਣੀ ਤੇ ਬਾਣੇ ਦੀ ਮਹੱਤਤਾ, ਦਸਤਾਰ ਦੀ ਲੋੜ ਤੇ ਕੇਸਾਂ ਦੀ ਮਹਾਨਤਾ ਨੂੰ ਦਰਸਾਉਂਦੀਆਂ ਐਨੀਮੇਸ਼ਨ ਧਾਰਮਿਕ ਫ਼ਿਲਮਾਂ ਧਰਮ ਪ੍ਰਚਾਰ ਕਮੇਟੀ ਰਾਹੀਂ ਤਿਆਰ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸਿੱਖੀ ਨੂੰ ਹੁਲਾਰਾ ਦੇਣ ਲਈ ਧਰਮ ਪ੍ਰਚਾਰ ਕਮੇਟੀ ਦੇ ਸਮੂਹ ਪ੍ਰਚਾਰਕ ਪਿੰਡ ਪੱਧਰ ਤੱਕ ਪਹੁੰਚ ਕਰਕੇ ਸਕੂਲਾਂ ਵਿਚ ਨੌਜਵਾਨਾਂ ਨੂੰ ਦਸਤਾਰ ਦੀ ਮਹਾਨਤਾ ਬਾਰੇ ਦੱਸ ਰਹੇ ਹਨ ਤੇ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਜਾ ਰਹੇ ਹਨ ਤੇ ਜਿਹੜੇ ਵਿਦਿਆਰਥੀ ਤੇ ਸਕੂਲ ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈ ਰਹੇ ਹਨ, ਉਨ੍ਹਾਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਨਮਾਨਤ ਕੀਤਾ ਜਾ ਰਿਹਾ ਹੈ।

# ਏਐਸਪੀ ਨੂੰ ਮਹਿੰਗਾ ਪਿਆ ਸ਼੍ਰੋਮਣੀ ਕਮੇਟੀ ਮੈਂਬਰ ਨਾਲ ਪੰਗਾ

**ਬਠਿੰਡਾ:** ਸ਼੍ਰੋਮਣੀ ਕਮੇਟੀ ਮੈਂਬਰ ਦੇ ਬੇਟੇ ਪ੍ਰਭਜੋਤ ਸਿੰਘ ਦੀ ਗ੍ਰਿਫ਼ਤਾਰੀ ਬਠਿੰਡਾ ਦੇ ਏਐਸਪੀ ਕੇਤਿਨ ਪਾਟਿਲ ਨੂੰ ਬੇਹੱਦ ਮਹਿੰਗੀ ਪਈ ਹੈ। ਪੰਜਾਬ ਸਰਕਾਰ ਨੇ ਉਨ੍ਹਾਂ ਦਾ ਤਬਾਦਲਾ ਅੰਮ੍ਰਿਤਸਰ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਇਸ ਤਬਾਦਲੇ ਨੂੰ ਆਪਣੀ ਜਿੱਤ ਮੰਨ ਰਹੀ ਹੈ ਤੇ ਹੁਣ ਐਸਐਸਪੀ ਨੂੰ ਵੀ ਸਬਕ ਸਿਖਾਉਣਾ ਚਹੁੰਦੇ ਹਨ।



ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਹੀਆ ਦੇ ਲੜਕੇ ਪ੍ਰਭਜੋਤ ਸਿੰਘ ਤੇ ਸਾਥੀਆਂ ਵੱਲੋਂ ਪੁਲਿਸ ਮੁਲਾਜ਼ਮਾਂ ਨਾਲ ਹੱਥੋਪਾਈ ਕੀਤੀ ਗਈ ਸੀ ਜਿਸ ਸਬੰਧੀ ਬਠਿੰਡਾ ਪੁਲਿਸ ਨੇ ਕੇਸ ਦਰਜ ਕਰਕੇ ਪ੍ਰਭਜੋਤ ਤੇ ਉਸ ਦੇ ਸਾਥੀਆਂ ਦੀ ਕੁੱਟਮਾਰ ਕੀਤੀ ਸੀ। ਇਸ ਮਾਮਲੇ 'ਤੇ ਅਕਾਲੀ ਆਗੂ ਇਕਜੁੱਟ ਹੋ ਗਏ ਸਨ ਤੇ ਪੁਲਿਸ ਖ਼ਿਲਾਫ਼ ਝੰਡਾ ਚੁੱਕ ਲਿਆ ਸੀ। ਇਸੇ ਦੌਰਾਨ ਬਠਿੰਡਾ ਦੇ ਵਕੀਲ ਵੀ ਐਡਵੋਕੇਟ ਸੁਖਦੇਵ ਸਿੰਘ ਬਾਹੀਆ ਦੀ ਹਮਾਇਤ ਵਿਚ ਡਟ ਗਏ ਸਨ। ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਹੀਆ ਦਾ ਕਹਿਣਾ ਹੈ ਕਿ ਭਾਵੇਂ ਏਐਸਪੀ ਦਾ ਤਬਾਦਲਾ ਕਰ ਦਿੱਤਾ ਗਿਆ ਹੈ ਪਰ ਜਿੰਨਾ ਸਮਾਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਨਹੀਂ ਹੁੰਦਾ, ਓਨਾ ਸਮਾਂ ਉਹ ਇਨਸਾਫ ਲਈ ਜੱਦੋਜਹਿਦ ਜਾਰੀ ਰੱਖਣਗੇ। ਪ੍ਰਭਜੋਤ ਮਾਮਲੇ ਵਿਚ ਅਕਾਲੀ ਆਗੂ ਪੁਲਿਸ 'ਤੇ ਹਾਵੀ ਹੋ ਗਏ ਹਨ ਜਿਸ ਕਰਕੇ ਪੁਲਿਸ ਅਫਸਰ ਅੰਦਰੋਂ ਅੰਦਰੀ ਕਾਫ਼ੀ ਨਿਰਾਸ਼ ਹਨ। ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਉਪ ਮੁੱਖ ਮੰਤਰੀ ਪੁਲੀਸ ਅਫਸਰਾਂ ਦੀ ਥਾਂ ਅਕਾਲੀ ਨੇਤਾਵਾਂ ਨੂੰ ਤਰਜੀਹ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰ ਦੇ ਲੜਕੇ ਨੇ ਪੁਲਿਸ ਦੇ ਮੁਲਾਜ਼ਮਾਂ ਨਾਲ ਉਸ ਵੇਲੇ ਹੱਥੋਪਾਈ ਕੀਤੀ ਸੀ ਜਦੋਂ ਪੁਲਿਸ ਨੇ ਉਸ ਨੂੰ ਨਾਕੇ 'ਤੇ ਰੋਕ ਕੇ ਉਸ ਦੀ ਗੱਡੀ ਦੀ ਤਲਾਸ਼ੀ ਲੈਣੀ ਚਾਹੀ। ਪ੍ਰਭਜੋਤ ਸਿੰਘ ਤੇ ਉਸ ਦੇ ਇਕ ਦੋਸਤ ਨੇ ਸ਼ਰਾਬ ਵੀ ਪੀਤੀ ਹੋਈ ਸੀ ਤੇ ਗੱਡੀ ਵਿਚ ਉਨ੍ਹਾਂ ਨਾਲ ਇਕ ਔਰਤ ਵੀ ਸੀ।

# ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਤਿਤ ਪਰਿਵਾਰਾਂ ਦਾ ਮਾਮਲਾ ਭਖਿਆ

**ਬਠਿੰਡਾ:** ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਤਿਤ ਪਰਿਵਾਰਾਂ ਦਾ ਮੁੱਦਾ ਹੁਣ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਹੋਣ ਵਾਲੀ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਬਠਿੰਡਾ ਦੇ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਹੀਆ ਦੇ ਲੜਕੇ ਪ੍ਰਭਜੋਤ ਸਿੰਘ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਸਿੰਘ ਸਾਹਿਬਾਨ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ।



ਜ਼ਿਕਰਯੋਗ ਹੈ ਕਿ ਪ੍ਰਭਜੋਤ ਸਿੰਘ ਦੇ ਕਲੀਨਸ਼ੇਵ ਹੋਣ ਤੇ ਸ਼ਰਾਬ ਪੀਣ ਦਾ ਮਾਮਲਾ ਸਾਹਮਣੇ ਆਇਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਧਾਰਮਿਕ ਸੰਸਥਾ ਦੇ ਮੈਂਬਰਾਂ ਦੇ ਲੜਕਿਆਂ ਵੱਲੋਂ ਹੁੱਲੜਬਾਜ਼ੀ ਕੀਤੇ ਜਾਣ ਨਾਲ ਸੰਸਥਾ ਦੀ ਮਰਿਯਾਦਾ ਨੂੰ ਵੀ ਸੱਟ ਵੱਜਦੀ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਬੱਚਿਆਂ ਦੇ ਪਤਿਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਉਨ੍ਹਾਂ ਆਖਿਆ ਕਿ ਉਹ ਸਿੰਘ ਸਾਹਿਬਾਨ ਦੀ ਅਗਲੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਾਂ ਦੇ ਪਤਿਤਪੁਣੇ ਦਾ ਮਾਮਲਾ ਵਿਚਾਰਨਗੇ ਤੇ ਇਸ 'ਤੇ ਕੋਈ ਨਾ ਕੋਈ ਫੈਸਲਾ ਲਿਆ ਜਾਵੇਗਾ।ਉਨ੍ਹਾਂ ਆਖਿਆ ਕਿ ਧਾਰਮਿਕ ਆਗੂਆਂ ਨੂੰ ਸਿੱਖੀ ਦੇ ਪਾਸਾਰ ਦੀ ਸ਼ੁਰੂਆਤ ਆਪਣੇ ਪਰਿਵਾਰਾਂ ਤੋਂ ਕਰਨੀ ਚਾਹੀਦੀ ਹੈ।

ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆਉਣ ਨਾਲ ਕੁਰਬਾਨੀ ਵਾਲੀ ਸੰਸਥਾ ਨੂੰ ਵੀ ਢਾਹ ਲੱਗਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਵੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਿੱਖੀ ਸਰੂਪ ਵਿਚ ਲੈ ਕੇ ਆਉਣ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਮੈਂਬਰ ਸਿੱਖੀ ਦਾ ਪ੍ਰਚਾਰ ਤੇ ਪਾਸਾਰ ਆਪਣੇ ਘਰਾਂ ਤੋਂ ਸ਼ੁਰੂ ਕਰਨ। ਉਨ੍ਹਾਂ ਕਿਹਾ ਕਿ ਉਹ ਤਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਹੀ ਕਰ ਸਕਦੇ ਹਨ ਤੇ ਪਹਿਲਾਂ ਵੀ ਆਖ ਚੁੱਕੇ ਹਨ।

# ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਵੱਲੋਂ ਪੰਥਕ ਏਕਤਾ

**ਅੰਮ੍ਰਿਤਸਰ:** ਅਖੰਡ ਕੀਰਤਨੀ ਜਥੇ ਦੀ ਗਿਆਰਾਂ ਮੈਂਬਰੀ ਕਾਰਜਕਾਰਨੀ ਕਮੇਟੀ ਨੇ ਦਮਦਮੀ ਟਕਸਾਲ ਸੰਗਰਾਵਾਂ ਤੇ ਅਖੰਡ ਕੀਰਤਨੀ ਜਥਾ ਯੂ.ਕੇ. ਵੱਲੋਂ ਪੰਥਕ ਏਕਤਾ ਦੇ ਲਏ ਫ਼ੈਸਲੇ ਦੀ ਪ੍ਰੋੜਤਾ ਕਰਦਿਆਂ ਇਸ ਨੂੰ ਵਡੇਰੇ ਪੰਥਕ ਹਿੱਤਾਂ ਤੇ ਅਜੋਕੇ ਹਾਲਾਤ ਵਿਚ ਸਿੱਖੀ ਪ੍ਰਚਾਰ-ਪ੍ਰਸਾਰ ਲਈ ਅਹਿਮ ਪਹਿਲਕਦਮੀ ਕਰਾਰ ਦਿੱਤਾ ਹੈ। ਅਖੰਡ ਕੀਰਤਨੀ ਜਥੇ ਦੇ ਮੁੱਖ ਕੇਂਦਰ 'ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰੱਸਟ' ਵਿਖੇ ਜਥੇਦਾਰ ਭਾਈ ਬਖ਼ਸ਼ੀਸ਼ ਸਿੰਘ ਦੀ ਅਗਵਾਈ ਹੇਠ ਗਿਆਰਾਂ ਮੈਂਬਰੀ ਕਮੇਟੀ ਦੀ ਇਕੱਤਰਤਾ ਵਿਚ ਪਿਛਲੇ ਦਿਨੀਂ ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਦੇ ਨਾਲ 'ਪੰਥਕ ਏਕਤਾ' ਦੇ ਕੀਤੇ ਗਏ ਫ਼ੈਸਲੇ ਨੂੰ ਸਰਬਸੰਮਤੀ ਨਾਲ ਸਹਿਮਤੀ ਦੇ ਦਿੱਤੀ ਗਈ। ਜਥੇ ਦੇ ਬੁਲਾਰੇ ਭਾਈ ਆਰ.ਪੀ. ਸਿੰਘ ਨੇ ਦੱਸਿਆ ਕਿ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲੇ ਤੇ ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇੜਲੇ ਸਾਥੀ ਸਨ ਤੇ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਵੇਲੇ ਦਮਦਮੀ ਟਕਸਾਲ ਦੇ ਮੁੱਖ ਕੇਂਦਰ ਵਿਖੇ ਹਰ ਸਾਲ ਜਥੇ ਵਲੋਂ ਰੈਣ ਸਬਾਈ ਕੀਰਤਨ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਆਖਿਆ ਕਿ ਕੁਝ ਇਕ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਦੋਵੇਂ ਜਥੇਬੰਦੀਆਂ ਸ਼ੁਰੂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ, ਸਿੱਖੀ ਪ੍ਰਚਾਰ-ਪ੍ਰਸਾਰ ਤੇ ਪੰਥਕ ਹਿੱਤਾਂ ਲਈ ਇਕਜੁੱਟ ਰਹੀਆਂ ਹਨ। 13 ਅਪਰੈਲ, 1978 ਦੀ ਵਿਸਾਖੀ ਵਾਲੇ ਦਿਨ ਵੀ ਵਾਪਰੀ ਘਟਨਾ ਵਿਚ ਦੋਵਾਂ ਜਥੇਬੰਦੀਆਂ ਦੇ 13 ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ।

ਅਖੰਡ ਕੀਰਤਨੀ ਜਥੇ ਦੀ ਗਿਆਰਾਂ ਮੈਂਬਰੀ ਕਮੇਟੀ ਵੱਲੋਂ ਕੀਤੇ ਫ਼ੈਸਲੇ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਬਾਬਾ ਠਾਕੁਰ ਸਿੰਘ ਦੇ ਚਲਾਣੇ ਤੋਂ ਬਾਅਦ ਪੰਜ ਤਖ਼ਤਾਂ ਦੇ ਜਥੇਦਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨੀ ਰਾਮ ਸਿੰਘ ਨੂੰ ਅਗਲੇ ਟਕਸਾਲ ਮੁਖੀ ਵਜੋਂ ਦਸਤਾਰਬੰਦੀ ਕੀਤੀ ਸੀ। ਅਖੰਡ ਕੀਰਤਨੀ ਜਥੇ ਨੇ ਵੀ ਪੰਥ ਦੇ ਨਾਲ ਚੱਲਦਿਆਂ ਉਸ ਵੇਲੇ ਗਿਆਨੀ ਰਾਮ ਸਿੰਘ ਨੂੰ ਹੀ ਮਾਨਤਾ ਦੀ ਦਸਤਾਰ ਸੌਂਪੀ ਸੀ। ਇਸ ਕਰਕੇ ਅਖੰਡ ਕੀਰਤਨੀ ਜਥਾ ਅੱਜ ਵੀ ਆਪਣੇ ਫ਼ੈਸਲੇ 'ਤੇ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ ਛੋਟੇ-ਮੋਟੇ ਮਤਭੇਦਾਂ ਦੇ ਬਾਵਜੂਦ ਦੋਵਾਂ ਜਥੇਬੰਦੀਆਂ ਨੇ ਵਡੇਰੇ ਪੰਥਕ ਹਿੱਤਾਂ ਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ 'ਪੰਥਕ ਏਕਤਾ' ਦਾ ਫ਼ੈਸਲਾ ਕੀਤਾ ਹੈ।

# ਸੁਮੇਧ ਸੈਣੀ ਦੇ ਵੀ ਪਰ ਕੁਤਰੇ

**ਚੰਡੀਗੜ੍ਹ:** ਪੰਜਾਬ ਪੁਲਿਸ ਦਾ ਸਿਆਸੀਕਰਨ ਹੋ ਗਿਆ ਹੈ। ਇਥੋਂ ਤੱਕ ਕਿ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਦੀ ਨਿਯੁਕਤੀਆਂ ਤੇ ਤਬਾਦਲਿਆਂ ਵਿਚ ਵੀ ਪੁੱਛ-ਪ੍ਰਤੀਤ ਨਹੀਂ ਰਹੀ। ਉਹ ਆਰਜ਼ੀ ਨਿਯੁਕਤੀ ਲਈ ਵੀ ਹੁਕਮ ਜਾਰੀ ਨਹੀਂ ਕਰ ਸਕਦੇ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਆਦੇਸ਼ ਅਨੁਸਾਰ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਨੂੰ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਪ੍ਰਵਾਨਗੀ ਬਗੈਰ ਆਰਜ਼ੀ ਤੌਰ 'ਤੇ ਬਦਲੀਆਂ ਤੇ ਤਬਾਦਲਿਆਂ ਤੋਂ ਰੋਕ ਦਿੱਤਾ ਗਿਆ ਹੈ। ਇਸ ਬਾਰੇ ਹਦਾਇਤ ਨੂੰ ਸਪਸ਼ਟੀਕਰਨ ਵਜੋਂ ਪੰਜਾਬ ਪੁਲੀਸ ਦੇ ਮੁਖੀ ਨੂੰ ਅਕਤੂਬਰ ਵਿਚ ਭੇਜਿਆ ਗਿਆ ਸੀ। ਪੁਲਿਸ ਹੈੱਡਕੁਆਰਟਰ ਦੇ ਸੂਤਰਾਂ ਅਨੁਸਾਰ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਅਜਿਹਾ ਕਰਨਾ ਪੰਜਾਬ ਪੁਲਿਸ ਮੁਖੀ ਦੀ ਪੁਜ਼ੀਸ਼ਨ ਨੂੰ ਕਮਜ਼ੋਰ ਕਰਨ ਵਾਸਤੇ ਮੁਹਿੰਮ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਪੁਲਿਸ ਮੁਖੀ ਕੋਲ ਨਿਯੁਕਤੀਆਂ ਬਾਰੇ ਕੁਝ ਤਾਕਤਾਂ ਹੁੰਦੀਆਂ ਸਨ। ਉਨ੍ਹਾਂ ਨੂੰ ਆਰਜ਼ੀ ਤੌਰ 'ਤੇ ਨਿਯੁਕਤੀ ਦੇ ਅਧਿਕਾਰ ਹੁੰਦੇ ਸਨ।


Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi






Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869


*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor

15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

ਪੰਜਾਬ ਟਾਈਮਜ਼

*ਸਨਿਚਰਵਾਰ, 19 ਜਨਵਰੀ 2013*

## ਮੁਕਤਿਆਂ ਅਤੇ ਮਿਹਰ ਦੀ ਮਾਘੀ

ਮੁਕਤਸਰ ਦੀ ਧਰਤੀ ਉਤੇ ਆਪਣੀਆਂ ਜਿੰਦੜੀਆਂ ਹੂਲ ਕੇ ਬੇਦਾਵੇ ਤੋਂ ਮੁਕਤੀ ਹਾਸਲ ਕਰਨ ਵਾਲੇ ਚਾਲੀ ਮੁਕਤਿਆਂ ਦੀ ਯਾਦ ਵਿਚ ਜੁੜੇ ਇਕੱਠ ਨੇ ਇਕ ਵਾਰ ਫਿਰ ਉਨ੍ਹਾਂ ਦੀ ਸ਼ਹਾਦਤ ਨੂੰ ਸਲਾਮੀ ਦਿੱਤੀ ਹੈ ਅਤੇ ਰੰਗ-ਬਰੰਗੀਆਂ ਸਿਆਸੀ ਪਾਰਟੀਆਂ ਨੇ ਇਕ ਵਾਰ ਫਿਰ ਉਨ੍ਹਾਂ ਦੀ ਯਾਦ ਨੂੰ ਲਾਂਭੇ ਰੱਖ ਕੇ ਆਪਣੀ ਸਿਆਸਤ ਦਾ ਢੰਡੋਰਾ ਪਿੱਟਿਆ ਹੈ। ਦਸੰਬਰ ਦੇ ਅਖੀਰਲੇ ਹਫਤੇ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਵੀ ਸਿਆਸੀ ਪਾਰਟੀਆਂ ਨੇ ਇਹੀ ਕੁਝ ਕੀਤਾ ਸੀ। ਅਕਾਲ ਤਖਤ ਦੇ ਜਥੇਦਾਰ ਨੇ ਉਦੋਂ ਵੀ ਅਤੇ ਹੁਣ ਵੀ, ਸਿਆਸੀ ਪਾਰਟੀਆਂ ਨੂੰ ਹਦਾਇਤ ਕੀਤੀ ਸੀ ਕਿ ਅਜਿਹੇ ਸਮਾਗਮਾਂ ਉਤੇ ਸ਼ਹੀਦਾਂ ਨੂੰ ਹੀ ਯਾਦ ਕੀਤਾ ਜਾਵੇ, ਇਕ ਦੂਜੇ ਖਿਲਾਫ ਤੋਹਮਤਬਾਜ਼ੀ ਨਾ ਕੀਤੀ ਜਾਵੇ। ਇਹ ਲਗਾਤਾਰ ਚੌਥੀ ਵਾਰ ਸੀ ਕਿ ਜਥੇਦਾਰ ਦੀ ਇਸ ਹਦਾਇਤ ਨੂੰ ਸਿਆਸੀ ਪਾਰਟੀਆਂ ਨੇ ਦਰਕਿਨਾਰ ਕਰ ਕੇ ਮਨਮਰਜ਼ੀ ਕੀਤੀ। ਪਹਿਲੀਆਂ ਤਿੰਨ ਵਾਰੀਆਂ ਦੌਰਾਨ ਜਥੇਦਾਰ ਨੇ ਹੁਣ ਤੱਕ ਕਿਸੇ ਵੀ ਧਿਰ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ, ਹੁਣ ਚੌਥੀ ਵਾਰ ਇਹ ਕਹਿ ਕੇ ਤਸੱਲੀ ਪ੍ਰਗਟ ਕੀਤੀ ਹੈ ਕਿ ਇਸ ਵਾਰ ਮੁਕਾਬਲਤਨ ਘੱਟ ਦੂਸ਼ਣਬਾਜ਼ੀ ਕੀਤੀ ਗਈ। ਉਂਜ, ਇਸ ਵਾਰ ਜਥੇਦਾਰ ਦੀ ਉਹ ਵਿਸ਼ੇਸ਼ ਹਦਾਇਤ ਮੀਡੀਆ ਅਤੇ ਸੰਗਤ ਵਿਚ ਚਰਚਾ ਦਾ ਕੇਂਦਰ ਰਹੀ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਕਿਸੇ ਪ੍ਰਕਾਰ ਦੀ ਸੀ.ਡੀ. ਸ਼ਹੀਦੀ ਸਮਾਗਮ ਦੌਰਾਨ ਨਾ ਦਿਖਾਈ ਜਾਵੇ। ਜਹਾਨ ਜਾਣਦਾ ਹੈ ਕਿ ਇਹ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਸਬੰਧਤ ਉਹ ਸੀ.ਡੀ. ਹੀ ਸੀ ਜਿਹੜੀ ਕਾਂਗਰਸ ਨੇ ਆਪਣੀ ਕਾਨਫਰੰਸ ਵਿਚ ਦਿਖਾਉਣ ਦਾ ਐਲਾਨ ਕੀਤਾ ਸੀ। ਸ. ਮਜੀਠੀਆ ਨੇ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਸ਼ਰੇਆਮ ਗਾਲਾਂ ਕੱਢੀਆਂ ਸਨ ਅਤੇ ਹਰ ਪਾਸਿਓਂ ਉਸ ਦੀ ਤੋਏ ਤੋਏ ਹੋਈ ਸੀ। ਸੰਗਤ ਦਾ ਕਹਿਣਾ ਸੀ ਕਿ ਜਥੇਦਾਰ ਦੀ ਹਰ ਹਦਾਇਤ ਧਾਰਮਿਕ ਪੱਖ ਤੋਂ ਤਾਂ ਠੀਕ ਸੀ ਅਤੇ ਜਿਸ ਤਰ੍ਹਾਂ ਅਜਿਹੇ ਸ਼ਹੀਦੀ ਸਮਾਗਮਾਂ ਉਤੇ ਸ਼ਹੀਦਾਂ ਨੂੰ ਯਾਦ ਕਰਨ ਦੀ ਥਾਂ ਸਿਆਸੀ ਰੋਟੀਆਂ ਦਾ ਯਤਨ ਕੀਤਾ ਜਾਂਦਾ ਸੀ, ਉਸ ਖਿਲਾਫ ਅਜਿਹੀਆਂ ਹਦਾਇਤਾਂ ਹੋਣੀਆਂ ਹੀ ਚਾਹੀਦੀਆਂ ਹਨ, ਸਗੋਂ ਉਲੰਘਣਾ ਕਰਨ ਵਾਲਿਆਂ ਖਿਲਾਫ ਬਣਦੀ ਕਾਰਵਾਈ ਵੀ ਹੋਣੀ ਚਾਹੀਦੀ ਹੈ, ਪਰ ਜਥੇਦਾਰ ਨੇ ਸੀ.ਡੀ. ਬਾਰੇ ਆਖ ਕੇ ਬਾਦਲਾਂ ਲਈ ਢਾਲ ਬਣਨ ਦਾ ਸੁਚੇਤ ਯਤਨ ਕੀਤਾ। ਮੀਡੀਆ ਵਿਚ ਇਸ ਬਾਰੇ ਇਸ ਕੋਣ ਤੋਂ ਚਰਚਾ ਵੀ ਹੋਈ ਕਿ ਇਹ ਸਿਆਸੀ ਆਗੂਆਂ ਵੱਲੋਂ ਸਿਆਸਤ ਦੇ ਪਿੜ ਵਿਚ ਧਰਮ ਅਤੇ ਧਾਰਮਿਕ ਸੰਸਥਾਵਾਂ ਦੀ ਦੁਰਵਰਤੋਂ ਦਾ ਸਿੱਧਾ ਮਾਮਲਾ ਬਣਦਾ ਹੈ।

ਪੰਜਾਬ ਵਿਚ ਧਰਮ ਅਤੇ ਸਿਆਸਤ ਦੇ ਸੁਮੇਲ ਦਾ ਮਾਮਲਾ ਅਕਸਰ ਚਰਚਾ ਵਿਚ ਰਿਹਾ ਹੈ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਨੇ ਮੀਰੀ ਅਤੇ ਪੀਰੀ ਦੀ ਜੋ ਰੀਤ ਚਲਾਈ ਸੀ, ਉਸ ਅਨੁਸਾਰ ਸਿਆਸਤ ਅਤੇ ਧਰਮ ਇਕ ਦੂਜੇ ਦੇ ਪੂਰਕ ਹਨ। ਰਤਾ ਕੁ ਹੋਰ ਗਹਿਰਾਈ ਵਿਚ ਜਾ ਕੇ ਜੇ ਚਰਚਾ ਛੇੜੀ ਜਾਵੇ ਤਾਂ ਛੇਵੇਂ ਪਾਤਸ਼ਾਹ ਦੇ ਇਸ ਸਿਧਾਂਤ ਦਾ ਮਤਲਬ ਧਰਮ ਦੀਆਂ ਲੀਹਾਂ ਉਤੇ ਸਿਆਸਤ ਚਲਾਉਣ ਦਾ ਬਣਦਾ ਹੈ। ਸੱਚੇ ਪਾਤਸ਼ਾਹ ਨੇ ਇਹ ਰੀਤ ਅਸਲ ਵਿਚ ਸਿਆਸਤ ਉਤੇ ਧਰਮ ਦੇ ਕੁੰਡੇ ਨੂੰ ਮੁੱਖ ਰੱਖ ਕੇ ਹੀ ਆਪਣੇ ਸਿੱਖਾਂ ਲਈ ਚਲਾਈ ਸੀ। ਉਨ੍ਹਾਂ ਅਤੇ ਉਨ੍ਹਾਂ ਦੇ ਸਿੱਖਾਂ ਨੇ ਇਸ ਉਤੇ ਬਾਕਾਇਦਾ ਪਹਿਰਾ ਵੀ ਦਿੱਤਾ, ਪਰ ਅੱਜ ਹਾਲਾਤ ਇਹ ਹਨ ਕਿ ਧਰਮ ਦਾ ਸਿਆਸਤ ਤੋਂ ਕੁੰਡਾ ਲਹਿ ਗਿਆ ਹੈ ਅਤੇ ਧਾਰਮਿਕ ਸੰਸਥਾਵਾਂ ਨੂੰ ਸਿਆਸੀ ਹਿਤਾਂ ਲਈ ਸ਼ਰੇਆਮ ਵਰਤਿਆ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਵਿਚ, ਖਾਸ ਕਰ ਕੇ ਅਕਾਲੀ ਸਿਆਸਤ ਵਿਚ ਅਜਿਹੇ ਹੀ ਜਲਵੇ ਦੇਖਣ-ਸੁਣਨ ਨੂੰ ਮਿਲ ਰਹੇ ਹਨ। ਪੰਜਾਬ ਦੀ ਸੱਤਾ ਉਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ ਨੇ ਧਾਰਮਿਕ ਸੰਸਥਾਵਾਂ ਦੀ ਰੱਜ ਕੇ ਦੁਰਵਰਤੋਂ ਕੀਤੀ ਅਤੇ ਇਹ ਦੁਰਵਰਤੋਂ ਹੁਣ ਵੀ ਜਾਰੀ ਹੈ। ਕੋਈ ਵੀ ਉਦਾਰ ਜਾਂ ਖਾੜਕੂ ਧਿਰ ਸੱਤਾਧਾਰੀ ਅਕਾਲੀ ਦਲ ਨੂੰ ਇਸ ਪਿੜ ਵਿਚ ਢੰਗ ਨਾਲ ਵੰਗਾਰ ਨਹੀਂ ਸਕੀ। ਇਸ ਦਾ ਵੱਡਾ ਕਾਰਨ ਸ਼ਾਇਦ ਇਹੀ ਸੀ ਕਿ ਇਹ ਧਿਰਾਂ ਆਪ ਵੀ ਧਰਮ ਨੂੰ ਸਿਆਸਤ ਲਈ ਵਰਤਣ ਖਾਤਰ ਪੱਬਾਂ ਭਾਰ ਰਹੀਆਂ। ਅਜਿਹੀ ਸਿਆਸਤ ਕਾਰਨ ਜਿੰਨਾ ਨੁਕਸਾਨ ਧਾਰਮਿਕ ਸੰਸਥਾਵਾਂ ਦਾ ਹੋਇਆ, ਉਸ ਦੀ ਭਰਪਾਈ ਸ਼ਾਇਦ ਕਦੀ ਵੀ ਨਾ ਹੋਵੇ। ਅਸਲ ਵਿਚ ਇਹ ਧਿਰਾਂ ਚੋਣ ਸਿਆਸਤ ਤੇ ਚੋਣ ਤੋਂ ਬਾਹਰੀ ਸਿਆਸਤ ਵਿਚਾਲੇ ਫਰਕ ਕਰਨ 'ਚ ਉਕਾ ਹੀ ਨਾਕਾਮ ਰਹੀਆਂ ਹਨ। ਚੋਣ ਸਿਆਸਤ ਹੁਣ ਤੱਕ ਲਗਾਤਾਰ ਨਿਘਾਰ ਵੱਲ ਹੀ ਗਈ ਹੈ। ਹੁਣ ਤਾਂ ਬਾਹੂ ਬਲ ਅਤੇ ਪੈਸੇ ਤੋਂ ਬਿਨਾਂ ਚੋਣ ਸਿਆਸਤ ਵਿਚ ਪੈਰ ਧਰਨ ਦਾ ਮਤਲਬ ਹੀ ਕੋਈ ਨਹੀਂ ਰਹਿ ਗਿਆ। ਗਰਮਖਿਆਲ ਅਕਾਲੀ ਆਗੂ ਸਿਮਰਨਜੀਤ ਸਿੰਘ ਮਾਨ ਨੇ ਸ਼ਾਇਦ ਇਸੇ ਕਰ ਕੇ ਚੋਣ ਸਿਆਸਤ ਤੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ। ਉਂਜ, ਇਹ ਸਵਾਲ ਅਜੇ ਉਸੇ ਤਰ੍ਹਾਂ ਹੀ ਖੜ੍ਹਾ ਹੈ ਕਿ ਸਿੱਖੀ ਵਿਚ ਧਰਮ ਅਤੇ ਸਿਆਸਤ ਦੇ ਸੁਮੇਲ ਦੀ ਗੱਲ ਕਰਨ ਵਾਲੀਆਂ ਅਕਾਲੀ ਧਿਰਾਂ ਧਰਮ ਦੇ ਮੁਕਾਬਲੇ ਸਦਾ ਸਿਆਸਤ ਨੂੰ ਹੀ ਮੁੱਖ ਕਿਉਂ ਮੰਨਦੀਆਂ ਰਹੀਆਂ ਹਨ? ਜੇ ਕਿਤੇ ਇਨ੍ਹਾਂ ਧਿਰਾਂ ਨੇ ਸਿਆਸਤ ਦੇ ਨਾਲ ਨਾਲ ਧਰਮ ਪ੍ਰਚਾਰ ਅਤੇ ਪ੍ਰਸਾਰ ਵੱਲ ਵੀ ਸਿਆਸਤ ਜਿੰਨਾ ਧਿਆਨ ਦਿੱਤਾ ਹੁੰਦਾ ਤਾਂ 'ਗੁਰਾਂ ਦੇ ਨਾਂ ਉਤੇ ਵੱਸਦਾ ਪੰਜਾਬ' ਅੱਜ ਨਸ਼ਿਆਂ ਅਤੇ ਪਤਿਤਪੁਣੇ ਦੇ ਮੱਕੜਜਾਲ 'ਚ ਸ਼ਾਇਦ ਨਾ ਫਸਦਾ। ਖੈਰ! ਅਜੇ ਵੀ ਜਿਵੇਂ ਕਹਿੰਦੇ ਨੇ, ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਇਸ ਪ੍ਰਸੰਗ ਵਿਚ ਪਹਿਲਕਦਮੀ ਕਰਨ ਦੀ ਅੱਜ ਵੀ ਕੱਲ੍ਹ ਜਿੰਨੀ ਹੀ ਲੋੜ ਹੈ ਅਤੇ ਧਾਰਮਕ ਪਿੜ ਸੰਜੀਦਾ ਆਗੂਆਂ ਦੀ ਸਵੱਲੀ ਨਿਗ੍ਹਾ ਉਡੀਕ ਰਿਹਾ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਦੀ ਸੰਗਤ ਜਿਸ ਤਰ੍ਹਾਂ ਗੁਰੂ ਘਰਾਂ ਵਿਚ ਖੇਡੀ ਜਾ ਰਹੀ ਸਿਆਸਤ ਬਾਰੇ ਰੰਜ ਜ਼ਾਹਿਰ ਕਰ ਰਹੀ ਹੈ, ਹੁਣ ਪੰਜਾਬ ਦੀ ਸੰਗਤ ਦੀ ਵਾਰੀ ਹੈ ਕਿ ਉਹ ਸਿਆਸਤ ਲਈ ਧਾਰਮਕ ਸੰਸਥਾਵਾਂ ਦੀ ਕੀਤੀ ਜਾ ਰਹੀ ਦੁਰਵਰਤੋਂ ਖਿਲਾਫ ਆਵਾਜ਼ ਬੁਲੰਦ ਕਰੇ। ਇਸ ਥੜ੍ਹੇ ਤੋਂ ਹੀ ਮੀਰੀ-ਪੀਰੀ ਦੀ ਰੀਤ ਨੂੰ ਸੁੱਚੀ ਸਲਾਮੀ ਦਿੱਤੀ ਜਾ ਸਕੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੌਜਾਂ ਦਾ ਦਿੱਲੀ ਨੂੰ ਕੂਚ!*

ਝੰਡਾ ਜਿੱਤ ਦਾ ਗੱਡਣੇ ਵਾਸਤੇ ਜੀ, ਦਲ ਬਾਦਲੀ ਫੌਜ ਦਾ ਚੱਲਿਆ ਈ।
ਦਿਲਾਂ ਵਿਚ ਗਰੂਰ ਇਹ ਬੋਲਦਾ ਏ, ਸਾਡਾ ਹੁਕਮ ਨਾ ਕਿਸੇ ਨੇ 'ਥੱਲਿਆ ਈ।
ਸੁੱਕਾ ਨਹੀਂ ਵਿਰੋਧੀ ਕੋਈ ਜਾਣ ਦਿੱਤਾ, ਗੋਡਾ ਧੌਣ 'ਤੇ ਰੱਖ ਦਬੱਲਿਆ ਈ।
ਗੜ੍ਹ ਢਾਹੁਣ ਨੂੰ 'ਸਰਨਿਆਂ' ਆਕੀਆਂ ਦਾ, ਜਾਂਦਾ ਜੋਸ਼ ਨਾ ਉਨ੍ਹਾਂ ਦਾ ਠੱਲ੍ਹਿਆ ਈ।
ਰਾਮੂੰਵਾਲੀਆ ਥਾਪ ਜਰਨੈਲ ਦਿੱਤਾ, 'ਰਾਸ਼ਣ-ਪਾਣੀ' ਵੀ ਨਾਲ ਹੀ ਘੱਲਿਆ ਈ।
ਕਰਕੇ ਕਿਲੇ ਪੰਜਾਬ ਦੇ ਫਤਿਹ ਸਾਰੇ, ਜਾ ਕੇ ਮੋਰਚਾ ਦਿੱਲੀ ਦਾ ਮੱਲਿਆ ਈ!

# ਗੁਰੂ ਘਰਾਂ ਦੀਆਂ ਲੜਾਈਆਂ!

*ਗੁਰੂ ਘਰਾਂ ਦੀਆਂ ਲੜਾਈਆਂ ਬਾਰੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਲੇਖ ਅਸੀਂ 8 ਦਸੰਬਰ ਵਾਲੇ ਅੰਕ ਵਿਚ ਛਾਪਿਆ ਸੀ। ਇਸ ਲੇਖ ਵਿਚ ਉਨ੍ਹਾਂ ਬੜਾ ਕਠੋਰ ਪੈਂਤੜਾ ਮੱਲਦਿਆਂ ਸੰਗਤ ਨੂੰ ਗੁਰੂ ਘਰਾਂ ਵਿਚ ਮਾਇਆ ਨਾ ਚੜ੍ਹਾਉਣ ਦਾ ਸੱਦਾ ਦਿੱਤਾ ਸੀ। ਇਸ ਸਬੰਧੀ ਉਨ੍ਹਾਂ ਬਾਕਾਇਦਾ ਦਲੀਲਾਂ ਵੀ ਦਿੱਤੀਆਂ ਸਨ। ਮਗਰੋਂ ਇਸ ਲੇਖ ਬਾਰੇ ਆਏ ਪ੍ਰਤੀਕਰਮ ਵੀ ਅਸੀਂ ਛਾਪੇ। ਹੁਣ ਸ. ਦਲਵਿੰਦਰ ਸਿੰਘ ਅਜਨਾਲਾ ਨੇ ਇਸੇ ਮਸਲੇ ਬਾਰੇ ਇਹ ਵਿਚਾਰ-ਕੇਂਦਰਤ ਲੇਖ ਸਾਨੂੰ ਭੇਜਿਆ ਹੈ। ਮਸਲੇ ਦੀ ਗੰਭੀਰਤਾ ਅਤੇ ਸੰਗਤ ਦੇ ਸਿੱਧੇ ਸਬੰਧ ਦੇ ਮੱਦੇਨਜ਼ਰ ਅਸੀਂ ਇਹ ਲੇਖ ਛਾਪ ਰਹੇ ਹਾਂ। ਇਸ ਮਸਲੇ ਬਾਰੇ ਆਏ ਹੋਰ ਗੰਭੀਰ ਵਿਚਾਰ ਵੀ ਛਾਪੇ ਜਾਣਗੇ। -ਸੰਪਾਦਕ*

ਦਲਵਿੰਦਰ ਸਿੰਘ ਅਜਨਾਲਾ
ਫੋਨ: 661-834-9770

'ਪੰਜਾਬ ਟਾਈਮਜ਼' ਵਿਚ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਲੇਖ 'ਕਿੱਦਾਂ ਮੁੱਕਣ ਗੁਰੂ ਘਰ ਦੀਆਂ ਲੜਾਈਆਂ?' ਪੜ੍ਹਿਆ। ਉਨ੍ਹਾਂ ਗੁਰੂ ਘਰਾਂ ਵਿਚੋਂ ਲੜਾਈਆਂ ਮੁਕਾਉਣ ਵਾਸਤੇ ਬੜੇ ਵਧੀਆ ਅਤੇ ਇਨਕਲਾਬੀ ਸੁਝਾਅ ਪੇਸ਼ ਕੀਤੇ ਹਨ। ਇਨ੍ਹਾਂ ਬੇਸ਼ਕੀਮਤੀ ਸੁਝਾਵਾਂ ਅਤੇ ਦਲੀਲਾਂ ਨਾਲ ਸਹਿਮਤ ਹੁੰਦਿਆਂ ਬੀਬੀ ਕਿਰਪਾਲ ਕੌਰ ਅਤੇ ਸ. ਜਸਵੰਤ ਸਿੰਘ ਸੇਖੋਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਚੰਗੀ ਸੋਚ-ਵਿਚਾਰ ਵਾਲੇ ਸਾਰੇ ਹੀ ਫਿਕਰਮੰਦ ਵੀਰ-ਭੈਣਾਂ ਵੀ ਇਨ੍ਹਾਂ ਸੁਹਿਰਦ, ਚੰਗੇ ਵਿਚਾਰਾਂ ਅਤੇ ਸੁਝਾਵਾਂ ਨਾਲ ਜ਼ਰੂਰ ਸਹਿਮਤ ਹੋਣਗੇ।

ਹੁਣ ਮਸਲਾ ਇਹ ਹੈ ਕਿ ਇਹ ਸੁਝਾਅ ਅਮਲ ਵਿਚ ਕਿਵੇਂ ਆਉਣ! ਕੋਈ ਵਿਚਾਰ, ਦਲੀਲ ਜਾਂ ਸਿਧਾਂਤ ਕਿੰਨਾ ਵੀ ਮਹਾਨ ਜਾਂ ਕੀਮਤੀ ਕਿਉਂ ਨਾ ਹੋਵੇ, ਜੇ ਉਹ ਅਮਲ ਵਿਚ ਨਹੀਂ ਆਉਂਦਾ ਤਾਂ ਸੰਸਾਰ ਨੂੰ ਉਸ ਦਾ ਕੋਈ ਫਾਇਦਾ ਨਹੀਂ ਹੁੰਦਾ। ਕਹਿੰਦੇ ਨੇ, ਜੇ ਕਾਰਲ ਮਾਰਕਸ ਦੇ ਮਹਾਨ ਵਿਚਾਰਾਂ ਵਾਲੀ ਕਿਤਾਬ 'ਕੈਪੀਟਲ' ਰੂਸੀ ਆਗੂ ਲੈਨਿਨ ਪੜ੍ਹ ਕੇ ਅਮਲ ਵਿਚ ਲਿਆਉਣ ਲਈ ਸੰਘਰਸ਼ ਨਾ ਕਰਦਾ ਤਾਂ ਰੂਸ ਦੀ ਕ੍ਰਾਂਤੀ ਨਹੀਂ ਸੀ ਆਉਣੀ। ਕੋਈ ਮੁਹਿੰਮ, ਕਾਰਜ ਜਾਂ ਨਿਸ਼ਾਨਾ ਫਤਿਹ ਕਰਨ ਲਈ ਜਿੰਨੀ ਨੇਕ, ਖਰੀ ਅਤੇ ਸੁਚੱਜੀ ਅਗਵਾਈ, ਪਲਾਨਿੰਗ, ਤਰੀਕਾਕਾਰੀ ਦੀ ਜ਼ਰੂਰਤ ਹੁੰਦੀ ਹੈ, ਉਨੇ ਹੀ ਸੰਜੀਦਾ, ਇਮਾਨਦਾਰ ਅਤੇ ਸਾਫ਼-ਸੁਥਰੇ ਅਮਲ ਦੀ ਲੋੜ ਵੀ ਹੈ। ਮੁਸ਼ਕਿਲ ਤਾਂ ਇਹ ਵੀ ਏ ਕਿ ਸਾਰੀ ਸੰਗਤ ਅਖ਼ਬਾਰਾਂ ਨਹੀਂ ਪੜ੍ਹਦੀ। ਕਈ ਸੋਚਦੇ ਹਨ ਕਿ ਅਖ਼ਬਾਰਾਂ ਪੜ੍ਹਨਾ ਜਾਂ ਲਿਖਣਾ ਤਾਂ ਐਵੇਂ ਬੇਕਾਰ ਜਿਹਾ ਧੰਦਾ ਹੈ ਜੋ ਵਿਹਲੜ ਹੀ ਕਰ ਸਕਦੇ ਹਨ! ਜਿਹੜੇ ਪੜ੍ਹਦੇ ਵੀ ਹਨ, ਉਹ ਵੀ ਪੜ੍ਹਨ ਤੋਂ ਅੱਗੇ ਤੁਰਨ ਲਈ ਆਪਣੀ ਅਸਮਰਥਾ ਹੀ ਦੱਸ ਛੱਡਦੇ ਹਨ। ਫਿਰ ਸੰਗਤ ਨੂੰ ਇਨ੍ਹਾਂ ਕੀਮਤੀ ਵਿਚਾਰਾਂ ਅਤੇ ਸੁਝਾਵਾਂ ਦਾ ਪਤਾ ਕਿਵੇਂ ਲੱਗੇ? ਮੈਂ ਧਰਮ ਗ੍ਰੰਥਾਂ ਦੀ ਗੱਲ ਜ਼ਿਆਦਾ ਤਾਂ ਨਹੀਂ ਕਰਾਂਗਾ, ਪਰ ਇਹ ਜ਼ਰੂਰ ਕਹਾਂਗਾ ਕਿ ਜੇ ਕਦੇ ਇਨ੍ਹਾਂ ਮਹਾਨ ਧਰਮ ਗ੍ਰੰਥਾਂ ਵਿਚ ਦਰਜ ਬਾਣੀ ਉਤੇ ਰਤਾ-ਮਾਸਾ ਵੀ ਅਮਲ ਹੋ ਜਾਵੇ ਤਾਂ ਅਗਲੇ ਜਹਾਨ ਵਿਚਲੇ ਜਿਸ ਅਣਡਿੱਠੇ, ਅਣਜਾਣੇ ਅਤੇ ਹੁਸੀਨ ਸਵਰਗ ਬਾਰੇ ਅਸੀਂ ਪੜ੍ਹਦੇ ਸੁਣਦੇ ਰਹਿੰਦੇ ਹਾਂ, ਉਹ ਇਸੇ ਜਹਾਨ ਵਿਚ ਹੀ ਸ਼ਾਖਸਾਤ ਵਰਤ ਸਕਦਾ ਹੈ।

ਇਹ ਦਲੀਲ ਬਿਲਕੁਲ ਠੀਕ ਹੈ ਕਿ ਗੁਰੂ ਘਰਾਂ ਵਿਚ ਲੜਾਈਆਂ ਦਾ ਮੁੱਖ ਕਾਰਨ ਸੰਗਤਾਂ ਵੱਲੋਂ ਚੜ੍ਹਾਈ ਮਾਇਆ ਹੀ ਹੈ। ਦੁਨੀਆਂ ਦੇ ਦੂਜੇ ਧਰਮਾਂ ਵਾਲਿਆਂ ਦੇ ਧਰਮ ਸਥਾਨਾਂ ਵਿਚ ਸ਼ਾਇਦ ਇਸੇ ਕਰ ਕੇ ਲੜਾਈ ਝਗੜਾ ਘੱਟ ਪੜ੍ਹਨ-ਸੁਣਨ ਨੂੰ ਮਿਲਦਾ ਹੈ ਕਿ ਉਥੇ ਮਾਇਆ ਦਾ ਚੜ੍ਹਤ-ਚੜ੍ਹਾਵਾ ਸਾਡੇ ਵਾਂਗੂੰ ਨਹੀਂ ਹੁੰਦਾ। ਹਾਂ, ਮੰਦਰਾਂ ਵਿਚ ਮਾਇਆ ਦਾ ਚੜ੍ਹਤ-ਚੜ੍ਹਾਵਾ ਭਾਵੇਂ ਗੁਰੂ ਘਰਾਂ ਨਾਲੋਂ ਕਿਤੇ ਵੱਧ ਹੁੰਦਾ ਹੈ, ਪਰ ਸ਼ਾਇਦ ਉਨ੍ਹਾਂ ਦਾ ਮਾਇਆ ਸਾਂਭਣ-ਸੰਭਾਲਣ ਵਾਲਾ ਤਰੀਕਾ ਸਾਡੇ ਨਾਲੋਂ ਵੱਧ ਕਾਮਯਾਬ ਹੈ।

ਇਕ ਪਾਸੇ ਅਸੀਂ ਪ੍ਰਚਾਰ ਕਰਦੇ ਹਾਂ ਕਿ ਸਿੱਖ ਧਰਮ ਦੁਨੀਆਂ ਦਾ ਅਤਿ-ਅਧੁਨਿਕ ਅਤੇ ਵਿਗਿਆਨਕ ਧਰਮ ਫਲਸਫਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਧੁਰ ਕੀ ਬਾਣੀ ਹੋਣ ਕਰ ਕੇ ਦੁਨਿਆਵੀ ਕਾਨੂੰਨਾਂ, ਸੰਵਿਧਾਨਾਂ ਅਤੇ ਅਦਾਲਤਾਂ ਤੋਂ ਉਪਰ ਹੈ, ਸਰਵਉਚ ਹੈ; ਫਿਰ ਅਸੀਂ ਆਪਣੀ ਫੋਕੀ ਚੌਧਰ, ਹੰਕਾਰ ਅਤੇ ਲਾਲਚ ਦੇ ਡੰਗੇ, ਛੋਟੇ-ਮੋਟੇ ਲੜਾਈ-ਝਗੜਿਆਂ ਦੇ ਫੈਸਲੇ ਕਰਾਉਣ ਲਈ ਥਾਣਿਆਂ ਅਤੇ ਕਚਹਿਰੀਆਂ ਵੱਲ ਕਿਉਂ ਭੱਜਦੇ ਹਾਂ? ਇਸ ਤਰ੍ਹਾਂ ਇਕ ਤਾਂ ਅਸੀਂ ਸੰਗਤ ਦੀ ਮਾਇਆ ਦਾ ਉਜਾੜਾ ਕਰਦੇ ਹਾਂ; ਦੂਜਾ ਆਪਣੇ ਗੁਰੂ ਦਾ ਕਿੰਨਾ ਨੁਕਸਾਨ ਕਰਦੇ ਹਾਂ, ਕਦੀ ਕਿਸੇ ਨੇ ਕੋਈ ਹਿਸਾਬ ਲਾਇਆ ਹੈ? ਢੀਠ ਅਤੇ ਬੇਸ਼ਰਮ ਹੋ ਕੇ ਅਸੀਂ ਜਿੰਨੇ ਮਰਜ਼ੀ ਵਧੀਆ ਭਾਸ਼ਣ ਕਰ ਲਈਏ, ਸੁਹਣੇ ਬਾਣੇ ਪਹਿਨ ਲਈਏ; ਪਰ ਸੰਸਾਰ ਤਾਂ ਸਿਰਫ਼ ਸਾਡੇ ਅਮਲਾਂ ਅਤੇ ਕਰਤੂਤਾਂ ਤੋਂ ਹੀ ਸਾਡੀ ਪਰਖ ਕਰਦਾ ਹੈ। ਇਕ ਪਾਸੇ ਤਾਂ ਅਸੀਂ ਪੜ੍ਹ, ਸੁਣ ਅਤੇ ਬੋਲ ਰਹੇ ਹੁੰਦੇ ਹਾਂ ਕਿ ਗੁਰੂ ਸਾਡਾ ਰੱਖਿਅਕ ਹੈ; ਤੇ ਦੂਜੇ ਪਾਸੇ ਅਸੀਂ ਆਪਣੀ ਰੱਖਿਆ ਵਾਸਤੇ ਪੁਲਿਸ ਨੂੰ ਗੁਰੂ ਘਰਾਂ ਵਿਚ ਲਿਆਉਂਦੇ ਹਾਂ। ਇਹ ਸਿੱਧੀਆਂ-ਸਾਦੀਆਂ ਗੱਲਾਂ ਕੀ ਦੂਜੇ ਮੱਤਾਂ ਦੇ ਲੋਕ ਸਾਨੂੰ ਸਮਝਾਉਣਗੇ?

ਜ਼ਿਆਦਾਤਰ ਸੰਗਤ ਭੋਲੀ-ਭਾਲੀ, ਕਰਮ-ਕਾਂਡੀ ਅਤੇ ਲਕੀਰ ਦੀ ਫਕੀਰ ਹੈ। ਬਹੁਤੇ ਗੁਰੂ ਘਰਾਂ ਦੇ ਮੁੱਖ ਪ੍ਰਬੰਧਕ ਸਰਮਾਏਦਾਰ ਅਤੇ ਧਨਾਢ ਲੋਕ ਹੀ ਹਨ ਜਿਨ੍ਹਾਂ ਦਾ ਗੁਰੂ ਦੀ ਸਿੱਖੀ ਅਤੇ ਬਾਣੀ ਨਾਲ ਕੋਈ ਲਗਾਉ ਨਹੀਂ ਹੁੰਦਾ। ਅਜਿਹੇ ਰੱਜੇ-ਪੁੱਜੇ ਲੋਕ ਸੰਗਤ ਨੂੰ ਪਾੜ ਕੇ ਰੱਖਦੇ ਹਨ ਅਤੇ ਸੰਗਤ ਧੜਿਆਂ ਵਿਚ ਵੰਡੀ ਰਹਿੰਦੀ ਹੈ। ਮੇਰੇ ਨਾਲ ਦਾ ਇਕ ਸਰਕਾਰੀ ਅਧਿਆਪਕ ਸੰਨ 1996 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣ ਗਿਆ। ਉਹ 8-9 ਸਾਲ ਸ਼੍ਰੋਮਣੀ ਕਮੇਟੀ ਦਾ ਮੈਂਬਰ ਰਿਹਾ ਪਰ ਉਸ ਨੂੰ ਦਸਾਂ ਗੁਰੂਆਂ ਦੇ ਨਾਮ ਤੱਕ ਨਹੀਂ ਸਨ ਆਉਂਦੇ। ਇਹ ਸੱਚ ਹੈ!...ਉਸ ਨੇ ਸਕੂਲ ਵਿਚ ਵੀ ਬੱਚਿਆਂ ਨੂੰ ਕਦੇ ਢੰਗ ਨਾਲ ਨਹੀਂ ਸੀ ਪੜ੍ਹਾਇਆ; ਉਸ ਨੇ ਗੁਰੂ ਸਿਧਾਂਤ ਦਾ ਪ੍ਰਚਾਰ ਤਾਂ ਕੀ ਕਰਨਾ ਸੀ, ਸਗੋਂ ਆਪਣੀਆਂ ਕਰਤੂਤਾਂ ਕਰ ਕੇ ਵਾਹਵਾ ਮਸ਼ਹੂਰ ਸੀ। ਇਹ ਤਾਂ ਇਕ ਮਿਸਾਲ ਹੈ।

ਗੁਰੂ ਜੀ ਦਾ ਬਚਨ ਹੈ, 'ਗੁਰੂ ਦੁਆਰੈ ਹੋਇ ਸੋਝੀ ਪਾਇਸੀ॥' ਭਾਵ ਗੁਰਦੁਆਰੇ ਹੁੰਦੇ ਹਨ ਸੋਝੀ ਪ੍ਰਾਪਤ ਕਰਨ ਲਈ। ਜੇ ਗੁਰਦੁਆਰੇ ਜਾ ਕੇ ਗਲਤ-ਠੀਕ, ਗੁਰਬਾਣੀ ਗਿਆਨ ਅਤੇ ਰੱਬੀ ਗਿਆਨ ਦੀ ਸੋਝੀ ਰਤਾ-ਮਾਸਾ ਵੀ ਪ੍ਰਾਪਤ ਨਹੀਂ ਹੁੰਦੀ ਤਾਂ ਫਿਰ ਇਹ ਰਸਮ ਅਤੇ ਮੌਜ-ਮੇਲੇ ਤੋਂ ਵੱਧ ਹੋਰ ਕੁਝ ਵੀ ਨਹੀਂ। ਜ਼ਿਆਦਾਤਰ ਸੰਗਤ ਤਾਂ ਰਾਗੀਆਂ, ਢਾਡੀਆਂ ਅਤੇ ਪ੍ਰਚਾਰਕਾਂ ਦੁਆਰਾ ਅਜਿਹੀਆਂ ਬ੍ਰਾਹਮਣਵਾਦੀ ਤਰਜ਼ ਵਾਲੀਆਂ ਬੇਤੁਕੀਆਂ, ਬੇਥਵੀਆਂ, ਤਰਕਹੀਣ, ਚਮਤਕਾਰੀ ਅਤੇ ਅਣਹੋਣੀਆਂ ਕਥਾ-ਕਹਾਣੀਆਂ ਸੁਣ ਕੇ ਹੀ ਖੁਸ਼ੀਆਂ ਪ੍ਰਾਪਤ ਕਰ ਲੈਂਦੀ ਹੈ, ਜਿਨ੍ਹਾਂ ਦਾ ਗੁਰੂਆਂ ਦੇ ਜੀਵਨ, ਉਪਦੇਸ਼ ਅਤੇ ਬਾਣੀ ਨਾਲ ਦੂਰ ਦਾ ਵੀ ਸਬੰਧ ਨਹੀਂ ਹੁੰਦਾ। ਗੁਰੂ ਘਰਾਂ ਵਿਚ ਮਾਇਆ ਭੇਟਾ ਕਰਨ ਦਾ ਸਿਲਸਿਲਾ ਇਸ ਤਰ੍ਹਾਂ ਹੈ ਕਿ ਗੁਰੂ ਮਹਾਰਾਜ ਅੱਗੇ ਮੱਥਾ ਟੇਕਣ ਦੇ ਨਾਲ ਹੀ ਜਿਥੇ ਰਾਗੀ ਸਿੰਘ ਜਾਂ ਪ੍ਰਚਾਰਕ ਬੈਠ ਕੇ ਹਾਜ਼ਰੀ ਭਰਦੇ ਹਨ, ਭਾਵੇਂ ਉਹ ਉਥੇ ਹੋਣ ਜਾਂ ਨਾ, ਤਾਂ ਥੜ੍ਹੇ ਉਪਰ ਹੀ ਸੰਗਤ ਮਾਇਆ ਭੇਟਾ ਕਰਨ ਤੋਂ ਨਹੀਂ ਉਕਦੀ।

ਇਹ ਠੀਕ ਹੈ ਕਿ ਮਾਇਆ ਤੋਂ ਬਗੈਰ ਗੁਰੂ ਘਰਾਂ ਦਾ ਪ੍ਰਬੰਧ ਨਹੀਂ ਚੱਲ ਸਕਦਾ। ਗੁਰੂ ਘਰਾਂ ਦੇ ਪ੍ਰਬੰਧ ਤੋਂ ਇਲਾਵਾ ਬਚਦੀ ਮਾਇਆ, ਢੇਰਾਂ ਦੇ ਢੇਰ ਬੈਂਕਾਂ ਵਿਚ ਜਮ੍ਹਾਂ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਨਾਜਾਇਜ਼ ਮੁਕੱਦਮਿਆਂ 'ਤੇ ਉਜੜਨੀ ਚਾਹੀਦੀ ਹੈ। ਕੁਝ ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਅਦਾਲਤਾਂ ਵਿਚ ਹੋਣ ਵਾਲਾ ਖਰਚਾ ਪ੍ਰਬੰਧਕ ਆਪਣੀ ਜੇਬ 'ਚੋਂ ਕਰਨ। ਇਕੱਠੀ ਹੋਈ ਮਾਇਆ ਨਾਲ ਦੀ ਨਾਲ ਦੁਖੀ, ਲੋੜਵੰਦ ਅਤੇ ਗਰੀਬਾਂ ਦੇ ਭਲੇ ਵਾਸਤੇ ਖਰਚ ਹੋ ਜਾਣੀ ਚਾਹੀਦੀ ਹੈ। ਇਹੀ ਗੁਰੂ ਦਾ ਉਪਦੇਸ਼ ਹੈ। ਗੁਰੂ ਸਾਹਿਬਾਨ ਵੇਲੇ ਵੀ ਸੰਗਤ ਗੁਰੂਆਂ ਦੇ ਚਰਨਾਂ ਵਿਚ ਹੀ ਮਾਇਆ ਭੇਟ ਕਰਦੀ ਸੀ। ਗੁਰੂ ਸਾਹਿਬ ਇਸ ਮਾਇਆ ਦਾ ਕੀ ਕਰਦੇ ਸਨ ਭਲਾ? ਇਸ ਬਾਰੇ ਗਹਿਰਾਈ ਤੱਕ ਵਿਚਾਰ ਤੇ ਪ੍ਰਚਾਰ ਕਰਨ ਅਤੇ ਨਾਲ ਦੀ ਨਾਲ ਇਸ ਉਤੇ ਅਮਲ ਦੀ ਬਹੁਤ ਜ਼ਿਆਦਾ ਲੋੜ ਹੈ।

ਮੇਰੇ ਹਿਸਾਬ ਨਾਲ ਇਸ ਮਾਮਲੇ ਵਿਚ ਸਭ ਤੋਂ ਪਹਿਲਾ ਕਦਮ ਆਪਣੇ ਅੰਦਰ ਝਾਤੀ ਮਾਰਨਾ ਹੈ। ਕਿਸੇ ਨੂੰ ਬੁਰਾ-ਭਲਾ ਕਹਿਣ ਦੀ ਥਾਂ ਸਾਨੂੰ ਸਾਰਿਆਂ ਨੂੰ ਉਸ ਅਕਲ-ਮੱਤ, ਬੁੱਧ-ਬਿਬੇਕ, ਸੋਝੀ ਅਤੇ ਗਿਆਨ ਦਾ ਪੱਲਾ ਫੜ ਕੇ ਆਪਣੇ ਅੰਦਰ ਆਪ ਹੀ ਝਾਤੀ ਮਾਰਨੀ ਚਾਹੀਦੀ ਹੈ ਜਿਸ ਦਾ ਜ਼ਿਕਰ ਗੁਰੂਆਂ ਨੇ ਵਾਰ ਵਾਰ ਆਪਣੀ ਬਾਣੀ ਵਿਚ ਕੀਤਾ ਹੈ। ਗੁਰੂ ਘਰਾਂ ਦਾ ਪ੍ਰਬੰਧ ਸੰਭਾਲਣ ਲਈ ਜਿਹੜੇ ਆਪਣੇ ਆਪ ਨੂੰ ਯੋਗ, ਇਮਾਨਦਾਰ, ਸੁਹਿਰਦ, ਸਮਰਪਿਤ, ਤਿਆਗੀ, ਨਿਰਪੱਖ ਅਤੇ ਸੱਚੇ-ਸੁੱਚੇ ਸਮਝਣ ਦੀ ਜੁਰਅੱਤ ਰੱਖਦੇ ਹਨ, ਉਹ ਖੁਦ ਅੱਗੇ ਆ ਕੇ ਪ੍ਰਚਾਰ ਕਰਨ ਅਤੇ ਸੰਗਤ ਨੂੰ ਲਾਮਬੰਦ ਕਰਨ; ਕਿਉਂਕਿ ਸੰਗਤ ਨੂੰ ਅਗਵਾਈ ਚਾਹੀਦੀ ਹੈ। ਕੰਮ ਤਾਂ ਇਹ ਔਖਾ ਹੈ, ਪਰ ਹੁਣ ਕਿਸੇ ਨੂੰ ਤਾਂ ਸਿਰ ਤਲੀ 'ਤੇ ਧਰਨਾ ਹੀ ਪਵੇਗਾ!

# ਨਾਮਧਾਰੀ ਸੰਪਰਦਾ ਵਿਚਾਲੇ ਤਕਰਾਰ ਬਰਕਰਾਰ

**ਮੁਕੇਰੀਆਂ:** ਗੱਦੀ ਨੂੰ ਲੈ ਕੇ ਨਾਮਧਾਰੀ ਸੰਪਰਦਾ ਵਿਚਾਲੇ ਤਕਰਾਰ ਬਰਕਰਾਰ ਹੈ। ਨਾਮਧਾਰੀ ਸੰਪਰਦਾ ਦੇ ਆਗੂ ਠਾਕੁਰ ਉਦੈ ਸਿੰਘ ਨੂੰ ਗੁਰਗੱਦੀ ਦਿੱਤੇ ਜਾਣ ਖ਼ਿਲਾਫ਼ ਲੋਕਾਂ ਵਿਚ ਇੱਕਮੁੱਠਤਾ ਪੈਦਾ ਕਰਨ ਦੇ ਮੰਤਵ ਨਾਲ ਗੜ੍ਹਦੀਵਾਲਾ ਦੇ ਗੁਰਦੁਆਰਾ ਨਾਮਧਾਰੀ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਮੰਤਵ ਸਤਿਗੁਰੂ ਜਗਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨਾ ਤੇ ਉਨ੍ਹਾਂ ਦੀ ਗੱਦੀ ਦੇ ਅਸਲ ਵਾਰਸ ਦੀ ਸਹੀ ਚੋਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਸਮਾਗਮ ਵਿਚ ਦਸੂਹਾ, ਮੁਕੇਰੀਆਂ, ਗੜ੍ਹਦੀਵਾਲਾ, ਟਾਂਡਾ ਤੇ ਹੁਸ਼ਿਆਰਪੁਰ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ ਤੇ ਇਸ ਮੌਕੇ ਵਿਸੇਸ਼ ਰੂਪ ਵਿਚ ਠਾਕੁਰ ਦਲੀਪ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਸਮੂਹ ਨਾਮਧਾਰੀ ਸੰਪਰਦਾ ਦੀਆਂ ਸੰਗਤਾਂ ਨੇ ਇਕਮੁੱਠਤਾ ਪ੍ਰਗਟ ਕਰਦਿਆਂ ਕਿਹਾ ਕਿ ਉਹ ਠਾਕੁਰ ਉਦੈ ਸਿੰਘ ਨੂੰ ਆਪਣਾ ਗੁਰੂ ਨਹੀਂ ਮੰਨਦੇ ਕਿਉਂਕਿ ਉਨ੍ਹਾਂ ਦੀ ਸਤਿਗੁਰੂ ਜਗਜੀਤ ਸਿੰਘ ਵੱਲੋਂ ਗੁਰਗੱਦੀ ਨਹੀਂ ਸੌਂਪੀ ਗਈ। ਸੰਗਤ ਨੇ ਕਿਹਾ ਕਿ ਉਹ ਮਾਤਾ ਚੰਦ ਕੌਰ ਨੂੰ ਪੰਥ ਦੀ ਸਰਵਉੱਚ ਸ਼ਖਸੀਅਤ ਮੰਨਦੇ ਹਨ ਤੇ ਕੇਵਲ ਉਨ੍ਹਾਂ ਦਾ ਹੀ ਸਤਿਕਾਰ ਕਰਦੇ ਹਨ। ਸੰਗਤ ਨੇ ਕਿਹਾ ਕਿ ਨਾਮਧਾਰੀ ਸੰਪਰਦਾ ਹਮੇਸ਼ਾ ਇਕਮੁੱਠ ਰਿਹਾ ਹੈ ਪਰ ਗਲਤ ਤਰੀਕੇ ਨਾਲ ਨਾਮਧਾਰੀ ਗੁਰੂ ਦੀ ਗੁਰਗੱਦੀ ਦੇ ਲਏ ਗਏ ਫੈਸਲੇ ਦਾ ਉਹ ਵਿਰੋਧ ਕਰਦੇ ਹਨ।

ਇਸ ਲਈ ਉਹ ਠਾਕੁਰ ਉਦੈ ਸਿੰਘ ਦੀ ਥਾਂ 'ਤੇ ਠਾਕੁਰ ਦਲੀਪ ਸਿੰਘ ਨੂੰ ਹੀ ਆਪਣਾ ਗੁਰੂ ਦੇਖਣਾ ਚਾਹੁੰਦੇ ਹਨ ਤੇ ਠਾਕੁਰ ਦਲੀਪ ਸਿੰਘ ਹੀ ਗੁਰਗੱਦੀ ਦੇ ਅਸਲ ਵਾਰਸ ਹਨ। ਸੂਤਰਾਂ ਅਨੁਸਾਰ ਸਮੂਹ ਨਾਮਧਾਰੀ ਸੰਪਰਦਾ ਦੀ ਵੱਡੀ ਗਿਣਤੀ ਸੰਗਤ ਠਾਕੁਰ ਉਦੈ ਸਿੰਘ ਨੂੰ ਆਪਣਾ ਗੁਰੂ ਮੰਨਣ ਤੋਂ ਇਨਕਾਰੀ ਹੈ ਤੇ ਗੁਰੂ ਗੱਦੀ ਦੇ ਅਸਲ ਵਾਰਸ ਠਾਕੁਰ ਦਲੀਪ ਸਿੰਘ ਸਬੰਧੀ ਸੰਗਤਾਂ ਦੀ ਇਕਮੁੱਠਤਾ ਤੋਂ ਬਾਅਦ ਲਏ ਗਏ ਫੈਸਲੇ ਅਨੁਸਾਰ ਹੀ ਅਗਲਾ ਫੈਸਲਾ ਕੀਤਾ ਜਾਵੇਗਾ।

**ਦੇਸ-ਪਰਦੇਸ**

# ਔਰਤ, ਸਮਾਜ ਤੇ ਸਟੇਟ

***ਦਿੱਲੀ ਜਬਰ ਜਨਾਹ ਕੇਸ ਤੋਂ ਬਾਅਦ ਇਸ ਮਾਮਲੇ ਬਾਰੇ ਵਾਹਵਾ ਵੱਡੇ ਪੱਧਰ ਉਤੇ ਚਰਚਾ ਹੋਈ ਹੈ, ਪਰ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਨਵੇਂ ਲੇਖ ਵਿਚ ਜਿਹੜੇ ਸਵਾਲ ਅਵਾਮ ਦੇ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ, ਉਹ ਵੱਖਰੇ ਨੁਕਤਾ-ਨਿਗ੍ਹਾ ਵਾਲੇ ਹਨ ਅਤੇ ਵਧੇਰੇ ਗੌਲਣ ਵਾਲੇ ਵੀ। ਇਸ ਲੇਖ ਵਿਚ ਔਰਤਾਂ ਉਤੇ ਜਬਰ ਜਨਾਹ ਵਰਗੇ ਜ਼ੁਲਮ ਹੀ ਨਹੀਂ, ਹੋਰ ਹਰ ਕਿਸਮ ਦੀਆਂ ਜ਼ਿਆਦਤੀਆਂ ਦੀ ਜੜ੍ਹਾਂ ਦੀ ਨਿਸ਼ਾਨਦੇਹੀ ਕਰਨ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ। ਇਸ ਵਿਚ ਘੱਟ-ਗਿਣਤੀ ਭਾਈਚਾਰਿਆਂ ਨਾਲ ਵਧੀਕੀਆਂ ਦਾ ਮਾਮਲਾ ਵੀ ਵਿਚਾਰਿਆ ਗਿਆ ਹੈ। ਨਾਲ ਹੀ ਭਾਰਤ ਦੀ ਮੱਧ-ਵਰਗੀ ਮਾਨਸਿਕਤਾ ਨੂੰ ਠਕੋਰਨ ਦੀ ਕੋਸ਼ਿਸ਼ ਵੀ ਕੀਤੀ ਹੈ। -ਸੰਪਾਦਕ***

**ਬੂਟਾ ਸਿੰਘ**
ਫ਼ੋਨ:91-94634-74342

ਦਿੱਲੀ ਵਿਚ ਸਮੂਹਕ ਜਬਰ ਜਨਾਹ ਦੇ ਵਹਿਸ਼ੀਆਨਾ ਕਾਂਡ ਨਾਲ ਪੂਰਾ ਮੁਲਕ ਹੀ ਝੰਜੋੜਿਆ ਗਿਆ। ਇਹ ਕਾਂਡ ਸੀ ਹੀ ਐਨਾ ਹੌਲਨਾਕ। ਨੌਕਰੀਪੇਸ਼ਾ ਮੱਧ ਵਰਗੀ ਲੋਕਾਂ ਅਤੇ ਨੌਜਵਾਨ ਮੁੰਡੇ-ਕੁੜੀਆਂ ਨੂੰ ਇਸ ਘਟਨਾ ਨਾਲ ਆਪਣੀ ਰੋਜ਼ਮਰਾ ਜ਼ਿੰਦਗੀ ਦੀ ਅਸੁਰੱਖਿਆ ਬਹੁਤ ਸ਼ਿੱਦਤ ਨਾਲ ਮਹਿਸੂਸ ਹੋਈ। ਉਨ੍ਹਾਂ ਦਾ ਦੇਰ ਰਾਤ ਤੁਰੇ ਫਿਰਨ ਦਾ ਸਿਲਸਿਲਾ ਹੀ ਖ਼ਤਰੇ ਮੂੰਹ ਆ ਗਿਆ। ਰਾਤਾਂ ਦੇ ਮਾਹੌਲ ਉੱਪਰ ਅਚਾਨਕ ਭੈਅ ਦਾ ਆਲਮ ਇਸ ਕਦਰ ਛਾ ਗਿਆ ਕਿ ਉਨ੍ਹਾਂ ਦੀ ਜ਼ਿੰਦਗੀ ਦੀ ਤੋਰ ਹੀ ਲੜਖੜਾ ਗਈ। ਇਕ ਮੁਟਿਆਰ ਨਾਲ ਇਸ ਕੁਕਰਮ ਦੇ ਪ੍ਰਤੀਕਰਮ ਵਜੋਂ ਉਨ੍ਹਾਂ ਦਾ ਸੜਕਾਂ 'ਤੇ ਆ ਕੇ ਔਰਤਾਂ ਉੱਪਰ ਜ਼ੁਲਮ ਰੋਕਣ ਦੀ ਮੰਗ ਕਰਨਾ ਸੁਭਾਵਿਕ ਸੀ। ਇਹ ਬਹੁਤ ਸਾਰਥਕ ਪੇਸ਼ਕਦਮੀ ਹੈ ਜਿਸ ਤੋਂ ਭਾਰਤੀ ਸਮਾਜ ਅੰਦਰ ਔਰਤਾਂ ਉੱਪਰ ਤਮਾਮ ਜ਼ੁਲਮਾਂ ਦੇ ਮੁੱਦੇ ਨੂੰ ਸਹੀ ਪ੍ਰਸੰਗ 'ਚ ਉਠਾਉਣ ਦੀ ਸ਼ੁਰੂਆਤ ਕੀਤੀ ਜਾ ਸਕਦੀ ਹੈ। ਸਾਰਥਕ ਇਸ ਲਈ ਕਿ ਮਹਾਂਨਗਰਾਂ ਦੇ ਇਸ ਹਿੱਸੇ ਨੂੰ ਪੂਰੇ ਮੁਲਕ 'ਚ ਆਦਿਵਾਸੀਆਂ, ਦਲਿਤਾਂ, ਕੌਮੀਅਤਾਂ, ਧਾਰਮਿਕ ਘੱਟ-ਗਿਣਤੀਆਂ ਤੇ ਹੋਰ ਸੰਘਰਸ਼ਸ਼ੀਲ ਹਿੱਸਿਆਂ ਦੀਆਂ ਔਰਤਾਂ ਨਾਲ ਨਿੱਤ ਹੋ ਰਹੇ ਜਬਰ ਜਨਾਹ ਕਦੇ ਨਹੀਂ ਚੁਭਦੇ, ਆਪਣੇ ਨੱਕ ਹੇਠ ਵੀ ਨਹੀਂ।

ਭਾਰਤ ਵਿਚ ਹਰ 22 ਮਿੰਟ 'ਚ ਕਿਸੇ ਨਾ ਕਿਸੇ ਔਰਤ ਨਾਲ ਜਬਰ ਜਨਾਹ ਹੁੰਦਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਨੁਸਾਰ 1953 ਤੋਂ ਲੈ ਕੇ 2011 ਦਰਮਿਆਨ ਜਬਰ ਜਨਾਹ ਦੀਆਂ ਵਾਰਦਾਤਾਂ 'ਚ 873 ਫ਼ੀ ਸਦੀ ਵਾਧਾ ਹੋਇਆ ਹੈ। ਜਿਹੜੇ ਤਿੰਨ ਦਿਨ ਦਿੱਲੀ ਦੀਆਂ ਸੜਕਾਂ 'ਤੇ ਰੋਸ ਵਿਖਾਵੇ ਹੋ ਰਹੇ ਸਨ, ਉਨ੍ਹਾਂ 72 ਘੰਟਿਆਂ ਦੌਰਾਨ (ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ) ਭਾਰਤ ਵਿਚ ਘੱਟੋ ਘੱਟ ਡੇਢ ਸੌ ਜਬਰ ਜਨਾਹ ਹੋਏ। ਕਹਿਣ ਦੀ ਲੋੜ ਨਹੀਂ, ਇਹ ਅੰਕੜੇ ਸਿਰਫ਼ ਦਰਜ ਰਿਪੋਰਟਾਂ 'ਤੇ ਆਧਾਰਤ ਹਨ। ਜ਼ਿਆਦਾਤਰ ਔਰਤਾਂ ਸਮਾਜੀ ਨਮੋਸ਼ੀ, ਬਦਨਾਮੀ ਅਤੇ ਨਿਆਂ ਦੀ ਨਾਉਮੀਦੀ ਕਾਰਨ ਆਪਣੇ ਉੱਪਰ ਹੋਏ ਇਹ ਘੋਰ ਜ਼ੁਲਮ ਅੰਦਰੋ ਅੰਦਰੀ ਪੀ ਜਾਂਦੀਆਂ ਹਨ, ਜਾਂ ਭਾਈਚਾਰਾ ਦਬਾ ਦਿੰਦਾ ਹੈ। ਔਰਤਾਂ ਖ਼ਿਲਾਫ਼ ਅਜਿਹੇ ਜ਼ੁਲਮਾਂ ਦਾ ਜਿੰਨਾ ਵਿਰੋਧ ਕੀਤਾ ਜਾਵੇ, ਉਨਾ ਹੀ ਥੋੜ੍ਹਾ ਹੈ। ਇਸ ਕਾਂਡ ਦਾ ਵਿਰੋਧ ਪੂਰੀ ਤਰ੍ਹਾਂ ਜਾਇਜ਼ ਹੈ, ਸਮੇਂ ਦਾ ਤਕਾਜ਼ਾ ਵੀ ਅਤੇ ਹੋਰ ਵੀ ਵਿਆਪਕ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਮੰਗ ਵੀ ਕਰਦਾ ਹੈ, ਪਰ ਵਿਰੋਧ ਦੇ ਇਸ ਅਮਲ ਵਿਚ ਮੁੱਖ ਸਰੋਕਾਰ ਤੇ ਸਵਾਲ ਗੈਰ-ਹਾਜ਼ਰ ਹਨ ਜੋ ਸੰਜੀਦਾ ਸੋਚ-ਵਿਚਾਰ ਦੀ ਮੰਗ ਕਰਦੇ ਹਨ।

ਪ੍ਰਦਰਸ਼ਨਾਂ ਦੌਰਾਨ ਔਰਤਾਂ ਉੱਪਰ ਸਿਰਫ਼ ਇਕ ਤਰ੍ਹਾਂ ਦੇ ਜ਼ੁਲਮਾਂ, ਯਾਨੀ ਕਿਸੇ ਓਪਰੇ ਬੰਦੇ ਵਲੋਂ ਅਸੁਰੱਖਿਅਤ ਮਾਹੌਲ 'ਚ ਔਰਤ ਨਾਲ ਜਬਰ ਜਨਾਹ ਨੂੰ ਅੰਜਾਮ ਦੇਣ ਦੀਆਂ ਵਾਰਦਾਤਾਂ ਵਿਰੁੱਧ ਹੀ ਆਵਾਜ਼ ਉੱਠੀ ਹੈ। ਦਰ-ਹਕੀਕਤ ਔਰਤਾਂ ਦੀ ਅਸੁਰੱਖਿਆ ਅਤੇ ਉਨ੍ਹਾਂ ਉੱਪਰ ਜ਼ੁਲਮਾਂ ਦਾ ਇਹੀ ਇਕੋ-ਇਕ ਰੂਪ ਨਹੀਂ ਹੈ। ਮਸਲੇ ਨੂੰ ਸਮੁੱਚ ਅਤੇ ਵਿਆਪਕਤਾ 'ਚ ਲੈਣ ਅਤੇ ਅਗਾਂਹ ਇਸ ਦੀਆਂ ਤਹਿਆਂ ਤੇ ਜੜ੍ਹਾਂ ਨੂੰ ਫਰੋਲਣ ਦੀ ਲੋੜ ਹੈ। ਘੋਰ ਜ਼ੁਲਮ ਦੀ ਵਹਿਸ਼ੀਆਨਾ ਵਾਰਦਾਤ ਨੂੰ ਆਧਾਰ ਬਣਾ ਕੇ ਅਤੇ ਇਸ ਲਈ ਸਿਰਫ਼ ਕੁਝ ਦਰਿੰਦਿਆਂ ਨੂੰ ਇਕੋ ਇਕ ਜ਼ਿੰਮੇਵਾਰ ਮਿੱਥ ਲੈਣ ਦਾ ਨਜ਼ਰੀਆ ਭਾਰਤ ਦੀ ਸਮੁੱਚੀ ਕਰੂਰ ਹਕੀਕਤ ਨੂੰ ਉੱਕਾ ਹੀ ਨਜ਼ਰ-ਅੰਦਾਜ਼ ਕਰਦਾ ਹੈ। ਅਜਿਹਾ ਸੀਮਤ ਵਿਰੋਧ ਸਥਾਪਤੀ ਨੂੰ ਪੂਰੀ ਤਰ੍ਹਾਂ ਰਾਸ ਆਉਂਦਾ ਹੈ। ਇਸ ਸਮਾਜ ਦੇ ਸੱਭਿਆਚਾਰ ਅਤੇ ਸਥਾਪਤੀ ਦੀ ਰਾਜ ਮਸ਼ੀਨਰੀ ਵਲੋਂ ਕੀਤੇ ਤੇ ਕਰਵਾਏ ਜਾਂਦੇ ਜਬਰ ਜਨਾਹਾਂ ਤੇ ਹੋਰ ਜ਼ੁਲਮਾਂ ਵੱਲ ਕਿਸੇ ਦੀ ਨਜ਼ਰ ਹੀ ਨਹੀਂ ਜਾਂਦੀ।

ਵਿਰੋਧ ਦੀ ਇਸ ਆਵਾਜ਼ 'ਚ ਅਮਨ-ਕਾਨੂੰਨ ਦੇ ਰਖਵਾਲਿਆਂ, ਹੁਕਮਰਾਨਾਂ ਦੇ ਪਾਲੇ ਹੋਏ ਗ਼ੈਰ-ਕਾਨੂੰਨੀ ਗਰੋਹਾਂ, ਉੱਚ ਜਾਤੀਆਂ ਦੀਆਂ ਨਿੱਜੀ ਸੈਨਾਵਾਂ ਅਤੇ ਫਿਰਕੂ ਗਰੋਹਾਂ ਵਲੋਂ ਔਰਤਾਂ ਉੱਪਰ ਘੋਰ ਜ਼ੁਲਮਾਂ ਦਾ ਮੁੱਖ ਪਹਿਲੂ ਗ਼ੈਰ-ਹਾਜ਼ਰ ਹੈ। ਨਾਲ ਹੀ ਗ਼ੈਰ-ਹਾਜ਼ਰ ਹੈ ਇਹ ਕੌੜੀ ਹਕੀਕਤ ਕਿ ਇਸ ਮੁਲਕ ਵਿਚ 90 ਫ਼ੀ ਸਦੀ ਜਬਰ ਜਨਾਹ ਔਰਤਾਂ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਜਾਂ ਜਾਣਕਾਰਾਂ ਵਲੋਂ ਕੀਤੇ ਜਾਂਦੇ ਹਨ ਜਿਨ੍ਹਾਂ ਉੱਤੇ ਸਮਾਜੀ ਨਮੋਸ਼ੀ ਤੇ ਔਰਤ ਦੀ ਬਦਨਾਮੀ ਦੀ ਦਲੀਲ ਦੇ ਕੇ ਉਨ੍ਹਾਂ ਦਾ ਆਪਣਾ ਟੱਬਰ ਤੇ ਭਾਈਚਾਰਾ ਹੀ ਮਿੱਟੀ ਪਾ ਦਿੰਦਾ ਹੈ। ਮੌਜੂਦਾ ਵਿਰੋਧ ਦੀ ਆਵਾਜ਼ ਵਿਚ ਇਸ ਦਾ ਕਿਤੇ ਜ਼ਿਕਰ ਹੀ ਨਹੀਂ ਹੈ। ਕਾਰਨ? ਭਾਰਤ ਵਿਚ ਔਰਤ ਉੱਪਰ ਜਬਰ ਜਨਾਹ ਤੇ ਹੋਰ ਘਿਣਾਉਣੇ ਜ਼ੁਲਮਾਂ ਨੂੰ ਸਮਾਜਕ ਪ੍ਰਵਾਨਗੀ ਹਾਸਲ ਹੈ! ਸੰਘ ਪਰਿਵਾਰ ਅਤੇ ਭਾਰਤੀ ਪਰੰਪਰਾ ਦੀਆਂ ਹੋਰ ਚੈਂਪੀਅਨ ਤਾਕਤਾਂ ਦੀਆਂ ਨਜ਼ਰਾਂ ਵਿਚ 'ਭਾਰਤ' ਵਿਚ ਜਬਰ ਜਨਾਹ ਹੁੰਦੇ ਹੀ ਨਹੀਂ, ਸਿਰਫ਼ 'ਇੰਡੀਆ' ਵਿਚ ਹੋ ਰਹੇ ਹਨ ਜਿੱਥੇ ਔਰਤਾਂ ਨੇ ਹਿੰਦੂ ਮਰਯਾਦਾ ਦੀ 'ਲਛਮਣ ਰੇਖਾ' ਟੱਪ ਕੇ ਪੱਛਮੀ ਕਦਰਾਂ-ਕੀਮਤਾਂ ਅਪਣਾ ਲਈਆਂ ਹਨ। ਪਰਿਵਾਰਕ ਰਿਸ਼ਤਿਆਂ ਅੰਦਰ ਔਰਤਾਂ ਉੱਪਰ ਸਦੀਆਂ ਤੋਂ ਹੋ ਰਹੇ ਜਬਰ ਜਨਾਹ ਤੇ ਹੋਰ ਜ਼ੁਲਮ ਇਸ ਸੋਚ ਵਾਲਿਆਂ ਲਈ ਕੋਈ ਮਸਲਾ ਹੀ ਨਹੀਂ ਹੈ। ਉਹ ਤਾਂ ਸਗੋਂ ਇਨ੍ਹਾਂ ਸੁਨਹਿਰੀ ਪਰੰਪਰਾਵਾਂ ਉੱਪਰ ਮਾਣ ਮਹਿਸੂਸ ਕਰਦੇ ਹਨ!

ਪੱਛਮੀ ਤੇ ਆਧੁਨਿਕ ਕਦਰਾਂ-ਕੀਮਤਾਂ ਤੋਂ ਅਛੋਹ ਪਿੰਡਾਂ ਵਿਚ ਜਬਰ ਜਨਾਹ ਨਾ ਹੋਣ ਦੀਆਂ ਦਲੀਲਾਂ ਦੇਣ ਵਾਲੇ ਇਸ ਜ਼ਾਹਰਾ ਹਕੀਕਤ 'ਤੇ ਪਰਦਾ ਪਾਉਂਦੇ ਹਨ ਕਿ ਉਨ੍ਹਾਂ ਦੇ ਇਸ ਗੌਰਵਮਈ 'ਭਾਰਤ' ਵਿਚ ਕਿਵੇਂ ਔਰਤਾਂ ਨਿੱਤ ਘਰੇਲੂ ਹਿੰਸਾ ਦਾ ਸੰਤਾਪ ਝੱਲਦੀਆਂ ਹਨ, ਕਿਵੇਂ ਖਾਪ ਪੰਚਾਇਤਾਂ ਤੇ ਰੂੜ੍ਹੀਵਾਦੀ ਸਮਾਜੀ ਸੰਸਥਾਵਾਂ ਜਗੀਰੂ ਮਰਿਯਾਦਾ ਦੀ ਉਲੰਘਣਾ ਕਰਨ 'ਤੇ ਔਰਤਾਂ ਨੂੰ ਸਮੂਹਕ ਜਬਰ ਜਨਾਹ ਤੇ ਨਿਰਵਸਤਰ ਕਰ ਕੇ ਪੂਰੇ ਪਿੰਡ 'ਚ ਘੁੰਮਾਉਣ ਦੀਆਂ ਸਜ਼ਾਵਾਂ ਦਿੰਦੀਆਂ ਹਨ, ਕਿਵੇਂ ਅਖੌਤੀ ਉੱਚੀਆਂ ਜਾਤਾਂ ਵਾਲੇ ਆਪਣੀ ਜਗੀਰੂ ਧੌਂਸ ਦਿਖਾਉਣ ਤੇ ਦੱਬੇ-ਕੁਚਲੇ ਲੋਕਾਂ ਦੀ ਹੱਕ-ਜਤਾਈ ਦਾ ਲੱਕ ਤੋੜਨ ਲਈ ਖੈਰਲਾਂਜੀ ਵਰਗੇ ਕਾਂਡ ਰਚਦੇ ਹਨ।...

ਪਿਛਲੇ ਸਾਢੇ ਛੇ ਦਹਾਕਿਆਂ 'ਚ ਭਾਰਤੀ ਰਾਜ ਵਲੋਂ ਜਿੱਥੇ ਜਿੱਥੇ ਵੀ 'ਗੜਬੜ ਵਾਲੇ ਇਲਾਕੇ' ਅਤੇ ਅਮਨ-ਕਾਨੂੰਨ ਦੇ ਨਾਂ ਹੇਠ ਅਵਾਮ ਦੀ ਆਵਾਜ਼ ਨੂੰ ਕੁਚਲਣ ਲਈ ਪੁਲਿਸ ਅਤੇ ਸੁਰੱਖਿਆ ਤਾਕਤਾਂ ਜਾਂ ਫ਼ੌਜ ਲਗਾਈ ਗਈ, ਉੱਥੋਂ ਦੀਆਂ ਔਰਤਾਂ ਨੂੰ ਦੋਹਰਾ ਸੰਤਾਪ ਝੱਲਣਾ ਪਿਆ ਹੈ-ਸੰਘਰਸ਼ਸ਼ੀਲ ਸਮਾਜ ਵਜੋਂ ਹਕੂਮਤੀ ਜਬਰ ਦਾ ਤੇ ਦੂਜਾ ਔਰਤ ਦੇ ਰੂਪ 'ਚ ਲਿੰਗਕ ਜ਼ੁਲਮਾਂ ਦਾ। ਚਾਹੇ ਤੇਲੰਗਾਨਾ (1946-51), ਨਕਸਲਬਾੜੀ ਤੋਂ ਲੈ ਕੇ ਨਕਸਲੀ ਲਹਿਰ ਦੇ ਜ਼ੋਰ ਵਾਲੇ ਅਜੋਕੇ ਨੌਂ ਸੂਬੇ ਹੋਣ, ਜਾਂ ਮਿਜ਼ੋਰਮ, ਕਸ਼ਮੀਰ, ਪੰਜਾਬ ਜਾਂ ਉੱਤਰ-ਪੂਰਬ ਹੋਵੇ, ਜਾਂ ਮੁੰਬਈ, ਗੁਜਰਾਤ, ਦਿੱਲੀ ਤੇ ਹੋਰ ਸ਼ਹਿਰਾਂ ਵਿਚ ਕ੍ਰਮਵਾਰ ਮੁਸਲਮਾਨ ਤੇ ਸਿੱਖ ਘੱਟ-ਗਿਣਤੀਆਂ ਦੇ ਗਿਣ-ਮਿੱਥ ਕੇ ਕੀਤੇ ਘਾਣ ਦਾ ਦੌਰ ਹੋਵੇ, ਹਰ ਥਾਂ ਸਰਕਾਰੀ ਹਥਿਆਰਬੰਦ ਤਾਕਤਾਂ ਅਤੇ ਰਾਜ ਦੇ ਖੜ੍ਹੇ ਕੀਤੇ ਲਾਕਾਨੂੰਨੀ ਗਰੋਹ (ਪੰਜਾਬ ਵਿਚ ਬਲੈਕ ਕੈਟ, ਆਂਧਰਾ ਪ੍ਰਦੇਸ਼ ਵਿਚ ਗਰੇਅ ਹਾਊਂਡਜ਼ ਤੇ ਹੋਰ, ਛੱਤੀਸਗੜ੍ਹ ਵਿਚ ਸਲਵਾ ਜੁਡਮ, ਲਾਲਗੜ੍ਹ 'ਚ ਸੀ.ਪੀ.ਐੱਮ ਦੀ ਹਰਮਦ ਵਾਹਨੀ, ਬਿਹਾਰ ਵਿਚ ਡੇਢ ਦਰਜਨ ਨਿੱਜੀ ਸੈਨਾਵਾਂ ਆਦਿ) ਹਜ਼ਾਰਾਂ ਔਰਤਾਂ ਦੇ ਜਿਸਮ ਨੋਚਦੇ ਰਹੇ ਤੇ ਕਈ ਥਾਈਂ ਅੱਜ ਵੀ ਨੋਚ ਰਹੇ ਹਨ। ਇਹ ਜ਼ੁਲਮ ਆਮ ਜਾਣਕਾਰੀ 'ਚ ਹਨ ਅਤੇ ਕਿਸੇ ਸਬੂਤ ਦੇ ਮੁਥਾਜ਼ ਨਹੀਂ ਹਨ। 1984 'ਚ ਦਿੱਲੀ, ਕਾਨਪੁਰ ਜਾਂ ਬੋਕਾਰੋ ਜਾਂ ਪੰਜਾਬ ਦਾ ਪਿੰਡ ਬੀਰੋਮਾਜਰੀ ਜਾਂ ਗੋਬਿੰਦ ਰਾਮ ਵਰਗਿਆਂ ਦੀ ਹਿਰਾਸਤ, ਕਸ਼ਮੀਰ ਵਾਦੀ ਦਾ ਪਿੰਡ ਕੁਨਨ-ਪੌਸ਼ਪੁਰਾ ਜਾਂ ਸ਼ੋਪੀਆਂ, ਮਨੀਪੁਰ ਦਾ ਕੋਈ ਭੂਗੋਲਿਕ ਇਲਾਕਾ ਜਾਂ ਛੱਤੀਸਗੜ੍ਹ ਦਾ ਕੋਈ ਆਦਿਵਾਸੀ ਪਿੰਡ, ਉੱਤਰੀ ਤੇਲੰਗਾਨਾ ਤੇ ਆਂਧਰਾ ਦਾ ਕੋਈ ਪਿੰਡ ਜਾਂ ਗੁਜਰਾਤ ਦੀ ਮੁਸਲਿਮ ਵਸੋਂ ਵਾਲਾ ਕੋਈ ਗਲੀ-ਮੁਹੱਲਾ, ਜਾਂ ਪਿੰਡ ਖੈਰਲਾਂਜੀ (ਮਹਾਰਾਸ਼ਟਰ), ਕੋਈ ਵੀ ਹੋਵੇ ਔਰਤਾਂ, ਇਲਾਕਿਆਂ ਤੇ ਰਾਜਕੀ ਸੰਸਥਾਵਾਂ ਦੇ ਨਾਂ ਜ਼ਰੂਰ ਵੱਖਰੇ ਹਨ, ਸਮੂਹਿਕ ਜਬਰ ਜਨਾਹਾਂ ਦਾ ਸ਼ਿਕਾਰ ਹੁੰਦੀਆਂ ਔਰਤਾਂ ਦਾ ਸੰਤਾਪ ਤੇ ਦਰਦ ਵੱਖਰਾ ਨਹੀਂ ਹੈ। ਇੱਥੇ ਜਬਰ ਜਨਾਹ ਨੂੰ ਸੰਘਰਸ਼ਸ਼ੀਲ ਦੱਬੇ-ਕੁਚਲੇ ਲੋਕਾਂ, ਧਾਰਮਿਕ ਘੱਟ-ਗਿਣਤੀਆਂ ਤੇ ਕੌਮੀਅਤਾਂ ਦੇ ਮਨੋਬਲ ਨੂੰ ਤੋੜਨ ਲਈ ਭਾਰਤੀ ਰਾਜ ਤੇ ਸੱਤਾਧਾਰੀਆਂ ਵਲੋਂ ਇਕ ਹਥਿਆਰ ਵਜੋਂ ਵਰਤਿਆ ਗਿਆ ਤੇ ਅੱਜ ਵੀ ਲਗਾਤਾਰ ਵਰਤਿਆ ਜਾ ਰਿਹਾ ਹੈ। ਭਾਰਤ ਦੇ ਗ੍ਰਹਿ ਮੰਤਰਾਲੇ ਕੋਲ ਜਬਰ ਜਨਾਹ ਕਰਨ ਵਾਲੇ ਫ਼ੌਜੀ ਤੇ ਸੁਰੱਖਿਆ ਦਸਤਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਇਜਾਜ਼ਤ ਦੇ ਮਾਮਲੇ ਵੱਡੀ ਤਾਦਾਦ 'ਚ ਜਮ੍ਹਾਂ ਪਏ ਹਨ; ਪਰ ਅਫਸਪਾ, ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਰਾਹੀਂ ਜ਼ੀਰੋ ਜਵਾਬਦੇਹੀ ਅਤੇ ਬੇਥਾਹ ਤਾਕਤਾਂ ਨਾਲ ਲੈਸ ਕਾਨੂੰਨ ਦੇ ਰਖਵਾਲਿਆਂ ਨੂੰ ਵੱਡੇ ਤੋਂ ਵੱਡੇ ਗੁਨਾਹ ਪੂਰੀ ਤਰ੍ਹਾਂ ਮੁਆਫ਼ ਹਨ। ਇਸ ਰਾਜਸੀ ਵਤੀਰੇ ਵਾਲੇ ਰਾਜ ਦਾ ਗੁਨਾਹਗਾਰਾਂ ਨੂੰ ਸਜ਼ਾ ਨਹੀਂ ਇਨਾਮ-ਸਨਮਾਨਾਂ ਤੇ ਤਰੱਕੀਆਂ ਨਾਲ ਨਿਵਾਜਣਾ ਹੈਰਾਨੀਜਨਕ ਨਹੀਂ ਹੈ। ਇਸੇ ਕਾਰਨ ਦਹਿ-ਹਜ਼ਾਰਾਂ ਵਿਚੋਂ ਸ਼ਾਇਦ ਹੀ ਕੋਈ ਮਾਮਲਾ ਹੋਵੇ ਜਿਸ ਵਿਚ ਪੁਲਿਸ, ਫ਼ੌਜ ਜਾਂ ਨੀਮ-ਫ਼ੌਜ ਦੇ ਕਿਸੇ ਜਵਾਨ ਨੂੰ ਕਦੇ ਸਜ਼ਾ ਹੋਈ ਹੋਵੇ।

ਬੁਨਿਆਦੀ ਸਵਾਲ ਇਹ ਹੈ ਕਿ ਸਮਾਜ ਦੇ ਕਿਸੇ ਮਰਦ ਜਾਂ ਰਾਜ ਦੇ ਮਰਦ ਅਧਿਕਾਰੀਆਂ-ਕਰਿੰਦਿਆਂ ਵਿਚ ਕਿਸੇ ਔਰਤ ਦੇ ਸਵੈਮਾਣ 'ਤੇ ਬੇਖੌਫ਼ ਹੋ ਕੇ ਝਪਟਣ ਦੀ ਦਲੇਰੀ ਕਿੱਥੋਂ ਆਉਂਦੀ? ਇਸ ਦਾ ਸੋਮਾ ਹੈ ਔਰਤ ਉੱਪਰ ਥੋਪਿਆ ਨਾਬਰਾਬਰੀ ਵਾਲਾ ਸਮਾਜੀ ਦਰਜਾ ਅਤੇ ਇਸ ਜ਼ਰੀਏ ਨਿਤਾਣੀ ਬਣਾਈ ਉਸ ਦੀ ਹਸਤੀ, ਜੋ ਰਾਖਸ਼ੀ ਬਿਰਤੀ ਨੂੰ ਜਬਰ ਜਨਾਹ ਕਰਨ ਦੀ ਹਿੰਮਤ ਦਿੰਦੀ ਹੈ। ਉਹ ਸਮਾਜ, ਸੱਭਿਆਚਾਰ ਤੇ ਰਾਜ ਵਲੋਂ ਬੇਖੌਫ਼ ਹੈ। ਪਹਿਲਾਂ ਔਰਤ ਮਰਦ ਦੀ ਜਾਇਦਾਦ ਸਮਝੀ ਜਾਂਦੀ ਸੀ, ਹੁਣ ਭੋਗੀ ਜਾਣ ਵਾਲੀ ਵਸਤ ਸਮਝੀ ਜਾਂਦੀ ਹੈ; ਦੋਵੇਂ ਹਾਲਾਤ ਵਿਚ ਮਰਦ ਦੀ ਸੋਚ ਉਸ ਨੂੰ ਜਾਇਦਾਦ ਸਮਝਣ ਤੇ ਇਸਤੇਮਾਲ ਕਰਨ ਦੀ ਹੀ ਹੈ। ਬਹੁਤ ਸੁਧਾਰਕ ਲਹਿਰਾਂ ਚੱਲੀਆਂ, 'ਔਰਤ ਮਰਦ ਦੀ ਦਾਸੀ ਹੈ' ਦੇ ਸੱਭਿਆਚਾਰ ਵਿਚ ਕਾਫ਼ੀ ਬਦਲਾਅ ਵੀ ਆਏ, ਜਿਨ੍ਹਾਂ ਜ਼ਰੀਏ ਨਾਬਰਾਬਰੀ ਵਾਲੇ ਦਰਜੇ ਦੇ ਰੂਪ ਬਦਲਦੇ ਗਏ। ਇਨ੍ਹਾਂ ਕਦਰਾਂ-ਕੀਮਤਾਂ ਵਾਲੇ ਸਮਾਜ ਦੀ 'ਵਿਕਾਸ' ਦੀ ਲੋੜ ਵਿਚੋਂ ਔਰਤ ਨੂੰ ਕੁਝ ਖੁੱਲ੍ਹਾਂ ਵੀ ਦਿੱਤੀਆਂ ਗਈਆਂ ਪਰ ਬੁਨਿਆਦੀ ਤੌਰ 'ਤੇ ਉਸ ਦਾ ਅਧੀਨ ਦਰਜਾ ਪੱਕੇ ਪੈਰੀਂ ਬਰਕਰਾਰ ਹੈ। ਜਗੀਰੂ ਜ਼ਹਿਨੀਅਤ ਅਤੇ ਆਧੁਨਿਕਤਾ ਦੇ ਮਿਸ਼ਰਨ ਰਾਹੀਂ ਇਹ ਸਗੋਂ ਪੇਚੀਦਾ ਤੇ ਬਹੁਪਰਤੀ ਹੋ ਗਿਆ ਹੈ। ਦੁਨੀਆਂ ਦੀ 'ਸਭ ਤੋਂ ਵੱਡੀ ਜਮਹੂਰੀਅਤ' ਦੇ ਮਖੌਟੇ ਵਾਲਾ ਭਾਰਤੀ ਰਾਜ ਔਰਤ ਦੀ ਇਸ ਅਧੀਨ ਅਤੇ ਨਿਤਾਣੀ ਹੈਸੀਅਤ ਨੂੰ ਪੱਕੀ ਕਰਨ ਦਾ ਸਾਧਨ ਹੈ। ਇੰਨਾ ਹੀ ਨਹੀਂ, ਰਾਜ ਤਾਂ ਸਗੋਂ ਸਮਾਜ ਦੇ ਕਮਜ਼ੋਰ, ਦਬਾਏ ਹੋਏ ਤੇ ਵਾਂਝੇ ਹਿੱਸਿਆਂ ਦੀ ਹੱਕ ਜਤਾਈ ਨੂੰ ਕੁਚਲਣ ਲਈ ਜਬਰ-ਜਨਾਹ ਤੇ ਹੋਰ ਜ਼ੁਲਮਾਂ ਰਾਹੀਂ ਔਰਤ ਦੇ ਜਿਸਮ ਨੂੰ ਕੋਹਣ ਨੂੰ ਕਾਰਗਰ ਹਥਿਆਰ ਸਮਝ ਕੇ ਵਰਤਦਾ ਹੈ। ਮਨਸ਼ਾ ਪ੍ਰਚਲਤ ਸਮਾਜੀ-ਰਾਜਸੀ ਦਸਤੂਰ ਨੂੰ ਰਾਜ, ਖਾਪ ਜਾਂ ਹੋਰ ਸੰਸਥਾਵਾਂ ਦੀ ਅਥਾਰਟੀ ਰਾਹੀਂ ਬੇਰੋਕ-ਟੋਕ ਬਰਕਰਾਰ ਰੱਖਣ ਦੀ ਹੈ ਅਤੇ ਜਬਰ ਜਨਾਹ ਔਰਤ ਦੀ ਨਿਤਾਣੀ ਹੈਸੀਅਤ ਨੂੰ ਵਾਰ ਵਾਰ ਸਥਾਪਤ ਕਰਦੇ ਹਨ।

ਇਤਿਹਾਸਕ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਔਰਤਾਂ ਤੇ ਮਰਦਾਂ ਲਈ ਵੱਖੋ-ਵੱਖਰੇ ਮਾਪ-ਦੰਡ ਤੈਅ ਕਰਨ ਵਾਲਾ ਮੂਲ ਕਾਰਕ ਜੈਵਿਕ ਭਿੰਨਤਾ ਨਹੀਂ, ਸਗੋਂ ਸਮਾਜ ਤੇ ਵਿਸ਼ੇਸ਼ ਸੰਸਕ੍ਰਿਤੀ ਹੈ। ਇਸ ਮਾਪਦੰਡ ਦੇ ਹਿਸਾਬ ਨਾਲ ਹੀ ਸਮਾਜੀਕਰਨ ਦੇ ਅਮਲ ਅੰਦਰ ਉਨ੍ਹਾਂ ਦੀ ਢਲਾਈ ਹੁੰਦੀ ਹੈ। ਇੱਥੋਂ ਹੀ ਤੈਅ ਹੁੰਦਾ ਹੈ ਕਿ ਕਿਸ ਦੇ ਜੰਮਣ ਦਾ ਚਾਅ ਤੇ ਖੁਸ਼ੀਆਂ ਮਨਾਈਆਂ ਜਾਣਗੀਆਂ ਅਤੇ ਕਿਸ ਦੇ ਜੰਮਣ 'ਤੇ ਮਾਤਮ ਛਾ ਜਾਵੇਗਾ। ਕਿਸ ਨੂੰ ਖੁੱਲ੍ਹਾਂ ਨਾਲ ਪਾਲਿਆ ਜਾਵੇਗਾ ਅਤੇ ਕਿਸ ਨੂੰ ਬੰਦਸ਼ਾਂ ਦੀ ਲਛਮਣ-ਰੇਖਾ 'ਚ ਬੰਨ੍ਹ ਕੇ ਢਾਲਿਆ-ਤਰਾਸ਼ਿਆ ਜਾਵੇਗਾ। ਭਾਰਤੀ ਸਮਾਜ ਦਾ ਅਵਚੇਤਨ ਇਨ੍ਹਾਂ ਕਦਰਾਂ-ਕੀਮਤਾਂ ਨਾਲ ਗਹਿ-ਗੱਚ ਹੈ। ਕੋਈ ਬੰਦਾ ਰਾਜ ਦਾ ਪੁਰਜ਼ਾ ਜਾਂ ਰਾਜਸੀ ਆਗੂ ਬਣ ਜਾਣ ਨਾਲ ਇਸ ਸੋਚ ਤੋਂ ਮੁਕਤ ਨਹੀਂ ਹੋ ਜਾਂਦਾ। ਦਿੱਲੀ ਜਬਰ ਜਨਾਹ ਕਾਂਡ ਬਾਰੇ ਤਰ੍ਹਾਂ-ਤਰ੍ਹਾਂ ਦੇ ਨੁਮਾਇੰਦਿਆਂ ਦੇ ਮੂੰਹੋਂ ਕੁੜੀਆਂ ਦੇ ਪਹਿਰਾਵੇ, ਰਾਤ ਨੂੰ ਘਰੋਂ ਬਾਹਰ ਘੁੰਮਣ, ਲਛਮਣ ਰੇਖਾਵਾਂ ਟੱਪਣ, ਦੋਸਤ ਮੁੰਡਿਆਂ ਨਾਲ ਵਿਚਰਨ ਨੂੰ ਵਿੰਗੇ-ਟੇਢੇ ਢੰਗ ਨਾਲ ਇਤਰਾਜ਼ਯੋਗ ਦਰਸਾਉਂਦੇ ਬਿਆਨ ਇਸੇ ਮਾਨਸਿਕਤਾ ਦੇ ਇਜ਼ਹਾਰ ਹਨ। ਉਨ੍ਹਾਂ ਨੂੰ ਕੁੜੀ ਦਾ ਇਉਂ ਵਿਚਰਨਾ ਗਵਾਰਾ ਨਹੀਂ ਹੈ ਤੇ ਉਨ੍ਹਾਂ ਦੀ ਨਜ਼ਰਾਂ 'ਚ ਇਹ ਉਸ ਦੇ ਚਾਲ-ਚਲਣ 'ਚ ਗਿਰਾਵਟ ਦੀਆਂ ਨਿਸ਼ਾਨੀਆਂ ਹਨ ਜੋ ਜਬਰ ਜਨਾਹ ਲਈ ਮੂਲ ਉਕਸਾਊ ਕਾਰਕ ਹਨ। ਦੂਜੇ ਪਾਸੇ, ਖਾਪ ਪੰਚਾਇਤਾਂ ਦੇ ਫਤਵੇ ਰਾਹੀਂ ਸਾਹਮਣੇ ਆਉਂਦਾ ਔਰਤ ਵਿਰੋਧੀ ਨਜ਼ਰੀਆ ਜੋ ਵਧੇਰੇ ਕੁੱਢਰ ਤੇ ਵਹਿਸ਼ੀ ਹੈ। ਇਹ ਆਧੁਨਿਕਤਾ ਦੇ ਧਾਰਨੀਆਂ ਦੀ ਨਿਖੇਧੀ ਦੀ ਮਾਰ ਹੇਠ ਆਉਂਦਾ ਹੈ, ਪਰ ਇਸ ਦੇ ਸੂਖ਼ਮ ਤੇ ਨਰਮ ਇਜ਼ਹਾਰ ਆਲੋਚਨਾ ਦੇ ਘੇਰੇ ਤੋਂ ਬਾਹਰ ਰਹਿੰਦੇ ਹਨ।

ਅਜਿਹੇ ਘੋਰ ਜੁਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਮਿਲੇ, ਇਸ ਦੀ ਮੰਗ ਕਰਦੇ ਹੋਏ ਇਹ ਹਕੀਕਤ ਨਜ਼ਰ-ਅੰਦਾਜ਼ ਨਹੀਂ ਕੀਤੀ ਜਾਣੀ ਚਾਹੀਦੀ ਕਿ ਔਰਤ ਵਿਰੋਧੀ ਸੱਭਿਆਚਾਰ ਦੀ ਮੌਜੂਦਗੀ 'ਚ ਸਖ਼ਤ ਸਜ਼ਾ ਜਾਂ ਸਖ਼ਤ ਕਾਨੂੰਨ ਜਬਰ ਜਨਾਹ ਦੇ ਘਿਣਾਉਣੇ ਜੁਰਮਾਂ ਨੂੰ ਖ਼ਤਮ ਨਹੀਂ ਕਰ ਸਕਦੇ। ਜੇ ਇਉਂ ਹੁੰਦਾ ਤਾਂ 70ਵਿਆਂ 'ਚ ਗੀਤਾ ਕਾਂਡ ਦੇ ਮੁਜਰਮਾਂ ਬਿੱਲੇ-ਰੰਗੇ ਦੀ ਜੋੜੀ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਜਬਰ ਜਨਾਹ ਕਰਨ ਵਾਲਿਆਂ ਨੂੰ ਖੌਫ਼ਜ਼ਦਾ ਹੋ ਜਾਣਾ ਚਾਹੀਦਾ ਸੀ ਅਤੇ ਜਬਰ ਜਨਾਹਾਂ ਦਾ ਗਰਾਫ਼ ਡਿਗਣਾ ਚਾਹੀਦਾ ਸੀ। ਇਸ ਫਾਂਸੀ ਨੇ ਕਿੰਨੇ ਕੁ ਦਰਿੰਦਿਆਂ ਨੂੰ ਇਹ ਗੁਨਾਹ ਕਰਨ ਤੋਂ ਰੋਕਿਆ? ਹੋਇਆ ਇਸ ਤੋਂ ਉਲਟ ਹੈ। ਇਸ ਲਈ ਸਵਾਲ ਮਹਿਜ਼ ਕਿਸੇ ਕਿਸੇ ਇਕ ਘਟਨਾ ਵਿਰੁੱਧ ਆਵਾਜ਼ ਉਠਾਉਣ ਦਾ ਨਹੀਂ, ਸਗੋਂ ਸਾਲਮ ਘ੍ਰਿਣਤ ਸਮਾਜਕ ਵਰਤਾਰੇ ਨੂੰ ਚੁਣੌਤੀ ਦੇਣ ਅਤੇ ਇਸ ਨੂੰ ਖ਼ਤਮ ਕਰਨ ਦਾ ਹੈ।

ਫਾਂਸੀ ਦੀ ਸਜ਼ਾ ਦੀ ਮੰਗ ਕਰਨ ਵਾਲਿਆਂ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਜਬਰ ਜਨਾਹ, ਛੇੜਛਾੜ, ਘਰੇਲੂ ਹਿੰਸਾ ਅਤੇ ਹੋਰ ਜ਼ੁਲਮਾਂ ਲਈ ਮੁੱਖ ਜ਼ਿੰਮੇਵਾਰ ਇਹ ਰਾਜ ਪ੍ਰਬੰਧ ਅਤੇ ਰਾਜ ਕਰਨ ਵਾਲੇ ਹੁਕਮਰਾਨ ਹਨ ਜੋ ਆਜ਼ਾਦੀ ਤੋਂ 65 ਸਾਲ ਬਾਅਦ ਵੀ ਸਮਾਜ ਨੂੰ ਮਰਦ ਪ੍ਰਧਾਨ ਸੱਭਿਆਚਾਰ ਅਤੇ ਔਰਤ ਵਿਰੋਧੀ ਰਵੱਈਏ ਤੋਂ ਮੁਕਤ ਕਰਾ ਕੇ ਬਰਾਬਰੀ ਵਾਲਾ ਮਹਿਫੂਜ਼ ਮਾਹੌਲ ਮੁਹੱਈਆ ਨਹੀਂ ਕਰ ਸਕੇ। ਜਬਰ ਜਨਾਹ ਤਾਂ ਸਗੋਂ ਰਾਜ ਤੇ ਸਥਾਪਤੀ ਦੀਆਂ ਤਾਕਤਾਂ ਦੇ ਹੱਥ 'ਚ ਇਕ ਹਥਿਆਰ ਹੈ। ਦਾਮਨੀ ਮਾਮਲੇ ਵਰਗੇ ਜਬਰ ਜਨਾਹ ਵੀ ਸਖ਼ਤ ਸਜ਼ਾਵਾਂ ਦੀ ਘਾਟ ਕਾਰਨ ਨਹੀਂ, ਸਗੋਂ ਰਾਜਸੀ ਪਾਰਟੀਆਂ, ਪੁਲਿਸ, ਪ੍ਰਸ਼ਾਸਨ ਅਤੇ ਨਿਆਂ ਪ੍ਰਣਾਲੀ ਦੇ ਔਰਤ ਵਿਰੋਧੀ ਰਵੱਈਏ ਕਾਰਨ ਵਧ ਰਹੇ ਹਨ; ਜੋ ਜ਼ੁਲਮ ਦਾ ਸ਼ਿਕਾਰ ਹੋਈਆਂ ਔਰਤਾਂ ਲਈ ਇਨਸਾਫ਼ ਯਕੀਨੀ ਬਣਾਉਣ ਦੀ ਥਾਂ ਰਿਸ਼ਵਤਖ਼ੋਰੀ ਅਤੇ ਸਿਆਸੀ ਰਸੂਖ਼ ਜ਼ਰੀਏ ਅਪਰਾਧੀਆਂ ਦੀ ਪੁਸ਼ਤ-ਪਨਾਹੀ ਕਰ ਕੇ ਉਨ੍ਹਾਂ ਨੂੰ ਸਜ਼ਾਵਾਂ ਤੋਂ ਬਚਾਉਂਦੇ ਹਨ। ਜਿਹੜੀਆਂ ਰਾਜਸੀ ਪਾਰਟੀਆਂ 'ਚ ਬਲਾਤਕਾਰੀ ਵਿਧਾਇਕ, ਐਮ.ਪੀ. ਤੇ ਮੰਤਰੀ ਹੋਣ ਅਤੇ ਜਿਹੜੀਆਂ ਔਰਤ ਜਾਤੀ ਨੂੰ ਜ਼ਲੀਲ ਕਰਨ ਵਾਲੇ ਗੀਤਕਾਰਾਂ/ਗਾਇਕਾਂ/ਅਦਾਕਾਰਾਂ ਨੂੰ ਨੱਥ ਪਾਉਣ ਦੀ ਬਜਾਏ ਇਨ੍ਹਾਂ ਦੀ ਵਰਤੋਂ ਭੀੜਾਂ ਜੁਟਾਉਣ ਲਈ ਕਰਦੀਆਂ ਹੋਣ; ਉੱਥੇ ਨਰੋਈਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨਹੀਂ, ਹਨੀ ਸਿੰਘ ਮਾਰਕਾ 'ਸੱਭਿਆਚਾਰ' ਹੀ ਵਧੇ-ਫੁੱਲੇਗਾ। ਫਾਂਸੀ ਦੀ ਸਜ਼ਾ ਵਰਗੀਆਂ ਮੱਧਯੁਗੀ ਤੇ ਬੇਤੁਕੀਆਂ ਸਜ਼ਾਵਾਂ ਦੀਆਂ ਮੰਗਾਂ ਜ਼ਾਲਮ ਰਾਜ ਦੇ ਹੱਥ ਮਜ਼ਬੂਤ ਕਰ ਕੇ ਉਸ ਨੂੰ ਹੋਰ ਖੂੰਖ਼ਾਰ ਤਾਂ ਬਣਾ ਸਕਦੀਆਂ ਹਨ ਪਰ ਔਰਤਾਂ ਉੱਪਰ ਜ਼ੁਲਮਾਂ ਨੂੰ ਖ਼ਤਮ ਕਰਨ ਦਾ ਸਾਧਨ ਨਹੀਂ ਬਣ ਸਕਦੀਆਂ। ਔਰਤ ਵਿਰੋਧੀ ਸੋਚ ਦੇ ਹਰ ਇਜ਼ਹਾਰ ਨੂੰ ਚੁਣੌਤੀ ਦੇਣੀ ਹੋਵੇਗੀ। ਸਮਾਜ ਨੂੰ ਪੀੜਤ ਔਰਤ ਨੂੰ ਗੁਨਾਹਗਾਰ ਠਹਿਰਾਉਣ ਦੀ ਜ਼ਹਿਨੀਅਤ ਬਦਲਣੀ ਹੋਵੇਗੀ ਤੇ ਬਲਾਤਕਾਰੀਆਂ ਨੂੰ ਨਮੋਸ਼ੀ ਦੇਣ ਅਤੇ ਨਾਲ ਹੀ ਢੁੱਕਵੀਂ ਸਜ਼ਾ ਯਕੀਨੀ ਬਣਾਉਣ ਦੇ ਹਾਲਾਤ ਪੈਦਾ ਕਰਨੇ ਹੋਣਗੇ। ਜਬਰ ਜਨਾਹ 'ਚ ਚਾਹੇ ਰਾਜ ਦੇ ਪੁਰਜ਼ੇ ਸ਼ਾਮਲ ਹੋਣ ਜਾਂ ਪਰਿਵਾਰਕ ਰਿਸ਼ਤਿਆਂ ਵਾਲਾ ਮਰਦ ਜਾਂ ਕੋਈ ਹੋਰ, ਹਰ ਦਰਿੰਦਗੀ ਵਿਰੁੱਧ ਆਵਾਜ਼ ਉਠਾਉਣੀ ਪਵੇਗੀ ਤਾਂ ਜੋ ਵਿਰੋਧ ਦੀ ਇਹ ਆਵਾਜ਼ ਵਕਤੀ ਉਬਾਲ ਬਣ ਕੇ ਠੁੱਸ ਹੋਣ ਲਈ ਨਾ ਸਰਾਪੀ ਜਾਵੇ।

## ਜਬਰ ਜਨਾਹ ਕੇਸ: ਦੂਜਾ ਪਾਸਾ

**ਨਵੰਬਰ 1984:** ਦਿੱਲੀ ਵਿਚ ਸੈਂਕੜੇ ਸਿੱਖ ਔਰਤਾਂ ਨਾਲ ਪੁਲਿਸ ਤੇ ਕਾਂਗਰਸੀ ਆਗੂਆਂ ਦੀ ਮੌਜੂਦਗੀ 'ਚ ਜਬਰ ਜਨਾਹ।

**23 ਫਰਵਰੀ 1991:** ਕਸ਼ਮੀਰ ਵਾਦੀ ਦਾ ਪਿੰਡ ਕੁਨਨ-ਪੌਸ਼ਪੁਰਾ ਜਿੱਥੇ ਇਕੋ ਰਾਤ 'ਚ ਫ਼ੌਜ ਵਲੋਂ 10 ਸਾਲ ਦੀਆਂ ਬੱਚੀਆਂ ਤੋਂ ਲੈ ਕੇ 80 ਸਾਲ ਦੀਆਂ ਬਜ਼ੁਰਗ 100 ਤੋਂ ਵੱਧ ਔਰਤਾਂ ਨਾਲ ਸਮੂਹਕ ਜਬਰ ਜਨਾਹ ਕੀਤਾ।

**26 ਮਈ 1999:** ਤੇਲੰਗਾਨਾ ਕਲਾ ਸਮਿਤੀ (ਆਂਧਰਾ ਪ੍ਰਦੇਸ) ਦੀ ਗਾਇਕਾ ਬੇਲੀ ਲਲਿਤਾ ਨਾਲ ਗਰੇਅ ਹਾਊਂਡਜ਼ ਵੱਲੋਂ ਸਮੂਹਕ ਜਬਰ ਜਨਾਹ। ਪਿੱਛੋਂ ਜਿਸਮ ਦੇ 17 ਟੋਟੇ ਕਰ ਕੇ ਸਤਾਰਾਂ ਖੂਹਾਂ ਵਿਚ ਸੁੱਟੇ ਗਏ।

**ਫਰਵਰੀ 2002:** ਗੁਜਰਾਤ ਵਿਚ ਹਿੰਦੂ ਫਿਰਕਾਪ੍ਰਸਤਾਂ ਵਲੋਂ ਮੁਸਲਮਾਨਾਂ ਦੇ ਘਾਣ ਸਮੇਂ ਸੈਂਕੜੇ ਮੁਸਲਮਾਨ ਔਰਤਾਂ ਨਾਲ ਬਲਾਤਕਾਰ।

**29 ਸਤੰਬਰ 2006:** ਪਿੰਡ ਖੈਰਲਾਂਜੀ (ਜ਼ਿਲ੍ਹ ਭੰਡਾਰਾ, ਮਹਾਰਾਸ਼ਟਰ) ਵਿਚ ਸੁਰੇਖਾ ਤੇ ਪ੍ਰਿਯੰਕਾ (ਕ੍ਰਮਵਾਰ ਮਾਂ ਤੇ ਧੀ) ਸਮੇਤ ਦਲਿਤ ਪਰਿਵਾਰ ਦੇ ਚਾਰ ਜੀਆਂ ਨੂੰ ਪੜ੍ਹਨ-ਲਿਖਣ ਦੀ ਨਾਬਰੀ ਕਰਨ ਬਦਲੇ ਪੂਰੇ ਪਿੰਡ ਦੇ ਹਜੂਮ ਨੇ ਚੌਰਾਹੇ ਵਿਚ ਸਮੂਹਕ ਜਬਰ ਜਨਾਹ ਕਰ ਕੇ ਕਤਲ ਕੀਤਾ।

**15 ਜੁਲਾਈ 2004:** ਇੰਫਾਲ (ਮਨੀਪੁਰ) ਵਿਚ ਅਸਾਮ ਰਾਈਫਲਜ਼ ਦੇ ਸਦਰ ਮੁਕਾਮ ਅੱਗੇ 40 ਔਰਤਾਂ ਵੱਲੋਂ ਨਿਰਵਸਤਰ ਹੋ ਕੇ ਭਾਰਤੀ ਫ਼ੌਜ ਵਲੋਂ ਕੀਤੇ ਜਾਂਦੇ ਸਮੂਹਕ ਜਬਰ ਜਨਾਹਾਂ ਖ਼ਿਲਾਫ਼ ਰੋਸ ਵਿਖਾਵਾ ਕੀਤਾ ਗਿਆ। ਇਸ ਦਾ ਬੈਨਰ ਸੀ: "ਭਾਰਤੀ ਫ਼ੌਜ ਸਾਡੇ ਨਾਲ ਜਬਰ ਜਨਾਹ ਕਰਦੀ ਹੈ"।

**26 ਜਨਵਰੀ 2012:** ਸੋਨੀ ਸੋਰੀ ਨਾਲ ਹਿਰਾਸਤ 'ਚ ਜਬਰ ਜਨਾਹ ਪਿੱਛੋਂ ਉਸ ਦੇ ਗੁਪਤ ਅੰਗਾਂ 'ਚ ਪੱਥਰ ਧੱਕ ਦੇਣ ਵਾਲੇ ਬਦਨਾਮ ਐੱਸ.ਪੀ. ਅੰਕਿਤ ਗਰਗ ਨੂੰ ਰਾਸ਼ਟਰਪਤੀ ਵੱਲੋਂ ਬਹਾਦਰੀ ਦਾ ਵਿਸ਼ੇਸ਼ ਮੈਡਲ।

# ਪਾਕਿਸਤਾਨ ਦਾ ਵਹਿਸ਼ੀਪੁਣਾ ਤੇ ਸਾਡਾ ਪ੍ਰਤੀਕਰਮ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਅੱਜ ਦੀ ਘੜੀ ਜੇ ਕੋਈ ਇਹ ਕਹੇ ਕਿ ਭਾਰਤ ਦੀ ਸਰਕਾਰ ਕਮਜ਼ੋਰ ਹੈ ਤਾਂ ਅਸੀਂ ਉਸ ਦੀ ਗੱਲ ਕੱਟਣ ਦੀ ਲੋੜ ਨਹੀਂ ਸਮਝਦੇ, ਕਿਉਂਕਿ ਸਰਕਾਰ ਕਿਤੇ ਨਜ਼ਰ ਵੀ ਨਹੀਂ ਆਉਂਦੀ ਤੇ ਮੁਲਕ ਵਿਚ ਹਨੇਰ-ਖਾਤਾ ਹਰ ਪਾਸੇ ਹੀ ਪਿਆ ਲੱਭਦਾ ਹੈ, ਪਰ ਇਸ ਦੀ ਮਜ਼ਬੂਤੀ ਦੀ ਪਰਖ ਗਵਾਂਢ ਨਾਲ ਜੰਗ ਵਿਚ ਨਹੀਂ ਕੀਤੀ ਜਾ ਸਕਦੀ। ਜਿਹੜੇ ਲੋਕ ਅੱਜ ਕਿਸੇ ਵੀ ਪਲ ਦੀ ਦੇਰੀ ਤੋਂ ਬਿਨਾਂ ਜੰਗ ਲਾ ਦੇਣ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਵਿਚ ਸਭ ਤੋਂ ਅੱਗੇ ਵਿਰੋਧ ਦੀ ਮੁੱਖ ਪਾਰਟੀ ਭਾਜਪਾ ਵਾਲੇ ਹਨ। ਇਸ ਵੇਲੇ ਉਹ ਸਾਡੇ ਇੱਕ ਫੌਜੀ ਜਵਾਨ ਦਾ ਸਿਰ ਲਾਹੇ ਜਾਣ ਦੀ ਘਟਨਾ ਦਾ ਗੁੱਸਾ ਕੱਢਣ ਵੇਲੇ ਜਦੋਂ ਬਾਕੀ ਲੋਕਾਂ ਜਿੰਨਾ ਉਬਲਦੇ ਹਨ ਤਾਂ ਗਲਤ ਨਹੀਂ, ਪਰ ਉਨ੍ਹਾਂ ਨੇ ਇਹ ਗੁੱਸਾ ਉਦੋਂ ਵਿਖਾਇਆ ਹੀ ਨਹੀਂ ਸੀ, ਜਦੋਂ ਕੈਪਟਨ ਸੌਰਭ ਕਾਲੀਆ ਦੀਆਂ ਅੱਖਾਂ ਕੱਢੀ ਹੋਈ ਲਾਸ਼ ਪਾਕਿਸਤਾਨ ਤੋਂ ਆਈ ਸੀ। ਉਨ੍ਹਾਂ ਕੋਲ ਇਹ ਇੱਕ ਵੱਡਾ ਕੇਸ ਸੀ, ਜਦੋਂ ਉਹ ਸੰਸਾਰ ਦੀ ਅਦਾਲਤ ਵਿਚ ਕੈਦੀ ਫੌਜੀਆਂ ਨਾਲ ਜ਼ਿਆਦਤੀ ਦੇ ਵਿਰੋਧ ਵਾਲੀ ਜਨੇਵਾ ਕਨਵੈਨਸ਼ਨ ਦਾ ਹਵਾਲਾ ਦੇ ਕੇ ਪਾਕਿਸਤਾਨ ਨੂੰ ਕਟਹਿਰੇ ਵਿਚ ਖੜਾ ਕਰ ਸਕਦੇ ਸਨ, ਪਰ ਉਨ੍ਹਾਂ ਨੇ ਅਜਿਹਾ ਨਹੀਂ ਸੀ ਕੀਤਾ।***

ਭਾਰਤ ਦੇ ਲੋਕਾਂ ਦੀ ਵੱਡੀ ਗਿਣਤੀ ਇਸ ਵਕਤ ਉਬਾਲੇ ਖਾਂਦੀ ਨਜ਼ਰ ਆਉਂਦੀ ਹੈ ਤੇ ਇਸ ਦਾ ਕਾਰਨ ਬੀਤੇ ਹਫਤੇ ਇੱਕ ਦਿਨ ਪਾਕਿਸਤਾਨ ਦੀ ਇੱਕ ਫੌਜੀ ਹਮਲਾਵਰ ਟੀਮ ਵੱਲੋਂ ਭਾਰਤੀ ਖੇਤਰ ਵਿਚ ਆ ਕੇ ਇਧਰ ਦੀ ਗਸ਼ਤ ਕਰਦੀ ਇੱਕ ਫੌਜੀ ਟੁਕੜੀ ਉਤੇ ਹਮਲਾ ਕੀਤਾ ਜਾਣਾ ਹੈ। ਇਸ ਹਮਲੇ ਵਿਚ ਦੋ ਭਾਰਤੀ ਲਾਂਸ ਨਾਇਕ ਮਾਰ ਦਿੱਤੇ ਗਏ ਤੇ ਇੱਕ ਜਣੇ ਦਾ ਸਿਰ ਵੱਢ ਕੇ ਉਹ ਨਾਲ ਵੀ ਲੈ ਗਏ। ਬਿਨਾਂ ਸਿਰ ਤੋਂ ਕਿਸੇ ਫੌਜੀ ਜਵਾਨ ਦੀ ਲਾਸ਼ ਮਿਲਣ ਪਿੱਛੋਂ ਇਹੋ ਜਿਹਾ ਗੁੱਸਾ ਕਿਸੇ ਨੂੰ ਵੀ ਆਉਣਾ ਸੁਭਾਵਕ ਹੈ। ਇਹ ਕਾਰਵਾਈ ਵੀ ਪਾਕਿਸਤਾਨ ਦੀ ਫੌਜ ਵੱਲੋਂ ਕਿਸੇ ਭੜਕਾਹਟ ਜਾਂ ਹੱਦ ਉਤੇ ਬਣੇ ਕਿਸੇ ਵਿਸ਼ੇਸ਼ ਤਣਾਅ ਤੋਂ ਬਿਨਾਂ ਕੀਤੀ ਗਈ। ਰਿਪੋਰਟਾਂ ਤਾਂ ਇਹ ਵੀ ਹਨ ਕਿ ਅਸਲ ਵਿਚ ਫੌਜ ਦੇ ਓਹਲੇ ਹੇਠ ਇਸ ਕਾਰਵਾਈ ਲਈ ਹਮਲਾਵਰਾਂ ਨੂੰ ਲਸ਼ਕਰੇ-ਤਾਇਬਾ ਦੇ ਮੁਖੀ ਹਾਫਿਜ਼ ਸਈਦ ਵੱਲੋਂ ਭੇਜਿਆ ਗਿਆ ਸੀ, ਪਰ ਹਾਫਿਜ਼ ਸਈਦ ਨੂੰ ਵੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਤੋਂ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਜਿਵੇਂ ਹਮਲਾਵਰ ਹਾਫਿਜ਼ ਸਈਦ ਦੇ ਕਾਰਿੰਦੇ ਹੋ ਸਕਦੇ ਹਨ, ਉਵੇਂ ਉਹ ਖੁਦ ਵੀ ਇਸ ਖੁਫੀਆ ਏਜੰਸੀ ਦਾ ਇੱਕ ਕਾਰਿੰਦਾ ਹੈ ਤੇ ਉਹੋ ਕੰਮ ਸਿਰੇ ਚਾੜ੍ਹਦਾ ਹੈ, ਜਿਹੜੇ ਏਜੰਸੀ ਨੂੰ ਆਪ ਸਿੱਧੇ ਕਰਨ ਵਿਚ ਮੁਸ਼ਕਲ ਜਾਪਦੀ ਹੈ। ਮੁੰਬਈ ਵਾਲਾ ਦਹਿਸ਼ਤਗਰਦ ਹਮਲਾ ਇਸੇ ਕਾਰਿੰਦੇ ਰਾਹੀਂ ਕਰਵਾਉਣ ਲਈ ਇਸ ਖੁਫੀਆ ਏਜੰਸੀ ਨੇ ਆਪਣੇ ਦੋ ਫੌਜੀ ਅਫਸਰ ਉਸ ਕਾਰਵਾਈ ਦੌਰਾਨ ਹਾਫਿਜ਼ ਸਈਦ ਦੇ ਨਾਲ ਲਾਈ ਰੱਖੇ ਸਨ।

ਕਾਰਾ ਇਹ ਹਾਫਿਜ਼ ਸਈਦ ਦੀ ਧਾੜ ਦਾ ਹੈ ਜਾਂ ਪਾਕਿਸਤਾਨੀ ਫੌਜ ਦੀ ਕਿਸੇ ਟੋਲੀ ਦਾ, ਹਮਲਾ ਸਾਡੇ ਜਵਾਨਾਂ ਉਤੇ ਹੋਇਆ ਹੈ ਤੇ ਵਹਿਸ਼ੀਪੁਣੇ ਦੀ ਹੱਦ ਕਰ ਦਿੱਤੀ ਗਈ ਹੈ। ਭਾਰਤ ਦੇ ਲੋਕਾਂ ਨੂੰ ਆਪਣੀਆਂ ਹੱਦਾਂ ਦੇ ਇੱਕ ਰਾਖੇ ਦੀ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਉਸ ਦੇ ਸਿਰ ਤੋਂ ਬਿਨਾਂ ਕਰਨਾ ਪਿਆ ਹੈ। ਜਦੋਂ ਪੰਜ ਸਾਲਾਂ ਦੇ ਬੱਚੇ ਨੇ ਆਪਣੇ ਬਾਪ ਦੀ ਉਸ ਦੇਹ ਨੂੰ ਅਗਨੀ ਦਿੱਤੀ ਤਾਂ ਇਹ ਦੁਖਦਾਈ ਦ੍ਰਿਸ਼ ਵੇਖ ਕੇ ਦੇਸ਼ ਦੇ ਹਰ ਨਾਗਰਿਕ ਦਾ ਭਾਵੁਕ ਹੋ ਜਾਣਾ ਕਿਸੇ ਨੂੰ ਵੀ ਸਮਝ ਆ ਸਕਦਾ ਹੈ। ਭਾਰਤੀ ਲੋਕਾਂ ਨਾਲ ਇਹ ਪਹਿਲੀ ਵਾਰੀ ਨਹੀਂ ਵਾਪਰਿਆ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਇਹ ਮਾਨਸਿਕ ਪੀੜ ਕੁਝ ਮੌਕਿਆਂ ਉਤੇ ਝੱਲਣੀ ਪਈ ਹੈ। ਜਿਸ ਫੌਜੀ ਯੂਨਿਟ ਦੇ ਦੋ ਜਵਾਨਾਂ ਦੀ ਮੌਤ ਹੋਈ ਤੇ ਇੱਕ ਜਵਾਨ ਦਾ ਸਿਰ ਲਾਹ ਕੇ ਪਾਕਿਸਤਾਨੀ ਨਾਲ ਲੈ ਗਏ, ਉਸ ਦੇ ਬਾਕੀ ਜਵਾਨਾਂ ਬਾਰੇ ਰਿਪੋਰਟਾਂ ਹਨ ਕਿ ਉਨ੍ਹਾਂ ਨੇ ਅਗਲੇ ਦੋ ਦਿਨ ਗਮ ਵਿਚ ਰੋਟੀ ਵੀ ਨਹੀਂ ਖਾਧੀ। ਦਿੱਲੀ ਵਿਚ ਨਾ ਸਰਕਾਰ ਚਲਾਉਣ ਵਾਲਿਆਂ ਨੇ ਇੱਕ ਵੀ ਵਕਤ ਦੀ ਰੋਟੀ ਖਾਧੇ ਬਿਨਾਂ ਸਾਰਿਆ ਹੋਵੇਗਾ ਤੇ ਨਾ ਵਿਰੋਧ ਦੀ ਧਿਰ ਵਿਚ ਬੈਠੇ ਉਨ੍ਹਾਂ ਸੱਜਣਾਂ ਨੇ ਰੋਟੀ ਛੱਡੀ ਹੋਵੇਗੀ, ਜਿਹੜੇ ਹੁਣ ਖੜੇ ਪੈਰ ਪਾਕਿਸਤਾਨ ਨੂੰ ਸਬਕ ਸਿਖਾ ਦੇਣ ਦੇ ਲਲਕਾਰੇ ਮਾਰ ਰਹੇ ਹਨ।

ਅਸੀਂ ਪਾਕਿਸਤਾਨ ਦੀ ਕਿਸੇ ਵੀ ਸਫਾਈ ਨਾਲ ਸਹਿਮਤ ਨਹੀਂ ਹੋ ਸਕਦੇ। ਉਸ ਦੇਸ਼ ਦੀ ਸਰਕਾਰ ਵੀ ਰੱਜਵਾਂ ਝੂਠ ਬੋਲਦੀ ਹੈ, ਫੌਜ ਦੀ ਕਮਾਨ ਵੀ ਤੇ ਵਿਦੇਸ਼ ਮੰਤਰੀ ਬਣੀ ਹੋਈ ਕੱਲ੍ਹ ਦੀ ਜਵਾਕੜੀ ਵੀ। ਇਹ ਝੂਠ ਉਨ੍ਹਾਂ ਨੇ ਪਹਿਲਾਂ ਕਾਰਗਿਲ ਦੀ ਜੰਗ ਵੇਲੇ ਤੇ ਪਿੱਛੋਂ ਮੁੰਬਈ ਦੇ ਦਹਿਸ਼ਤਗਰਦ ਹਮਲੇ ਵੇਲੇ ਵੀ ਬੋਲਿਆ ਸੀ। ਕਾਰਗਿਲ ਹਮਲੇ ਵੇਲੇ ਆਪਣੇ ਫੌਜੀਆਂ ਨੂੰ ਪਹਿਲਾਂ ਜਹਾਦੀ ਆਖ ਕੇ ਪਿੱਛੋਂ ਮੰਨ ਲਿਆ ਸੀ ਕਿ ਬਾਕਾਇਦਾ ਫੌਜੀ ਹੀ ਉਥੇ ਮਰੇ ਸਨ। ਮੁੰਬਈ ਤੋਂ ਜ਼ਿੰਦਾ ਫੜੇ ਗਏ ਅਜਮਲ ਕਸਾਬ ਨੂੰ ਪਹਿਲਾਂ ਆਪਣਾ ਮੰਨਣ ਤੋਂ ਨਾਂਹ ਕਰ ਕੇ ਪਿੱਛੋਂ ਮੰਨ ਵੀ ਲਿਆ ਸੀ। ਹੁਣ ਵੀ ਕਈ ਝੂਠ ਬੋਲ ਕੇ ਕੱਲ੍ਹ ਨੂੰ ਜੇ ਸਾਰਾ ਕੁਝ ਕਬੂਲ ਕਰ ਲੈਣ ਤਾਂ ਨਾ ਕਿਸੇ ਨੂੰ ਹੈਰਾਨੀ ਹੋਵੇਗੀ ਤੇ ਨਾ ਮਾਰੇ ਗਏ ਜਵਾਨ ਜ਼ਿੰਦਾ ਹੋ ਜਾਣਗੇ। ਸਾਡਾ ਵਾਸਤਾ ਗਵਾਂਢ ਦੀ ਇੱਕ ਅਸਲੋਂ ਗੈਰ ਜ਼ਿੰਮੇਵਾਰ ਰਾਜਸੀ ਲੀਡਰਸ਼ਿਪ ਦੇ ਨਾਲ ਹੈ, ਜਿਸ ਦਾ ਇੱਕ ਵੀ ਪੁਰਜ਼ਾ ਇਤਬਾਰ ਦੇ ਕਾਬਲ ਨਹੀਂ, ਪਰ ਮੁਸ਼ਕਲ ਇਹ ਹੈ ਕਿ ਅਸੀਂ ਇਸ ਗਵਾਂਢ ਨੂੰ, ਚੰਗਾ ਕਹੀਏ ਜਾਂ ਮੰਦਾ ਕਹਿ ਲਈਏ, ਗਵਾਂਢ ਮੰਨਣ ਤੋਂ ਇਨਕਾਰ ਨਹੀਂ ਕਰ ਸਕਦੇ। ਇਹ ਇੱਕ ਹਕੀਕਤ ਹੈ ਤੇ ਹਕੀਕਤ ਨਾ ਸਿਰਫ ਰਹਿਣੀ ਹੈ, ਸਗੋਂ ਸਾਨੂੰ ਇਸ ਹਕੀਕਤ ਨੂੰ ਭੁਗਤਣਾ ਵੀ ਪੈਣਾ ਹੈ, ਜਿਹੜੀ ਭਾਰਤ ਦੀ ਆਜ਼ਾਦੀ ਦੇ ਵਕਤ ਅੰਗਰੇਜ਼ੀ ਸਾਮਰਾਜ ਨੇ ਖੜੀ ਹੀ ਇਸ ਲਈ ਕੀਤੀ ਸੀ ਕਿ ਭਾਰਤ ਨੂੰ ਚੈਨ ਨਾਲ ਚਾਰ ਦਿਨ ਨਹੀਂ ਕੱਟਣ ਦੇਵੇਗੀ। ਅਸੀਂ ਚਾਰ ਜੰਗਾਂ ਲੜ ਕੇ ਇਹੋ ਕੁਝ ਭੁਗਤਿਆ ਹੈ ਤੇ ਦਹਿਸ਼ਤਗਰਦੀ ਦੇ ਰੂਪ ਵਿਚ ਵੀ ਭੁਗਤ ਰਹੇ ਹਾਂ।

ਜਦੋਂ ਵੀ ਇਸ ਤਰ੍ਹਾਂ ਦੇ ਮੌਕੇ ਆਉਂਦੇ ਹਨ, ਸਾਡੇ ਲੋਕਾਂ ਦਾ ਰੰਜ ਆਪਣੀ ਥਾਂ ਹੈ, ਪਰ ਕੁਝ ਰਾਜਸੀ ਧਿਰਾਂ ਤੇ ਕੁਝ ਮੀਡੀਆ ਵਾਲੇ ਇਸ ਹਾਲਤ ਦਾ ਲਾਹਾ ਲੈਣ ਲਈ ਬਹੁਤ ਤਿੱਖਾ ਚੱਲਣ ਲੱਗਦੇ ਹਨ। ਇਸ ਵਾਰੀ ਵੀ ਇਹੋ ਕੁਝ ਹੋਣ ਲੱਗ ਪਿਆ ਹੈ। ਭਾਰਤ ਅਤੇ ਪਾਕਿਸਤਾਨ ਦੀ ਫੌਜੀ ਤਾਕਤ ਅਤੇ ਐਟਮੀ ਸਮਰੱਥਾ ਦੇ ਅੰਕੜੇ ਪੇਸ਼ ਕਰਨ ਪਿੱਛੋਂ ਇਹ ਕਿਹਾ ਜਾਣ ਲੱਗ ਪਿਆ ਹੈ ਕਿ ਜੇ ਭਾਰਤ ਇਸ ਘਟਨਾ ਦਾ ਬਦਲਾ ਲੈਣ ਲਈ ਜੰਗ ਲਾਉਣ ਦੀ ਹਿੰਮਤ ਕਰੇ ਤਾਂ ਪਾਕਿਸਤਾਨ ਦੀ ਨਾ ਰਾਜਧਾਨੀ ਬਚੇਗੀ ਤੇ ਨਾ ਦੂਸਰੇ ਸਿਰੇ ਤੱਕ ਕੋਈ ਹੋਰ ਸ਼ਹਿਰ ਬਚੇਗਾ। ਉਹ ਇਹ ਵੀ ਕਹਿਣ ਤੋਂ ਨਹੀਂ ਖੁੰਝਦੇ ਕਿ ਬੰਗਲਾ ਦੇਸ਼ ਵਿਚ ਅਸੀਂ ਜਿਵੇਂ ਪਾਕਿਸਤਾਨ ਦਾ ਮੂੰਹ ਭੰਨਿਆ ਸੀ, ਉਵੇਂ ਹੀ ਹੁਣ ਵੀ ਭੰਨ ਸਕਦੇ ਹਾਂ।

ਇਨ੍ਹਾਂ ਗੱਲਾਂ ਨੂੰ ਸੁਣ ਕੇ ਕਿਸੇ ਨੂੰ ਬਾਹਲੀ ਖੁਸ਼ੀ ਹੁੰਦੀ ਹੋਵੇਗੀ ਤਾਂ ਉਹ ਪਾਕਿਸਤਾਨ ਦੀ ਫੌਜੀ ਅਤੇ ਰਾਜਸੀ ਲੀਡਰਸ਼ਿਪ ਹੈ, ਜਿਸ ਦਾ ਮਕਸਦ ਹੀ ਇੱਕ ਹੋਰ ਜੰਗ ਨਾਲ ਪੂਰਾ ਹੋ ਸਕਦਾ ਹੈ। ਉਥੋਂ ਦੀ ਰਾਜਸੀ ਲੀਡਰਸ਼ਿਪ ਇਸ ਵਕਤ ਜਿੰਨੀਆਂ ਉਲਝਣਾਂ ਵਿਚ ਹੈ, ਉਨ੍ਹਾਂ ਦਾ ਹੋਰ ਕੋਈ ਹੱਲ ਨਾ ਲੱਭਦਾ ਵੇਖ ਕੇ ਉਹ ਜੰਗ ਦਾ ਮਾਹੌਲ ਚਾਹੁੰਦੀ ਹੈ। ਫੌਜੀ ਕਮਾਨ ਵੀ ਇਸ ਗੇੜ ਵਿਚ ਹੈ ਕਿ ਰਾਜ-ਪਲਟਾ ਕਰ ਕੇ ਅਗਵਾਈ ਸਾਂਭਣ ਦਾ ਹੋਰ ਕੋਈ ਰਾਹ ਤਾਂ ਲੱਭ ਨਹੀਂ ਰਿਹਾ, ਜੰਗ ਲੜਨ ਦੇ ਬਾਅਦ ਜਿਵੇਂ ਅੱਗੇ ਹਕੂਮਤ ਸਾਂਭ ਲੈਂਦੇ ਰਹੇ ਹਾਂ, ਇਸ ਵਾਰੀ ਵੀ ਦਾਅ ਲੱਗ ਸਕਦਾ ਹੈ। ਦੋਵਾਂ ਦੀ ਸਾਂਝੀ ਸੋਚਣੀ ਇਹ ਵੀ ਹੋ ਸਕਦੀ ਹੈ ਕਿ ਜਿਵੇਂ ਪਾਕਿਸਤਾਨ ਵਿਚ ਸੁੰਨੀ ਅਤੇ ਸ਼ੀਆ ਵਿਚਾਲੇ ਟੱਕਰਾਂ ਦੇ ਨਤੀਜੇ ਵਜੋਂ ਹੁਣ ਆਏ ਦਿਨ ਲੋਕ ਮਰ ਰਹੇ ਹਨ, ਉਨ੍ਹਾਂ ਵੱਲੋਂ ਧਿਆਨ ਹਟਾ ਕੇ ਜਨੂੰਨੀ ਤੱਤਾਂ ਨੂੰ ਭਾਰਤ ਦੇ ਵਿਰੋਧ ਦੇ ਪਾਸੇ ਵੀ ਲਾਇਆ ਜਾ ਸਕਦਾ ਹੈ। ਤਾਲਿਬਾਨ ਦਾ ਪਿਛਲੇ ਹਫਤੇ ਜਾਰੀ ਕੀਤਾ ਬਿਆਨ ਵੀ ਭੁਲਾ ਦੇਣ ਵਾਲਾ ਨਹੀਂ, ਜਿਸ ਵਿਚ ਉਨ੍ਹਾਂ ਨੇ ਪਾਕਿਸਤਾਨ ਦੀ ਫੌਜ ਤੇ ਸਰਕਾਰ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਭਾਰਤ ਵਿਰੁਧ ਇੱਕ ਹੋਰ ਜੰਗ ਲੜਨ ਦੀ ਤਿਆਰੀ ਕਰਨੀ ਚਾਹੀਦੀ ਹੈ ਤੇ ਤਾਲਿਬਾਨ ਇਸ ਕੰਮ ਵਿਚ ਉਨ੍ਹਾਂ ਦਾ ਸਾਥ ਦੇਣ ਨੂੰ ਤਿਆਰ ਹਨ।

ਸਾਡੇ ਆਪਣੇ ਘਰ ਵਿਚ ਹਾਲਾਤ ਹੋਰ ਹਨ। ਅਸੀਂ ਇੱਕ ਜ਼ਿੰਮੇਵਾਰ ਪ੍ਰਬੰਧ ਵਾਲਾ ਦੇਸ਼ ਹਾਂ। ਪਾਕਿਸਤਾਨ ਦੀ ਭਰੋਸੇਯੋਗਤਾ ਤਾਂ ਉਨ੍ਹਾਂ ਦੇਸ਼ਾਂ ਵਿਚ ਵੀ ਜ਼ੀਰੋ ਹੈ, ਜਿਹੜੇ ਉਸ ਨੂੰ ਵੇਲੇ-ਕੁਵੇਲੇ ਮਦਦ ਦੇ ਕੇ ਉਸ ਤੋਂ ਇੱਕ ਕਾਰਿੰਦੇ ਵਾਂਗ ਕੰਮ ਲੈਂਦੇ ਹਨ। ਭਾਰਤ ਦਾ ਇਹ ਹਾਲ ਨਹੀਂ। ਪਾਕਿਸਤਾਨ ਦੀ ਕੋਸ਼ਿਸ਼ ਹੋਵੇਗੀ ਕਿ ਇਹੋ ਜਿਹੇ ਕਿਸੇ ਵੀ ਮੁੱਦੇ ਨੂੰ ਚੁੱਕ ਕੇ ਸੰਸਾਰ ਦੀ ਸੱਥ ਵਿਚ ਏਨੀ ਖੇਹ ਉਡਾਈ ਜਾਵੇ ਕਿ ਸੰਸਾਰ ਵਾਲੇ ਅੱਕ ਕੇ ਕਹਿਣ ਕਿ ਦੋਵੇਂ ਧਿਰਾਂ ਇੱਕੋ ਜਿਹੀਆਂ ਹਨ। ਕੀ ਅਸੀਂ ਇਸ ਗੱਲ ਨਾਲ ਖੁਸ਼ ਹੋ ਜਾਵਾਂਗੇ? ਜਦੋਂ ਇਹ ਸਵਾਲ ਸਿਰ ਚੁੱਕ ਲੈਂਦਾ ਹੈ ਤਾਂ ਸਾਨੂੰ ਬਹੁਤ ਸਾਰੇ ਹੋਰਨਾਂ ਸਵਾਲਾਂ ਬਾਰੇ ਵੀ ਠੰਢੇ ਸਿਰ ਨਾਲ ਸੋਚਣ ਦੀ ਲੋੜ ਪੈਂਦੀ ਹੈ।

ਅੱਜ ਦੀ ਘੜੀ ਜੇ ਕੋਈ ਇਹ ਕਹੇ ਕਿ ਭਾਰਤ ਦੀ ਸਰਕਾਰ ਕਮਜ਼ੋਰ ਹੈ ਤਾਂ ਅਸੀਂ ਉਸ ਦੀ ਗੱਲ ਕੱਟਣ ਦੀ ਲੋੜ ਨਹੀਂ ਸਮਝਦੇ, ਕਿਉਂਕਿ ਸਰਕਾਰ ਕਿਤੇ ਨਜ਼ਰ ਵੀ ਨਹੀਂ ਆਉਂਦੀ ਤੇ ਮੁਲਕ ਵਿਚ ਹਨੇਰ-ਖਾਤਾ ਹਰ ਪਾਸੇ ਹੀ ਪਿਆ ਲੱਭਦਾ ਹੈ, ਪਰ ਇਸ ਦੀ ਮਜ਼ਬੂਤੀ ਦੀ ਪਰਖ ਗਵਾਂਢ ਨਾਲ ਜੰਗ ਵਿਚ ਨਹੀਂ ਕੀਤੀ ਜਾ ਸਕਦੀ। ਜਿਹੜੇ ਲੋਕ ਅੱਜ ਕਿਸੇ ਵੀ ਪਲ ਦੀ ਦੇਰੀ ਤੋਂ ਬਿਨਾਂ ਜੰਗ ਲਾ ਦੇਣ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਵਿਚ ਸਭ ਤੋਂ ਅੱਗੇ ਵਿਰੋਧ ਦੀ ਮੁੱਖ ਪਾਰਟੀ ਭਾਜਪਾ ਵਾਲੇ ਹਨ। ਇਸ ਵੇਲੇ ਉਹ ਸਾਡੇ ਇੱਕ ਫੌਜੀ ਜਵਾਨ ਦਾ ਸਿਰ ਲਾਹੇ ਜਾਣ ਦੀ ਘਟਨਾ ਦਾ ਗੁੱਸਾ ਕੱਢਣ ਵੇਲੇ ਜਦੋਂ ਬਾਕੀ ਲੋਕਾਂ ਜਿੰਨਾ ਉਬਲਦੇ ਹਨ ਤਾਂ ਗਲਤ ਨਹੀਂ, ਪਰ ਉਨ੍ਹਾਂ ਨੇ ਇਹ ਗੁੱਸਾ ਉਦੋਂ ਵਿਖਾਇਆ ਹੀ ਨਹੀਂ ਸੀ, ਜਦੋਂ ਕੈਪਟਨ ਸੌਰਭ ਕਾਲੀਆ ਦੀਆਂ ਅੱਖਾਂ ਕੱਢੀ ਹੋਈ ਲਾਸ਼ ਪਾਕਿਸਤਾਨ ਤੋਂ ਆਈ ਸੀ। ਉਨ੍ਹਾਂ ਕੋਲ ਇਹ ਇੱਕ ਵੱਡਾ ਕੇਸ ਸੀ, ਜਦੋਂ ਉਹ ਸੰਸਾਰ ਦੀ ਅਦਾਲਤ ਵਿਚ ਕੈਦੀ ਫੌਜੀਆਂ ਨਾਲ ਜ਼ਿਆਦਤੀ ਦੇ ਵਿਰੋਧ ਵਾਲੀ ਜਨੇਵਾ ਕਨਵੈਨਸ਼ਨ ਦਾ ਹਵਾਲਾ ਦੇ ਕੇ ਪਾਕਿਸਤਾਨ ਨੂੰ ਕਟਹਿਰੇ ਵਿਚ ਖੜਾ ਕਰ ਸਕਦੇ ਸਨ, ਪਰ ਉਨ੍ਹਾਂ ਨੇ ਅਜਿਹਾ ਨਹੀਂ ਸੀ ਕੀਤਾ। ਆਖਰ ਇਹ ਕੰਮ ਓਦੋਂ ਕਿਉਂ ਨਾ ਕੀਤਾ ਗਿਆ? ਭਾਰਤ ਦੀ ਪਾਰਲੀਮੈਂਟ ਉਤੇ ਹਮਲਾ ਹੋਣ ਪਿੱਛੋਂ ਵੀ ਸਾਰਾ ਦੇਸ਼ ਹੁਣ ਵਾਂਗ ਉਬਲ ਰਿਹਾ ਸੀ, ਤੇ ਮੌਕੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਫੌਜ ਨੂੰ ਸਰਹੱਦਾਂ ਵੱਲ ਵੀ ਤੋਰ ਦਿੱਤਾ ਸੀ। ਉਹ ਜੰਮੂ-ਕਸ਼ਮੀਰ ਵਿਚ ਜਾ ਕੇ ਬੋਲੇ ਸਨ ਕਿ ਬੱਦਲ ਜਦੋਂ ਗਰਜਦੇ ਹਨ, ਬਿਜਲੀ ਜਦੋਂ ਕੜਕਦੀ ਹੈ ਤਾਂ ਬਰਸਾਤ ਵੀ ਹੁੰਦੀ ਹੈ। ਚੌਵੀ ਘੰਟੇ ਮਸਾਂ ਲੰਘੇ ਸਨ ਕਿ ਉਹ ਇਹ ਕਹਿਣ ਲੱਗ ਪਏ ਕਿ ਕਈ ਵਾਰੀ ਬੱਦਲ ਵੀ ਗਰਜਦੇ ਹਨ, ਬਿਜਲੀ ਵੀ ਕੜਕਦੀ ਹੈ, ਪਰ ਬਰਸਾਤ ਨਹੀਂ ਹੁੰਦੀ। ਇਹ ਮੋੜਾ ਉਨ੍ਹਾਂ ਨੇ ਉਦੋਂ ਕਿਉਂ ਕੱਟਿਆ ਸੀ ਤੇ ਹੁਣ ਕੜਕਣ ਵਾਲੇ ਭਾਜਪਾ ਆਗੂ ਉਦੋਂ ਕਿਉਂ ਨਹੀ ਸਨ ਬੋਲੇ? ਅੱਜ ਉਹ ਵਕਤ ਦੀ ਸਰਕਾਰ ਨੂੰ ਨਿਕੰਮੀ ਤੇ ਕਮਜ਼ੋਰ ਆਖ ਰਹੇ ਹਨ, ਉਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇੱਕ ਨੇਤਾ ਅਤੇ ਉਨ੍ਹਾਂ ਦੇ ਪੁਰਾਣੇ ਸਾਥੀ ਨੇ ਵਾਜਪਾਈ ਸਰਕਾਰ ਨੂੰ 'ਹਿਜੜਿਆਂ ਦਾ ਟੋਲਾ' ਆਖਿਆ ਸੀ ਤੇ ਇਹ ਸਾਰੇ ਚੁੱਪ ਕੀਤੇ ਰਹੇ ਸਨ।

ਇਹ ਸਾਰੀਆਂ ਗੱਲਾਂ ਏਦਾਂ ਦੀਆਂ ਹਨ, ਜਿਨ੍ਹਾਂ ਵਿਚ ਉਲਝਣ ਲਈ ਇਹ ਮੌਕਾ ਠੀਕ ਨਹੀਂ, ਸਗੋਂ ਇਹ ਮੌਕਾ ਦੇਸ਼ ਦੇ ਲੋਕਾਂ ਦੇ ਜਜ਼ਬਾਤ ਦੇ ਬਾਵਜੂਦ ਵਾਹਵਾ ਠਰ੍ਹੰਮੇ ਨਾਲ ਅਗਲਾ ਕਦਮ ਪੁੱਟਣ ਦਾ ਹੈ। ਸਰਕਾਰਾਂ ਨੂੰ ਕਈ ਪੱਖ ਵਿਚਾਰ ਕੇ ਚੱਲਣਾ ਪੈਂਦਾ ਹੈ, ਉਹ ਭਾਰਤੀ ਜਨਤਾ ਪਾਰਟੀ ਦੇ ਉਸ ਫੁਕਰੇ ਆਗੂ ਵਾਂਗ ਵਿਹਾਰ ਨਹੀਂ ਕਰ ਸਕਦੀਆਂ, ਜਿਸ ਨੇ ਅਬੋਹਰ ਨੇੜੇ ਭਾਸ਼ਣ ਦੇਣ ਵੇਲੇ ਸਪੀਕਰਾਂ ਦਾ ਮੂੰਹ ਉਚੇਚ ਨਾਲ ਪਾਕਿਸਤਾਨ ਵੱਲ ਕਰਵਾ ਕੇ ਕਿਹਾ ਸੀ ਕਿ ਪਾਕਿਸਤਾਨ ਦੇ ਲੋਕ ਵੀ ਮੈਨੂੰ ਸੁਣਨਾ ਚਾਹੁੰਦੇ ਹਨ ਤੇ ਦੋ ਹਫਤੇ ਬਾਅਦ ਵਾਹਗਾ ਸਰਹੱਦ ਦੇ ਗੇਟਾਂ ਅੱਗੇ ਜਾ ਕੇ ਪਾਕਿਸਤਾਨ ਵਿਰੁਧ ਇਹ ਭੜਕਾਊ ਨਾਹਰੇ ਲਾ ਰਹੀ ਭੀੜ ਦੀ ਅਗਵਾਈ ਕਰ ਰਿਹਾ ਸੀ: 'ਦੂਧ ਮਾਂਗੋ ਤੋ ਖੀਰ ਦੇਂਗੇ, ਕਸ਼ਮੀਰ ਮਾਂਗੋ ਤੋ ਚੀਰ ਦੇਂਗੇ।' ਭਾਜਪਾ ਨਾਲ ਜੁੜੇ ਇੱਕ ਸਿੱਖ ਆਗੂ ਨੇ ਦਿੱਲੀ ਦੇ ਪਾਕਿਸਤਾਨ ਵਿਰੋਧੀ ਰੋਸ ਮੁਜ਼ਾਹਰੇ ਵਿਚ ਭਾਸ਼ਣ ਕਰਦਿਆਂ ਇਸ ਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਸ਼ਬਦ ਬੋਲ ਦਿੱਤੇ ਕਿ 'ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।' ਉਹ ਇਹ ਕਹਿ ਰਿਹਾ ਸੀ ਕਿ ਗੁਰੂ ਸਾਹਿਬ ਸਾਨੂੰ ਦੱਸ ਗਏ ਸਨ ਕਿ ਜਦੋਂ ਸਾਰੇ ਹੀਲੇ ਮੁੱਕ ਜਾਣ ਤਾਂ ਸ਼ਮਸ਼ੀਰ, ਅਰਥਾਤ ਤਲਵਾਰ ਨੂੰ ਚੁੱਕ ਲੈਣਾ ਜਾਇਜ਼ ਹੁੰਦਾ ਹੈ ਤੇ ਹੁਣ ਮੌਕਾ ਆ ਗਿਆ ਹੈ ਕਿ ਪਾਕਿਸਤਾਨ ਵਿਰੁਧ ਖੰਡਾ ਖੜਕਾਇਆ ਜਾਵੇ। ਭਾਸ਼ਣ ਕਰਨਾ ਹੋਰ ਗੱਲ ਹੈ ਪਰ ਭਲਾ ਇਹ ਸੋਚੀਏ ਤਾਂ ਸਹੀ ਕਿ ਕੀ ਸਾਰੇ ਹੋਰ ਹੀਲੇ ਸਚਮੁੱਚ ਪਰਖੇ ਜਾ ਚੁੱਕੇ ਹਨ?

ਸਾਡੀ ਸਮਝ ਮੁਤਾਬਕ ਅਜੇ ਇਹ ਮੌਕਾ ਨਹੀਂ ਆਇਆ। ਅਜੇ ਵੀ ਬਹੁਤ ਕੁਝ ਕੀਤਾ ਜਾ ਸਕਦਾ ਹੈ। ਸਾਡੇ ਫੌਜੀਆਂ ਨਾਲ ਵਾਪਰੇ ਕਹਿਰ ਦਾ ਸਾਨੂੰ ਵੀ ਦੁੱਖ ਹੈ, ਪਰ ਇਸ ਦੁੱਖ ਦੇ ਬਾਅਦ ਵੀ ਉਸ ਪਾਕਿਸਤਾਨ ਦੇ ਨਾਲ ਜੰਗ ਵਿਚ ਸਿਰ ਫਸਾਉਣ ਨੂੰ ਅਸੀਂ ਠੀਕ ਨਹੀਂ ਸਮਝਦੇ, ਜਿਸ ਦਾ ਆਪਣਾ ਕੁਝ ਰਿਹਾ ਨਹੀਂ ਤੇ ਹੋਰ ਕਿਸੇ ਦਾ ਰਹੇਗਾ ਜਾਂ ਨਹੀਂ, ਇਸ ਦੀ ਉਸ ਨੂੰ ਪ੍ਰਵਾਹ ਨਹੀਂ ਹੋਣੀ। ਇਹ ਜੰਗ ਸਿਰਫ਼ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਤਬਾਹੀ ਲੈ ਕੇ ਆਵੇਗੀ। ਅੱਜ ਦਾ ਪਾਕਿਸਤਾਨ ਤਾਂ ਲੈਬਨਾਨ ਵਾਲੇ ਹਾਲ ਨੂੰ ਪਹੁੰਚ ਚੁੱਕਾ ਹੈ। ਉਸ ਦੇ ਸਬੰਧ ਵਿਚ 'ਨਾਂਗਾ ਮਾਰੇ ਚਾਂਗਾਂ, ਬੇੜੀ ਡੋਬਣ ਨੂੰ' ਵਾਲਾ ਮੁਹਾਵਰਾ ਫਿੱਟ ਬੈਠਦਾ ਹੈ, ਕੀ ਭਾਰਤ ਵੀ ਇਸ ਹਾਲ ਵਿਚ ਪਹੁੰਚ ਚੁੱਕਾ ਹੈ ਕਿ ਹੁਣ ਉਸੇ ਵਾਂਗ ਮਰਨ-ਮਾਰਨ ਲਈ ਤਿਆਰ ਹੋ ਜਾਵੇ? ਹਾਲੇ ਉਹ ਘੜੀ ਨਹੀਂ ਆਈ। ਜਦੋਂ ਤੱਕ ਇਹੋ ਜਿਹੀ ਨੌਬਤ ਆ ਨਾ ਜਾਵੇ, ਉਦੋਂ ਤੱਕ ਦੇਸ਼ ਖਾਤਰ ਫੌਜ ਦੀ ਵਰਦੀ ਪਾਉਣ ਵਾਲੇ ਬੇਗਾਨੇ ਪੁੱਤਰਾਂ ਨੂੰ ਮੌਤ ਨਾਲ ਮੱਥਾ ਲਾਉਣ ਦੇ ਰਾਹ ਤੋਰਨ ਦੀਆਂ ਉਕਸਾਹਟਾਂ ਨੂੰ ਅਸੀਂ ਅਕਲਮੰਦੀ ਨਹੀਂ ਕਹਿ ਸਕਦੇ।

# ਮਹਾਰਾਜਾ ਯਾਦਵਿੰਦਰ ਸਿੰਘ ਨੇ ਕੀਤੀ ਸੀ ਸਿਆਸਤ ਤੋਂ ਤੌਬਾ

**ਪਟਿਆਲਾ:** ਪਟਿਆਲਾ ਦਾ ਸ਼ਾਹੀ ਪਰਿਵਾਰ ਭਾਵੇਂ ਇਸ ਵੇਲੇ ਪੂਰੀ ਤਰ੍ਹਾਂ ਸਿਆਸਤ ਵਿਚ ਸਰਗਰਮ ਹੈ ਪਰ ਉਨ੍ਹਾਂ ਦੇ ਪੁਰਖੇ ਮਹਾਰਾਜਾ ਯਾਦਵਿੰਦਰ ਸਿੰਘ ਸਿਆਸਤ ਤੋਂ ਨਫਰਤ ਕਰਦੇ ਸਨ। ਉਨ੍ਹਾਂ ਨੇ 1960 ਵਿਚ ਡਕਾਲਾ ਵਿਧਾਨ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ ਪਰ ਜਿੱਤਣ ਤੋਂ ਕੁਝ ਮਹੀਨਿਆਂ ਬਾਅਦ ਹੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਹ ਸਿਆਸਤ ਵਿਚ ਪੈਦਾ ਹੋਏ ਨਿਘਾਰ ਤੋਂ ਪ੍ਰਸ਼ਾਨ ਸਨ ਕੁਰਸੀ ਲਈ ਦੌੜ ਉਨ੍ਹਾਂ ਨੂੰ ਹੋਛੀ ਲੱਗਦੀ ਸੀ।

ਰਾਜਾ ਮਾਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੇਸ਼ ਭਗਤ, ਚੰਗੇ ਇਨਸਾਨ ਤੇ ਅਨੁਸਾਸ਼ਿਤ ਫੌਜੀ ਸਨ। ਉਹ ਬੇਬਾਕ ਗੱਲ ਕਹਿਣ ਵਾਲੇ ਤੇ ਬਹੁਪਰਤੀ ਸ਼ਖਸੀਅਤ ਦੇ ਮਾਲਕ ਸਨ। ਉਨ੍ਹਾਂ ਸਾਰੀ ਉਮਰ ਸਮਾਜ ਦੀ ਭਲਾਈ ਲਈ ਕੰਮਾਂ 'ਤੇ ਲਾ ਦਿੱਤੀ ਪਰ ਉਨ੍ਹਾਂ ਨੂੰ ਸਿਆਸਤ ਵਿਚ ਆਇਆ ਨਿਘਾਰ ਦੁਖੀ ਕਰਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਸਿਆਸਤ ਉਨ੍ਹਾਂ ਦੇ



ਵੱਸ ਦੀ ਗੱਲ ਨਹੀਂ।

ਮਹਾਰਾਜਾ ਯਾਦਵਿੰਦਰ ਸਿੰਘ ਨੇ ਆਪਣੀ ਕਾਫੀ ਰਿਹਾਇਸ਼ੀ ਤੇ ਹੋਰ ਜਾਇਦਾਦ ਸਰਕਾਰ ਨੂੰ ਦੇ ਦਿੱਤੀ ਸੀ ਪਰ ਬਾਅਦ ਵਿਚ ਉਨ੍ਹਾਂ ਨੂੰ ਇਸ ਗੱਲ ਦਾ ਪਛਤਾਵਾ ਸੀ। ਉਨ੍ਹਾਂ ਦਾ ਕਹਿਣਾ ਸੀ, "ਕੋਈ ਕਦਰ ਨਹੀਂ ਕਿਸੇ ਨੂੰ ਤੋਹਫੇ ਦੀ। ਰਾਜਾ ਮਾਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਪੁਰਾਣੇ ਮੋਤੀਬਾਗ ਮਹਿਲ ਦੀ ਇਮਾਰਤ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਨੂੰ ਦੇ ਦਿੱਤੀ ਸੀ। ਇਸ ਤੋਂ ਇਲਾਵਾ ਪਿੰਜੌਰ ਗਾਰਡਨ, ਚਹਿਲ ਵਿਚ ਅੱਧੀ ਜਾਇਦਾਦ ਤੇ ਉਨ੍ਹਾਂ ਦੀ ਗਰਮੀਆਂ ਦੀ ਰਿਹਾਇਸ਼ ਭਾਰਤ ਸਰਕਾਰ ਨੂੰ ਦੇ ਦਿੱਤੀ ਗਈ ਸੀ।

ਮਹਾਰਾਜਾ ਯਾਦਵਿੰਦਰ ਸਿੰਘ ਦਾ ਜਨਮ 7 ਜਨਵਰੀ 1913 ਵਿਚ ਪਟਿਆਲਾ ਵਿਖੇ ਹੋਇਆ। ਉਨ੍ਹਾਂ ਨੇ ਮੁਢਲੀ ਪੜ੍ਹਾਈ ਇੰਗਲੈਂਡ ਵਿਚੋਂ ਹਾਸਲ ਕੀਤੀ। 1933 ਵਿਚ ਉਨ੍ਹਾਂ ਨੇ ਐਚੀਸਨ ਕਾਲਜ ਲਾਹੌਰ ਵਿਚ ਦਾਖਲਾ ਲਿਆ। ਉਹ 1934 ਵਿਚ ਭਾਰਤੀ ਕ੍ਰਿਕਟ ਟੀਮ ਵਿਚ ਖੇਡੇ ਤੇ ਪਟਿਆਲਾ ਸਟੇਟ ਪੁਲਿਸ ਵਿਚ ਸੇਵਾਵਾਂ ਨਿਭਾਈਆਂ। ਮਹਾਰਾਜਾ ਭੁਪਿੰਦਰ ਸਿੰਘ ਦੀ ਮੌਤ ਤੋਂ ਬਾਅਦ ਉਹ 1938 ਵਿਚ ਪਟਿਆਲਾ ਰਿਆਸਤ ਦੇ ਮਹਾਰਾਜਾ ਬਣੇ। ਉਨ੍ਹਾਂ ਦੀ ਮੌਤ 17 ਜੂਨ, 1974 ਵਿਚ ਹੋਈ। ਉਸ ਵੇਲੇ ਉਹ 61 ਸਾਲਾਂ ਦੇ ਸਨ।

Quick Stop 40, Oklahoma

Help Wanted

ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

# ਪਹਿਲ ਕੌਣ ਕਰੇ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

'ਪਹਿਲ ਕੌਣ ਕਰੇ?' ਆਪਣੇ ਰਿਸ਼ਤੇਦਾਰ ਮੁੰਡੇ ਦੇ ਮੂੰਹੋਂ ਇਹ ਸਵਾਲ ਸੁਣ ਕੇ 'ਮਾਸੜ ਜੀ' ਚੁੱਪ ਜਿਹੇ ਹੋ ਗਏ। ਜਵਾਬ ਵਜੋਂ ਕੋਈ ਠੋਸ ਗੱਲ ਨਾ ਅਹੁੜਨ ਕਰ ਕੇ 'ਆਹੋ...ਹੂੰ...ਨਹੀਂ' ਦੇ ਉਘੜ-ਦੁਘੜੇ ਸ਼ਬਦ ਬੋਲਦਿਆਂ ਉਨ੍ਹਾਂ ਮੂੰਹੋਂ ਇੰਨਾ ਕੁ ਸਰਿਆ, "ਗੱਲ ਤਾਂ ਤੇਰੀ ਠੀਕ ਐ ਕਾਕਾ, ਪਰ...।" 'ਪਰ' ਕਹਿਣ ਤੋਂ ਬਾਅਦ ਉਨ੍ਹਾਂ ਨੂੰ ਆਪਣਾ ਚੇਤਾ ਆ ਗਿਆ ਕਿ ਮੈਂ ਦੋਹਾਂ ਕੁੜਮਾਂ ਦੇ ਮਨ੍ਹਾ ਕਰਦਿਆਂ-ਕਰਦਿਆਂ, ਦੋਹਾਂ ਧੀਆਂ ਨੂੰ ਵਿਤੋਂ ਬਾਹਰਾ ਦਾਜ ਦਿੱਤਾ। ਨਾ ਚਾਹੁੰਦਿਆਂ ਵੀ ਮੈਰਿਜ ਪੈਲੇਸਾਂ ਵਿਚ ਮੀਟ-ਸ਼ਰਾਬ ਚਲਾਇਆ। ਮੁੰਡੇ ਦੇ ਵਿਆਹ ਮੌਕੇ ਭੇਡ ਚਾਲ 'ਤੇ ਟੁਰਦਿਆਂ 'ਪਾਰਟੀ' ਕੀਤੀ। ਪਾਰਟੀ ਵਿਚ ਮੁੰਡਿਆਂ ਵੱਲੋਂ ਸੱਦੀ ਗਈ 'ਗਾਉਣ ਵਾਲੀ' ਨੂੰ ਮੈਂ ਰੋਕ ਨਾ ਸਕਿਆ। ਭਾਈਚਾਰੇ ਵਿਚ 'ਸਮਾਜ ਸੁਧਾਰਕ' ਦੇ ਤੌਰ 'ਤੇ ਜਾਣਿਆ ਜਾਂਦਾ ਹੋਣ ਦੇ ਬਾਵਜੂਦ ਅਡੰਬਰੀ/ਫਜ਼ੂਲ ਖਰਚੀਆਂ ਕੀਤੀਆਂ, ਜਿਨ੍ਹਾਂ ਦੁਕੰਮੜਿਆਂ ਦੀ ਲਿਖ ਕੇ ਜਾਂ ਬੋਲ ਕੇ ਖਿਲਾਫਤ ਕਰਦਾ ਰਿਹਾ, ਅੱਕ ਚੱਬਣ ਵਾਂਗ ਉਹ ਸਾਰੇ ਕਰਨੇ ਪਏ। ਹੁਣ ਕਿਹੜੇ ਮੂੰਹ ਨਾਲ ਮੈਂ ਮੁੰਡੇ ਨੂੰ...!

'ਮਾਸੜ ਜੀ' ਦੇ ਇਸ ਮਨ-ਮੰਥਨ ਨੂੰ 'ਬਰੇਕ' ਉਦੋਂ ਲੱਗੀ ਜਦੋਂ ਮੁੰਡੇ ਨੇ ਗੱਲਾਂ ਦਾ ਮੁਹਾਣ ਮੋੜਨ ਲਈ ਆਖਿਆ, "ਤੁਸੀਂ ਆਪਣੀ ਸਿਹਤ ਦਾ ਖਿਆਲ ਰੱਖਿਆ ਕਰੋ ਮਾਸੜ ਜੀ!"

ਵਰ੍ਹਿਆਂ ਤੋਂ ਵਿਦੇਸ਼ ਰਹਿੰਦੇ 'ਮਾਸੜ ਜੀ' ਨੇ ਆਪਣਾ ਲੜਕਾ ਪੰਜਾਬ ਵਿਆਹ ਕੇ ਲਿਆਂਦਾ ਸੀ। ਨੂੰਹ ਰਾਣੀ ਵੀ ਜਲਦੀ ਵਿਦੇਸ਼ ਆ ਪਹੁੰਚੀ। ਹੁਣ ਸੁੱਖ ਨਾਲ ਉਸ ਦੀ ਗੋਦੀ ਨੂੰ ਭਾਗ ਲੱਗ ਗਏ ਸਨ। ਕਾਕਾ ਹੋਣ ਦੀ ਖੁਸ਼ਖਬਰੀ ਪੰਜਾਬ ਰਹਿੰਦੇ ਨਾਨਕਾ ਪਰਿਵਾਰ ਨੂੰ ਵੀ ਭੇਜੀ ਗਈ। ਕਾਕਾ ਭਾਵੇਂ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਸੱਤ ਸਮੁੰਦਰੋਂ ਪਾਰ ਪੈਦਾ ਹੋਇਆ ਸੀ ਪਰ ਨਾਨਕਿਆਂ ਨੇ ਕਬੀਲਦਾਰੀ ਦੀ ਰਵਾਇਤ ਦਾ ਇੰਨ-ਬਿੰਨ ਪਾਲਣ ਕਰਿਆ। ਉਹ ਪੰਜੀਰੀ ਦਾ ਪੀਪਾ ਭਰ ਕੇ, ਸਮੇਤ ਕੱਪੜਿਆਂ ਨਾਲ ਤੂਸੇ ਹੋਏ ਅਟੈਚੀ ਭਰ ਕੇ ਸੁੱਖਾਂ ਲੱਧੇ ਦੋਹਤੇ ਦੇ ਦਾਦਕੇ ਪਿੰਡ ਪਹੁੰਚੇ ਹੋਏ ਸਨ, ਜਿਥੇ ਉਨ੍ਹਾਂ ਦੇ ਵਿਦੇਸ਼ੀ ਕੁੜਮ ਦਾ ਭਰਾ ਤੇ ਮਾਂ-ਬਾਪ ਰਹਿੰਦੇ ਸਨ। ਨਿੱਕੜੇ ਬਾਲ ਵਾਸਤੇ ਚਾਂਦੀ ਦੇ ਕੰਗਣ, ਸੱਸ ਦੇ ਕੰਨਾਂ ਨੂੰ ਵਾਲੀਆਂ ਤੇ ਸੂਟ, ਸਹੁਰੇ ਲਈ ਮੁੰਦੀ, ਦਾਈ ਲਈ ਸੂਟ...ਅਤੇ ਹੋਰ ਕਿੰਨਾ ਕੁਝ 'ਵੈਬ-ਕੈਮ' ਉਤੇ ਨਾਲੋ-ਨਾਲ 'ਲਾਈਵ' ਦਿਖਾਇਆ ਜਾ ਰਿਹਾ ਸੀ।

ਆਪਣੀ ਆਦਤ ਮੁਤਾਬਕ ਇਸ ਸਾਰੇ ਕੁਝ ਨੂੰ 'ਬੇਲੋੜਾ ਖਰਚਾ' ਦੱਸ ਕੇ 'ਮਾਸੜ ਜੀ' ਆਪਣੇ ਪੋਤਰੇ ਦੇ ਮਾਮੇ ਨੂੰ ਉਪਦੇਸ਼ ਦੇਣ ਲੱਗੇ ਹੋਏ ਸਨ, ਜਦੋਂ ਉਨ੍ਹਾਂ ਜ਼ੋਰ ਦੇ ਕੇ ਫਰਮਾਇਆ ਕਿ ਕਾਕਾ, ਇਨ੍ਹਾਂ ਫਜ਼ੂਲ ਰਸਮਾਂ ਨੂੰ ਛੱਡ ਦਿਉ ਹੁਣ! ਤਦ ਨਵ-ਜਨਮੇ ਕਾਕੇ ਦੇ ਮਾਮੇ ਨੇ 'ਬੁੜ੍ਹੇ ਨੂੰ' ਚੁੱਪ ਕਰਾਉਣ ਲਈ ਇਹ ਸਵਾਲ ਖੜ੍ਹਾ ਕਰ ਦਿੱਤਾ, "ਮਾਸੜ ਜੀ, ਮੈਂ ਮੰਨਦਾਂ, ਗੱਲ ਤੁਹਾਡੀ ਬਿਲਕੁਲ ਠੀਕ ਹੈ, ਪਰ ਇੱਧਰ ਨੂੰ ਪੈਰ ਪੁੱਟਣ ਲਈ ਪਹਿਲ ਕੌਣ ਕਰੇ?"

ਭਲਾਈ ਵਾਲੇ ਪਾਸੇ ਨੂੰ ਪਹਿਲ ਕਰਨ ਤੋਂ ਕੰਨੀਂ ਕਤਰਾਉਂਦਿਆਂ ਸਾਡੇ ਸਮਾਜ ਵਿਚ ਰੱਜ ਕੇ ਝੁੱਗਾ ਚੌੜ ਕਰਵਾਇਆ ਜਾ ਰਿਹਾ ਹੈ। 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ' ਵਾਲਾ ਅਖਾਣ ਵੀ 'ਪਹਿਲ ਕਰਨ' ਤੋਂ ਡਰਦੇ ਲੋਕਾਂ ਦੇ ਦਿਮਾਗ ਦੀ ਕਾਢ ਹੈ। ਦਾਜ-ਦਹੇਜ, ਭਰੂਣ ਹੱਤਿਆ, ਲੱਚਰ ਗਾਇਕੀ, ਫੈਸ਼ਨਪ੍ਰਸਤੀ, ਅਡੰਬਰੀ ਵਿਆਹਾਂ ਮੌਕੇ ਕੰਨ ਪਾੜਵਾਂ ਸ਼ੋਰ-ਸ਼ਰਾਬਾ, ਬੋਦੀਆਂ ਰਸਮਾਂ ਦੀ ਪਾਲਣਾ ਕਰਨ ਵਰਗੇ ਸਮਾਜੀ ਕਲੰਕਾਂ ਵਿਰੁਧ ਧੂੰਆਂ-ਧਾਰ ਪ੍ਰਚਾਰ ਹੋ ਰਿਹਾ ਹੈ। ਲੰਮੇ ਲੇਖ, ਗੀਤ ਤੇ ਨਾਟਕ ਲਿਖੇ ਜਾ ਰਹੇ ਹਨ, ਪਰ 'ਪਹਿਲ ਕਰਨ' ਵੇਲੇ ਸਾਡੇ ਸਾਰਿਆਂ ਦੇ ਸਾਹਮਣੇ ਇਹ ਸਵਾਲ ਆ ਖੜ੍ਹਦੈ, 'ਜੇ ਇੰਜ ਕਰ ਲਿਆ, ਤਦ ਫਲਾਣੇ ਕੀ ਕਹਿਣਗੇ?' ਫਲਾਣਿਆਂ ਦੇ ਡਰ ਦੀ 'ਕੁੜਿੱਕੀ' ਵਿਚ ਅਸੀਂ ਹੱਸ ਕੇ ਸਿਰ ਫਸਾ ਲੈਂਦੇ ਹਾਂ; ਲੇਕਿਨ ਨਵੇਂ, ਸੁਖਾਵੇਂ ਤੇ ਪੱਧਰੇ ਰਾਹ ਤਲਾਸ਼ਣ ਵੇਲੇ ਅਸੀਂ ਪਹਿਲੋਂ ਪਈਆਂ ਲੀਹਾਂ ਉਤੇ ਹੀ ਤੁਰ ਪੈਂਦੇ ਹਾਂ।

ਨਵੀਆਂ ਪੈੜਾਂ ਪਾ ਕੇ ਸੁਖੀ ਜੀਵਨ ਬਤੀਤ ਕਰਨ ਵਾਲੇ ਲੋਕਾਂ ਦੀਆਂ ਤਸ਼ਬੀਹਾਂ ਦੇਣ ਦੀ ਥਾਂ ਇਥੇ ਮੈਂ ਆਪਣੇ ਨਿੱਜ ਦੀਆਂ ਦੋ ਕੁ ਘਟਨਾਵਾਂ ਦਾ ਵਰਣਨ ਕਰ ਰਿਹਾ ਹਾਂ। ਹੈਨ ਇਹ ਆਟੇ 'ਚ ਲੂਣ ਵਾਂਗ ਹੀ; ਇਉਂ ਨਾ ਸਮਝਣਾ ਕਿ ਮੈਂ ਇਥੇ ਆਪਣੇ-ਆਪ ਨੂੰ ਕੋਈ ਵੱਡਾ 'ਇਨਕਲਾਬੀ' ਸਿੱਧ ਕਰਨ ਜਾ ਰਿਹਾਂ। ਮਜਬੂਰੀ ਅਧੀਨ ਬਥੇਰੀ ਵਾਰ ਅਣ-ਮੰਨੇ ਮਨ ਨਾਲ 'ਹਾਂ' ਕਰਨੀ ਪੈਂਦੀ ਹੈ, ਪਰ ਇਹ ਦੋ ਵਾਕਿਆ ਇਸ ਵਿਸ਼ੇ ਨਾਲ ਸਬੰਧਿਤ ਹਨ।

ਇਕ ਸਾਲ ਰੱਖੜੀ ਦਾ ਤਿਉਹਾਰ ਆਉਣ ਨੂੰ ਹਫ਼ਤਾ ਕੁ ਰਹਿੰਦਾ ਸੀ। ਅਸੀਂ ਤਿੰਨਾਂ ਭਰਾਵਾਂ ਨੇ ਇਕ ਸਲਾਹ ਕਰ ਲਈ; ਐਤਕੀਂ ਪਿੰਡ ਆਈਆਂ ਭੈਣਾਂ ਦੇ ਮਨਾਂ ਵਿਚੋਂ ਰੱਖੜੀ ਦਾ ਇਹ ਕਰਮ-ਕਾਂਡ ਜਿਹਾ ਕੱਢ ਦੇਣਾ ਹੈ। ਰੱਖੜੀ ਵਾਲੇ ਦਿਨ ਰੰਗ-ਬਰੰਗੀਆਂ ਸਿਤਾਰਿਆਂ ਨਾਲ ਸ਼ਿੰਗਾਰੀਆਂ ਰੱਖੜੀਆਂ ਅਸੀਂ ਗੁੱਟਾਂ 'ਤੇ ਬੰਨ੍ਹਵਾ ਲਈਆਂ। ਬਣਦਾ-ਸਰਦਾ ਮਾਇਕ ਮਾਣ-ਸਨਮਾਨ ਵੀ ਕਰ ਦਿੱਤਾ ਭੈਣਾਂ ਦਾ। ਇਸ ਤੋਂ ਬਾਅਦ ਬੈਠ ਕੇ ਅਸੀਂ ਰੱਖੜੀ ਰਸਮ ਦਾ ਅੱਗਾ-ਪਿੱਛਾ ਖੋਲ੍ਹ ਸੁਣਾਇਆ। ਚੰਗੇ ਭਾਗਾਂ ਨੂੰ ਗੱਲ ਉਨ੍ਹਾਂ ਦੇ ਖਾਨੇ ਪੈ ਗਈ। ਉਹ ਇਸ 'ਤੇ ਸਹਿਮਤ ਹੋਈਆਂ ਕਿ ਔਰਤ ਜਾਤ ਨੂੰ ਨਿਮਾਣੀ, ਨਿਤਾਣੀ ਅਤੇ ਮੁਥਾਜ ਬਣਾਉਣ ਵਾਲੀ ਇਹ ਰਸਮ ਬਿਲਕੁਲ ਫਜ਼ੂਲ ਹੈ। ਉਸ ਤੋਂ ਬਾਅਦ ਉਹ ਰੱਖੜੀਆਂ ਵਾਲੇ ਦਿਨਾਂ ਵਿਚ ਵੈਸੇ ਹੀ ਮਿਲਣ-ਗਿਲਣ ਤਾਂ ਆਉਂਦੀਆਂ ਰਹੀਆਂ ਪਰ ਧਾਗਿਆਂ ਦੇ ਝੰਜਟ 'ਚ ਮੁੜ ਨਹੀਂ ਪਈਆਂ।

ਦੂਜੀ ਮਿਸਾਲ ਉਦੋਂ ਦੀ ਹੈ, ਜਦੋਂ ਸਾਡੇ ਪਿਤਾ ਜੀ ਸਵਰਗਵਾਸ ਹੋਏ। ਅੰਤਮ ਸਸਕਾਰ ਤੋਂ ਬਾਅਦ ਸਾਰੇ ਸਲਾਹਾਂ ਦੇਣ ਲੱਗ ਪਏ ਕਿ ਫਲਾਣੇ ਦਿਨ ਤੱਕ ਕੀਰਤਪੁਰ ਜਾ ਕੇ ਅਸਤ ਪਾਉਣੇ ਚਾਹੀਦੇ ਹਨ। ਆਂਢ-ਗੁਆਂਢ ਦੀਆਂ ਬੀਬੀਆਂ ਸਾਨੂੰ ਬਜ਼ੁਰਗਾਂ ਦੇ ਅਸਤ ਜਲ ਪ੍ਰਵਾਹ ਕਰਨ ਵਾਲੀ ਰਸਮ ਦੇ 'ਨਿਯਮ' ਸਮਝਾਉਣ ਲੱਗ ਪਈਆਂ। ਅਸੀਂ ਭਾਈਆਂ ਨੇ ਬਹਿ ਕੇ ਸਲਾਹ ਕੀਤੀ ਕਿ ਕਿਸੇ ਦੂਜੇ ਦੇ ਮੂੰਹੋਂ ਅਸਤ ਪਾਉਣ ਦੀ ਗੱਲ ਸੁਣ ਕੇ ਸਾਡਾ ਬਾਪ, ਗੁਰਬਾਣੀ ਦੀਆਂ ਤੁਕਾਂ ਬੋਲ ਕੇ ਇਸ ਨੂੰ ਭੰਡਦਾ ਹੁੰਦਾ ਸੀ। ਕਈ ਵਾਰ ਤਾਂ ਉਹ ਅਜਿਹੇ ਕਰਮ-ਕਾਂਡਾਂ ਵਿਚ ਫਸੇ ਲੋਕਾਂ ਦੇ 'ਗਲ ਪੈਣ' ਤੱਕ ਵੀ ਚਲੇ ਜਾਂਦਾ ਸੀ। ਹੁਣ ਉਹਦੇ ਆਪਣੇ ਅਸਤ ਪਾਉਣ ਲੱਗਿਆਂ ਸਾਨੂੰ ਸੰਗ ਨਾ ਆਊਗੀ।

ਸਿਦਕ ਜਿਹੇ ਨਾਲ ਅਸੀਂ ਤਿੰਨੇ ਭਰਾ ਸਿਵਿਆਂ 'ਚ ਪਹੁੰਚੇ। ਖਾਦ ਵਾਲੇ ਵੱਡੇ ਥੈਲੇ 'ਚ ਸਾਰੀ ਰਾਖ ਪਾ ਲਈ। ਜਾ ਪਹੁੰਚੇ ਸਤਲੁਜ ਦਰਿਆ ਦੇ ਕੰਢੇ ਜੋ ਸਾਡੇ ਪਿੰਡ ਦੇ ਸਿਵਿਆਂ ਤੋਂ ਡੇਢ ਕੁ ਮੀਲ ਦੀ ਵਿੱਥ 'ਤੇ ਵਹਿੰਦਾ ਹੈ। ਸਾਰੀ ਸੁਆਹ ਸਤਲੁਜ ਦੇ ਨੀਲੇ ਪਾਣੀਆਂ 'ਚ ਮੁਘੇਰ ਕੇ ਅਸੀਂ ਤਿੰਨਾਂ ਭਰਾਵਾਂ ਨੇ ਨਮ ਅੱਖਾਂ ਨਾਲ ਆਪਣੇ ਸਿਰੜੀ ਤੇ ਸਿਦਕੀ ਬਾਪ ਨੂੰ ਆਖਰੀ ਫਤਹਿ ਬੁਲਾ ਦਿੱਤੀ।

'ਪਹਿਲ ਕਰਨ' ਦੀ ਉਪਮਾ ਕਰਨ ਵਾਲੀ ਇਕ ਕਵਿਤਾ ਸਾਡੇ ਸਕੂਲ ਦੀ ਪਾਠ-ਪੁਸਤਕ ਵਿਚ ਛਪੀ ਹੁੰਦੀ ਸੀ। ਹਾਸ-ਰਸ ਕਵੀ ਐਸ.ਐਸ. ਚਰਨ ਸਿੰਘ 'ਸ਼ਹੀਦ' ਦੀ ਲਿਖੀ ਇਸ ਕਵਿਤਾ ਵਿਚ ਕਿਸੇ 'ਬੁੱਧੂ' ਦਾ ਢਿੱਲੜਪੁਣਾ ਵਰਣਨ ਕੀਤਾ ਹੋਇਆ ਹੈ। ਕਹਿੰਦੇ, ਇਸ ਨਾਂ ਵਾਲਾ ਕੋਈ ਬੰਦਾ ਆਪਣਾ ਖੋਤਾ ਲੈ ਕੇ ਡੰਗਰਾਂ ਦੇ ਹਸਪਤਾਲ ਚਲਾ ਗਿਆ। ਡਾਕਟਰ ਨੂੰ ਆਪਣੇ ਖੋਤੇ ਦੀ ਮਰਜ਼ ਬਾਰੇ ਦੱਸ ਕੇ ਉਸ ਨੇ ਦਵਾਈ ਦੀ ਮੰਗ ਕੀਤੀ। ਡਾਕਟਰ ਨੇ ਦੋ-ਚਾਰ ਚੀਜ਼ਾਂ ਲਿਖ ਦਿੱਤੀਆਂ ਕਿ ਪੰਸਾਰੀ ਦੀ ਹੱਟੀ ਤੋਂ ਇਹ ਸ਼ੈਆਂ ਲੈ ਕੇ ਇਮਾਮ-ਜਿਸਤੇ ਵਿਚ ਚੰਗੀ ਤਰ੍ਹਾਂ ਕੁੱਟ-ਰਗੜ ਲੈਣੀਆਂ। ਕੱਪੜ-ਛਾਣ ਕਰ ਕੇ ਇਨ੍ਹਾਂ ਨੂੰ ਬਾਂਸ ਦੀ ਪੋਰੀ ਵਿਚ ਰੱਖ ਲੈਣਾ। ਖੜ੍ਹੇ ਖੋਤੇ ਦੀਆਂ ਨਾਸਾਂ ਉਤੇ ਦਵਾਈ ਨਾਲ ਭਰੀ ਹੋਈ ਪੋਰੀ ਰੱਖ ਕੇ, ਪਿਛਿਉਂ ਜ਼ੋਰ ਦੀ ਫੂਕ ਮਾਰ ਦੇਣੀ, 'ਦੇਖੀਂ ਇਹ ਤੇਰੇ ਖੋਤੇ ਨੂੰ ਅਰਬੀ ਘੋੜੇ ਵਾਂਗ ਦੁੜਾਊ!' ਡਾਕਟਰ ਤੋਂ ਦਵਾਈ ਦੇਣ ਦਾ ਢੰਗ-ਤਰੀਕਾ ਚੰਗੀ ਤਰ੍ਹਾਂ ਸੁਣ ਸਮਝ ਕੇ ਬੁੱਧੂ ਜੀ ਖੋਤੇ ਨੂੰ ਘਰੇ ਲੈ ਆਏ।

ਦੂਜੇ ਦਿਨ ਸੁਵਖਤੇ ਹੀ ਲਾਲ ਅੱਖਾਂ, ਸੁੱਜਿਆਂ ਨੱਕ-ਮੂੰਹ ਲੈ ਕੇ ਖਊਂ-ਖਊਂ ਕਰਦਾ ਬੁੱਧੂ ਡੰਗਰ ਡਾਕਟਰ ਕੋਲ ਪਹੁੰਚ ਕੇ ਹਾਲ ਪਾਹਰਿਆ ਕਰਨ ਲੱਗਾ। ਹੈਰਾਨ ਹੋਏ ਡਾਕਟਰ ਨੇ ਉਸ ਦਾ ਹੁਲੀਆ ਵਿਗੜ ਜਾਣ ਦਾ ਕਾਰਨ ਪੁੱਛਿਆ। ਹਫ਼ਦਾ ਹੋਇਆ ਬੁੱਧੂ ਹੱਡ ਬੀਤੀ ਸੁਣਾਉਣ ਲੱਗਾ, "ਡਾਕਟਰ ਸਾਹਿਬ, ਤੁਹਾਡੇ ਕਹਿਣੇ ਮੁਤਾਬਿਕ ਮੈਂ ਸਾਰੀਆਂ ਚੀਜ਼ਾਂ ਚੰਗੀ ਤਰ੍ਹਾਂ ਕੁੱਟ-ਛਾਣ ਕੇ ਪਾਊਡਰ ਜਿਹਾ ਬਣਾ ਲਿਆ। ਨਲਪੀ ਭਰ ਕੇ ਖੋਤੇ ਦੀਆਂ ਨ੍ਹਾਸਾਂ ਉਤੇ ਟਿਕਾ ਦਿੱਤੀ। ਪੂਰੇ ਤਾਣ ਨਾਲ ਹਾਲੇ ਮੈਂ ਫੂਕ ਮਾਰਨ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਮੈਥੋਂ ਪਹਿਲੋਂ ਖੋਤੇ ਨੇ ਜ਼ੋਰ ਦਾ ਸੁੜ੍ਹਕਾ ਮਾਰ ਦਿੱਤਾ। ਸਾਰੀ ਦਵਾਈ ਮੇਰੀਆਂ ਨ੍ਹਾਸਾਂ, ਮੂੰਹ ਤੇ ਅੱਖਾਂ 'ਚ ਜਾ ਪਈ, 'ਕੀ ਦੱਸਾਂ ਮੈਂ ਵਾਂਗ ਹਨੇਰੀ ਦਵਾਈ ਉਧਰੋਂ ਆਈ!'...ਜਨਾਬ, ਮੈਨੂੰ ਤਾਂ ਉਦੋਂ ਦਾ ਈ ਹੁੱਥੂ ਛਿੜਿਆ ਹੋਇਐ ਤੇ ਅੱਖਾਂ ਤੋਂ ਵੀ ਝੌਲਾ-ਝੌਲਾ ਦਿਸਦੈ!!"

ਸਾਰਾ ਕੁਝ ਜਾਣਦਿਆਂ-ਬੁੱਝਦਿਆਂ ਵੀ ਜਿਹੜੇ ਸੱਜਣ 'ਪਹਿਲ ਕੌਣ ਕਰੇ?' ਬਾਰੇ ਸੋਚੀਂ ਪਏ, ਭੇਡਾਂ ਦੇ ਵੱਗ ਦੇ ਸਾਥੀ ਬਣਦੇ ਰਹਿਣ, ਨਵੇਂ ਰਾਹ ਤਲਾਸ਼ਣ ਦੀ ਬਜਾਏ ਅੱਖਾਂ ਮੁੰਦ ਕੇ ਲੀਹਾਂ ਵਿਚ ਹੀ ਤਰਦੇ ਰਹਿਣ, ਉਹ ਉਕਤ ਕਹਾਣੀ ਵਾਲੇ ਬੁੱਧੂ ਦੇ ਭਰਾ ਹੀ ਕਹੇ ਜਾ ਸਕਦੇ ਹਨ। ਆਲੇ-ਦੁਆਲੇ ਝਾਕਦਿਆਂ 'ਪਹਿਲ ਕੌਣ ਕਰੇ?' ਪੁੱਛਣ ਨਾਲੋਂ ਖੁਦ ਹੀ ਪਹਿਲ ਕਰਨੀ ਚਾਹੀਦੀ ਹੈ।

## ਆਓ ਪ੍ਰਣ ਕਰੀਏ

ਸਾਲ 2013 'ਚ ਆਓ ਪ੍ਰਣ ਕਰੀਏ
ਚਮਚਾਗਿਰੀ ਨਹੀਂ ਕਰਨਾ।
ਭਾਵੇਂ ਹੋਵੇ ਨਾਢੂ ਖਾਂ,
ਜ਼ਮੀਰ ਨਹੀਂ ਗਿਰਵੀ ਧਰਨਾ।

ਨਵੇਂ ਸਾਲ 'ਚ ਆਓ ਪ੍ਰਣ ਕਰੀਏ,
ਸਾਧਾਂ ਧੱਕੇ ਨਹੀਂ ਚੜ੍ਹਨਾ।
ਡੇਰਿਆਂ ਵਿਚ ਜੋ ਸਿੱਖ ਵੜਿਆ,
ਗੁਰੂ ਘਰ ਪ੍ਰਵਾਨ ਨਹੀਂ ਚੜ੍ਹਨਾ।
ਗੁਰੂ ਘਰ 'ਚ ਨਹੀਂ ਲੜਨਾ,
ਸਿੰਘ ਨੇ ਸਿੰਘ ਦੀ ਸ਼ਾਨ ਵਧਾਉਣੀ,
ਸਿੱਖੀ ਦੇ ਸਿੱਖ ਹੈ ਬਣਨਾ।

ਨਵੇਂ ਸਾਲ 'ਚ ਆਓ ਪ੍ਰਣ ਕਰੀਏ,
ਅੱਛਾ ਸਾਹਿਤ ਹੈ ਪੜ੍ਹਨਾ।
ਸਿੱਖਣੀ ਪੰਜਾਬੀ, ਬੱਚਿਆਂ ਨੂੰ ਪੜ੍ਹਾਉਣੀ,
ਕੁਨਬਾ ਤਾਂਹੀਂ ਤਰਨਾ।
ਪੰਜਾਬੀ ਗੀਤ ਅੱਛੇ ਸੁਣਨੇ,
ਲਿਖਦੇ, ਗਾਉਂਦੇ ਗੀਤ ਜੋ ਲੱਚਰ,
ਨਾ ਘਰੀਂ ਵਾੜਨੇ ਨਾ ਵੜਨਾ।

ਨਵੇਂ ਸਾਲ 'ਚ ਆਓ ਪ੍ਰਣ ਕਰੀਏ,
ਸੱਚ ਦਾ ਸਾਥ ਹੈ ਦੇਣਾ।
ਬਹੁਤ ਅਸਾਨ ਹੈ ਰਾਹ ਤੋਂ ਭਟਕਣਾ,
ਝੂਠੇ ਕੋਲ ਨਹੀਂਓਂ ਖੜਨਾ।
ਸਭ ਲੇਖਕ ਮੇਰੇ ਸਾਥੀ,
ਕਲਮ ਨੇ ਸੱਚ ਦਾ ਸਾਥ ਸਦਾ ਦਿੱਤਾ।
ਜ਼ੁਲਮ ਵਿਰੁਧ ਅਸੀਂ ਲੜਨਾ।
ਅਖਬਾਰ ਓਹੀ ਪੜ੍ਹਨਾ,
ਜਨਤਾ ਦਾ ਜਿਸ ਦੁੱਖ ਸੁੱਖ ਲਿਖਣਾ,
ਝੂਠ ਨੂੰ ਨੰਗਾ ਕਰਨਾ।

*-ਸੁਖਵਿੰਦਰ ਬੋਦਲਾਂਵਾਲਾ।*

# ਲੋਕ ਕਵੀ ਬਿਸਮਿਲ ਫਰੀਦਕੋਟੀ

ਸਵਰਗੀ ਲੋਕ ਕਵੀ ਬਿਸਮਿਲ ਫਰੀਦਕੋਟੀ ਦਾ ਜਨਮ 1926 ਨੂੰ ਪਿੰਡ ਢੋਲਣ, ਸਤਾਈ ਚੱਕ, ਤਹਿਸੀਲ ਚੂਹਨੀਆਂ (ਜ਼ਿਲਾ ਲਾਹੌਰ) ਵਿਖੇ ਪੰਡਿਤ ਪਾਲੀ ਰਾਮ ਦੇ ਘਰ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਪਰਿਵਾਰ ਫਰੀਦਕੋਟ ਆ ਗਿਆ। ਇਥੇ ਹੀ ਨੰਦ ਲਾਲ ਨੂਰਪੁਰੀ ਵੀ ਆਣ ਵੱਸੇ ਸਨ। ਨੂਰਪੁਰੀ ਦੇ ਸੰਪਰਕ ਵਿਚ ਆਉਣ 'ਤੇ ਬਿਸਮਿਲ ਨੂੰ ਕਵਿਤਾ ਦੀ ਜਾਚ ਲੱਗੀ। ਉਸ ਦੇ ਪੁਖਤਾ ਕਲਾਮ ਨੂੰ ਮਕਬੂਲੀਅਤ ਹਾਸਲ ਹੋਈ। ਖਾਸ ਕਰ ਉਸ ਦੀਆਂ ਰੁਬਾਈਆਂ ਤਾਂ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਈਆਂ। ਜੀਵਨ ਸੰਘਰਸ਼ ਦੇ ਫਲਸਰੂਪ ਬਿਸਮਿਲ ਟੀ ਬੀ ਦਾ ਸ਼ਿਕਾਰ ਹੋ ਕੇ 14 ਦਸੰਬਰ 1974 ਨੂੰ ਪ੍ਰਲੋਕ ਸਿਧਾਰ ਗਿਆ। ਸਾਹਿਤ ਸਭਾ ਫਰੀਦਕੋਟ ਨੇ ਬਿਸਮਿਲ ਦੇ ਚੋਣਵੇਂ ਕਲਾਮ ਨੂੰ 'ਖੌਲਦੇ ਸਾਗਰ' ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਜਿਸ ਦੀ ਖੂਬ ਚਰਚਾ ਹੋਈ। ਸਾਹਿਤ ਸਭਾ ਫਰੀਦਕੋਟ ਵਲੋਂ ਬਿਸਮਿਲ ਫਰੀਦਕੋਟੀ ਐਵਾਰਡ ਦੀ ਸਥਾਪਨਾ ਕੀਤੀ ਗਈ ਜੋ ਹਰ ਸਫਲ ਕਿਸੇ ਨਾਮਵਰ ਲੇਖਕ ਨੂੰ ਪ੍ਰਦਾਨ ਕੀਤਾ ਜਾਣ ਲੱਗਾ। ਇਹ ਸਿਲਸਿਲਾ ਹੁਣ ਵੀ ਜਾਰੀ ਹੈ।



*ਬਿਸਮਿਲ ਫਰੀਦਕੋਟੀ*

ਉਂਜ ਤਾਂ ਬਿਸਮਿਲ ਦੀ ਸਮੁੱਚੀ ਸ਼ਾਇਰੀ ਹੀ ਠੋਸ ਹੈ ਪਰ ਰੁਬਾਈ ਦੇ ਖੇਤਰ ਵਿਚ ਉਸ ਦਾ ਕੋਈ ਸਾਨੀ ਨਹੀਂ। ਕਾਟਵਾਂ ਵਿਅੰਗ ਅਤੇ ਅਛੂਤੀਆਂ ਤਸ਼ਬੀਹਾਂ ਇਨ੍ਹਾਂ ਰੁਬਾਈਆਂ ਦੀ ਖਾਸ ਖੂਬੀ ਹੈ। ਆਪਣੇ ਸਵਰਗੀ ਮਿੱਤਰ ਕਵੀ ਦੀਆਂ ਕੁਝ ਪ੍ਰਸਿੱਧ ਰੁਬਾਈਆਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀਆਂ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

*-ਨਵਰਾਹੀ ਘੁਗਿਆਣਵੀ, ਮਰਫੀ (ਟੈਕਸਸ)।*

## ਰੁਬਾਈਆਂ

(1)

ਅੰਨੇ ਦਿਆਂ ਨੈਣਾਂ 'ਚ ਖੁਮਾਰ ਆਇਆ ਏ!
ਗੰਜੂ ਨੂੰ ਵੀ ਕੰਘੀ 'ਤੇ ਪਿਆਰ ਆਇਆ ਏ!
ਵੇਚੇ ਸੀ ਜਿਨ੍ਹਾਂ ਆਪਣੇ ਸ਼ਹੀਦਾਂ ਦੇ ਕਫਨ,
ਉਨ੍ਹਾਂ ਦਾ ਵਜ਼ੀਰਾਂ 'ਚ ਸ਼ੁਮਾਰ ਆਇਆ ਏ!

(2)

ਹੱਕ ਸੱਚ ਦੀ ਪ੍ਰਭਾਤ ਬਣੇ ਫਿਰਦੇ ਨੇ।
ਪੀਰਾਂ ਦੀ ਕਰਾਮਾਤ ਬਣੇ ਫਿਰਦੇ ਨੇ।
ਸਰਮਾਏ ਦੇ ਜਾਦੂ ਦਾ ਤਮਾਸ਼ਾ ਵੇਖੋ,
ਜੱਲਾਦ ਵੀ ਸੁਕਰਾਤ ਬਣੇ ਫਿਰਦੇ ਨੇ।

(3)

ਰਹਿ ਜਾਂਦਾ ਏ ਚੱਕੀ ਦਾ ਪ੍ਰੋਲਾ ਬਣਕੇ।
ਠੱਗਦਾ ਏ ਜੋ ਦੁਨੀਆਂ ਨੂੰ ਵਿਚੋਲਾ ਬਣਕੇ।
ਦੁੱਧ ਮਾਂ ਦਾ ਸਫਲ ਕਰਦਾ ਏ ਉਹੋ 'ਬਿਸਮਿਲ',
ਛਾ ਜਾਏ ਜੱਗ 'ਤੇ ਜੋ ਵਰੋਲਾ ਬਣਕੇ।

(4)

ਪਿੱਤਲ ਤੋਂ ਮੁਲੰਮੇ ਦੀ ਸਫਾਈ ਬਦਲੋ।
ਝੂਠੇ ਨੂੰ ਜੋ ਸ਼ਹਿ ਦੇ, ਉਹ ਸੱਚਾਈ ਬਦਲੋ।
'ਬਿਸਮਿਲ' ਜੇ ਮਨੁਖਤਾ ਦੀਆਂ ਕਾਗਾਂ ਅੱਗੇ,
ਅੜਦੀ ਏ ਖੁਦਾਈ ਤਾਂ ਖੁਦਾਈ ਬਦਲੋ।

(5)

ਹੈ ਦੌਰ ਨਵਾਂ, ਹੀਰ ਪੁਰਾਣੀ ਨਾ ਸੁਣੋ।
ਦੁੱਖ ਚਾਕ ਦਾ, ਸੈਦੇ ਦੀ ਜ਼ੁਬਾਨੀ ਨਾ ਸੁਣੋ।
ਛੇੜੀ ਏ ਜ਼ਮਾਨੇ ਨੇ ਆਵਾਮ ਦੀ ਕਥਾ,
ਰਾਜੇ ਜਾਂ ਨਵਾਬਾਂ ਦੀ ਕਹਾਣੀ ਨਾ ਸੁਣੋ।

*-ਬਿਸਮਿਲ ਫਰੀਦਕੋਟੀ*

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

Radio CK, PO Box 296, Fremont, CA 94537

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਦਸ਼ਮੇਸ਼ ਪਿਤਾ ਸਰਬੰਸਦਾਨੀ ਕਲਗੀਧਰ ਪਾਤਸ਼ਾਹ ਚਿੱਟਿਆਂ ਬਾਜਾਂ ਵਾਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ

ਕੋਟਾਨਿ ਕੋਟਿ ਵਧਾਈ





*Gurmit Singh Gill, Paramjit Singh Gill, Dalvir Singh Gill*

ਦਲਬੀਰ ਸਿੰਘ ਗਿੱਲ ਫੋਨ:530-713-4256
ਪਰਮਜੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਗਿੱਲ
ਗਿੱਲ ਬ੍ਰਦਰਜ਼ ਫਾਰਮਸ, ਯੂਬਾ ਸਿਟੀ (ਕੈਲੀਫੋਰਨੀਆ)

# ਅਟਾਰਨੀ ਅਨੂ ਪੇਸ਼ਾਵਰੀਆ-ਸਮਾਜਕ ਜ਼ਿੰਮੇਵਾਰੀ ਦੇ ਨਾਲ ਵਕਾਲਤ

ਅਮਰੀਕਾ ਵਿਚ ਭਾਰਤੀ ਮੂਲ ਦੇ ਬਥੇਰੇ ਵਕੀਲ ਹਨ ਜਿਨ੍ਹਾਂ ਵਿਚੋਂ ਕਈਆਂ ਬਾਰੇ ਤਾਂ ਆਪਣੇ ਵਕਾਲਤ ਦੇ ਪੇਸ਼ੇ ਨੂੰ ਹਰ ਹਰਬਾ ਵਰਤ ਕੇ ਸਿਰਫ ਪੈਸਾ ਕਮਾਉਣ ਦਾ ਜ਼ਰੀਆ ਬਣਾ ਲੈਣ ਦੀਆਂ ਗੱਲਾਂ ਲੋਕਾਂ ਦੀ ਜ਼ੁਬਾਨ 'ਤੇ ਆਉਂਦੀਆਂ ਰਹਿੰਦੀਆਂ ਹਨ। ਅਟਾਰਨੀ ਅਨੂ ਪੇਸ਼ਾਵਰੀਆ ਦਾ ਅਕਸ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਆਪਣੇ ਵਿਹਾਰ ਕਰਕੇ ਕਾਫੀ ਅਲੱਗ ਹੈ। ਪੰਜਾਬੀ ਮੂਲ ਦੀ ਵਕੀਲ ਅਨੂ ਨੇ ਵਕਾਲਤ ਦੇ ਪੇਸ਼ੇ ਨੂੰ ਆਪਣੀ ਰੋਜ਼ੀ ਰੋਟੀ ਦਾ ਵਸੀਲਾ ਤਾਂ ਬਣਾਇਆ ਹੀ ਹੈ ਪਰ ਉਸ ਨੇ ਲੋੜਵੰਦਾਂ ਦੀ ਮਜਬੂਰੀ ਦਾ ਨਾਜਾਇਜ਼ ਲਾਭ ਉਠਾਉਣ ਤੋਂ ਹਮੇਸ਼ਾ ਗੁਰੇਜ ਕੀਤਾ ਹੈ ਅਤੇ ਲੋੜਵੰਦਾਂ ਦੀ ਜੇ ਹੋ ਸਕੇ ਤਾਂ ਬਿਨਾ ਫੀਸ ਲਿਆਂ ਜਾਂ ਘੱਟ ਤੋਂ ਘੱਟ ਫੀਸ ਲੈ ਕੇ ਵੀ ਮਦਦ ਕੀਤੀ ਹੈ।

ਅਨੂ ਨੂੰ ਅਮਰੀਕੀ ਅਤੇ ਭਾਰਤੀ ਕਾਨੂੰਨ ਖੇਤਰ ਵਿਚ ਕੰਮ ਕਰਨ ਦਾ 25 ਸਾਲਾਂ ਦਾ ਤਜਰਬਾ ਅਤੇ ਭਾਰਤੀ-ਅਮਰੀਕੀ ਕਾਨੂੰਨੀ ਨੁਕਤਿਆਂ ਬਾਰੇ ਵਿਸ਼ੇਸ਼ ਮੁਹਾਰਤ ਹਾਸਲ ਹੈ। ਕੈਲੀਫੋਰਨੀਆ ਵਿਚ ਵਕਾਲਤ ਕਰਨ ਤੋਂ ਇਲਾਵਾ ਹਾਲ ਹੀ ਵਿਚ ਉਨ੍ਹਾਂ ਸਿਆਟਲ (ਵਾਸ਼ਿੰਗਟਨ) ਵਿਚ ਵੀ ਆਪਣਾ ਦਫਤਰ ਖੋਲ੍ਹਿਆ ਹੈ। ਇਸ ਤੋਂ ਇਲਾਵਾ ਉਹ ਭਾਰਤ ਦੀ ਸੁਪਰੀਮ ਕੋਰਟ ਵਿਚ ਵੀ ਵਕਾਲਤ ਕਰਦੇ ਹਨ। ਜ਼ਿਕਰਯੋਗ ਹੈ ਕਿ ਅਨੂ ਪੇਸ਼ਾਵਰੀਆ ਵਾਸ਼ਿੰਗਟਨ ਵਿਚ ਭਾਰਤੀ ਦੂਤਘਰ ਵਿਚ ਫਰਸਟ ਲੀਗਲ ਐਡਵਾਈਜ਼ਰ ਤੋਂ ਇਲਾਵਾ ਨਿਊ ਯਾਰਕ, ਸ਼ਿਕਾਗੋ, ਹਿਊਸਟਨ ਅਤੇ ਸੈਨ ਫਰਾਂਸਿਸਕੋ ਦੇ ਭਾਰਤੀ ਕੌਂਸਲਖਾਨਿਆਂ ਵਿਚ ਵੀ ਲੀਗਲ ਐਡਵਾਈਜ਼ਰ ਰਹਿ ਚੁੱਕੇ ਹਨ।

ਅਨੂ ਪੇਸ਼ਾਵਰੀਆ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਵਜੋਂ ਵੀ ਸਰਗਰਮ ਹਨ ਅਤੇ ਕਈ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਲਈ ਉਨ੍ਹਾਂ ਬਤੌਰ ਸਲਾਹਕਾਰ ਸੇਵਾ ਕੀਤੀ ਹੈ। ਇਨ੍ਹਾਂ ਵਿਚ ਭਾਰਤ ਵਿਚ ਅੰਨਾ ਹਜ਼ਾਰੇ ਮੁਹਿੰਮ ਅਤੇ ਅਮਰੀਕਾ ਵਿਚ ਨਾਨ-ਰੈਜ਼ੀਡੈਂਟ ਇੰਡੀਅਨਜ਼ ਅਗੇਂਸਟ ਕੁਰੱਪਸ਼ਨ (ਐਨ.ਆਰ.ਆਈ.ਏ.ਸੀ.) ਸ਼ਾਮਲ ਹਨ। ਕਾਨੂੰਨੀ ਹੱਕਾਂ, ਆਵਾਸ ਅਤੇ ਸਿੱਖਿਆ ਦੇ ਖੇਤਰ ਵਿਚ ਕੰਮ ਰਹੀ ਸੰਸਥਾ 'ਇੰਡੀਆ ਵਿਜ਼ਨ ਫਾਊਂਡੇਸ਼ਨ' ਦੇ ਉਹ ਬਾਨੀ ਹਨ। ਅਮਰੀਕਾ ਵਿਚਲੇ ਆਵਾਸੀਆਂ ਦੇ ਹੱਕਾਂ ਬਾਰੇ ਉਨ੍ਹਾਂ ਕਈ ਕਿਤਾਬਾਂ ਲਿਖੀਆਂ ਹਨ। ਇਨ੍ਹਾਂ ਵਿਚ ਅਮਰੀਕਾ ਵਿਚ ਭਾਰਤੀਆਂ ਦੇ ਵਿਆਹਾਂ ਨਾਲ ਸਬੰਧਤ ਮੁਸ਼ਕਲਾਂ ਬਾਰੇ ਪੁਸਤਕ 'ਲਾਈਵਜ਼ ਔਨ ਦਿ ਬ੍ਰਿੰਕ' ਵੀ ਸ਼ਾਮਲ ਹੈ।

ਆਵਾਸੀਆਂ ਦੇ ਕਾਨੂੰਨੀ ਅਤੇ ਮਨੁੱਖੀ ਹੱਕਾਂ ਲਈ ਕੀਤੇ ਕੰਮਾਂ ਬਦਲੇ ਉਨ੍ਹਾਂ ਨੂੰ ਕਈ ਵੱਕਾਰੀ ਪੁਰਸਕਾਰ ਵੀ ਮਿਲੇ ਹਨ। ਹਾਲ ਹੀ ਵਿਚ ਆਵਾਸੀਆਂ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕਰਨ ਲਈ ਕੀਤੇ ਗਏ ਉਪਰਾਲਿਆਂ ਬਦਲੇ ਕੈਲੀਫੋਰਨੀਆ ਸਟੇਟ ਵੱਲੋਂ ਕੰਜ਼ਿਊਮਰ ਮਾਮਲਿਆਂ ਬਾਰੇ ਮੰਤਰੀ ਅਨਾ ਐਮ. ਕਬੈਲਰੋ ਵਲੋਂ 'ਐਵਾਰਡ ਆਫ ਐਕਸੇਲੈਂਸ' ਦਿੱਤਾ ਗਿਆ। ਹਿੰਦ ਰਤਨ ਐਵਾਰਡ ਤੇ ਪਰਵਾਸੀ ਸੰਮਾਨ ਐਵਾਰਡ ਤੋਂ ਇਲਾਵਾ ਉਨ੍ਹਾਂ ਨੂੰ ਫਰੀਮਾਂਟ (ਕੈਲੀਫੋਰਨੀਆ) ਦੇ ਮੇਅਰ ਵਲੋਂ ਕਮਿਊਨਿਟੀ ਲੀਡਰਸ਼ਿਪ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਜਾ ਚੁਕਾ ਹੈ। ਲੌਂਗ ਆਈਲੈਂਡ (ਨਿਊ ਯਾਰਕ) ਦੇ ਭਾਰਤੀ ਮੂਲ ਦੇ ਅਮਰੀਕੀ ਮੁਸਲਿਮ ਭਾਈਚਾਰੇ ਨੇ ਉਨ੍ਹਾਂ ਨੂੰ ਏ.ਐਫ.ਐਮ.ਆਈ. ਐਵਾਰਡ ਨਾਲ ਨਿਵਾਜਿਆ। ਅਮਰੀਕਾ ਦੇ ਇੰਮੀਗ੍ਰੇਸ਼ਨ ਐਂਡ ਨੈਚੁਰਲਾਈਜ਼ੇਸ਼ਨ ਸਰਵਿਸ ਵਿਭਾਗ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਪ੍ਰਤਿਭਾ ਸਨਮਾਨ ਦਿੱਤਾ ਗਿਆ।



ਲੋੜਵੰਦਾਂ ਨੂੰ ਮੁਫਤ ਕਾਨੂੰਨੀ ਸੇਵਾ ਬਾਰੇ ਇਕ ਸਮਾਗਮ ਦਾ ਉਦਘਾਟਨ ਕਰਦੇ ਹੋਏ ਅਨੂ ਪੇਸ਼ਾਵਰੀਆ

ਅਨੂ ਪੇਸ਼ਾਵਰੀਆ ਨੇ ਵਿੱਤੀ ਵਸੀਲਿਆਂ ਤੋਂ ਵਾਂਝੇ ਆਵਾਸੀਆਂ ਨੂੰ ਮੁਫਤ ਕਾਨੂੰਨੀ ਮੱਦਦ ਮੁਹੱਈਆ ਕਰਨ ਵਿਚ ਕਦੇ ਹਿਚਕਿਚਾਹਟ ਨਹੀਂ ਦਿਖਾਈ। ਬਚਪਨ ਤੋਂ ਹੀ ਉਹ ਕੁੜੀਆਂ ਅਤੇ ਔਰਤਾਂ ਦੇ ਹੱਕਾਂ ਲਈ ਲਗਾਤਾਰ ਸਰਗਰਮ ਰਹੇ ਹਨ ਅਤੇ ਉਨ੍ਹਾਂ ਨੂੰ ਸਵੈ-ਜਾਗਰੂਕਤਾ, ਸਵੈ-ਭਰੋਸੇ ਅਤੇ ਆਜ਼ਾਦਾਨਾ ਪਹੁੰਚ ਅਪਨਾਉਣ ਲਈ ਪ੍ਰੇਰਦੇ ਰਹੇ ਹਨ। ਉਹ ਹੁਣ ਤੱਕ ਔਰਤਾਂ ਦੇ ਹੱਕਾਂ, ਘਰਾਂ ਵਿਚ ਔਰਤਾਂ ਤੇ ਬੱਚਿਆਂ ਦੇ ਸ਼ੋਸ਼ਣ ਅਤੇ ਵਿਆਹ ਨਾਲ ਸਬੰਧਤ ਸੈਂਕੜੇ ਕੇਸਾਂ ਦਾ ਨਿਬੇੜਾ ਕਰਵਾ ਚੁੱਕੇ ਹਨ। ਇਨ੍ਹਾਂ ਵਿਚ ਦਹੇਜ ਕਾਰਨ ਹੋਈ ਮੌਤ, ਤਲਾਕ ਅਤੇ ਵਿਆਹ ਤੋਂ ਬਾਹਰੇ ਸਬੰਧਾਂ ਦੇ ਕੇਸ ਸ਼ਾਮਲ ਹਨ। ਔਰਤਾਂ ਅਤੇ ਬੱਚਿਆਂ ਦੇ ਕੇਸਾਂ ਵੱਲ ਉਹ ਉਚੇਚਾ ਧਿਆਨ ਦਿੰਦੇ ਹਨ। ਹੋਰ ਪੇਸ਼ੇਵਰ ਲੋਕਾਂ ਲਈ ਉਹ ਰੋਲ ਮਾਡਲ ਬਣੇ ਹੋਏ ਹਨ। ਔਰਤਾਂ ਲਈ ਤਾਂ ਉਹ ਰੋਲ ਮਾਡਲ ਹਨ ਹੀ। ਅਨੂ ਨੇ ਔਰਤਾਂ ਨੂੰ ਆਪਣੇ ਹੱਕਾਂ ਲਈ ਜੱਦੋਜਹਿਦ ਕਰਨ ਅਤੇ ਆਪਣੇ ਸਨਮਾਨ ਲਈ ਖੜਨ ਵਾਸਤੇ ਮਜ਼ਬੂਤ ਕਰਨਾ, ਆਪਣੇ ਜੀਵਨ ਦਾ ਮਿਸ਼ਨ ਬਣਾਇਆ ਹੋਇਆ ਹੈ। ਉਹ ਆਖਦੀ ਹੈ, ਇਸ ਵਿਚ ਮੈਨੂੰ ਵੱਡੀ ਮਾਨਸਿਕ ਤਸੱਲੀ ਮਿਲਦੀ ਹੈ।

ਭਾਰਤੀ ਮੂਲ ਦੇ ਲੋੜਵੰਦ ਪਰਵਾਸੀਆਂ ਨੂੰ ਮੁਫਤ ਕਾਨੂੰਨੀ ਸਲਾਹ ਮਸ਼ਵਰਾ ਦੇਣ ਜਾਂ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਜਦ ਕਦੇ ਵੀ ਕਿਸੇ ਸੰਸਥਾ ਵਲੋਂ ਕੋਈ ਸਮਾਗਮ ਕੀਤਾ ਗਿਆ, ਅਨੂ ਪੇਸ਼ਾਵਰੀਆ ਨੇ ਪੈਰ ਪਿੱਛੇ ਨਹੀਂ ਖਿੱਚਿਆ।

ਇਹ ਵੀ ਦਿਲਚਸਪ ਗੱਲ ਹੈ ਕਿ ਅਨੂ ਪੇਸ਼ਾਵਰੀਆ ਇਕ ਨਾਮੀ ਟੈਨਿਸ ਖਿਡਾਰਨ ਰਹੀ ਹੈ ਅਤੇ ਭਾਰਤ ਦੀ ਨੁਮਾਇੰਦਗੀ ਵਿੰਬਲਡਨ ਮੁਕਾਬਲਿਆਂ ਵਿਚ ਕਰ ਚੁਕੀ ਹੈ।

ਅਨੂ ਪੇਸ਼ਾਵਰੀਆ ਹਾਲ ਹੀ ਵਿਚ ਸਿਆਟਲ (ਵਾਸ਼ਿੰਗਟਨ) ਸ਼ਿਫਟ ਹੋਏ ਹਨ। ਉਹ ਭਾਰਤ, ਕੈਲੀਫੋਰਨੀਆ, ਕੈਨੇਡਾ ਅਤੇ ਯੂ.ਕੇ. ਦੇ ਆਪਣੇ ਦਫਤਰਾਂ ਰਾਹੀਂ ਵਕਾਲਤ ਕਰਦੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 510-353-0102 ਜਾਂ 510-299-1907 ਰਾਹੀਂ ਹੋ ਸਕਦਾ ਹੈ।



ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਐਨ ਪਾਰਥਾਸਾਰਥੀ ਅਨੂ ਪੇਸ਼ਾਵਰੀਆ ਦੀ ਇਕ ਪੁਸਤਕ ਰਿਲੀਜ਼ ਕਰਦੇ ਹੋਏ


ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

Safe & Easy Weight Loss
Ph:317-886-4858

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜ਼ਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।



GPS Tracking For Trucks & Trailers

ਟਰੱਕਾਂ ਲਈ ਟਰੈਕਿੰਗ ਸਿਸਟਮ, ਆਪਣੇ ਟਰੱਕ ਘਰ ਬੈਠੇ ਕੰਪਿਊਟਰ ਰਾਹੀਂ ਟਰੈਕ ਕਰੋ,
5 ਸਾਲ ਦੀ ਸਿਰਫ ਇਕ ਫੀਸ, ਕੋਈ ਮਹੀਨੇ ਦਾ ਬਿਲ ਨਹੀਂ!

1 Price $389
(Price per unit)

5 Years
Unlimited Service

KARR TRACK & RECOVERY GOLD

NO Hidden Fees! NO Activation Fees!
NO Monthly Fees! NO Software Required!
NO Yearly Fees! NO Antenna Install!

Arundeep Singh
559-630-0791
4491 W Shaw #300A Fresno, CA 93722
*Fleet Price Per Unit





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦਸ਼ਮੇਸ਼ ਪਿਤਾ ਸਰਬੰਸਦਾਨੀ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ



ਖੱਬਿਓਂ: ਜਸ ਥਿਆੜਾ, ਹਰਮਨ ਥਿਆੜਾ, ਜੂਨੀਅਰ ਥਿਆੜਾ, ਸਰਬਜੀਤ (ਸਰਬ) ਥਿਆੜਾ ਅਤੇ ਸ. ਮਹਿੰਦਰ ਸਿੰਘ ਥਿਆੜਾ

ਵਲੋਂ

**ਮਹਿੰਦਰ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ (530) 682-5861**
**ਜਸਪ੍ਰੀਤ ਸਿੰਘ ਥਿਆੜਾ (530) 682-5863 ਅਤੇ ਸਮੂਹ ਪਰਿਵਾਰ**
**(ਯੂਬਾ ਸਿਟੀ, ਕੈਲੀਫੋਰਨੀਆ)**

# S & J Royal Inc.

## Golden Valley Fruit Packing

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਵਾਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਪੰਥ ਕੀ ਜੀਤ

# ਸਾਨ ਫਰਾਂਸਿਸਕੋ ਅਲ ਸਬਰਾਂਟੇ ਗੁਰਦੁਆਰਾ ਸਾਹਿਬ

# ਆਗਮਨ ਪੁਰਬ ਗੁਰੂ ਗੋਬਿੰਦ ਸਿੰਘ ਜੀ



ਸਾਹਿਬ-ਏ-ਕਮਾਲ, ਸਰਬੰਸਦਾਨੀ, ਸੰਤ ਸਿਪਾਹੀ, ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਪੁਰਬ ਦੀ ਸਮੁੱਚੇ ਸੰਸਾਰ ਤੇ ਗੁਰੂ ਨਾਨਕ ਨਾਮ ਲੇਵਾ ਸਮੂਹ ਸੰਗਤਾਂ ਨੂੰ

## ਲੱਖ-ਲੱਖ ਵਧਾਈ

ਪਰਮ ਸਤਿਕਾਰਯੋਗ ਸਾਧ ਸੰਗਤ ਜੀ
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਸਤਿਗੁਰੂ ਜੀ ਦੇ ਆਗਮਨ ਪੁਰਬ ਗੁਰੂ ਘਰ ਅਲ ਸਬਰਾਂਟੇ ਵਿਖੇ ਸਮੂਹ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ 18 ਤੋਂ 20 ਜਨਵਰੀ 2013 ਤੱਕ ਮਨਾਏ ਜਾ ਰਹੇ ਹਨ। ਆਓ ਸਾਰੇ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੀਏ ਜੀ।

## ਕੀਰਤਨ ਅਤੇ ਪ੍ਰੋਗਰਾਮਾਂ ਦਾ ਵੇਰਵਾ

### ਸ਼ੁੱਕਰਵਾਰ ਅਤੇ ਸਨਿਚਰਵਾਰ

ਅਖੰਡ ਪਾਠ ਅਤੇ ਲੰਗਰ ਦੀ ਸੇਵਾ ਤਿੰਨੇ ਦਿਨ ਭਾਈ ਜਸਵੀਰ ਸਿੰਘ ਥਾਂਦੀ ਅਤੇ ਸਮੂਹ ਥਾਂਦੀ ਪਰਿਵਾਰ ਵਲੋਂ

6 ਤੋਂ 9 ਵਜੇ ਤੱਕ ਵਿਸ਼ੇਸ਼ ਦੀਵਾਨ ਸਜਣਗੇ ਜਿਨ੍ਹਾਂ ਵਿਚ ਭਾਈ ਪਰਪਾਲ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਖਾਲਸਾ ਅਕੈਡਮੀ ਦੇ ਬੱਚੇ ਢਾਡੀ ਵਾਰਾਂ ਗਾਉਣਗੇ ਅਤੇ ਕੀਰਤਨ ਕਰਨਗੇ। ਦਮਦਮੀ ਟਕਸਾਲ ਦੇ ਵਿਦਿਆਰਥੀ ਭਾਈ ਸੁਖਵਿੰਦਰ ਸਿੰਘ ਗੁਰ ਸ਼ਬਦ ਦੀ ਕਥਾ ਕਰਨਗੇ।

### 20 ਜਨਵਰੀ 2013, ਦਿਨ ਐਤਵਾਰ

ਸਵੇਰੇ 10 ਵਜੇ ਤੋਂ 2 ਵਜੇ ਤੱਕ ਵਿਸ਼ੇਸ਼ ਦੀਵਾਨ ਸਜਣਗੇ।

10:30 ਤੋਂ 11:20 ਵਜੇ ਭਾਈ ਪਰਪਾਲ ਸਿੰਘ ਹਜ਼ੂਰੀ ਰਾਗੀ, 11:20 ਤੋਂ 12:00 ਭਾਈ ਆਤਮਜੋਤ ਸਿੰਘ ਜੀ, 12:00 ਤੋਂ 12:40 ਵਜੇ ਖਾਲਸਾ ਅਕੈਡਮੀ ਦੇ ਬੱਚੇ ਪੁਰਾਤਨ ਤੰਤੀ ਸਾਜ਼ਾਂ ਨਾਲ ਕੀਰਤਨ ਕਰਨਗੇ।

12:40 ਤੋਂ 1:30 ਵਜੇ ਭਾਈ ਸੁਖਵਿੰਦਰ ਸਿੰਘ ਜੀ ਟਕਸਾਲ ਵਾਲੇ ਗੁਰ ਸ਼ਬਦ ਦੀ ਕਥਾ ਕਰਨਗੇ।

ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਤਿੰਨੇ ਦਿਨ ਸਤਿਗੁਰੂ ਦੇ ਦਰਬਾਰ ਦੀਆਂ ਹਾਜ਼ਰੀ ਭਰ ਕੇ ਸਤਿਗੁਰ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਐਤਵਾਰ 20 ਜਨਵਰੀ ਸਵੇਰੇ 8:30 ਵਜੇ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਹੋਵੇਗੀ।

## ਸੰਗਤਾਂ ਦੇ ਦਾਸ: ਗੁਰਦੁਆਰਾ ਪ੍ਰਬੰਧਕ ਕਮੇਟੀ

***Gurdwara Sahib El Sobrante, CA Ph:(510) 223-9987***

# ਪੰਜਾਬੀ ਰੇਡੀਓ ਯੂਐਸਏ ਵਲੋਂ ਕਵੀ ਦਰਬਾਰ

**ਸੈਨ ਹੋਜ਼ੇ (ਬਿਊਰੋ):** ਹਰਜੋਤ ਸਿੰਘ ਖਾਲਸਾ ਵੱਲੋਂ ਚਲਾਏ ਜਾ ਰਹੇ ਪੰਜਾਬੀ ਰੇਡੀਓ ਯੂਐਸਏ ਵਲੋਂ ਲੋਹੜੀ ਦੇ ਦਿਹਾਰ ਨੂੰ ਸਮਰਪਿਤ ਇਕ ਸ਼ਾਨਦਾਰ ਕਵੀ ਦਰਬਾਰ ਕੀਤਾ ਗਿਆ। ਪ੍ਰੌੜ ਸ਼ਾਇਰ ਹਰਭਜਨ ਸਿੰਘ ਢਿੱਲੋਂ ਅਤੇ ਸੁਰਜੀਤ ਸਿੰਘ ਨਨੂਆ ਦੇ ਸੰਚਾਲਨ ਹੇਠ ਹਰ ਸਨਿੱਚਰਵਾਰ ਨੂੰ ਇਸ ਪ੍ਰੋਗਰਾਮ ਵਿਚ ਦੇਸ਼-ਵਿਦੇਸ਼ ਦੇ ਸ਼ਾਇਰ ਆਪਣਾ ਕਲਾਮ ਸ੍ਰੋਤਿਆਂ ਦੀ ਨਜ਼ਰ ਕਰਦੇ ਹਨ। ਜ਼ਿਕਰਯੋਗ ਹੈ ਕਿ ਆਪਣੀਆਂ ਵਿਲੱਖਣ ਪ੍ਰਾਪਤੀਆਂ ਸਦਕਾ ਪੰਜਾਬੀ ਰੇਡੀਓ ਯੂਐਸਏ ਪੂਰੇ ਵਿਸ਼ਵ ਵਿਚ ਸਾਹਿਤ, ਸਭਿਆਚਾਰ ਅਤੇ ਭਾਸ਼ਾ ਤੇ ਸੰਚਾਰ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾ ਚੁਕਾ ਹੈ।


*ਪੰਜਾਬੀ ਰੇਡੀਓ ਯੂਐਸਏ ਦੇ ਸਟੂਡੀਓ ਵਿਚ ਹੋਏ ਕਵੀ ਦਰਬਾਰ 'ਚ ਹਾਜ਼ਰ ਸ਼ਾਇਰ*

ਲੋਹੜੀ ਦੇ ਇਸ ਵਿਸ਼ੇਸ਼ ਕਵੀ ਦਰਬਾਰ ਦੇ ਪਹਿਲੇ ਹਿੱਸੇ ਵਿਚ 'ਧੰਨ ਲੇਖਾਰੀ ਨਾਨਕਾ' ਦੇ ਸ਼ਲੋਕ ਨਾਲ ਸੁਰਜੀਤ ਸਿੰਘ ਨਨੂਆ ਨੇ ਫੋਨ ਰਾਹੀਂ ਵੱਖ ਵੱਖ ਕਵੀਆਂ ਨਾਲ ਸੰਪਰਕ ਜੋੜਨ ਉਪਰੰਤ ਕਵੀ ਦਰਬਾਰ ਦਾ ਮਾਹੌਲ ਬੰਨਿਆ। ਭਾਰਤੀ ਪੰਜਾਬ ਤੋਂ ਡਾ. ਗੁਰਚਰਨ ਸਿੰਘ ਬੱਧਣ, ਨਿਊ ਯਾਰਕ ਤੋਂ ਪ੍ਰੋ. ਸ਼ੇਰ ਸਿੰਘ ਕੰਵਲ, ਬੀਬੀ ਸੁਰਜੀਤ ਕੌਰ, ਡਾ. ਗੁਰਦੇਵ ਸਿੰਘ ਘਣਗਸ, ਬੀਬੀ ਗੁਰਦੇਵ ਕੌਰ, ਮਾਸਟਰ ਨਿਰਮਲ ਸਿੰਘ ਲਾਲੀ, ਮਾਸਟਰ ਗੁਰਦਿਆਲ ਸਿੰਘ ਨੂਰਪੂਰੀ, ਪਸ਼ੌਰਾ ਸਿੰਘ ਢਿੱਲੋਂ ਅਤੇ ਮਾਸਟਰ ਗੁਰਮੋਹਣ ਸਿੰਘ ਇਸ ਕਵੀ ਦਰਬਾਰ ਵਿਚ ਸ਼ਾਮਲ ਰਹੇ। ਉਪਰੰਤ ਹਰਭਜਨ ਸਿੰਘ ਢਿੱਲੋਂ ਵਲੋਂ ਸੱਦੇ ਗਏ ਚੋਣਵੇਂ ਅਤੇ ਪੰਜਾਬੀ ਰੇਡੀਓ ਯੂਐਸਏ ਨਾਲ ਜੁੜੇ ਬੇ-ਏਰੀਆ ਦੇ ਸ਼ਾਇਰਾਂ ਦੀ ਹਾਜ਼ਰੀ ਵਿਚ ਮੁਸ਼ਾਇਰਾ ਹੋਇਆ। ਸਟੂਡੀਓ ਵਿਚ ਹਾਜਰ ਨੀਲਮ ਸੈਣੀ ਨੇ ਸਾਰੇ ਸ਼ਾਇਰਾਂ ਦੀ ਜਾਣ-ਪਛਾਣ ਕਰਾਉਂਦਿਆਂ ਉਨ੍ਹਾਂ ਨੂੰ ਆਪਣੀਆਂ ਰਚਨਾਵਾਂ ਪੇਸ਼ ਕਰਨ ਦਾ ਸੱਦਾ ਦਿੱਤਾ। ਇਸ ਮਹਿਫਲ ਵਿਚ ਲੋਹੜੀ ਨੂੰ ਸਮਰਪਿਤ ਸ਼ਾਇਰੀ, ਧੀਆਂ-ਭੈਣਾਂ ਦੀ ਹੋ ਰਹੀ ਬੇਹੁਰਮਤੀ, ਭਾਰਤੀ ਸੰਸਕ੍ਰਿਤੀ ਵਿਚ ਉਭਰ ਰਹੇ ਹਵਸੀ ਵਹਿਸ਼ੀਪਣ, ਨਸਲਵਾਦ ਅਤੇ ਨਿਜੀ ਦੁਖਾਂਤ ਨਾਲ ਸਬੰਧਤ ਸ਼ਾਇਰੀ ਪੇਸ਼ ਕੀਤੀ ਗਈ। ਚਰਨਜੀਤ ਸਿੰਘ ਪੰਨੂ, ਤਾਰਾ ਸਿੰਘ ਸਾਗਰ, ਕੁਲਵਿੰਦਰ, ਹਜ਼ੂਰਾ ਸਿੰਘ, ਸੁਰਿੰਦਰ ਸੀਰਤ, ਹਰਭਜਨ ਸਿੰਘ ਢਿੱਲੋਂ, ਮੇਜਰ ਭੁਪਿੰਦਰ ਦਲੇਰ ਅਤੇ ਨੀਲਮ ਸੈਣੀ ਨੇ ਆਪੋ ਆਪਣਾ ਕਲਾਮ ਪੇਸ਼ ਕੀਤਾ।

ਮੇਜ਼ਬਾਨ ਹਰਜੋਤ ਸਿੰਘ ਖਾਲਸਾ ਵਲੋਂ ਲੋਹੜੀ ਦੇ ਦਿਹਾੜੇ ਦੇ ਸਵਾਦੀ ਰਵਾਇਤੀ ਪਦਾਰਥਾਂ ਨਾਲ ਮਹਿਮਾਨਾਂ ਦਾ ਮਾਣ ਸਨਮਾਨ ਕੀਤਾ ਗਿਆ। ਸੁਰਿੰਦਰ ਸੀਰਤ ਦੇ ਸ਼ੇਅਰ "ਨਗਰ 'ਚ ਤੇਰੇ ਵੀ ਹਵਸੀ, ਬਲਾਤਕਾਰੀ ਹਨ ਜ਼ਰਾ ਖ਼ਿਆਲ ਕਰ, ਸਿਰ ਤੇਰੇ 'ਸੀਰਤੇ' ਪੱਗ ਹੈ" ਨਾਲ ਅਗਲੇ ਮਹੀਨੇ ਫਿਰ ਮਿਲਣ ਦੇ ਵਾਅਦੇ ਨਾਲ ਸੈਸ਼ਨ ਮੁਕੰਮਲ ਹੋਇਆ।

# ਸਾਬਕਾ ਰਾਸ਼ਟਰਪਤੀ ਨੇ ਵਿਦੇਸ਼ ਦੌਰੇ 'ਤੇ 18 ਕਰੋੜ ਰੋੜ੍ਹੇ


**ਨਵੀਂ ਦਿੱਲੀ:** ਵਿਦੇਸ਼ੀ ਦੌਰਿਆਂ 'ਤੇ ਖਰਚ ਨੂੰ ਲੈ ਕੇ ਪੈਦਾ ਹੋਏ ਵੱਡੇ ਵਿਵਾਦ ਦੀ ਪ੍ਰਵਾਹ ਕੀਤੇ ਬਿਨਾ ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਅਹੁਦਾ ਛੱਡਣ ਤੋਂ ਕੁਝ ਸਮਾਂ ਪਹਿਲਾਂ ਆਪਣੀ ਵਿਦੇਸ਼ ਯਾਤਰਾ 'ਤੇ 18.08 ਕਰੋੜ ਰੁਪਏ ਖਰਚ ਕੀਤੇ। ਇਹ ਇੰਕਸ਼ਾਫ ਸੂਚਨਾ ਦੇ ਅਧਿਕਾਰ ਤਹਿਤ ਹੋਇਆ ਹੈ।



ਪਿਛਲੇ ਸਾਲ 29 ਅਪਰੈਲ ਤੋਂ 8 ਮਈ ਤੱਕ ਸਾਬਕਾ ਰਾਸ਼ਟਰਪਤੀ ਵੱਲੋਂ ਦੋ ਦੇਸ਼ਾਂ ਦੱਖਣੀ ਅਫਰੀਕਾ ਤੇ ਸੀਸ਼ੈਲਜ ਦਾ ਦੌਰਾ ਕੀਤਾ ਗਿਆ ਜਿਸ ਵਾਸਤੇ ਏਅਰ ਇੰਡੀਆ ਬੋਇੰਗ ਜੰਬੋ ਦੀਆਂ ਸੇਵਾਵਾਂ ਲਈਆਂ ਗਈਆਂ ਜਿਸ 'ਤੇ 16.38 ਕਰੋੜ ਰੁਪਏ ਖਰਚ ਹੋਏ। ਇਸ ਤੋਂ ਇਲਾਵਾ ਦੱਖਣੀ ਅਫਰੀਕਾ ਦੀ ਰਾਜਧਾਨੀ ਪ੍ਰੀਟੋਰੀਆ 'ਚ ਉਨ੍ਹ ਨੇ 1.46 ਕਰੋੜ ਰੁਪਏ ਖਰਚ ਕੀਤੇ।

ਇਸ ਖਰਚ ਵਿਚ ਹੋਟਲ ਵਿਚ ਠਹਿਰਨ, ਆਵਾਜਾਈ ਤੇ ਫੁਟਕਲ ਖਰਚੇ ਸ਼ਾਮਿਲ ਹਨ। ਡਰਬਨ ਵਿਚ ਸਾਬਕਾ ਰਾਸ਼ਟਰਪਤੀ ਨੇ 23.55 ਲੱਖ ਰੁਪਏ ਖਰਚੇ ਜਿਸ ਵਿਚ ਹੋਟਲ ਵਿਚ ਠਹਿਰਨ ਦਾ ਖਰਚ ਤੇ ਇਧਰ ਉਧਰ ਜਾਣ ਦਾ ਖਰਚ ਸ਼ਾਮਲ ਹੈ। ਇਥੇ ਜ਼ਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਵੱਲੋਂ ਆਪਣੇ ਪੰਜ ਸਾਲ ਦੇ ਕਾਰਜਕਾਲ ਜੋ 25 ਜੁਲਾਈ 2012 ਨੂੰ ਸਮਾਪਤ ਹੋਇਆ, ਦੌਰਾਨ 22 ਦੇਸ਼ਾਂ ਦੇ 12 ਵਿਦੇਸ਼ੀ ਦੌਰਿਆਂ ਉਪਰ ਸਰਕਾਰੀ ਖਜ਼ਾਨੇ ਵਿਚੋਂ 205 ਕਰੋੜ ਰੁਪਏ ਖਰਚ ਕੀਤੇ ਜਾਣ ਦਾ ਪਤਾ ਲੱਗਣ 'ਤੇ ਭਾਰੀ ਵਿਵਾਦ ਖੜ੍ਹਾ ਹੋ ਗਿਆ ਸੀ। ਖਰਚ ਦੇ ਇਹ ਅੰਕੜੇ ਸਾਬਕਾ ਰਾਸ਼ਟਰਪਤੀ ਦੇ ਦੱਖਣੀ ਅਫਰੀਕਾ ਤੇ ਸ਼ੈਚਲਜ ਦੇ ਦੌਰੇ ਤੋਂ ਪਹਿਲਾਂ ਜਾਰੀ ਕੀਤੇ ਗਏ ਸਨ।

## ਹੈਡ ਮਾਸਟਰ ਗਿਆਨ ਸਿੰਘ ਨੂੰ ਚੇਤੇ ਕਰਦਿਆਂ



ਹੈਡ ਮਾਸਟਰ ਗਿਆਨ ਸਿੰਘ ਨੂੰ ਇਸ ਦੁਨੀਆਂ ਤੋਂ ਗਏ ਨੂੰ 13ਵਾਂ ਸਾਲ ਸ਼ੁਰੂ ਹੋ ਗਿਆ ਹੈ। ਪੈਰ-ਪੈਰ 'ਤੇ ਉਸ ਦੀਆਂ ਯਾਦਾਂ ਦੀ ਲੜੀ ਨਾਲ ਦੀ ਨਾਲ ਚੱਲੀ ਜਾ ਰਹੀ ਹੈ। ਦੇਸ਼ਾਂ-ਵਿਦੇਸ਼ਾਂ 'ਚ ਬੈਠੇ ਉਸ ਦੇ ਯਾਰਾਂ-ਦੋਸਤਾਂ ਦਾ ਵਿਸ਼ਾਲ ਘੇਰਾ ਪੁਰਾਣੀਆਂ ਯਾਦਾਂ ਸਾਂਭੀ ਬੈਠਾ ਹੈ। ਸੱਚੇ-ਸੁੱਚੇ ਅਤੇ ਉਚੇ-ਵਿਚਾਰਾਂ ਵਾਲੇ ਇਨਸਾਨ ਨੂੰ ਭੁੱਲਣਾ ਮੁਸ਼ਕਲ ਹੈ। ਹੈਡ ਮਾਸਟਰ ਗਿਆਨ ਸਿੰਘ ਗਰੀਬ-ਗੁਰਬੇ ਅਤੇ ਲੋੜਵੰਦ ਗਰੀਬ ਵਿਦਿਆਰਥੀਆਂ ਦੀ ਮਦਦ ਲਈ ਹਮੇਸ਼ਾਂ ਤਿਆਰ ਰਹਿੰਦਾ ਅਤੇ ਖੇਡਾਂ ਦਾ ਸ਼ੌਕ ਰੱਖਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਾ। ਛੋਟੇ ਵੀਰ ਇਕਬਾਲ ਸਿੰਘ ਨੂੰ ਬਚਪਨ ਵਿਚ ਉਂਗਲ ਫੜ ਤੁਰਨਾ ਸਿਖਾਇਆ ਅਤੇ ਚੰਗੀ ਜਿੰਦਗੀ ਦਾ ਰਾਹ ਵਿਖਾ 18 ਜਨਵਰੀ 2000 ਨੂੰ ਹਮੇਸ਼ਾਂ ਲਈ ਤੁਰ ਗਿਆ। 1992 ਦੀ ਇਹ ਫ਼ੋਟੋ ਸ਼੍ਰੀ ਅਨੰਦਪੁਰ ਸਾਹਿਬ ਦੀ ਹੈ ਜਿਥੇ ਸਾਰਾ ਪਰਿਵਾਰ ਮੱਥਾ ਟੇਕਣ ਗਿਆ। ਸੱਜਿਓਂ- ਪਿਤਾ ਸ਼੍ਰੀ ਧੰਨਪਤ ਰਾਏ, ਗਿਆਨ ਸਿੰਘ, ਭਤੀਜਾ ਹਰਪ੍ਰੀਤ ਸਿੰਘ, ਭਾਣਜਾ ਅੰਮ੍ਰਿਤਪਾਲ ਸਿੰਘ, ਵਿਚਾਲੇ ਮਾਤਾ ਠਾਕੁਰ ਕੌਰ ਤੇ ਐਨ ਖੱਬੇ ਇਕਬਾਲ ਜੱਬੋਵਾਲੀਆ।

## ਵਿਆਹ ਲਈ ਲੜਕੀ ਦੀ ਫੋਟੋ ਦੇਣ ਖ਼ਿਲਾਫ਼ ਫਤਵਾ

**ਮੁਜ਼ੱਫਰਨਗਰ:** ਇਸਲਾਮੀ ਯੂਨੀਵਰਸਿਟੀ ਦਾਰੂਲ ਉਲੂਮ ਦਿਓਬੰਦ ਨੇ ਫਤਵਾ ਜਾਰੀ ਕੀਤਾ ਹੈ ਕਿ ਵਿਆਹ ਵਾਸਤੇ ਲੜਕੇ ਦੇ ਪਰਿਵਾਰ ਨੂੰ ਲੜਕੀ ਦੀ ਫੋਟੋ ਮੁਹੱਈਆ ਕਰਵਾਉਣਾ ਇਸਲਾਮੀ ਕਾਨੂੰਨ ਦੇ ਵਿਰੁੱਧ ਹੈ। ਹਾਲਾਂਕਿ ਹੋਰ ਜ਼ਰੂਰੀ ਲੋੜਾਂ ਵਾਸਤੇ ਫੋਟੋ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਵਿਆਹ ਦੇ ਮਾਮਲੇ ਵਿਚ ਇਸ ਦੀ ਆਗਿਆ ਨਹੀਂ।

## ਬਲੋਚਿਸਤਾਨ ਵਿਚ ਰਾਸ਼ਟਰਪਤੀ ਰਾਜ ਲਾਗੂ

**ਇਸਲਾਮਾਬਾਦ:** ਕੋਇਟਾ ਵਿਚ 100 ਸ਼ੀਆ ਮੁਸਲਮਾਨਾਂ ਦੀ ਹੱਤਿਆ ਖ਼ਿਲਾਫ਼ ਪੈਦਾ ਹੋਏ ਰੋਹ ਕਾਰਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਾਜਾ ਪ੍ਰਵੇਜ਼ ਅਸ਼ਰਫ਼ ਨੇ ਬਲੋਚਿਸਤਾਨ ਦੀ ਸਰਕਾਰ ਨੂੰ ਭੰਗ ਕਰਕੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਹੈ।

ਸਰਕਾਰ ਨੇ ਇਹ ਕਦਮ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਵਿਚ ਸ਼ੀਆ ਮੁਜ਼ਾਹਰਾਕਾਰੀਆਂ ਵੱਲੋਂ ਮ੍ਰਿਤਕਾਂ ਦੀਆਂ ਲਾਸ਼ਾਂ ਲੈ ਕੇ ਰੋਸ ਮੁਜ਼ਾਹਰੇ ਕਰਨ ਤੋਂ ਬਾਅਦ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਲੰਘੇ ਦਿਨੀਂ ਬੰਬ ਧਮਾਕਿਆਂ ਵਿਚ 100 ਸ਼ੀਆ ਮੁਸਲਮਾਨਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਸੂਬੇ ਵਿਚ ਸ਼ੀਆ ਭਾਈਚਾਰੇ ਨੇ ਐਲਾਨ ਕੀਤਾ ਸੀ ਕਿ ਜਿੰਨਾ ਚਿਰ ਸਰਕਾਰ ਨੂੰ ਭੰਗ ਨਹੀਂ ਕੀਤਾ ਜਾਂਦਾ ਓਨਾ ਚਿਰ ਲਾਸ਼ਾਂ ਨੂੰ ਦਫ਼ਨ ਨਹੀਂ ਕੀਤਾ ਜਾਵੇਗਾ। ਲੋਕਾਂ ਦੇ ਰੋਹ ਨੂੰ ਵੇਖਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਸ਼ਰਫ਼ ਨੇ ਸੰਘੀ ਸਰਕਾਰ ਦੇ ਫੈਸਲੇ ਦਾ ਐਲਾਨ ਕਰਦਿਆਂ ਬਲੋਚਿਸਤਾਨ ਦੀ ਸਰਕਾਰ ਭੰਗ ਕਰਦਿਆਂ ਉਥੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੰਮੀ ਵਿਚਾਰ ਕਰਨ ਤੋਂ ਬਾਅਦ ਸੰਵਿਧਾਨ ਦੀ ਧਾਰਾ 234 ਤਹਿਤ ਬਲੋਚਿਸਤਾਨ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਂਦਾ ਹੈ ਤੇ ਹੁਣ ਸਰਕਾਰ ਦਾ ਸਾਰਾ ਕੰਮਕਾਜ ਗਵਰਨਰ ਵੇਖੇਗਾ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 26 ਜਨਵਰੀ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-48


*ਉਂਜ ਭਾਵੇਂ ਮੈ ਲਗਦਾ ਹੋਵਾਂ ਪੇਂਡੂ ਜਿਹਾ ਅਨਾੜੀ*
*ਮਾਡਰਨ ਖੇਤੀ ਕਰਨ ਵਾਸਤੇ ਹਾਂ ਮੈ ਬੜਾ ਜੁਗਾੜੀ!*

## ਕੈਪਸ਼ਨ ਮੁਕਾਬਲਾ-46



ਦੋਵੇਂ ਹੱਥ ਜੇਬਾਂ ਵਿਚ ਪਾ ਕੇ,
ਕੋਠੇ ਖੜ੍ਹ ਕੇ ਪੋਜ਼ ਬਣਾਵਾਂ।
ਅੱਖਾਂ ਉਪਰ ਲਾ ਕੇ ਐਨਕ ,
ਪੂਰਾ ਜੈਂਟਲਮੈਨ ਕਹਾਵਾਂ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਏਸ ਉਮਰ ਵਿਚ ਬੀਬੇ ਰਾਣੇ,
ਏਨਾ ਵੀ ਨਹੀਂ ਹੋਈ ਦਾ।
ਮਾਂ ਦੇ ਹੱਥ ਵਿਚ ਕੋਈ ਸ਼ੈ ਹੋਵੇ,
ਭੱਜ ਭੱਜ ਕੇ ਖੋਹੀ ਦਾ।
ਅੜ ਅੜ ਮੰਗ ਮਨਾਵਣ ਲਈ
ਝੂਠੀ ਮੂਠੀ ਰੋਈ ਦਾ!
***-ਬੱਲੀ ਸਿੰਘ ਸੈਨ ਹੋਜ਼ੇ।***

---

ਟੌਹਰ ਟੱਪਾ ਕੱਢ ਅੱਜ ਲਾਈਆਂ ਐਨਕਾਂ।
ਮੰਮੀ, ਡੈਡੀ ਦੀਆਂ ਮੈਂ ਕਢਾਊਂ ਬੈਠਕਾਂ।
ਛੋਲੇ-ਭਠੂਰੇ, ਆਈਸ ਕਰੀਮ ਖਾਵਾਂਗੇ,
ਸੋਹਣੇ ਸੋਹਣੇ ਖਿਡੌਣੇ ਵੀ ਲੈ ਕੇ ਆਵਾਂਗੇ।
***-ਰਸ਼ਪਾਲ ਲੱਖਣ***
***ਫੋਨ: 510-331-4868***

---

ਨੀਲੀ ਸ਼ਰਟ ਨਾਲ ਐਨਕ,
ਚਿੱਟੀ ਨਿੱਕਰ, ਚਿੱਟੀਆਂ ਜੁਰਾਬਾਂ।
ਇਹ ਸੋਹਣਾ ਬੱਚਾ ਲੱਗਦਾ,
ਮਿੱਤਰੋ ਵਾਂਗ ਨਵਾਬਾਂ।
ਟੌਹਰ-ਸ਼ੌਹਰ ਜਿਸ ਤਰ੍ਹਾਂ
ਹੈ ਇਸ ਨੇ ਕੀਤਾ।
ਬਣ ਜਾਊਗਾ ਫਿਲਮੀ ਐਕਟਰ
ਜਾਂ ਬਣ ਜਾਊ ਨੇਤਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 646-721-1964***

## ਰਾਹੁਲ ਦੇ ਹੱਥ ਹੋਵੇਗੀ ਲੋਕ ਸਭਾ ਚੋਣਾਂ ਦੀ ਕਮਾਨ

**ਨਵੀਂ ਦਿੱਲੀ:** ਕਾਂਗਰਸ ਵੱਲੋਂ ਅਗਲੀਆਂ ਲੋਕ ਸਭਾ ਚੋਣਾਂ ਰਾਹੁਲ ਗਾਂਧੀ ਦੀ ਅਗਵਾਈ ਹੇਠ ਲੜਨ ਦੀ ਚਰਚਾ ਹੈ। ਸੂਚਨਾ ਤੇ ਪ੍ਰਸਾਰਣ ਮੰਤਰੀ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਰਾਹੁਲ ਗਾਂਧੀ 2014 ਦੀਆਂ ਲੋਕ ਸਭਾ ਚੋਣਾਂ ਵਿਚ ਅਗਵਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅਗਲੀਆਂ ਆਮ ਚੋਣਾਂ ਵਿਚ ਕੁਝ ਪ੍ਰਦੇਸ਼ਾਂ ਵਿਚ ਨਵੇਂ ਸਿਆਸੀ ਗੱਠਜੋੜ ਨੂੰ ਲੈ ਕੇ ਪਾਰਟੀ ਦਾ ਰਵੱਈਆ ਨਰਮ ਹੋਏਗਾ।

## ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਵਾਲੀ ਗੈਸ ਲੱਭੀ

**ਲੰਡਨ:** ਬ੍ਰਿਟਿਸ਼ ਵਿਗਿਆਨੀਆਂ ਨੇ ਅਗਿਆਤ ਸਮੁੰਦਰੀ ਸੋਮੇ ਤੋਂ ਪੈਦਾ ਹੋਣ ਵਾਲੀ ਉਸ ਗੈਸ ਦੀ ਪਛਾਣ ਕਰ ਲਈ ਹੈ ਜਿਸ ਤੋਂ ਮਹਾਂਸਾਗਰ ਦੇ ਉਪਰ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚ ਰਿਹਾ ਹੈ। ਵਿਗਿਆਨਕਾਂ ਨੇ ਖੋਜ ਕੀਤੀ ਹੈ ਕਿ 'ਆਇਓਡੀਨ ਆਕਸਾਈਡ' ਗੈਸ ਦੇ ਸੋਮੇ ਨੂੰ ਹਾਈਪੋਆਇਓਡਸ ਅਮਲ ਦੇ ਪੈਦਾ ਹੋਣ ਦੇ ਨਾਲ ਹੀ ਆਣਵਿਕ ਆਇਓਡੀਨ ਤੋਂ ਹੋਣ ਵਾਲੇ ਇਕ ਯੋਗਦਾਨ ਨਾਲ ਪਰਿਭਾਸ਼ਤ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸੈਨ ਹੋਜ਼ੇ ਵਿਚ ਲੋਹੜੀ ਤੇ ਮਾਘੀ ਦੀਆਂ ਰੌਣਕਾਂ







**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਖੇ ਲੋਹੜੀ ਅਤੇ ਮਾਘੀ ਦਾ ਤਿਓਹਾਰ ਲੰਘੇ ਸਨਿਚਰ-ਐਤਵਾਰ ਨੂੰ ਰਵਾਇਤੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਬੰਧਕਾਂ ਵਲੋਂ ਧੀਆਂ ਅਤੇ ਪੁੱਤਰਾਂ ਦੇ ਜਨਮ ਦੀ ਖੁਸ਼ੀ ਬਰਾਬਰ ਮਨਾਉਣ ਦਾ ਸੁਨੇਹਾ ਦੇਣ ਲਈ ਲੋਹੜੀ ਦਾ ਸਮਾਗਮ ਸਨਿਚਰਵਾਰ ਉਚੇਚੇ ਤੌਰ 'ਤੇ ਕਰਵਾਇਆ ਗਿਆ ਸੀ। ਕੁੜੀਆਂ




ਅਤੇ ਮੁੰਡਿਆਂ ਦੇ ਵਿਆਹਾਂ ਦੀ ਖੁਸ਼ੀ ਵੀ ਬਰਾਬਰ ਮਨਾਈ ਗਈ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜ਼ਰੀਆਂ ਭਰੀਆਂ। ਦੀਵਾਨ ਦਾ ਅਰੰਭ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਨੇ ਗੁਰੂ ਚਰਨਾਂ ਵਿਚ ਧੀਆਂ ਤੇ ਪੁੱਤਰਾਂ ਦੀਆਂ ਖੁਸ਼ੀਆਂ ਬਖਸ਼ਣ ਲਈ ਵਾਹਿਗੁਰੂ ਅੱਗੇ ਅਰਦਾਸ ਕਰਕੇ ਕੀਤਾ।

ਦੀਵਾਨ ਵਿਚ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਅਤੇ ਉਨ੍ਹਾਂ ਦੇ ਰਾਗੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਖਾਲਸਾ ਅਕੈਡਮੀ ਅਨੰਦਪੁਰ ਸਾਹਿਬ ਦੇ ਬੱਚਿਆਂ ਨੇ ਢਾਡੀ ਵਾਰਾਂ ਗਾ ਕੇ ਸਿੱਖ ਇਤਿਹਾਸ ਚੇਤੇ ਕਰਵਾਇਆ। ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਨੇ ਕਥਾ ਕਰਦਿਆਂ ਕਿਹਾ ਕਿ ਗੁਰਮਤਿ ਅਨੁਸਾਰ ਅਕਾਲ ਪੁਰਖ ਦੀ ਜੋਤਿ ਇਸਤਰੀ ਅਤੇ ਮਰਦ ਵਿਚ ਇੱਕ ਸਮਾਨ ਹੈ। ਸਿੱਖੀ ਵਿਚ ਧੀ ਅਤੇ ਪੁੱਤਰ ਗੁਰੂ ਦੀ ਬਖਸ਼ੀ ਬਰਾਬਰ ਦੀ ਦਾਤ ਹਨ ਅਤੇ ਇਨ੍ਹਾਂ ਵਿਚ ਫਰਕ ਕਰਨਾ ਗੁਰਮਤਿ ਦੇ ਵਿਰੁਧ ਹੈ। ਉਨ੍ਹਾਂ ਹਿੰਦੋਸਤਾਨ ਵਿਚ ਸਦੀਆਂ ਤੋਂ ਇਸਤਰੀ ਦੀ ਹੁੰਦੀ ਰਹੀ ਦੁਰਦਸ਼ਾ ਦੀ ਗੱਲ ਕਰਦਿਆਂ ਕਿਹਾ ਕਿ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਆਖ ਕੇ ਇਸਤਰੀ ਨੂੰ ਵੱਡੇ ਮਾਣ ਵਾਲਾ ਰੁਤਬਾ ਬਖਸ਼ਿਆ। ਸਾਨੂੰ ਗੁਰੂ ਦੀ ਮੱਤ ਅਨੁਸਾਰ ਧੀਆਂ ਨੂੰ ਵੀ ਬਰਾਬਰ ਦਾ ਦਰਜਾ ਦੇਣਾ ਚਾਹੀਦਾ ਹੈ। ਧੀਆਂ ਨੂੰ ਕੁੱਖਾਂ ਵਿਚ ਹੀ ਮਾਰਨਾ ਬਹੁਤ ਹੀ ਵੱਡਾ ਪਾਪ ਹੈ।

ਸੰਗਤਾਂ ਵਿਚ ਲੋਹੜੀ ਮਨਾਉਣ ਲਈ ਪੰਜਾਬ ਜਿਹਾ ਉਤਸ਼ਾਹ ਸੀ। ਗੁਰੂ ਘਰ ਅੰਦਰ ਕਿਧਰੇ ਮੱਕੀ ਦੀਆਂ ਛੱਲੀਆਂ ਭੁੰਨੀਆਂ ਜਾ ਰਹੀਆਂ ਸਨ ਤਾਂ ਕਿਧਰੇ ਗੰਨੇ ਦਾ ਤਾਜ਼ਾ ਰਸ ਘਲਾੜੀ ਨਾਲ ਕੱਢ ਕੇ ਸੰਗਤਾਂ ਨੂੰ ਛਕਾਇਆ ਜਾ ਰਿਹਾ ਸੀ, ਮੂੰਗਫਲੀ ਅਤੇ ਰਿਓੜੀਆਂ ਵੰਡੀਆਂ ਜਾ ਰਹੀਆਂ ਸਨ। ਇਹ ਸੇਵਾ ਲੱਛਰ ਪਰਿਵਾਰ, ਪ੍ਰੀਤਮ ਸਿੰਘ ਗਰੇਵਾਲ, ਮੰਗਲ ਸਿੰਘ ਭੰਡਾਲ ਪਰਿਵਾਰਾਂ ਵਲੋਂ ਅਤੇ ਸਲੀਨਸ ਤੇ ਹਾਲਿਸਟਰ ਦੀ ਸੰਗਤ ਵਲੋਂ ਕੀਤੀ ਜਾ ਰਹੀ ਸੀ। ਗੁਰਦੁਆਰਾ ਸਾਹਿਬ ਅਤੇ ਗੁਰੂ ਨਾਨਕ ਖਾਲਸਾ ਸਕੂਲ ਦੇ ਪ੍ਰਬੰਧਕਾਂ ਤੇ ਰਘਵੀਰ ਸਿੰਘ ਗਾਖਲ (ਕਾਲਾ) ਵੱਲੋਂ ਮੂਗਫਲੀ ਅਤੇ ਰਿਉੜੀਆਂ ਵਰਤਾਈਆਂ ਜਾ ਰਹੀਆਂ ਸਨ। ਬੂਟਾ ਸਿੰਘ ਗਰੇਵਾਲ ਅਤੇ ਹੋਰ ਸੰਗਤਾਂ ਨੇ ਗੁਰੂ ਕੇ ਲੰਗਰ ਵਿਚ ਸੇਵਾ ਕੀਤੀ। ਗੁਰੂ ਘਰ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਸਹਿਯੋਗ ਲਈ ਸੰਗਤਾਂ ਦਾ ਧੰਨਵਾਦ ਕੀਤਾ।

ਐਤਵਾਰ ਨੂੰ ਖਾਲਸਾ ਪੰਥ ਦੇ ਗੌਰਵਮਈ ਇਤਿਹਾਸ ਦੇ ਸੁਨਿਹਰੀ ਪੰਨਿਆਂ 'ਤੇ ਆਪਣਾ ਨਾਂ ਦਰਜ਼ ਕਰਵਾਉਣ ਵਾਲੇ ਪੰਥ ਦੇ ਮਹਾਨ ਸ਼ਹੀਦਾਂ 'ਚਾਲੀ ਮੁਕਤਿਆਂ' ਦੀ ਯਾਦ ਵਿਚ ਮਾਘੀ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰੂ ਕੇ ਕੀਰਤਨੀ ਜਥਿਆਂ ਨੇ ਰਸਮਈ ਕੀਰਤਨ ਕੀਤਾ ਅਤੇ ਖਾਲਸਾ ਅਕੈਡਮੀ ਅਨੰਦਪੁਰ ਸਾਹਿਬ ਦੇ ਬੱਚਿਆਂ ਨੇ ਢਾਡੀ ਵਾਰਾਂ ਰਾਹੀਂ ਚਾਲੀ ਮੁਕਤਿਆਂ ਦਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ। ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਨੇ ਚਾਲੀ ਮੁਕਤਿਆਂ ਦਾ ਇਤਿਹਾਸ ਸਰਵਣ ਕਰਵਾਉਂਦਿਆਂ ਅਨੰਦਪੁਰ ਸਾਹਿਬ ਤੋਂ ਕੁਝ ਸਿੰਘਾਂ ਦੇ ਬੇਦਾਵਾ ਦੇ ਕੇ ਚਲੇ ਜਾਣ, ਮਾਈ ਭਾਗੋ ਵਲੋਂ ਉਨ੍ਹਾਂ ਨੂੰ ਵੰਗਾਰਨ, ਭਾਈ ਮਨੀ ਸਿੰਘ ਦੇ ਭਰਾ ਰਾਏ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਮਹਾ ਸਿੰਘ ਤੇ ਸੀਤਲ ਸਿੰਘ ਦੇ ਪਿੰਡ ਰੁਪੇਆਣਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ, ਚਾਲੀ ਮੁਕਤਿਆਂ ਦੀ ਸ਼ਹੀਦੀ, ਗੁਰੂ ਸਾਹਿਬ ਵਲੋਂ ਭਾਈ ਮਹਾ ਸਿੰਘ ਦੀ ਅਰਜ 'ਤੇ ਬੇਦਾਵਾ ਪਾੜਨ, ਗੁਰੂ ਸਾਹਿਬ ਵਲੋਂ ਚਾਲੀ ਮੁਕਤਿਆਂ ਨੂੰ 30 ਹਜ਼ਾਰੀ, 20 ਹਜ਼ਾਰੀ, 10 ਹਜ਼ਾਰੀ ਦੇ ਖਿਤਾਬ ਦੇਣ ਅਤੇ ਈਸਰ ਸਰ ਢਾਬ ਦਾ ਨਾਂ ਮੁਕਤਸਰ ਰੱਖੇ ਜਾਣ ਦੀ ਵਾਰਤਾ ਸੁਣਾਈ।

ਵਾਸ਼ਿੰਗਟਨ ਤੋਂ ਆਏ ਖਾਲਸਤਾਨੀ ਆਗੂ ਪਰਮਜੀਤ ਸਿੰਘ ਅਜ਼ਰਾਵਤ ਨੇ ਸਿੱਖ ਮਸਲਿਆਂ ਦੀ ਗੱਲ ਕਰਦਿਆਂ ਖਾਲਸਤਾਨ ਦੀ ਪ੍ਰਾਪਤੀ ਲਈ ਰਲ ਕੇ ਹੰਭਲਾ ਮਾਰਨ ਦੀ ਅਪੀਲ ਕੀਤੀ। ਉਨ੍ਹਾਂ ਨਾਰਥ ਅਮਰੀਕਾ 'ਚ ਸਿੱਖ ਧਰਮ ਦੇ ਪ੍ਰਚਾਰ ਦਾ ਵੱਡਾ ਕੇਂਦਰ ਬਣ ਚੁੱਕੇ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦੀ ਵੀ ਭਰਵੀਂ ਸ਼ਲਾਘਾ ਕੀਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ ਤੇ ਸੇਵਾ ਬੂਟਾ ਸਿੰਘ ਗਰੇਵਾਲ ਨੇ ਕੀਤੀ।


SPECIAL OFFER
4 CAMERAS WITH 4 CH DVR
LED MONITOR INCLUDED
~~$1449~~
$1349 +Tax

SPECIAL OFFER
8 CAMERAS INSTALLATION INCLUDED
LED MONITOR INCLUDED
~~$2349~~
$2349 +Tax

SPECIAL OFFER
12 CAMERAS INSTALLATION INCLUDED
LED MONITOR INCLUDED
~~$4249~~
$3749 +Tax

Vista CCTV TECHNOLOGY





HIGH BRAND REPUTATION
16 YEARS HISTORY IN CCTV
TRAINED TECHNICAL STAFF
PROFESSIONAL INSTALLATION

2 Years Warranty

QUALITY & RESOLUTION BUILD BY TECHNOLOGY NOT BY THE PRICE

Buy Online : www.ezchase.com
Email : commvision@sbcglobal.net
Customer Service : 1-800-235-1319

Call Sukhpal 661-586-5080





Anu Peshawaria
*Attorney at Law*

# The Anu Attorney Immigration Law Firm
## Law offices of Anu Peshawaria

*More than 25 years of experienced *Internationally Awarded-Extraordinary ability
*Served as Legal Advisor to Govt. of India, Embassy of India, Washington, DC

*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India

*Bankruptcy Consultation and Filing

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਲੰਗਾਹ ਨੂੰ ਬਚਾਉਣ ਲਈ ਸਰਕਾਰ ਅਸਫਲ

**ਚੰਡੀਗੜ੍ਹ (ਬਿਊਰੋ):** ਅਕਾਲੀ-ਭਾਜਪਾ ਸਰਕਾਰ ਵੱਲੋਂ ਜਥੇਦਾਰ ਸੁਚਾ ਸਿੰਘ ਲੰਗਾਹ ਦਾ ਕੇਸ ਵਾਪਸ ਲੈਣ ਦੀਆਂ ਸਾਰੀਆਂ ਆਸਾਂ 'ਤੇ ਉਸ ਸਮੇਂ ਪਾਣੀ ਫਿਰ ਗਿਆ ਜਦੋਂ ਮੁੱਖ ਜਾਂਚ ਅਧਿਕਾਰੀ ਤੇ ਪੰਜਾਬ ਵਿਜੀਲੈਂਸ ਬਿਊਰੋ ਦੇ ਤਤਕਾਲੀ ਐਸ.ਐਸ.ਪੀ. ਸੁਰਿੰਦਰਪਾਲ ਸਿੰਘ ਵਿਰਕ ਨੇ ਆਪਣੇ ਪਹਿਲੇ ਬਿਆਨ 'ਤੇ ਕਾਇਮ ਰਹਿੰਦਿਆਂ ਗਵਾਹੀ ਦਿੱਤੀ। ਅਧਿਕਾਰੀ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਸ. ਲੰਗਾਹ ਖ਼ਿਲਾਫ਼ ਆਮਦਨ ਤੋਂ ਵੱਧ ਨਾਮੀ ਤੇ ਬੇਨਾਮੀ ਜਾਇਦਾਦ ਬਣਾਉਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀਆਂ ਵੱਖ-ਵੱਖ ਧਰਾਵਾਂ ਤਹਿਤ ਵਿਜੀਲੈਂਸ ਥਾਣਾ ਫੇਜ਼-8 ਵਿਚ ਕੇਸ ਉਨ੍ਹਾਂ ਵੱਲੋਂ ਹੀ ਦਰਜ ਕੀਤਾ ਗਿਆ ਸੀ।

ਇਸ ਸਮੁੱਚੇ ਮਾਮਲੇ ਦੀ ਜਾਂਚ-ਪੜਤਾਲ ਵੀ ਉਨ੍ਹਾਂ ਨੇ ਕੀਤੀ ਸੀ ਤੇ ਚਲਾਨ ਵੀ ਉਨ੍ਹਾਂ ਨੇ ਹੀ ਪੇਸ਼ ਕੀਤਾ ਸੀ। ਬਚਾਅ ਪੱਖ ਦੇ ਵਕੀਲਾਂ ਨੇ ਜਾਂਚ ਅਧਿਕਾਰੀ ਦੀ ਗਵਾਹੀ 'ਤੇ ਬਹਿਸ ਕਰਦਿਆਂ ਸ. ਵਿਰਕ ਤੋਂ ਕੇਸ ਨਾਲ ਮੁਤੱਲਕ ਕਈ ਸਵਾਲ ਪੁੱਛੇ। ਜ਼ਿਕਰਯੋਗ ਹੈ ਕਿ ਪਿਛਲੀ ਤਰੀਕ 'ਤੇ ਪੰਜਾਬ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਵੱਲੋਂ ਸਰਕਾਰੀ ਵਕੀਲ ਰਾਹੀਂ ਮੁਹਾਲੀ ਜ਼ਿਲ੍ਹਾ ਅਦਾਲਤ ਵਿਚ ਅਰਜ਼ੀ ਦਾਇਰ



ਕਰਕੇ ਜਥੇਦਾਰ ਸੁੱਚਾ ਸਿੰਘ ਲੰਗਾਹ ਖ਼ਿਲਾਫ਼ ਵਿਜੀਲੈਂਸ ਥਾਣਾ ਵਿਚ ਦਰਜ ਕੀਤੇ ਭ੍ਰਿਸ਼ਟਾਚਾਰ ਕੇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਸੀ।

ਵਿਜੀਲੈਂਸ ਅਧਿਕਾਰੀਆਂ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਹੁਣ ਜਾ ਕੇ ਪਤਾ ਲੱਗਿਆ ਕਿ ਸ. ਲੰਗਾਹ ਖ਼ਿਲਾਫ਼ ਕੋਈ ਕੇਸ ਹੀ ਨਹੀਂ ਬਣਦਾ ਹੈ। ਉਧਰ ਸਰਕਾਰ ਵੀ ਸ. ਲੰਗਾਹ ਖ਼ਿਲਾਫ਼ ਦਰਜ ਕੇਸ ਦਾ ਮੁਕੰਮਲ ਨਿਬੇੜਾ ਕਰਨਾ ਚਾਹੁੰਦੀ ਹੈ ਪਰ ਜਾਂਚ ਅਧਿਕਾਰੀ ਦੀ ਗਵਾਹੀ ਨੇ ਅਕਾਲੀ ਲੀਡਰਸ਼ਿਪ ਦੀਆਂ ਪ੍ਰੇਸ਼ਾਨੀਆਂ ਵਧਾ ਦਿੱਤੀਆਂ ਹਨ।

ਪਿਛਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਉਸ ਵੇਲੇ ਦੇ ਪੀ.ਡਬਲਿਊ.ਡੀ. ਮੰਤਰੀ ਸੁੱਚਾ ਸਿੰਘ ਲੰਗਾਹ ਤੇ ਹੋਰਾਂ ਆਗੂਆਂ ਵਿਰੁੱਧ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਅਦਾਲਤ ਨੇ 13 ਫਰਵਰੀ 'ਤੇ ਅੱਗੇ ਪਾ ਦਿੱਤੀ ਹੈ। ਜਥੇਦਾਰ ਲੰਗਾਹ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੀ ਅਦਾਲਤ ਵਿਚ ਪੇਸ਼ ਹੋਏ।

ਇਸ ਕੇਸ ਵਿਚ ਨਾਮਜ਼ਦ ਬਾਕੀ ਮੁਲਜ਼ਮ ਪਰਦੀਪ ਭਟੇਜਾ, ਬਿਕਰਮਜੀਤ ਸਿੰਘ ਵਿੱਕੀ ਵਾਸੀ ਪਟਿਆਲਾ, ਸੁਭਾਸ਼ ਚੰਦਰ ਜੈਨ ਵਾਸੀ ਲੁਧਿਆਣਾ, ਸੰਪੂਰਨ ਸਿੰਘ ਗੁਰਦਾਸਪੁਰ, ਸੁਭਾਸ਼ ਚੰਦ ਧਾਰੀਵਾਲ (ਗੁਰਦਾਸਪੁਰ), ਸ਼ੇਰ ਸਿੰਘ ਚੰਡੀਗੜ੍ਹ ਵੀ ਆਪਣੇ ਵਕੀਲਾਂ ਨਾਲ ਅਦਾਲਤ ਵਿਚ ਪੇਸ਼ ਹੋਏ। ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਜਥੇਦਾਰ ਅਮਰੀਕ ਸਿੰਘ ਅਦਾਲਤ ਵਿਚ ਪੇਸ਼ ਨਾ ਹੋਏ। ਉਨ੍ਹਾਂ ਆਪਣੇ ਵਕੀਲ ਰਾਹੀਂ ਅਰਜ਼ੀ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਸੀ ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ।

# ਪਿਛਲੇ ਵਰ੍ਹੇ ਪੰਜਾਬ 'ਚ ਭ੍ਰਿਸ਼ਟਾਚਾਰ ਦੇ ਸਿਰਫ 81 ਕੇਸ ਦਰਜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਬੇਸ਼ੱਕ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਮੁਹਿੰਮ ਵਿੱਢੀ ਹੋਈ ਹੈ ਪਰ ਪੂਰੇ ਸਾਲ ਦੀ ਕਾਰਗੁਜ਼ਾਰੀ ਕਈ ਸਵਾਲ ਖੜ੍ਹੇ ਕਰਦੀ ਹੈ। ਲੰਘੇ ਵਰ੍ਹੇ 2012 ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਸਿਰਫ 81 ਮੁਕੱਦਮੇ ਦਰਜ ਕੀਤੇ ਗਏ। ਇਨ੍ਹਾਂ ਵਿਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜੇ ਜਾਣ ਬਾਰੇ 38, ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਬਾਰੇ 10 ਤੇ ਅਸਲ ਦਸਤਾਵੇਜ਼ਾਂ ਨੂੰ ਬਦਲਣ ਬਾਰੇ 33 ਫ਼ੌਜਦਾਰੀ ਮਾਮਲੇ ਦਰਜ ਕੀਤੇ ਗਏ। ਪੰਜਾਬ ਵਿਚ ਹੁਣ ਕੋਈ ਵੀ ਕੰਮ ਰਿਸ਼ਵਤ ਦੇਣ ਤੋਂ ਬਿਨਾ ਨਹੀਂ ਹੁੰਦਾ ਪਰ ਸਰਕਾਰ ਨੂੰ ਪੂਰੇ ਸਾਲ ਵਿਚ ਅਜਿਹੇ 81 ਕੇਸ ਹੀ ਲੱਭੇ ਹਨ।

ਇਨ੍ਹਾਂ ਕੇਸਾਂ ਵਿਚ ਜ਼ਿਆਦਾਤਰ ਬਿਜਲੀ, ਪੁਲਿਸ, ਸਿਹਤ, ਮਾਲ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਹਨ। ਬਿਊਰੋ ਮੁਤਾਬਕ ਪਿਛਲੇ ਸਾਲ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜੇ ਜਾਣ ਵਾਲਿਆਂ ਵਿਚ ਛੇ ਗਜ਼ਟਿਡ ਅਧਿਕਾਰੀ ਤੇ 32 ਨਾਨ-ਗਜ਼ਟਿਡ ਕਰਮਚਾਰੀਆਂ ਸਮੇਤ ਛੇ ਪ੍ਰਾਈਵੇਟ ਵਿਅਕਤੀ ਸ਼ਾਮਲ ਹਨ। ਬੀਤੇ ਵਰ੍ਹੇ ਦੌਰਾਨ ਕੁੱਲ 31 ਵਿਜੀਲੈਂਸ ਇਨਕੁਆਰੀਆਂ ਦਰਜ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ ਜ਼ਿਆਦਾਤਰ ਪੁਲਿਸ, ਮਾਲ, ਸਿੱਖਿਆ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਹਨ। ਇਨ੍ਹਾਂ ਵਿਚ 13 ਗਜ਼ਟਿਡ ਅਧਿਕਾਰੀ, 21 ਨਾਨ-ਗਜ਼ਟਿਡ ਕਰਮਚਾਰੀ ਅਤੇ 10 ਪ੍ਰਾਈਵੇਟ ਵਿਅਕਤੀ ਸ਼ਾਮਲ ਸਨ। ਬਿਊਰੋ ਨੂੰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਕੁੱਲ 3201 ਸ਼ਿਕਾਇਤਾਂ ਪ੍ਰਾਪਤ ਹੋਈਆਂ ਜੋ ਜ਼ਿਆਦਾਤਰ ਮਾਲ, ਪੰਚਾਇਤ, ਸਥਾਨਕ ਸਰਕਾਰ, ਸਿਹਤ, ਸਿੰਚਾਈ, ਬਿਜਲੀ, ਖ਼ੁਰਾਕ ਤੇ ਸਿਵਲ ਸਪਲਾਈ ਆਦਿ ਵਿਭਾਗਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ 161 ਸ਼ਿਕਾਇਤਾਂ ਦਰਜ ਕਰਕੇ ਸਬੰਧਤ ਰੇਂਜਾਂ ਦੇ ਐਸ.ਐਸ.ਪੀਜ਼ ਵਿਜੀਲੈਂਸ ਬਿਊਰੋ ਨੂੰ ਪੜਤਾਲ ਲਈ ਭੇਜੀਆਂ ਗਈਆਂ ਹਨ ਜਦਕਿ 2091 ਸ਼ਿਕਾਇਤਾਂ ਸ਼ੱਕੀ ਅਧਿਕਾਰੀਆਂ/ਕਰਮਚਾਰੀਆਂ ਦੇ ਸਬੰਧਤ ਪ੍ਰਬੰਧਕੀ ਵਿਭਾਗਾਂ ਨੂੰ ਕਾਰਵਾਈ ਕਰਨ ਲਈ ਭੇਜੀਆਂ ਗਈਆਂ ਹਨ ਤੇ 750 ਸ਼ਿਕਾਇਤਾਂ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਨੂੰ ਯੋਗ ਕਾਰਵਾਈ ਹਿੱਤ ਭੇਜੀਆਂ ਗਈਆਂ ਹਨ।

ਵਿਜੀਲੈਂਸ ਬਿਊਰੋ ਦੇ ਚੰਡੀਗੜ੍ਹ ਸਥਿਤ ਮੁੱਖ ਦਫ਼ਤਰ ਵਿਖੇ ਪਹਿਲੀ ਨਵੰਬਰ, 2012 ਤੋਂ ਸਥਾਪਤ ਕੀਤੀ ਵੈਬਸਾਈਟ 'ਤੇ ਕੁੱਲ 48 ਸ਼ਿਕਾਇਤਾਂ ਆਨ ਲਾਈਨ ਪ੍ਰਾਪਤ ਹੋਈਆਂ।

# ਨਸ਼ਿਆਂ ਦੇ ਕੌਮਾਂਤਰੀ ਤਸਕਰ ਪੁਲਿਸ ਹਿਰਾਸਤ ਵਿਚੋਂ ਫ਼ਰਾਰ

**ਫ਼ਿਰੋਜ਼ਪੁਰ:** ਇਥੋਂ ਦੀ ਕੇਂਦਰੀ ਜੇਲ੍ਹ ਵਿਚ ਬੰਦ ਨਸ਼ੀਲੇ ਪਦਾਰਥਾਂ ਦੇ ਦੋ ਅੰਤਰਰਾਸ਼ਟਰੀ ਤਸਕਰ ਗੁਰਜੰਟ ਸਿੰਘ ਉਰਫ ਭੋਲੂ ਤੇ ਰਛਪਾਲ ਸਿੰਘ ਉਰਫ ਦਾਨਾ ਉਸ ਵੇਲੇ ਫ਼ਰਾਰ ਹੋ ਗਏ ਜਦੋਂ ਜੇਲ੍ਹ ਗਾਰਦ ਉਨ੍ਹਾਂ ਨੂੰ ਸਿਵਲ ਹਸਪਤਾਲ ਤੋਂ ਚੈਕਅੱਪ ਕਰਵਾ ਕੇ ਵਾਪਸ ਜੇਲ੍ਹ ਵਿਚ ਲਿਆ ਰਹੀ ਸੀ। ਇਸ ਦੌਰਾਨ ਇਨ੍ਹਾਂ ਤਸਕਰਾਂ ਦੇ ਸਾਥੀ ਜੋ ਸਿਵਲ ਹਸਪਤਾਲ ਦੇ ਗੇਟ ਅੱਗੇ ਖੜ੍ਹੇ ਸਨ, ਨੇ ਜੇਲ੍ਹ ਗਾਰਦ ਉਪਰ ਹਮਲਾ ਕਰ ਦਿੱਤਾ ਤੇ ਆਪਣੇ ਸਾਥੀਆਂ ਨੂੰ ਲੈ ਕੇ ਨਿਕਲ ਗਏ। ਇਸ ਦੌਰਾਨ ਜੇਲ੍ਹ ਗਾਰਦਾਂ ਨੂੰ ਕੁਝ ਸੱਟਾਂ ਵੀ ਲੱਗੀਆਂ।

ਇਹ ਅੰਤਰਰਾਸ਼ਟਰੀ ਦੋਵੇਂ ਸਮਗਲਰ ਇਰਾਦਾ ਕਤਲ ਤੇ ਐਨ.ਡੀ.ਪੀ.ਐਸ ਦੇ ਮਾਮਲੇ ਵਿਚ ਹਵਾਲਾਤੀ ਸਨ। ਜੇਲ੍ਹ ਸੁਪਰਡੈਂਟ ਦੀ ਗੈਰਮੌਜੂਦਗੀ ਵਿਚ ਡਿਪਟੀ ਜੇਲ੍ਹ ਸੁਪਰਡੈਂਟ ਵੱਲੋਂ ਇਨ੍ਹਾਂ ਦੋਵਾਂ ਸਮੱਗਲਰਾਂ ਨੂੰ ਸਿਰਫ ਤਿੰਨ ਬੰਦਿਆਂ ਦੀ ਗਾਰਦ ਨਾਲ ਹੀ ਹਸਪਤਾਲ ਭੇਜਣ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੁੰਦੇ ਹਨ। ਪੁਲਿਸ ਵੱਲੋਂ ਇਸ ਮਾਮਲੇ ਵਿਚ ਜੇਲ੍ਹ ਅਧਿਕਾਰੀਆਂ ਦੀ ਭੂਮਿਕਾ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਹਰੇਕ ਪੱਖ ਤੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਮਾਮਲੇ ਦੀ ਤਹਿ ਤੱਕ ਪਹੁੰਚਿਆ ਜਾ ਸਕੇ।

# ਬਾਦਲ ਵੱਲੋਂ ਬਲਾਤਕਾਰੀਆਂ ਨੂੰ ਸਜ਼ਾ-ਏ-ਮੌਤ ਦੀ ਵਕਾਲਤ

**ਚੰਡੀਗੜ੍ਹ:** ਦੇਸ਼ ਵਿਚ ਇਕ ਤੋਂ ਬਾਅਦ ਇਕ ਵਾਪਰ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ 'ਤੇ ਫਿਕਰ ਪ੍ਰਗਟਾਉਂਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਜਿਹੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਵਕਾਲਤ ਕੀਤੀ ਹੈ। ਕੇਂਦਰ ਸਰਕਾਰ ਵੱਲੋਂ ਜਸਟਿਸ ਜੇ.ਐਸ ਵਰਮਾ ਦੀ ਅਗਵਾਈ ਹੇਠ ਔਰਤਾਂ ਖ਼ਿਲਾਫ਼ ਵਧ ਰਹੇ ਜੁਰਮਾਂ ਦੀ ਘੋਖ ਕਰਨ ਲਈ ਬਣਾਏ ਗਏ ਜਸਟਿਸ ਵਰਮਾ ਕਮਿਸ਼ਨ ਨੂੰ ਆਪਣੀ ਰਾਏ ਦਿੰਦਿਆਂ ਮੁੱਖ ਮੰਤਰੀ ਨੇ ਅਜਿਹਾ ਕੇਸਾਂ ਦੀ ਫੌਰੀ ਪੜਤਾਲ, ਪੈਰਵੀ, ਤੁਰੰਤ ਸੁਣਵਾਈ ਤੇ ਵੱਧ ਤੋਂ ਵੱਧ ਸਜ਼ਾ ਦੇਣ ਦੀ ਲੋੜ



'ਤੇ ਜ਼ੋਰ ਦਿੱਤਾ। ਧਾਰਾ 376 (1) ਤੇ (2) ਅਧੀਨ ਦਰਜ ਹੋਣ ਵਾਲੇ ਬਲਾਤਕਾਰ ਦੇ ਕੇਸਾਂ ਲਈ ਬਿਨਾਂ ਕਿਸੇ ਸ਼ਰਤੀ ਰਿਹਾਈ (ਪੈਰੋਲ) ਜਾਂ ਮੁਆਫ਼ੀ ਦੇ ਘੱਟੋ-ਘੱਟ ਉਮਰ ਕੈਦ ਦੀ ਵਕਾਲਤ ਕਰਦਿਆਂ ਸ. ਬਾਦਲ ਨੇ ਕਿਹਾ ਕਿ ਮੌਤ ਦੀ ਸਜ਼ਾ ਉਨ੍ਹਾਂ ਕੇਸਾਂ ਵਿਚ ਲਾਜ਼ਮੀ ਬਣਾਉਣੀ ਚਾਹੀਦੀ ਹੈ ਜਿਨ੍ਹਾਂ ਕੇਸਾਂ ਵਿਚ ਬਲਾਤਕਾਰ ਉਪਰੰਤ ਪੀੜਤ ਦਾ ਕਤਲ ਕਰ ਦਿੱਤਾ ਗਿਆ ਹੋਵੇ। ਉਨ੍ਹਾਂ ਕਿਹਾ ਕਿ ਜਿਨਸੀ ਸ਼ੋਸ਼ਣ ਦੇ ਕੇਸਾਂ ਨੂੰ ਗੈਰ-ਜ਼ਮਾਨਤੀ ਕਰਾਰ ਦਿੱਤਾ ਜਾਵੇ ਤੇ ਇਨ੍ਹਾਂ ਵਿਚ ਘੱਟੋ-ਘੱਟ ਸਜ਼ਾ ਦੋ ਸਾਲ ਤੇ ਵੱਧ ਤੋਂ ਵੱਧ ਸੱਤ ਸਾਲ ਤੈਅ ਕੀਤੀ ਜਾਣੀ ਚਾਹੀਦੀ ਹੈ। ਹਾਈ ਕੋਰਟਾਂ ਵੱਲੋਂ ਅਜਿਹੇ ਕੇਸਾਂ ਦੇ ਫੌਰੀ ਨਿਬੇੜੇ ਲਈ ਸਮਰਪਤ ਅਦਾਲਤਾਂ ਸਥਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸ. ਬਾਦਲ ਨੇ ਨਾਲ ਹੀ ਇਹ ਸੁਝਾਅ ਦਿੱਤਾ ਕਿ ਅਜਿਹੇ ਕੇਸਾਂ ਦੀ ਪੜਤਾਲ ਇਕ ਮਹਿਲਾ ਪੁਲਿਸ ਅਫਸਰ ਵੱਲੋਂ ਗਜ਼ਟਿਡ ਅਧਿਕਾਰੀ ਦੀ ਦੇਖ-ਰੇਖ ਹੇਠ ਕੀਤੀ ਜਾਵੇ। ਕਿਸੇ ਵੀ ਮਹਿਲਾ ਸ਼ਿਕਾਇਤਕਰਤਾ ਨੂੰ ਬਿਆਨ ਦੇਣ ਲਈ ਪੁਲਿਸ ਥਾਣੇ ਨਾ ਸੱਦਿਆ ਜਾਵੇ ਸਗੋਂ ਉਸ ਦਾ ਬਿਆਨ ਉਸ ਦੇ ਘਰ ਜਾ ਕੇ ਪਰਿਵਾਰਕ ਜੀਆਂ ਦੀ ਮੌਜੂਦਗੀ ਵਿਚ ਲਿਆ ਜਾਵੇ ਤੇ ਕਿਸੇ ਵੀ ਹਾਲਾਤ ਵਿਚ ਦੋਸ਼ੀ ਜਾਂ ਕਿਸੇ ਅਣਜਾਣ ਵਿਅਕਤੀ ਦੀ ਹਾਜ਼ਰੀ ਵਿਚ ਬਿਆਨ ਲੈਣ ਤੋਂ ਬਚਿਆ ਜਾਵੇ।

## ਬਲਾਤਕਾਰੀ ਨੂੰ ਅੱਠ ਹਫਤੇ ਦੇ ਅੰਦਰ-ਅੰਦਰ ਸੁਣਾਈ ਸਜ਼ਾ

**ਹੁਸ਼ਿਆਰਪੁਰ:** ਇਥੋਂ ਦੀ ਇਕ ਅਦਾਲਤ ਨੇ ਅਗਵਾ ਤੇ ਬਲਾਤਕਾਰ ਦੇ ਕੇਸ ਵਿਚ ਦੋਸ਼ੀ ਨੂੰ ਮਹਿਜ਼ ਅੱਠ ਦਿਨ ਦੇ ਸਮੇਂ ਵਿਚ ਸਜ਼ਾ ਸੁਣਾਈ ਹੈ ਜਿਸ ਨੂੰ ਭਾਰਤੀ ਨਿਆਂ ਪ੍ਰਣਾਲੀ ਵਿਚ ਇਕ ਮਿਸਾਲ ਦੇ ਤੌਰ 'ਤੇ ਮੰਨਿਆ ਜਾ ਰਿਹਾ ਹੈ। ਅਦਾਲਤ ਨੇ ਇਸ ਦੋਸ਼ੀ ਨੂੰ 10 ਸਾਲ ਦੀ ਕੈਦ ਸੁਣਾਈ ਹੈ। ਇਸੇ ਅਦਾਲਤ ਨੇ ਪਿਛਲੇ ਸਾਲ ਆਪਣੇ ਦੋ ਨਾਬਾਲਗ ਬੱਚਿਆਂ ਨੂੰ ਸਾੜ ਕੇ ਮਾਰਨ ਦੇ ਦੋਸ਼ ਸਬੰਧੀ ਕੇਸ ਦੀ ਸੁਣਵਾਈ ਤਿੰਨ ਹਫਤਿਆਂ ਵਿਚ ਮੁਕੰਮਲ ਕਰਕੇ ਫਾਂਸੀ ਦੀ ਸਜ਼ਾ ਸੁਣਾਈ ਸੀ। ਥਾਣਾ ਗੜ੍ਹਸ਼ੰਕਰ ਦੇ ਪਿੰਡ ਬਗਵਾਈ ਦੀ ਇਕ 17 ਸਾਲਾ ਲੜਕੀ ਨੂੰ ਅਗਵਾ ਕਰਕੇ ਉਸ ਨਾਲ ਬਲਾਤਕਾਰ ਕਰਨ ਬਾਰੇ ਪੁਲਿਸ ਨੇ 13 ਅਗਸਤ, 2012 ਨੂੰ ਉੱਤਰ ਪ੍ਰਦੇਸ਼ ਦੇ ਮੂਲ ਵਾਸੀ ਜੈ ਪ੍ਰਕਾਸ਼ ਦਿਵੇਦੀ ਉਰਫ ਪਵਨ ਦੂਬੇ ਤੇ ਦੋ ਹੋਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ। ਇਹ ਕੇਸ ਸਬ ਡਵੀਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ ਗੜ੍ਹਸ਼ੰਕਰ ਵੱਲੋਂ ਵਿਚਾਰੇ ਜਾਣ ਪਿੱਛੋਂ 22 ਦਸੰਬਰ ਨੂੰ ਸੈਸ਼ਨ ਕੋਰਟ ਕੋਲ ਆਇਆ ਸੀ। ਪੁਲਿਸ ਨੇ ਇਸ ਸਾਲ ਦੋ ਜਨਵਰੀ ਨੂੰ ਅਦਾਲਤ ਵਿਚ ਇਸ ਦਾ ਚਲਾਨ ਪੇਸ਼ ਕੀਤਾ ਸੀ। ਕੇਸ ਨਾਲ ਸਬੰਧਤ ਸਾਰੇ ਗਵਾਹਾਂ ਦੇ ਬਿਆਨ ਕਲਮਬੱਧ ਕਰਨ ਤੇ ਹੋਰ ਕਾਨੂੰਨੀ ਕਾਰਵਾਈਆਂ ਮੁਕੰਮਲ ਕਰਨ ਪਿੱਛੋਂ 10 ਜਨਵਰੀ ਨੂੰ ਅਦਾਲਤ ਨੇ ਮੁੱਖ ਦੋਸ਼ੀ ਨੂੰ ਦਫ਼ਾ 376 ਤਹਿਤ 10 ਸਾਲ ਤੇ 50 ਹਜ਼ਾਰ ਰੁਪਏ, ਦਫ਼ਾ 366 ਤਹਿਤ ਸੱਤ ਸਾਲ ਤੇ 20 ਹਜ਼ਾਰ ਰੁਪਏ ਤੇ ਦਫ਼ਾ 363 ਤਹਿਤ ਪੰਜ ਸਾਲ ਤੇ 20 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ। ਇਹ ਸਾਰੀਆਂ ਸਜ਼ਾਵਾਂ ਨਾਲ-ਨਾਲ ਚੱਲਣਗੀਆਂ।

# ਗੁਰੂ ਕੀ ਨਗਰੀ ਵਿਚ ਹੋਇਆ ਸਭ ਤੋਂ ਵੱਧ ਮਨੁੱਖੀ ਹੱਕਾਂ ਦਾ ਘਾਣ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਪਿਛਲੇ ਦੋ ਸਾਲਾਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਵਿਚ ਚੋਖਾ ਵਾਧਾ ਹੋਇਆ ਹੈ ਤੇ ਇਸ ਤਰ੍ਹਾਂ ਦੇ ਸਭ ਤੋਂ ਵੱਧ ਮਾਮਲੇ ਅੰਮ੍ਰਿਤਸਰ ਵਿਚ ਸਾਹਮਣੇ ਆਏ ਹਨ। ਇਸ ਤੋਂ ਮਗਰੋਂ ਕ੍ਰਮਵਾਰ ਲੁਧਿਆਣਾ ਤੇ ਪਟਿਆਲਾ ਦਾ ਨਾਂ ਆਉਂਦਾ ਹੈ। ਪਿਛਲੇ ਤਿੰਨ ਸਾਲ ਤੋਂ ਸਭ ਤੋਂ ਘੱਟ ਮਾਮਲੇ ਸ਼ਹੀਦ ਭਗਤ ਸਿੰਘ ਜ਼ਿਲ੍ਹੇ ਵਿਚ ਸਾਹਮਣੇ ਆਏ ਹਨ।

ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸਾਲ 2012 'ਚ 18322 ਸ਼ਿਕਾਇਤਾਂ ਸੁਣਵਾਈ ਲਈ ਆਈਆਂ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ 2284 ਸ਼ਿਕਾਇਤਾਂ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਹਨ। ਲੁਧਿਆਣਾ ਦਾ ਨਾਂ ਦੂਜੇ ਸਥਾਨ 'ਤੇ ਰਿਹਾ ਹੈ ਜਿਥੋਂ ਮਿਲਣ ਵਾਲੀਆਂ ਸ਼ਿਕਾਇਤਾਂ ਦੀ ਗਿਣਤੀ 2266 ਦੱਸੀ ਗਈ ਹੈ। ਪਟਿਆਲਾ ਜ਼ਿਲ੍ਹੇ ਤੋਂ 1262 ਸ਼ਿਕਾਇਤਾਂ ਮਿਲੀਆਂ ਹਨ। ਪਿਛਲੇ ਸਾਲ ਫਰੀਦਕੋਟ ਦਾ ਨਾਂ ਤੀਜੇ ਥਾਂ 'ਤੇ ਰਿਹਾ ਸੀ ਤੇ ਉਥੋਂ 1127 ਕੇਸ ਦਾਇਰ ਕੀਤੇ ਗਏ ਸਨ। ਸਾਲ 2011 ਨਾਲੋਂ 2012 ਵਿਚ ਅੰਮ੍ਰਿਤਸਰ ਜ਼ਿਲ੍ਹੇ ਤੋਂ ਸ਼ਿਕਾਇਤਾਂ ਦੀ ਗਿਣਤੀ

**ਜ਼ਿਲ੍ਹੇ ਵਿਚੋਂ ਮਿਲੀਆਂ 2284 ਸ਼ਿਕਾਇਤਾਂ**



ਵਧ ਗਈ ਹੈ ਤੇ ਲੁਧਿਆਣਾ ਦੂਜੇ ਥਾਂ 'ਤੇ ਆ ਗਿਆ ਹੈ। ਪਿਛਲੇ ਤਿੰਨ ਸਾਲਾਂ ਤੋਂ ਸ਼ਹੀਦ ਭਗਤ ਸਿੰਘ ਜ਼ਿਲ੍ਹੇ ਤੋਂ ਸਭ ਤੋਂ ਘੱਟ ਸ਼ਿਕਾਇਤਾਂ ਸਾਹਮਣੇ ਆਈਆਂ ਹਨ।

ਕਮਿਸ਼ਨ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਸਾਲ 2012 ਵਿਚ ਬਠਿੰਡਾ ਜ਼ਿਲ੍ਹੇ ਤੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 1073 ਸ਼ਿਕਾਇਤਾਂ ਆਈਆਂ ਹਨ ਜਦੋਂਕਿ ਉਸ ਤੋਂ ਪਿਛਲੇ ਸਾਲ ਇਹ ਗਿਣਤੀ 951 ਸੀ। ਲੰਘੇ ਸਾਲ ਫਰੀਦਕੋਟ ਜ਼ਿਲ੍ਹੇ ਤੋਂ 674, ਫਤਹਿਗੜ੍ਹ ਸਾਹਿਬ ਤੋਂ 258, ਫਿਰੋਜ਼ਪੁਰ ਤੋਂ 1551, ਗੁਰਦਾਸਪੁਰ ਤੋਂ 940, ਹੁਸ਼ਿਆਰਪੁਰ ਤੋਂ 588, ਜਲੰਧਰ ਤੋਂ 1042, ਕਪੂਰਥਲਾ ਤੋਂ 506, ਮਾਨਸਾ ਤੋਂ 566, ਮੋਗਾ ਤੋਂ 703, ਮੁਕਤਸਰ ਸਾਹਿਬ ਤੋਂ 708, ਰੋਪੜ ਤੋਂ 221, ਮੁਹਾਲੀ ਤੋਂ 448, ਸੰਗਰੂਰ ਤੋਂ 846, ਤਰਨ ਤਾਰਨ ਤੋਂ 1165, ਬਰਨਾਲਾ ਤੋਂ 325 ਤੇ ਪੰਜਾਬ ਤੋਂ ਬਾਹਰੋਂ ਹੋਰ 402 ਸ਼ਿਕਾਇਤਾਂ ਮਿਲੀਆਂ ਹਨ।

ਸਾਲ 2011 ਵਿਚ ਅੰਮ੍ਰਿਤਸਰ ਜ਼ਿਲ੍ਹੇ ਤੋਂ 1984, ਬਠਿੰਡਾ ਤੋਂ 951, ਫਰੀਦਕੋਟ ਤੋਂ 515, ਫਤਹਿਗੜ੍ਹ ਸਾਹਿਬ ਤੋਂ 233, ਗੁਰਦਾਸਪੁਰ ਤੋਂ 1126, ਹੁਸ਼ਿਆਰਪੁਰ ਤੋਂ 503, ਜਲੰਧਰ ਤੋਂ 885, ਕਪੂਰਥਲਾ ਤੋਂ 366, ਲੁਧਿਆਣਾ ਤੋਂ 2025, ਮਾਨਸਾ ਤੋਂ 472, ਮੋਗਾ ਤੋਂ 600, ਸ੍ਰੀ ਮੁਕਤਸਰ ਸਾਹਿਬ ਤੋਂ 600, ਰੋਪੜ ਤੋਂ 217 ਮੁਹਾਲੀ ਤੋਂ 418, ਸੰਗਰੂਰ ਤੋਂ 472, ਤਰਨ ਤਾਰਨ ਤੋਂ 1002, ਬਰਨਾਲਾ ਤੋਂ 226, ਫਾਜ਼ਿਲਕਾ ਤੋਂ 223, ਪਠਾਨਕੋਟ ਤੋਂ 262 ਤੇ ਪੰਜਾਬ ਤੋਂ ਬਾਹਰੋਂ 297 ਕੇਸ ਦਾਇਰ ਕੀਤੇ ਗਏ ਸਨ।

ਲੰਘੇ ਦੋ ਸਾਲਾਂ ਦਾ ਮੁਕਾਬਲਤਨ ਅਧਿਐਨ ਕਰਨ ਤੋਂ ਸਭ ਤੋਂ ਵੱਡੀ ਗੱਲ ਇਹ ਸਾਹਮਣੇ ਆਈ ਹੈ ਕਿ ਸਾਲ 2012 ਵਿਚ ਦੋ ਹਜ਼ਾਰ ਸ਼ਿਕਾਇਤਾਂ ਵੱਧ ਗਈਆਂ ਹਨ। ਫਿਰੋਜ਼ਪੁਰ ਜ਼ਿਲ੍ਹੇ ਤੋਂ ਸ਼ਿਕਾਇਤਾਂ ਦੀ ਗਿਣਤੀ ਘੱਟ ਹੋਈ ਹੈ ਤੇ ਅੰਕੜਾ 611 ਦਾ ਹੈ। ਗੁਰਦਾਸਪੁਰ ਦਾ ਨਾਂ ਵੀ ਇਸੇ ਕੜੀ 'ਚ ਆ ਰਿਹਾ ਹੈ। ਗੁਰਦਾਸਪੁਰ ਤੋਂ ਬੀਤੇ ਸਾਲ ਦੌਰਾਨ 944 ਸ਼ਿਕਾਇਤਾਂ ਮਿਲੀਆਂ ਸਨ ਜਦੋਂਕਿ ਇਸ ਤੋਂ ਇਕ ਸਾਲ ਪਹਿਲਾਂ ਦੀ ਗਿਣਤੀ 1126 ਦੱਸੀ ਗਈ ਹੈ।

ਫਿਰੋਜ਼ਪੁਰ ਤੇ ਗੁਰਦਾਸਪੁਰ ਨੂੰ ਛੱਡ ਕੇ ਬਾਕੀ ਬਾਰੇ ਜ਼ਿਲ੍ਹਿਆਂ ਤੋਂ ਸ਼ਿਕਾਇਤਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਉਂਜ ਅੱਧੀ ਦਰਜਨ ਅਜਿਹੇ ਜ਼ਿਲ੍ਹੇ ਹਨ ਜਿਨ੍ਹਾਂ ਦੇ ਕੇਸਾਂ ਵਿਚ ਦਰਜਨ ਦੋ ਦਰਜਨ ਕੇਸ ਹੀ ਵਧੇ ਹਨ। ਜਲੰਧਰ ਵਿਚ ਗਿਣਤੀ 885 ਤੋਂ ਵਧ ਕੇ 1042 ਹੋ ਗਈ ਹੈ। ਪਠਾਨਕੋਟ ਤੋਂ ਸ਼ਿਕਾਇਤਾਂ ਦੀ ਗਿਣਤੀ ਵਿਚ ਤਿੰਨ ਗੁਣਾ ਵਾਧਾ ਹੋਇਆ ਹੈ। ਪੰਜਾਬ ਤੋਂ ਬਾਹਰ ਦੀਆਂ ਸ਼ਿਕਾਇਤਾਂ ਦੀ ਗਿਣਤੀ ਵੀ 297 ਤੋਂ ਵਧ ਕੇ 402 ਹੋ ਗਈ ਹੈ। ਸਭ ਤੋਂ ਜ਼ਿਆਦਾ ਵਾਧਾ ਫਾਜ਼ਿਲਕਾ ਜ਼ਿਲ੍ਹੇ ਦਾ ਹੈ ਜਿਥੋਂ ਸ਼ਿਕਾਇਤਾਂ ਦੀ ਗਿਣਤੀ 223 ਤੋਂ ਵਧ ਕੇ ਇਕਦਮ 825 ਨੂੰ ਪੁੱਜ ਗਈ ਹੈ।

# ਪੰਜਾਬੀ ਵਿਰਸੇ ਦੀ ਸਾਂਭ ਸੰਭਾਲ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਸ ਵਰ੍ਹੇ ਦੀ ਵਿਕਾਸ ਕਾਨਫਰੰਸ ਵਿਚ ਪੰਜਾਬੀ ਵਿਰਸੇ ਦੇ ਭੂਤ ਅਤੇ ਭਵਿੱਖ ਉਤੇ ਵਿਚਾਰ ਚਰਚਾ ਕਰਨ ਦਾ ਫੈਸਲਾ ਕੀਤਾ ਹੈ। ਵਿਰਸੇ ਦੀ ਸਾਂਭ ਸੰਭਾਲ ਕਿਸੇ ਵੀ ਦੇਸ਼, ਕੌਮ ਤੇ ਜਾਤੀ ਲਈ ਏਨਾ ਮਹੱਤਵ ਰਖਦੀ ਹੈ ਕਿ ਉਸ ਬਾਰੇ ਸੋਚਦੇ ਰਹਿਣਾ ਸਭਿਆਚਾਰਾਂ ਦੇ ਰੂਪ ਤੇ ਧਾਰਾ ਨੂੰ ਨਿਖਾਰਨ ਵਿਚ ਸਹਾਈ ਹੁੰਦਾ ਹੈ। ਇਸ ਵਿਸ਼ੇ ਨੇ ਮੇਰੀ ਸੋਚ ਦੀ ਤੰਦ ਅੱਧੀ ਸਦੀ ਪਹਿਲਾਂ ਵਿਉਂਤੀ 'ਪੰਜਾਬ' ਨਾਂ ਦੀ ਉਸ ਪੁਸਤਕ ਨਾਲ ਜੋੜ ਦਿੱਤੀ ਹੈ ਜਿਹੜੀ ਪੰਜਾਬੀ ਸਭਿਆਚਾਰ ਦੇ ਸ਼ਾਹਜਹਾਂ ਵਜੋਂ ਜਾਣੇ ਜਾਂਦੇ ਮਹਿੰਦਰ ਸਿੰਘ ਰੰਧਾਵਾ ਦੀ ਦੇਖ-ਰੇਖ ਤੇ ਸੰਪਾਦਨਾ ਥੱਲੇ ਭਾਸ਼ਾ ਵਿਭਾਗ ਪੰਜਾਬ ਨੇ ਤਿਆਰ ਕੀਤੀ ਸੀ।

1957 ਦੇ ਅਪ੍ਰੈਲ ਮਹੀਨੇ ਮੁਖ ਮੰਤਰੀ ਪਰਤਾਪ ਸਿੰਘ ਕੈਰੋਂ ਨੂੰ ਲਿਖੀ ਇੱਕ ਚਿੱਠੀ ਨੇ ਪੰਜਾਬ ਦੇ ਸਿਖਿਆ ਤੇ ਭਾਸ਼ਾ ਮੰਤਰਾਲੇ ਨੂੰ ਸਿਰ ਤੋਂ ਪੈਰਾਂ ਤੱਕ ਹਲੂਣ ਛੱਡਿਆ ਸੀ। ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਪੰਜਾਬ ਸਰਕਾਰ ਨੂੰ ਪਹਿਲੀ ਵਾਰ ਹੋਸ਼ ਆਈ ਸੀ ਕਿ ਇਸ ਦੀ ਨੱਚਦੇ ਗਾਉਂਦੇ, ਉਦਮੀ, ਬੁੱਧੀਮਾਨ ਤੇ ਕਲਾਕਾਰ ਵਸੋਂ ਕੋਲ ਆਪਣੇ ਕਾਰ-ਵਿਹਾਰ, ਰਸਮ-ਰਿਵਾਜ, ਹਾਰ-ਸ਼ਿੰਗਾਰ, ਨਾਚ-ਗਾਣੇ, ਖੇਡਾਂ, ਸਾਹਿਤ, ਕਲਾ ਤੇ ਪਰੰਪਰਾ ਦੀ ਤਰਜਮਾਨੀ ਕਰਨ ਵਾਲੀ ਇਕ ਜਿਲਦ ਵਿਚ ਸੰਕਲਿਤ ਕੋਈ ਪੁਸਤਕ ਨਹੀਂ ਹੈ। ਕੈਰੋਂ ਤੇ ਰੰਧਾਵਾ ਦੀ ਪਹੁੰਚ, ਧੜੱਲੇ ਤੇ ਸ਼ਕਤੀ ਨੇ ਅਜਿਹਾ ਮਾਹੌਲ ਸਿਰਜਿਆ ਕਿ ਭਾਸ਼ਾ ਵਿਭਾਗ ਪੰਜਾਬ ਦੇ ਉਚ ਅਧਿਕਾਰੀ ਲੋੜੀਂਦਾ ਬਜਟ ਮਿਲਦੇ ਸਾਰ ਸਬੰਧਤ ਵਿਸ਼ਿਆਂ ਤੇ ਉਨ੍ਹਾਂ ਬਾਰੇ ਲਿਖਣ ਵਾਲੇ ਸੰਭਾਵੀ ਮਾਹਿਰਾਂ ਦੀ ਸੂਚੀ ਲੈ ਕੇ ਮਈ 1958 ਨੂੰ ਐਮ ਐਸ ਰੰਧਾਵਾ ਦੇ ਦਫਤਰ ਕ੍ਰਿਸ਼ੀ ਭਵਨ, ਨਵੀਂ ਦਿੱਲੀ ਵਿਖੇ ਹਾਜ਼ਰ ਹੋ ਗਏ।

ਦੋ ਘੰਟੇ ਚੱਲੀ ਇਸ ਮੀਟਿੰਗ ਵਿਚ ਸਪਤ-ਸਿੰਧੂ ਦੀ ਨਿਸ਼ਾਨਦੇਹੀ ਕਰਨ ਤੋਂ ਲੈ ਕੇ ਪੰਜਾਬ ਦੀ ਕਲਾ, ਚਿੱਤਰਕਾਰੀ, ਪਹਿਰਾਵੇ, ਲੋਕ ਨਾਚ, ਖੇਡਾਂ, ਰਸਮਾਂ, ਮੇਲਿਆਂ, ਤਿਉਹਾਰਾਂ, ਲੋਕਗੀਤਾਂ, ਲੋਕ ਕਹਾਣੀਆਂ, ਗੁਰੂਆਂ, ਸੰਤਾਂ, ਸੂਫੀਆਂ,




ਸ. ਪ੍ਰਤਾਪ ਸਿੰਘ ਕੈਰੋਂ

ਲਿੱਪੀ, ਸਾਹਿਤ, ਇਤਿਹਾਸਕ ਤੇ ਧਾਰਮਕ ਸਥਾਨਾਂ ਅਤੇ ਇਸ ਧਰਤੀ ਦੀ ਦੁਨੀਆਂ ਨੂੰ ਦੇਣ ਬਾਰੇ ਲਿਖਣ ਵਾਲਿਆਂ ਦੇ ਨਾਂ ਨਿਤਾਰੇ ਗਏ। ਲਿਖਣ ਵਾਲਿਆਂ ਵਿਚ ਡਾ. ਗੰਡਾ ਸਿੰਘ, ਗੁਰਬਖਸ਼ ਸਿੰਘ, ਮੁਲਕ ਰਾਜ ਆਨੰਦ, ਦੇਵਿੰਦਰ ਸਤਿਆਰਥੀ, ਗਿਆਨੀ ਗੁਰਦਿੱਤ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਰਾਮ ਸਿੰਘ, ਪ੍ਰੀਤਮ ਸਿੰਘ, ਕਿਰਪਾਲ ਸਿੰਘ ਨਾਰੰਗ, ਜੋਗਿੰਦਰ ਸਿੰਘ ਤੇ ਸੁਜਾਨ ਸਿੰਘ ਤੋਂ ਬਿਨਾ ਮੈਨੂੰ ਵੀ ਚੁਣਿਆ ਗਿਆ। ਲੇਖਕਾਂ ਨੂੰ ਚਿੱਠੀਆਂ ਲਿਖਣ ਵਾਲਿਆਂ ਵਿਚ ਐਮ ਐਸ ਰੰਧਾਵਾ ਤੋਂ ਬਿਨਾਂ ਪੰਜਾਬ ਸਰਕਾਰ ਦੇ ਉਚ ਅਧਿਕਾਰੀ ਵੀ ਸ਼ਾਮਲ ਸਨ। ਹਰ ਕਿਸੇ ਨੂੰ ਟਿੱਲ ਲਾ ਕੇ ਵਧੀਆ ਤੋਂ ਵਧੀਆ ਲੇਖ ਭੇਜਣ ਦੀ ਤਾਕੀਦ ਕੀਤੀ ਗਈ। ਆਨਰੇਰੀਅਮ ਦਿੱਤਾ ਗਿਆ ਤੇ ਅਜਿਹੀ ਰਚਨਾ ਹੋਂਦ ਵਿਚ ਆਈ ਜਿਸ ਦਾ ਅੱਜ ਤੱਕ ਕੋਈ ਜਵਾਬ ਨਹੀਂ। ਹਰੀ ਕ੍ਰਿਸ਼ਨ ਗੋਰਖਾ ਦੀਆਂ ਖਿੱਚੀਆਂ ਤਸਵੀਰਾਂ ਹੀ ਨਹੀਂ ਪਬਲੀਕੇਸ਼ਨ ਡਿਵੀਜ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਆਲ ਇੰਡੀਆ ਫਾਈਨ ਆਰਟਸ ਐਂਡ ਕਰਾਫਟਸ ਸੁਸਾਇਟੀ ਤੋਂ ਪ੍ਰਾਪਤ ਕੀਤੀਆਂ ਦਰਜਨਾਂ ਲਾਸਾਨੀ ਤਸਵੀਰਾਂ, ਕੰਧ ਚਿੱਤਰ, ਗੁਰੂ ਸਾਹਿਬਾਨ ਦੀਆਂ ਹੱਥ ਲਿਖਤਾਂ ਦੇ ਨਮੂਨੇ ਅਤੇ ਸਤੀਸ਼ ਗੁਜਰਾਲ, ਠਾਕਰ ਸਿੰਘ, ਸੋਭਾ ਸਿੰਘ ਤੇ ਧਨ ਰਾਜ ਭਗਤ ਦੇ ਚਿੱਤਰ ਇਸ ਵੱਡ ਆਕਾਰੀ ਰਚਨਾ ਦਾ ਸ਼ਿੰਗਾਰ ਬਣੇ। ਸਮਗਰੀ ਕਿਸ ਪਾਏ ਦੀ ਹੈ, ਬਾਰੇ ਮੈਂ ਏਨਾ ਹੀ ਕਹਿ ਸਕਦਾ ਹਾਂ ਕਿ ਮੈਂ ਇਸ ਪੁਸਤਕ ਦੇ ਪੰਨੇ ਫਰੋਲਦਿਆਂ ਗੁਰਦਿਤ ਸਿੰਘ ਗਿਆਨੀ ਵਲੋਂ ਲਿਖੀ ਪੂਰਨ ਭਗਤ ਦੀ ਗਾਥਾ ਮੁੜ ਪੜ੍ਹੀ ਹੈ ਜਿਸ ਨੇ ਕਾਦਰਯਾਰ ਦਾ ਪੂਰਾ ਕਿੱਸਾ ਚੇਤੇ ਕਰਵਾ ਦਿੱਤਾ ਹੈ।

ਹੁਣ ਜਦੋਂ ਕਿ ਉਸ ਪੁਸਤਕ ਨੂੰ ਛਪਿਆਂ ਅੱਧੀ ਸਦੀ ਤੋਂ ਵਧ ਸਮਾਂ ਲੰਘ ਚੁੱਕਿਆ ਹੈ ਤੇ ਇਸ ਅਰਸੇ ਵਿਚ ਅੱਧੀ ਦਰਜਨ ਯੂਨੀਵਰਸਿਟੀਆਂ ਤੋਂ ਬਿਨਾ ਹੋਰ ਕਈ ਸੰਸਥਾਵਾਂ ਪੰਜਾਬ ਦੇ ਸਮਾਜਕ ਸਭਿਆਚਾਰਕ ਤੇ ਆਰਥਕ ਵਿਕਾਸ ਵਿਚ ਵਧੀਆ ਯੋਗਦਾਨ ਪਾ ਰਹੀਆਂ ਹਨ, ਸਾਨੂੰ ਚਾਹੀਦਾ ਹੈ ਕਿ ਅਜਿਹਾ ਪਲੇਟਫਾਰਮ ਸਿਰਜੀਏ ਜਿਹੜਾ ਉਸ ਵੇਲੇ ਦੇ ਕੈਰੋਂ ਤੇ ਰੰਧਾਵਾ ਵਾਲਾ ਸੁਮੇਲ ਜੁਟਾ ਕੇ ਉਸ ਪੁਰਾਣੀ ਰਚਨਾ ਦੀਆਂ ਨੀਹਾਂ ਉਤੇ ਨਵੀਂ ਪੁਸਤਕ ਤਿਆਰ ਕਰਵਾ ਸਕੇ।



ਡਾ. ਮਹਿੰਦਰ ਸਿੰਘ ਰੰਧਾਵਾ

ਭਾਸ਼ਾ ਵਿਭਾਗ ਨੇ ਨਵੇਂ ਐਡੀਸ਼ਨਾਂ ਵਿਚ ਬਣਦੇ ਸਰਦੇ ਵਾਧੇ ਕਰਨ ਦਾ ਯਤਨ ਕੀਤਾ ਹੈ ਜਿਹੜਾ ਕਾਫੀ ਨਹੀਂ। ਉਕਾ ਹੀ ਨਹੀਂ।

ਅਜੋਕੇ ਪੰਜਾਬ ਵਿਚੋਂ ਉਸ ਵੇਲੇ ਦੇ ਪੰਜਾਬ ਦੀ ਹਿਮਾਚਲ ਤੇ ਹਰਿਆਣਾ ਵਾਲੀ ਵੰਨਸੁਵੰਨਤਾ ਨਿਕਲ ਜਾਣ ਦੇ ਬਾਵਜੂਦ ਬਹੁਤ ਕੁੱਝ ਨਵਾਂ, ਵਿਲੱਖਣ ਤੇ ਨਿਵੇਕਲਾ ਸ਼ਾਮਲ ਹੋਇਆ ਹੈ ਜਿਹੜਾ ਇਕ ਜਿਲਦ ਵਿਚ ਦਰਜ ਹੋਣਾ ਲੋਚ ਰਿਹਾ ਹੈ। ਲੋੜ ਵਿਕਾਸ ਦੇ ਵਗਦੇ ਪਾਣੀਆਂ ਦੇ ਅੰਗ-ਸੰਗ ਤੁਰ ਕੇ ਉਦੋਂ ਵਾਲੇ 'ਪੰਜਾਬ' ਨਾਲੋਂ ਵੀ ਵਧੀਆ ਰਚਨਾ ਤਿਆਰ ਕਰਨ ਦੀ ਹੈ। ਆਸ ਹੈ ਕਿ ਵਿਰਸੇ ਦੀ ਸਾਂਭ ਸੰਭਾਲ ਨੂੰ ਪ੍ਰਣਾਈ ਵਿਕਾਸ ਕਾਨਫਰੰਸ ਹੋਰ ਗੱਲਾਂ ਤੋਂ ਬਿਨਾ ਇਸ ਪਾਸੇ ਵੀ ਧਿਆਨ ਦੇਵੇਗੀ। ਇਹ ਗੱਲ ਮੇਰੇ ਕੋਲੋਂ ਉਸ ਪੁਸਤਕ ਦੇ ਸਾਰੇ ਦੇ ਸਾਰੇ ਲੇਖਕਾਂ ਤੇ ਸੰਪਾਦਕੀ ਮੰਡਲ ਦੇ ਮੈਂਬਰਾਂ ਦਾ ਇੱਕੋ ਇੱਕ ਜੀਵਤ ਪ੍ਰਤੀਨਿਧ ਰਹਿ ਜਾਣ ਦਾ ਤੱਥ ਅਖਵਾ ਰਿਹਾ ਹੈ। ਮੈਂ ਇਹ ਚਾਹਨਾ ਇੱਕ ਦੋ ਵਾਰੀ ਪਹਿਲਾਂ ਵੀ ਪ੍ਰਗਟ ਕਰ ਚੁੱਕਾ ਹਾਂ। ਸਫਲਤਾ ਨਹੀਂ ਹੋਈ। ਹੁਣ ਇਹ ਰਾਹ ਚੁਣਿਆ ਹੈ। ਹੈ ਕੋਈ ਇਸ ਮਾਰਗ ਦਾ ਮੁਸਾਫਰ?

**ਅੰਤਿਕਾ:** ਅਸਦ ਅੱਲਾ ਖਾਂ ਗ਼ਾਲਿਬ

ਹੂਏ ਹੈਂ ਪਾਂਓਂ ਹੀ ਪਹਿਲੇ
ਨਬੁਰਦ ਏ ਇਸ਼ਕ ਮੇਂ ਜ਼ਖਮੀ,
ਨਾ ਭਾਗਾ ਜਾਏ ਹੈ ਮੁੱਝ ਸੇ
ਨਾ ਠਹਿਰਾ ਜਾਏ ਹੈ ਮੁਝ ਸੇ।
ਸੰਭਲਨੇ ਦੇ ਮੁਝੇ ਐ ਨਾਉਮੀਦੀ
ਕਿਆ ਕਿਆਮਤ ਹੈ,
ਕਿ ਦਾਸਤਾਨ ਏ ਖਿਆਲ-ਏ-ਯਾਰ
ਛੂਟਾ ਜਾਏ ਹੈ ਮੁਝ ਸੇ।


## Pizza Business For Lease

*in Battle Creek, Michigan*

**Good opportunity to own a business with a small investment.**

ਬਹੁਤ ਥੋੜੀ ਪੂੰਜੀ ਨਾਲ ਬਿਜਨਸ ਦੇ ਮਾਲਕ ਬਣਨ ਦਾ ਸੁਨਹਿਰੀ ਮੌਕਾ, ਬੈਟਲ ਕਰੀਕ, ਮਿਸ਼ੀਗਨ ਵਿਚ ਪੀਜ਼ਾ ਬਿਜਨਸ ਲੀਜ਼ ਲਈ ਉਪਲਬਧ ਹੈ

*Contact: Harpal Singh*

**Ph:269-420-8135**


## ਇੰਗਲੈਂਡ ਵਿਚ ਬਲੈਕ ਐਂਡ ਵਾਈਟ ਟੀ.ਵੀ. ਮਕਬੂਲ

**ਲੰਡਨ:** ਪਲਾਜਮਾ, ਫਲੈਟ ਸਕਰੀਨ ਤੇ ਹਾਈ-ਡੈਫੀਨੇਸ਼ਨ ਟੈਲੀਵਿਜ਼ਨਾਂ ਦੇ ਦੌਰ ਵਿਚ ਬਰਤਾਨਵੀ ਅਜੇ ਵੀ ਬਲੈਕ ਐਂਡ ਵਾਈਟ ਟੀਵੀ ਵੇਖਣ ਦੇ ਸ਼ੌਕੀਨ ਹਨ। ਇਕ ਤਾਜ਼ਾ ਰਿਪੋਰਟ ਅਨੁਸਾਰ ਅਜੇ ਵੀ 13000 ਬਰਤਾਨਵੀਆਂ ਦੇ ਘਰਾਂ ਵਿਚ ਬਲੈਕ ਐਂਡ ਵਾਈਟ ਟੀ.ਵੀ. ਹੈ। ਸਾਲ 2006 ਵਿਚ ਇਨ੍ਹਾਂ ਦੀ ਗਿਣਤੀ 212,000 ਤੋਂ ਘਟ ਕੇ 50 ਹਜ਼ਾਰ ਰਹਿ ਗਈ ਸੀ ਪਰ ਹੁਣ 13202 ਪਰਿਵਾਰ ਹੀ ਇਹ ਟੀ.ਵੀ. ਵੇਖਦੇ ਹਨ। ਇਸ ਵੇਲੇ ਲੰਡਨ ਵਿਚ 2700, ਬਰਮਿੰਘਮ ਵਿਚ 574, ਮੈਨਚੈਸਟਰ ਵਿਚ 413 ਤੇ ਗਲਾਸਗੋ ਵਿਚ 256 ਬਲੈਕ ਐਂਡ ਵਾਈਟ ਟੀ.ਵੀ. ਹਨ।


## ਗ੍ਰੰਥੀ ਸਿੰਘ ਦੀ ਲੋੜ ਹੈ

**ਨਾਰਥ ਕੈਰੋਲਾਈਨਾ ਦੇ ਦੁਰਹਮ ਸ਼ਹਿਰ ਵਿਚ ਗੁਰਦੁਆਰਾ ਸਾਹਿਬ ਲਈ ਗ੍ਰੰਥੀ ਸਿੰਘ ਦੀ ਲੋੜ ਹੈ। ਗ੍ਰੰਥੀ ਸਿੰਘ ਕਥਾ, ਕੀਰਤਨ ਕਰ ਸਕਦਾ ਹੋਵੇ ਅਤੇ ਬੱਚਿਆਂ ਨੂੰ ਕੀਰਤਨ ਅਤੇ ਦਸਤਾਰਾਂ ਸਜਾਉਣਾ ਸਿਖਾਉਣ ਵਿਚ ਮੁਹਾਰਤ ਰੱਖਦਾ ਹੋਵੇ।**

*ਸੰਪਰਕ ਕਰੋ:*

ਫੋਨ 919-949-6497, 252-218-6700





## Global Multi Services

### ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

### ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

**ਇਸ ਮਹੀਨੇ ਸਪੈਸ਼ਲ ਆਫਰ**

**8 Drive Tire for $2300+Tax**

**80,000 Miles Warranty**



*Repair Shop*

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
**ਫੋਨ: 209-547-9210**
**ਫੈਕਸ: 209-547-9211**

**Dispatch**

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
**ਫੋਨ: 209-547-9210**
**ਫੈਕਸ: 209-547-9211**

*Registration Services*

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।
**ਫੋਨ: 209-982-9996**
**ਫੈਕਸ: 209-982-9997**



Rajinder Singh

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ**
**Stockton ਵਿਚ Highway 4 ਦੇ ਬਿਲਕੁਲ ਨਜ਼ਦੀਕ**
**1950 E. Miner Ave., Stockton, CA 95205**

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ



Manitpal Singh

**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**

# ਛੇ ਸਾਲਾਂ 'ਚ ਅਮਰੀਕਾ ਨੂੰ ਪਛਾੜੇਗਾ ਚੀਨ

## ਤਿੰਨ ਦਹਾਕਿਆਂ ਦੌਰਾਨ ਮਹਾਂ ਸ਼ਕਤੀ ਬਣਨ ਦੇ ਆਸਾਰ

**ਸਿਡਨੀ:** ਆਰਥਿਕ ਵਿਕਾਸ ਦੇ ਖੇਤਰ ਵਿਚ ਤੇਜ਼ੀ ਨਾਲ ਉਭਰ ਰਿਹਾ ਚੀਨ ਅਗਲੇ ਛੇ ਸਾਲਾਂ ਵਿਚ ਵਿਸ਼ਵ ਦੀ ਮਹਾਂਸ਼ਕਤੀ ਨੂੰ ਪਛਾੜ ਦੇਵੇਗਾ। ਇਸ ਬਾਰੇ ਇਕ ਖੋਜ ਸੰਸਥਾ ਨੇ ਪੇਸ਼ੀਨਗੋਈ ਕੀਤੀ ਹੈ ਕਿ 2019 ਤੱਕ ਚੀਨ ਦਾ ਅਰਥਚਾਰਾ ਅਮਰੀਕੀ ਅਰਥਚਾਰੇ ਨੂੰ ਪਿਛਾਂਹ ਛੱਡ ਜਾਵੇਗਾ ਤੇ ਅਗਲੇ ਤਿੰਨ ਦਹਾਕਿਆਂ ਦੌਰਾਨ ਚੀਨ ਦੁਨੀਆ ਦਾ ਸਭ ਤੋਂ ਅਹਿਮ ਦੇਸ਼ ਬਣ ਜਾਵੇਗਾ। ਇਹ ਲੱਭਤਾਂ ਚੀਨੀ ਵਿਗਿਆਨ ਅਕਾਦਮੀ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿਚ ਪੇਸ਼ ਕੀਤੀਆਂ ਗਈਆਂ ਹਨ।




ਹਾਲਾਂਕਿ ਇਸ ਪੇਸ਼ੀਨਗੋਈ ਦਾ ਇਕ ਪੈਮਾਨਾ ਉਜਾਗਰ ਨਹੀਂ ਕੀਤਾ ਗਿਆ ਪਰ 'ਹੈਰਾਲਡ ਸੰਨ' ਵਿਚ ਛਪੀ ਰਿਪੋਰਟ ਅਨੁਸਾਰ 100 ਸਭ ਤੋਂ ਤੰਦਰੁਸਤ ਦੇਸ਼ਾਂ ਵਿਚੋਂ ਚੀਨ ਇਸ ਵੇਲੇ 11ਵੇਂ ਸਥਾਨ 'ਤੇ ਹੈ। ਕੋਸਟਾ ਕਾਲਾ ਇਸ ਤੋਂ ਇਕ ਪੌੜੀ ਅੱਗੇ ਹੈ ਜਦਕਿ ਸਵੀਡਨ ਅੱਵਲ ਤਰੀਨ ਦਰਜੇ 'ਤੇ ਹੈ। ਸਰਕਾਰੀ ਖ਼ਬਰ ਏਜੰਸੀ ਸਿਨਹੂਆ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਦੇ ਕੌਮੀ ਸਿਹਤ ਦਰਜੇ ਨੂੰ ਕੌਮਾਂਤਰੀ ਮਿਆਰ ਦਾ ਮੰਨਿਆ ਗਿਆ ਹੈ ਜਦਕਿ ਅਮਰੀਕਾ, ਜਪਾਨ ਤੇ ਬਰਤਾਨੀਆ ਨੂੰ ਤੰਦਰੁਸਤੀ ਦੇ ਮਾਮਲੇ ਵਿਚ ਕਮਜ਼ੋਰ ਮਾਪਿਆ ਗਿਆ ਹੈ।

ਰਿਪੋਰਟ ਮੁਤਾਬਕ ਚੀਨ ਦੇ ਜ਼ਬਰਦਸਤ ਆਰਥਿਕ ਵਿਕਾਸ, ਫੌਜੀ ਖਰਚ ਵਿਚ ਵਾਧੇ ਤੇ ਏਸ਼ੀਆ ਪ੍ਰਸ਼ਾਂਤ ਖਿੱਤੇ ਵਿਚ ਇਸ ਦੇ ਸੁਰੱਖਿਆ ਹਿੱਤਾਂ ਦੇ ਅਮਰੀਕਾ ਨਾਲ ਟਕਰਾਅ ਤੋਂ ਇਹ ਤੌਖਲੇ ਲਾਏ ਜਾ ਰਹੇ ਸਨ ਕਿ ਕੀ ਦੇਸ਼ ਆਉਣ ਵਾਲੇ ਦਹਾਕਿਆਂ ਦੌਰਾਨ ਆਪਣਾ ਆਲਮੀ ਅਸਰ ਰਸੂਖ ਵਧਾਉਣ ਦੇ ਰਾਹ ਵਿਚ ਆਉਂਦੀਆਂ ਔਕੜਾਂ ਨੂੰ ਪਾਰ ਕਰ ਸਕੇਗਾ। ਉਂਜ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਕਰੀਬੀ 'ਗਲੋਬਲ ਟਾਈਮਜ਼' ਅਖ਼ਬਾਰ ਨੇ ਲਿਖਿਆ ਹੈ ਕਿ ਖੋਜ ਸੰਸਥਾਨ ਦੀਆਂ ਇਨ੍ਹਾਂ ਲੱਭਤਾਂ ਨੂੰ ਕੁਝ ਲੋਕਾਂ ਨੇ ਅੰਧ-ਰਾਸ਼ਟਰਵਾਦੀ ਕਰਾਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਰਿਪੋਰਟ ਅਨੁਸਾਰ ਕੌਮਾਂਤਰੀ ਮਾਹਿਰਾਂ ਨੂੰ ਵੱਡੇ ਪੱਧਰ 'ਤੇ ਉਮੀਦ ਹੈ ਕਿ ਆਪਣੀ ਉੱਚ ਆਰਥਿਕ ਵਿਕਾਸ ਦਰ ਦੇ ਦਮ 'ਤੇ ਚੀਨ ਇਸ ਸਦੀ ਦੇ ਪਹਿਲੇ ਅੱਧ ਤੱਕ ਕੁੱਲ ਘਰੇਲੂ ਪੈਦਾਵਾਰ ਜਾਂ ਕੁੱਲ ਅਕਾਰ ਦੇ ਲਿਹਾਜ ਤੋਂ ਅਮਰੀਕੀ ਅਰਥਚਾਰੇ ਨੂੰ ਪਿਛਾਂਹ ਛੱਡ ਜਾਵੇਗਾ ਹਾਲਾਂਕਿ ਸਹੀ ਸਾਲ ਤੇ ਪੈਮਾਨੇ ਨੂੰ ਲੈ ਕੇ ਇਕ ਰਾਏ ਨਹੀਂ ਬਣੀ। ਉਂਜ ਉਹ ਇਹ ਵੀ ਦੇਖ ਰਹੇ ਹਨ ਕਿ ਚੀਨ ਦੀ ਭਾਰੀ-ਭਰਕਮ 1.3 ਅਰਬ ਵਸੋਂ ਦੇ ਮੱਦੇਨਜ਼ਰ ਅਮਰੀਕਾ ਪ੍ਰਤੀ ਜੀਅ ਆਮਦਨ ਦੇ ਲਿਹਾਜ ਨਾਲ ਸਭ ਤੋਂ ਅਮੀਰ ਦੇਸ਼ ਬਣਿਆ ਰਹਿ ਸਕਦਾ ਹੈ।

# ਇਤਿਹਾਸਕ ਬਾਈਬਲਾਂ ਨਾਲ ਸਹੁੰ ਚੁੱਕਣਗੇ ਰਾਸ਼ਟਰਪਤੀ ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਇਸ ਮਹੀਨੇ ਦੇ ਅਖੀਰ ਵਿਚ ਹੋਣ ਵਾਲੇ ਆਪਣੇ ਸਹੁੰ ਚੁੱਕ ਸਮਾਗਮ ਵਿਚ ਇਤਿਹਾਸਕ ਬਾਈਬਲਾਂ 'ਤੇ ਹੱਥ ਰੱਖ ਕੇ ਅਹੁਦੇ ਦਾ ਹਲਫ ਲੈਣਗੇ। ਉਹ ਅਬਰਾਹਮ ਲਿੰਕਨ ਤੇ ਮਾਰਟਿਨ ਲੂਥਰ ਕਿੰਮ ਵੱਲੋਂ ਵਰਤੀਆਂ ਗਈਆਂ ਬਾਈਬਲਾਂ ਨਾਲ ਹਲਫ ਲੈਣਗੇ। 20 ਜਨਵਰੀ ਨੂੰ ਇਕ ਸਮਾਰੋਹ ਵਿਚ ਓਬਾਮਾ, ਮਿਸ਼ੇਲ ਓਬਾਮਾ ਦੇ ਪਰਿਵਾਰ ਦੀ ਬਾਈਬਲ ਨਾਲ ਸਹੁੰ ਚੁੱਕਣਗੇ। 21 ਜਨਵਰੀ ਨੂੰ ਰਸਮੀ ਉਦਘਾਟਨ ਮੌਕੇ ਉਹ ਦੋ ਬਾਈਬਲਾਂ ਨਾਲ ਹਲਫ ਲੈਣਗੇ।



ਰਾਸ਼ਟਰਪਤੀ ਅਬਰਾਹਮ ਲਿੰਕਨ ਵੱਲੋਂ ਪਹਿਲੀ ਵਾਰ ਸਹੁੰ ਚੁੱਕਣ ਸਮੇਂ ਵਰਤੀ ਗਈ ਬਾਈਬਲ ਵਰਤਣਗੇ। ਇਹੋ ਬਾਈਬਲ ਓਬਾਮਾ ਨੇ 2009 ਵਿਚ ਵਰਤੀ ਸੀ ਤੇ ਦੂਜੀ ਬਾਈਬਲ ਰੈਵਰੈਂਡ ਮਾਰਟਿਨ ਲੂਥਰ ਕਿੰਮ ਜੂਨੀਅਰ ਨੇ ਵਰਤੀ ਸੀ। ਭਾਵੇਂ ਸਹੁੰ ਚੁੱਕਣ ਸਮੇਂ ਬਾਈਬਲ ਕੋਲ ਰੱਖਣਾ ਸੰਵਿਧਾਨ ਮੁਤਾਬਕ ਕੋਈ ਜ਼ਰੂਰੀ ਨਹੀਂ ਪਰ ਓਬਾਮਾ ਨੇ ਅਜਿਹੇ ਮੌਕਿਆਂ 'ਤੇ ਇਤਿਹਾਸਕ ਬਾਈਬਲਾਂ ਨਾਲ ਹੀ ਸਹੁੰ ਚੁੱਕੀ ਸੀ। 2009 ਵਿਚ ਰਾਸ਼ਟਰਪਤੀ ਓਬਾਮਾ, ਲਿੰਕਨ ਵੱਲੋਂ 1861 ਵਿਚ ਪਹਿਲੀ ਵਾਰ ਵਰਤੀ ਗਈ ਬਾਈਬਲ ਨਾਲ ਸਹੁੰ ਚੁੱਕਣ ਵਾਲੇ ਪਹਿਲੇ ਰਾਸ਼ਟਰਪਤੀ ਬਣੇ ਸਨ। ਰਾਬਿਨਸਨ ਪਰਿਵਾਰ ਦੀ ਇਹ ਬਾਈਬਲ ਖਾਸ ਉਸ ਮੌਕੇ ਲਈ ਚੁਣੀ ਗਈ ਸੀ।

ਇਹ ਬਾਈਬਲ ਪ੍ਰਥਮ ਮਹਿਲਾ ਦੇ ਪਿਤਾ ਫਰੇਜ਼ਰ ਰਾਬਿਨਸਨ 999 ਨੇ ਆਪਣੀ ਮਾਂ ਲਾ ਵਾਓਨ ਡਿਲੋਰਜ਼ ਰਾਬਿਨਸਨ ਨੂੰ ਮਾਂ ਦਿਵਸ 'ਤੇ 1958 ਵਿਚ ਇਹ ਭੇਟ ਕੀਤੀ ਸੀ। ਕਾਂਗਰਸ ਦੀ ਲਾਇਬਰੇਰੀ ਵਿਚਲੇ ਸੰਗ੍ਰਹਿ ਦਾ ਹਿੱਸਾ ਲਿੰਕਨ ਬਾਈਬਲ ਅਸਲ ਵਿਚ ਸੁਪਰੀਮ ਕੋਰਟ ਦੇ ਕਲਰਕ ਵਿਲੀਅਮ ਥਾਮਸ ਕੈਰੋਲ ਨੇ ਮਾਰਚ 1861 ਨੂੰ ਲਿੰਕਨ ਦੇ ਸਹੁੰ ਚੁੱਕਣ ਦੀ ਰਸਮ ਲਈ ਖਰੀਦੀ ਸੀ। ਦਿ ਕਿੰਮ ਬਾਈਬਲ ਨੂੰ ਡਾ. ਕਿੰਮ ਯਾਤਰਾ ਵੇਲੇ ਨਾਲ ਰੱਖਦੇ ਸਨ।

# ਧਾਰਮਿਕ ਪੱਖੋਂ ਅਮਰੀਕੀ ਕਾਂਗਰਸ ਬਣੀ ਬਹੁਰੰਗੀ

**ਵਾਸ਼ਿੰਗਟਨ:** ਨਵੇਂ ਸਿਰਿਓਂ ਆਪਣਾ ਦੋ ਸਾਲ ਦਾ ਕਾਰਜਕਾਲ ਆਰੰਭ ਕਰਨ ਵਾਲੀ ਅਮਰੀਕੀ ਕਾਂਗਰਸ ਇਸ ਵਾਰ ਧਰਮ ਪੱਖੋਂ ਜ਼ਿਆਦਾ ਮੋਕਲੀ ਹੈ। ਐਤਕੀਂ ਇਸ ਵਿਚ ਦੇਸ਼ ਦਾ ਪਹਿਲਾ ਬੋਧੀ ਸੈਨੇਟਰ ਤੇ ਪਹਿਲਾ ਹਿੰਦੂ ਮੈਂਬਰ ਵੀ ਸ਼ਾਮਲ ਹੈ। ਪਿਊ ਰਿਸਰਚ ਵੱਲੋਂ ਕੀਤੇ ਸਰਵੇਖਣ ਵਿਚ ਇਹ ਖੁਲਾਸਾ ਹੋਇਆ ਹੈ। ਨਵੀਂ 113ਵੀਂ ਕਾਂਗਰਸ ਵਿਚ ਇਕ ਬੋਧੀ ਸੈਨੇਟਰ ਤੇ ਇਕ ਹਿੰਦੂ ਦੇ ਨਾਲ-ਨਾਲ ਇਕ ਅਜਿਹਾ ਮੈਂਬਰ ਵੀ ਚੈਂਬਰ ਵਿਚ ਆਇਆ ਹੈ ਜਿਸ ਨੇ ਕਿਹਾ ਹੈ ਕਿ ਉਸ ਦਾ ਕੋਈ ਧਰਮ ਨਹੀਂ। ਇਸ ਨਾਲ ਕਾਂਗਰਸ ਧਾਰਮਿਕ ਪੱਖੋਂ ਹੋਰ ਬਹੁਰੰਗੀ ਹੋਈ ਹੈ ਜਿਸ ਤੋਂ ਅਸਲ ਵਿਚ ਸਮੁੱਚੇ ਦੇਸ਼ ਦਾ ਝਲਕਾਰਾ ਮਿਲਦਾ ਹੈ।



ਭਾਵੇਂ ਕਾਂਗਰਸ ਵਿਚ ਅਜੇ ਵੀ ਪ੍ਰੋਟੈਸਟੈਂਟ ਬਹੁਗਿਣਤੀ ਹਨ ਪਰ ਪੰਜਾਹ ਸਾਲ ਪਹਿਲਾਂ ਵਾਲੀ ਹਾਲਤ ਨਾਲੋਂ ਹੁਣ ਇਹ ਕਿਤੇ ਵੱਖਰੀ ਹੈ। 50 ਸਾਲ ਪਹਿਲਾਂ ਅਮਰੀਕੀ ਕਾਂਗਰਸ ਦੇ ਤਿੰਨ ਚੌਥਾਈ ਮੈਂਬਰ ਪ੍ਰੋਟੈਸਟੈਂਟ ਸਨ। 533 ਮੈਂਬਰਾਂ ਵਿਚੋਂ ਕੈਥੋਲਿਕਾਂ ਦੀ ਗਿਣਤੀ (30 ਫੀਸਦੀ ਤੋਂ ਵੱਧ) ਸਭ ਤੋਂ ਜ਼ਿਆਦਾ ਵਧੀ ਹੈ। ਪਿਊ ਰਿਸਰਚ ਅਨੁਸਾਰ ਗਿਣਤੀ ਪੱਖੋਂ ਪ੍ਰੋਟੈਸਟੈਂਟਾਂ ਤੇ ਯਹੂਦੀਆਂ ਨੂੰ ਵੱਡੇ ਪੱਧਰ 'ਤੇ ਖੋਰਾ ਲੱਗਿਆ ਹੈ। ਯਹੂਦੀਆਂ ਕੋਲ ਹੁਣ 33 ਸੀਟਾਂ (ਛੇ ਫੀਸਦੀ) ਜੋ 112ਵੀਂ ਕਾਂਗਰਸ ਨਾਲੋਂ ਛੇ ਘੱਟ ਹਨ।

ਪ੍ਰੋਟੈਸਟੈਂਟਾਂ ਨੇ ਅੱਠ ਸੀਟਾਂ ਗੁਆਈਆਂ ਹਨ ਹਾਲਾਂਕਿ ਉਨ੍ਹਾਂ ਕੋਲ ਸੀਟਾਂ ਦਾ ਅਨੁਪਾਤ ਉਹੀ ਹੈ। ਪਿਊ ਅਨੁਸਾਰ ਪਿਛਲੇ ਕੁਝ ਸਾਲਾਂ ਤੋਂ ਬੋਧੀ, ਮੁਸਲਿਮ ਤੇ ਹਿੰਦੂ ਵੀ ਅਮਰੀਕਾ ਵਿਚ ਆਪਣੀ ਬਾਲਗ ਆਬਾਦੀ ਦੇ ਅਨੁਸਾਰ ਪ੍ਰਤੀਨਿਧਤਾ ਲੈ ਰਹੇ ਹਨ ਪਰ ਕੁਝ ਛੋਟੇ ਧਾਰਮਿਕ ਸਮੂਹ ਜਿਵੇਂ ਜਿਓਵਾਹ ਆਦਿ ਦੀ ਕਾਂਗਰਸ ਵਿਚ ਕੋਈ ਪ੍ਰਤੀਨਿਧਤਾ ਨਹੀਂ ਹੈ। ਹਵਾਈ ਤੋਂ ਡੈਮੋਕਰੈਟ ਤੁਲਸੀ ਗਾਬਾਰਡ ਪ੍ਰਤੀਨਿਧ ਸਦਨ ਜਾਂ ਸੈਨੇਟ ਵਿਚ ਪਹਿਲੀ ਹਿੰਦੂ ਮੈਂਬਰ ਹੈ।

2006 ਵਿਚ ਹਿਰੋਨੋ ਤੇ ਕਾਂਗਰਸ ਦੇ ਹੈਂਕ ਜੌਹਨਸਨ (ਜਾਰਜੀਆ ਤੋਂ) ਸਦਨ ਲਈ ਚੁਣੇ ਗਏ ਪਹਿਲੇ ਬੋਧੀ ਮੈਂਬਰ ਸਨ। ਚਾਰ ਸਾਲ ਮਗਰੋਂ ਹਵਾਈ ਤੋਂ ਕੋਲੀਨ ਹਾਨਾਬੁਸਾ ਤੀਜੇ ਮੈਂਬਰ ਵਜੋਂ ਸ਼ਾਮਲ ਹੋਈ। ਜੌਹਨਸਨ ਤੇ ਹਾਨਾਬੁਸਾ 113ਵੀਂ ਕਾਂਗਰਸ ਲਈ ਵੀ ਚੁਣੇ ਗਏ ਹਨ। ਸੈਨੇਟ ਵਿਚ ਚੁਣਿਆ ਗਿਆ ਪਹਿਲਾ ਮੁਸਲਿਮ ਲੀਥ ਐਲਿਸਨ ਮਿਨੀਸੋਟਾ ਤੋਂ 2006 ਵਿਚ ਚੁਣਿਆ ਗਿਆ ਸੀ।

ਪਹਿਲਾ ਮੋਰਮੋਨ ਜੌਹਨ ਮਿਲਟਨ ਬਰਨਹਿਜ਼ੇਲ 1851 ਵਿਚ ਉਟਾਹ ਤੋਂ ਚੁਣਿਆ ਗਿਆ ਸੀ। ਕੈਲੀਫੋਰਨੀਆ ਤੋਂ ਡੈਮੋਕਰੈਟ ਦਲੀਪ ਸਿੰਘ ਸੌਂਧ ਹੁਣ ਤਕ ਦਾ ਪਹਿਲਾ ਸਿੱਖ ਮੈਂਬਰ ਹੈ। ਉਹ 1957 ਤੋਂ ਲੈ ਕੇ ਤਿੰਨ ਵਾਰ ਕਾਂਗਰਸ ਮੈਂਬਰ ਬਣਿਆ। 1973 'ਚ ਕੈਲੀਫੋਰਨੀਆ ਤੋਂ ਚੁਣੇ ਪੀਟ ਸਟਾਰਕ ਨੇ ਪਹਿਲੀ ਵਾਰ 2007 ਵਿਚ ਕਿਹਾ ਸੀ ਕਿ ਉਹ ਰੱਬ ਵਿਚ ਯਕੀਨ ਨਹੀਂ ਰੱਖਦਾ।

# ਕੈਲੀਫੋਰਨੀਆ 'ਚ ਬਦਲੇਗੀ ਬਲਾਤਕਾਰ ਦੀ ਕਾਨੂੰਨੀ ਪਰਿਭਾਸ਼ਾ

**ਵਾਸ਼ਿੰਗਟਨ:** ਵਿਸ਼ਵ ਭਰ ਵਿਚ ਔਰਤਾਂ 'ਤੇ ਅੱਤਿਆਚਾਰ ਦੇ ਸ਼ੋਸ਼ਣ ਦਾ ਮੁੱਦਾ ਭਾਰੂ ਹੋਣ ਤੋਂ ਬਾਅਦ ਹੁਣ ਕੈਲੀਫੋਰਨੀਆ ਵਿਚ ਵੀ ਬਲਾਤਕਾਰ ਦੀ ਕਾਨੂੰਨੀ ਪਰਿਭਾਸ਼ਾ ਨੂੰ ਬਦਲਣ ਦੀ ਤਿਆਰੀ ਕੀਤੀ ਜਾ ਰਹੀ ਹੈ। ਜੇਕਰ ਇਹ ਕਾਨੂੰਨੀ ਸੋਧ ਕੀਤੀ ਜਾਂਦੀ ਹੈ ਤਾਂ ਇਸ ਨਾਲ ਬਲਾਤਕਾਰ ਦੀ ਕਾਨੂੰਨੀ ਪਰਿਭਾਸ਼ਾ ਦਾ ਦਾਇਰਾ ਵਿਸ਼ਾਲ ਹੋ ਜਾਵੇਗਾ ਤੇ ਜਬਰ ਜਨਾਹ ਦੇ ਦੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਰਾਹ ਖੁੱਲ੍ਹ ਜਾਵੇਗਾ।

ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਕਮਲਾ ਹੈਰਿਸ ਤੇ ਸੂਬਾਈ ਕਾਨੂੰਨਸਾਜ਼ਾਂ ਨੇ ਇਕ 140 ਸਾਲ ਪੁਰਾਣੇ ਕਾਨੂੰਨ ਨੂੰ ਬਦਲਣ ਲਈ ਹੱਥ ਮਿਲਾ ਲਏ ਹਨ ਜਿਸ ਤਹਿਤ ਬਲਾਤਕਾਰ ਦਾ ਕੇਸ ਤਦ ਹੀ ਦਰਜ ਕੀਤਾ ਜਾਂਦਾ ਹੈ ਜੇ ਪੀੜਤ ਵਿਆਹੁਤਾ ਹੋਵੇ। ਇਹ ਪੇਸ਼ਕਦਮੀ ਉਦੋਂ ਸ਼ੁਰੂ ਹੋਈ ਜਦੋਂ ਪਿਛਲੇ ਹਫ਼ਤੇ ਲਾਸ ਏਂਜਲਸ ਦੀ ਅਦਾਲਤ ਨੇ ਤਿੰਨ ਸਾਲ ਦੀ ਬੱਚੀ ਨਾਲ ਹੋਏ ਬਲਾਤਕਾਰ ਦਾ ਕੇਸ ਖਾਰਜ ਕਰ ਦਿੱਤਾ ਸੀ ਕਿਉਂਕਿ ਕਾਨੂੰਨ ਮੁਤਾਬਕ ਬਲਾਤਕਾਰ ਤਦ ਹੀ ਮੰਨਿਆ ਜਾਂਦਾ ਹੈ ਜੇ ਪੀੜਤ ਵਿਆਹੁਤਾ ਹੋਵੇ।

***140 ਸਾਲ ਪੁਰਾਣਾ ਕਾਨੂੰਨ ਬਦਲਣ ਲਈ ਹੱਥ ਮਿਲਾਏ***

***ਸਖ਼ਤ ਸਜ਼ਾਵਾਂ ਦੇਣ ਲਈ ਰਾਹ ਖੁੱਲ੍ਹੇਗਾ***



ਕੈਲੀਫੋਰਨੀਆ ਦੀ ਅਟਾਰਨੀ ਜਨਰਲ ਬਣਨ ਵਾਲੀ ਪਹਿਲੀ ਭਾਰਤੀ-ਅਮਰੀਕੀ ਤੇ ਪਹਿਲੀ ਮਹਿਲਾ ਹੈਰਿਸ ਨੇ ਕਿਹਾ ਕਿ ਇਹ ਕਾਨੂੰਨ ਵੇਲਾ ਵਿਹਾਅ ਚੁੱਕਾ ਹੈ ਤੇ ਇਸ ਨੂੰ ਸੋਧਣ ਲਈ ਵਿਧਾਨ ਸਭਾ ਨਾਲ ਮਿਲ ਕੇ ਕੰਮ ਕੀਤਾ ਜਾਵੇਗਾ। ਸਬੂਤਾਂ ਤੋਂ ਸਪਸ਼ਟ ਹੈ ਕਿ ਇਹ ਜ਼ੋਰ-ਜ਼ਬਰਦਸਤੀ ਦਾ ਕੇਸ ਸੀ ਤੇ ਬਲਾਤਕਾਰ ਬਾਰੇ ਆਮ ਧਾਰਨਾ ਦੇ ਚੌਖਟੇ ਵਿਚ ਫਿੱਟ ਬੈਠਦਾ ਸੀ। ਹੈਰਿਸ ਨੇ ਕਿਹਾ ਕਿ ਹੁਣ ਕਾਨੂੰਨਸਾਜ਼ 1872 ਦੇ ਇਸ ਕਾਨੂੰਨ ਨੂੰ ਬਦਲਣ ਦੀ ਹਰੇਕ ਕੋਸ਼ਿਸ਼ ਦਾ ਵਿਰੋਧ ਕਰਦੇ ਰਹੇ ਹਨ ਕਿਉਂਕਿ ਇਸ ਨਾਲ ਕੈਲੀਫੋਰਨੀਆ ਦੀਆਂ ਪਹਿਲਾਂ ਤੋਂ ਹੀ ਤੂੜੀਆਂ ਪਈਆਂ ਜੇਲ੍ਹਾਂ ਵਿਚ ਕੈਦੀਆਂ ਦੀ ਗਿਣਤੀ ਹੋਰ ਵਧ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦਾ ਹੱਲ ਕੱਢਿਆ ਜਾਵੇਗਾ ਇਹ ਅਜਿਹੀ ਔਰਤ ਦਾ ਮੁੱਦਾ ਹੈ ਜਿਸ ਨਾਲ ਜਬਰ ਜਨਾਹ ਕੀਤਾ ਜਾਂਦਾ ਤੇ ਉਸ ਨੂੰ ਇਨਸਾਫ਼ ਲੈਣ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਵੇਲਾ ਵਿਹਾਅ ਚੁੱਕਿਆ ਕਾਨੂੰਨ ਆਧੁਨਿਕ ਕਾਨੂੰਨ ਨਾਲ ਮੇਲ ਨਹੀਂ ਖਾਂਦਾ। ਕੈਲੀਫੋਰਨੀਆ ਅਜਿਹਾ ਪਹਿਲਾ ਰਾਜ ਸੀ ਜਿਸ ਨੇ ਬਾਲ ਸ਼ੋਸ਼ਣ ਦੇ ਦੋਸ਼ੀਆਂ ਨੂੰ ਰਸਾਇਣਕ ਤਰੀਕਿਆਂ ਰਾਹੀਂ ਖੱਸੀ ਕਰਨ ਦੀ ਸਜ਼ਾ ਦਾ ਉਪਬੰਧ ਕੀਤਾ ਸੀ।

# ਭਾਰਤ ਵਿਚ ਹਰ ਸਾਲ ਦੋ ਕਰੋੜ ਟਨ ਅਨਾਜ ਦੀ ਬਰਬਾਦੀ

**ਲੰਡਨ:** ਇਕ ਤਾਜ਼ਾ ਸਰਵੇਖਣ ਅਨੁਸਾਰ ਭਾਰਤ ਵਿਚ ਅਨਾਜ ਦੀ ਸੰਭਾਲ ਲਈ ਢੁਕਵਾਂ ਬੁਨਿਆਦੀ ਢਾਂਚਾ ਨਾ ਹੋਣ ਕਾਰਨ ਹਰ ਸਾਲ 210 ਲੱਖ ਟਨ ਅਨਾਜ ਬਰਬਾਦ ਹੋ ਜਾਂਦਾ ਹੈ ਜੋ ਆਸਟਰੇਲੀਆ ਦੇ ਕੁੱਲ ਅਨਾਜ ਉਤਪਾਦਨ ਦੇ ਬਰਾਬਰ ਹੈ। ਵਿਸ਼ਵ ਪੱਧਰ 'ਤੇ ਅਨਾਜ ਦੀ ਹੋ ਰਹੀ ਬਰਬਾਦੀ ਸਬੰਧੀ ਇੰਸਟੀਚਿਊਸ਼ਨ ਆਫ ਮਕੈਨੀਕਲ ਇੰਜੀਨੀਅਰਿੰਗ (ਆਈਐਮਈ) ਦੀ ਰਿਪੋਰਟ ਅਨੁਸਾਰ ਵਿਸ਼ਵ ਵਿਚ ਕੁਲ ਅਨਾਜ ਉਤਪਾਦਨ ਦਾ ਅੱਧਾ ਹਿੱਸਾ ਕਦੇ ਵੀ ਮਨੁੱਖ ਦੇ ਮੂੰਹ ਤਕ ਨਹੀਂ ਪੁੱਜਦਾ।

ਸੰਸਥਾ ਦੀ ਤਾਜ਼ਾ ਜਾਰੀ ਰਿਪੋਰਟ ਅਨੁਸਾਰ ਅਨਾਜ ਦੀ ਸਭ ਤੋਂ ਵੱਧ ਬਰਬਾਦੀ ਵਿਕਾਸਸ਼ੀਲ ਦੇਸ਼ਾਂ ਵਿਚ ਹੁੰਦੀ ਹੈ ਜਿਨ੍ਹਾਂ ਵਿਚ ਭਾਰਤ ਸਭ ਤੋਂ ਮੋਹਰੀ ਹੈ। ਇੱਥੇ ਆਏ ਸਾਲ 210 ਲੱਖ ਟਨ ਅਨਾਜ ਢੁਕਵੀਂ ਸਾਂਭ-ਸੰਭਾਲ ਨਾ ਹੋਣ ਕਾਰਨ ਬਰਬਾਦ ਹੋ ਰਿਹਾ ਹੈ। ਇਸ ਤੋਂ ਬਾਅਦ ਪਾਕਿਸਤਾਨ ਵਿਚ 32 ਲੱਖ ਟਨ ਅਨਾਜ ਢੁੱਕਵੀਂ ਸਾਂਭ-ਸੰਭਾਲ ਨਾ ਹੋਣ ਕਾਰਨ ਬਰਬਾਦ ਹੁੰਦਾ ਹੈ। ਇਹ ਕੁੱਲ ਉਤਪਾਦਨ ਦਾ 16 ਫੀਸਦੀ ਬਣਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇਸ਼ਾਂ ਵਿਚ ਸਬਜ਼ੀਆਂ ਤੇ ਫਲ, ਅਨਾਜ ਤੋਂ ਵੀ ਵੱਡੀ ਮਾਤਰਾ ਵਿਚ ਬਰਬਾਦ ਹੋ ਜਾਂਦਾ ਹੈ।



ਕੋਲਡ ਸਟੋਰਾਂ, ਟਰਾਂਸਪੋਰਟ, ਮਾੜੀਆਂ ਸੜਕਾਂ, ਅਢੁਕਵੇਂ ਮੌਸਮ ਤੇ ਭ੍ਰਿਸ਼ਟਾਚਾਰ ਕਾਰਨ ਕੋਈ 40 ਫੀਸਦੀ ਫਲ ਤੇ ਸਬਜ਼ੀਆਂ ਬਰਬਾਦ ਹੋ ਰਹੀਆਂ ਹਨ। ਭਾਰਤ ਵਿਚ ਖੁਰਾਕ ਤਰਤੀਬ ਨੂੰ ਤਰਕਸੰਗਤ ਬਣਾਉਣ ਲਈ ਵਿਆਪਕ ਪੱਧਰ ਉਤੇ ਪੂੰਜੀ ਨਿਵੇਸ਼ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। 'ਗਲੋਬਲ ਫੂਡ ਵੇਸਟ ਨੌਟ ਵਾਂਟ ਨੌਟ' ਰਿਪੋਰਟ ਦੇ ਲੇਖਕ ਅਨੁਸਾਰ ਵਿਕਾਸਸ਼ੀਲ ਦੇਸ਼ਾਂ ਦੀਆ ਸਰਕਾਰਾਂ ਨੂੰ ਸੁਝਾਅ ਦਿੱਤਾ ਗਿਆ ਹੈ ਕਿ ਉਹ ਅਨਾਜ ਦੀ ਸੰਭਾਲ ਲਈ ਚੰਗੀਆਂ ਤਕਨੀਕਾਂ ਅਪਣਾਉਣ। ਆਈਐਮਈ ਦੀ ਰਿਪੋਰਟ ਅਨੁਸਾਰ ਬਰਤਾਨੀਆ ਵਰਗੇ ਵਿਕਸਤ ਮੁਲਕ ਵਿਚ 30 ਫੀਸਦੀ ਸਬਜ਼ੀਆਂ ਖੇਤਾਂ ਵਿਚ ਹੀ ਖਰਾਬ ਹੋ ਜਾਂਦੀਆਂ ਹਨ।

ਸੰਸਥਾ ਦੇ ਊਰਜਾ ਤੇ ਵਾਤਾਵਰਨ ਵਿਭਾਗ ਦੇ ਮੁਖੀ ਡਾ. ਟਿਮ ਫੌਕਸ ਅਨੁਸਾਰ ਇਸ ਅਨਾਜ ਨੂੰ ਖਰੀਦ ਏਜੰਸੀਆਂ ਰਾਹੀਂ ਭੁੱਖਮਰੀ ਦੇ ਸ਼ਿਕਾਰ ਦੇਸ਼ਾਂ ਤਕ ਪਹੁੰਚਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਜ਼ਮੀਨ, ਪਾਣੀ, ਊਰਜਾ ਤੇ ਹੋਰ ਸਰੋਤਾਂ ਦੀ ਵੀ ਵੱਡੇ ਪੱਧਰ 'ਤੇ ਬਰਬਾਦੀ ਹੁੰਦੀ ਹੈ। ਸੰਸਥਾ ਨੇ ਇਸ ਘਾਟੇ ਨਾਲ ਫੌਰੀ ਤੌਰ 'ਤੇ ਨਜਿੱਠਣ ਦਾ ਸੱਦਾ ਦਿੱਤਾ ਹੈ।

# ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਹਿੰਦੂ ਧਰਮ ਵਿਚ ਮਾਘ ਦੇ ਮਹੀਨੇ ਤੀਰਥ ਇਸ਼ਨਾਨ ਦਾ ਬਹੁਤ ਫਲ ਮੰਨਿਆ ਗਿਆ ਹੈ। ਕੱਤਕ ਦੇ ਮਹੀਨੇ ਹਜ਼ਾਰ ਵਾਰ ਗੰਗਾ ਇਸ਼ਨਾਨ ਕਰਨ ਦਾ ਫਲ ਮਾਘ ਦੇ ਮਹੀਨੇ ਸੌ ਵਾਰ ਇਸ਼ਨਾਨ ਕਰਨ ਦੇ ਬਰਾਬਰ ਹੈ। ਪ੍ਰਯਾਗ ਦੇ ਮੁਖ ਸ਼ਹਿਰ ਇਲਾਹਾਬਾਦ ਵਿਖੇ ਮਾਘ ਦੇ ਮਹੀਨੇ ਵਿਸ਼ਵ ਦਾ ਸਭ ਤੋਂ ਵੱਡਾ ਮੇਲਾ ਲਗਦਾ ਹੈ। ਗੁਰੂ ਰਾਮ ਦਾਸ ਦੀ ਇਸ ਤੁਕ ਤੋਂ ਵੀ ਇਸ ਗੱਲ ਦਾ ਪਤਾ ਲਗਦਾ ਹੈ,

ਮਕਰ ਪ੍ਰਾਗ ਦਾਨ ਬਹੁ ਕੀਆ
ਸਰੀਰੁ ਦੀਓ ਅਧ ਕਾਟਿ॥

ਹਿੰਦੂ ਧਰਮ ਗ੍ਰੰਥਾਂ ਅਨੁਸਾਰ ਸ੍ਰਿਸ਼ਟੀ ਦੇ ਸਿਰਜਣਹਾਰ ਬ੍ਰਹਮਾ ਨੇ ਇਸ ਨੂੰ ਤੀਰਥਾਂ ਦਾ ਰਾਜਾ ਕਿਹਾ ਹੈ। ਬ੍ਰਹਮਾ ਨੇ ਗੰਗਾ, ਜਮਨਾ ਅਤੇ ਸਰਸਵਤੀ ਦਰਿਆਵਾਂ ਦੇ ਸੰਗਮ ਤੇ ਮਹਾਂਯੱਗ ਸੰਪਨ ਕੀਤਾ ਸੀ। ਇਸ ਸੰਗਮ ਦੇ ਕਿਨਾਰੇ ਹੀ ਹਰ ਸਾਲ ਮੇਲਾ ਲਗਦਾ ਹੈ ਜੋ ਮਕਰ ਸੰਕ੍ਰਾਂਤੀ ਤੋਂ ਅਰੰਭ ਹੋ ਕੇ ਸ਼ਿਵਰਾਤਰੀ ਤੱਕ ਚਲਦਾ ਹੈ। ਪ੍ਰਯਾਗ ਵਿਚ ਮਾਘ ਦੇ ਮਹੀਨੇ ਤਿੰਨ ਵਾਰ ਇਸ਼ਨਾਨ ਕਰਨ ਦਾ ਜੋ ਫਲ ਹੈ, ਉਹ ਪ੍ਰਿਥਵੀ ਤੇ ਦਸ ਹਜ਼ਾਰ ਅਸ਼ਵਮੇਧ ਯਗ ਕਰਨ ਨਾਲ ਵੀ ਨਹੀਂ ਮਿਲਦਾ। ਪੁਰਾਣਾਂ ਅਨੁਸਾਰ ਮਾਘ ਦੀ ਕ੍ਰਿਸ਼ਨ ਦੁਆਦਸ਼ੀ ਵੇਲੇ ਯਮ ਨੇ ਤਿਲਾਂ ਦਾ ਨਿਰਮਾਣ ਕੀਤਾ। ਦਸ਼ਰਥ ਨੇ ਇਹ ਬੀਜ ਧਰਤੀ ਤੇ ਲਿਆ ਕੇ ਬੀਜੇ। ਇਸ ਤਰ੍ਹਾਂ ਧਰਤੀ 'ਤੇ ਤਿਲਾਂ ਦੀ ਸੰਤਾਨ ਹੋਈ। ਹਿੰਦੂ ਧਰਮ ਗ੍ਰੰਥਾਂ ਅਨੁਸਾਰ ਇਸ ਮਹੀਨੇ ਵਰਤ ਰੱਖ ਕੇ ਭਗਵਾਨ ਦੀ ਤਿਲਾਂ ਨਾਲ ਪੂਜਾ ਕਰਨੀ ਚਾਹੀਦੀ ਹੈ, ਤਿਲਾਂ ਦਾ ਹਵਨ ਕਰਨਾ ਚਾਹੀਦਾ ਹੈ, ਤਿਲਾਂ ਦਾ ਦਾਨ ਕਰਨਾ ਚਾਹੀਦਾ ਹੈ ਤੇ ਤਿਲ ਹੀ ਖਾਣੇ ਚਾਹੀਦੇ ਹਨ। ਪੁਰਾਣਾਂ ਵਿਚ ਮਾਘ ਮਹੀਨੇ ਇਸ਼ਨਾਨ ਕਰਨ ਅਤੇ ਤਿਲਾਂ ਦੀ ਵਰਤੋਂ ਦੇ ਮਹਾਤਮ ਸਬੰਧੀ ਬੇਸ਼ੁਮਾਰ ਸ਼ਲੋਕ ਮਿਲਦੇ ਹਨ। ਧਿਆਨਯੋਗ ਗੱਲ ਹੈ ਕਿ ਬ੍ਰਾਹਮਣਾਂ ਨੇ ਹਰ ਮਹੀਨੇ, ਹਰ ਮੌਕੇ ਨਾਲ ਕੋਈ ਨਾ ਕੋਈ ਅਨੁਸ਼ਠਾਨ ਜਾਂ ਮਹਾਤਮ ਜੋੜਿਆ ਹੋਇਆ ਹੈ। ਇਸ ਨਾਲ ਉਨ੍ਹਾਂ ਦਾ ਤੋਰੀ ਫੁਲਕਾ ਖੂਬ ਤੁਰਿਆ ਰਹਿੰਦਾ ਹੈ।

ਸਿੱਖ ਗੁਰੂ ਕਰਮ ਕਾਂਡ ਦੇ ਵਿਸ਼ਵਾਸੀ ਨਹੀਂ ਸਨ। ਇਸ ਲਈ ਉਨ੍ਹਾਂ ਤੀਰਥਾਂ ਦੇ ਫਲਕਾਰੀ ਮਹਾਤਮ ਨੂੰ ਮਾਨਤਾ ਨਹੀਂ ਦਿੱਤੀ। ਗੁਰਬਾਣੀ ਦੀ ਜੁਗਤ ਅਨੁਸਾਰ ਅਜਿਹੇ ਅਨੁਸ਼ਠਾਨਾਂ ਦੇ ਸਮਾਨਾਂਤਰ ਅੰਤਰੀਵ ਗੁਣਾਂ ਤੇ ਜ਼ੋਰ ਦਿੱਤਾ ਜਾਂਦਾ ਹੈ। ਗੁਰੂ ਨਾਨਕ ਦੇ 'ਬਾਰਾਮਾਹ' ਵਿਚ ਮਾਘ ਦੇ ਮਹੀਨੇ ਬਾਰੇ ਲਿਖੇ ਪਦਾਂ ਵਿਚ ਇਹ ਭਾਵ ਬੜੇ ਕਲਾਮਈ ਢੰਗ ਨਾਲ ਉਸਾਰਿਆ ਗਿਆ ਹੈ,

ਮਾਘਿ ਪੁਨੀਤ ਭਈ
ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੇ
ਗੁਣਿ ਗਹਿ ਅੰਕ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ
ਤੁਧੁ ਭਾਵਾ ਸਰਿ ਨਾਵਾ॥
ਗੰਗ ਜਮਨ ਤਹ ਬੇਣੀ ਸੰਗਮ
ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ
ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ
ਅਠਸਠਿ ਤੀਰਥ ਨਾਤਾ॥

ਗੁਰੂ ਨਾਨਕ ਦੇਵ ਦੀਆਂ ਏਨੀਆਂ ਖੂਬਸੂਰਤ ਸਤਰਾਂ ਹਨ ਇਹ ਕਿ ਮੈਂ ਤਾਂ ਕਹਿੰਦਾ ਹਾਂ, ਮਾਘ ਮਹੀਨੇ ਇਨ੍ਹਾਂ ਦੇ ਜਾਪ ਦਾ ਹੀ ਕਰੋੜਾਂ ਤੀਰਥਾਂ ਤੋਂ ਵਧ ਮਹਾਤਮ ਹੈ।



ਗੁਰੂ ਅਰਜਨ ਦੇਵ ਨੇ ਹੋਰ ਪਸਾਰ ਦਿੱਤਾ ਹੈ, "ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨ" ਅਰਥਾਤ ਗੁਰਮੁਖਾਂ ਨੂੰ ਇਸ ਮਹੀਨੇ ਸੰਤ ਲੋਕਾਂ ਦੀ ਚਰਨ ਧੂੜ ਦਾ ਹੀ ਇਸ਼ਨਾਨ ਕਰਨਾ ਚਾਹੀਦਾ ਹੈ। ਉਂਜ ਕੁਝ ਹਿੰਦੂ ਸ਼ਾਸਤਰਾਂ ਅਨੁਸਾਰ ਵੀ ਬ੍ਰਾਹਮਣ, ਸਾਧੂ ਆਦਿ ਨੂੰ ਜੰਗਮ ਤੀਰਥ ਮੰਨਿਆ ਗਿਆ ਹੈ। ਤੀਰਥ ਸ਼ਬਦ 'ਤਰਿ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਪਾਰ ਕਰਨਾ, ਤੈਰਨਾ, ਉਤਰਨਾ ਆਦਿ ਹੁੰਦਾ ਹੈ। ਅਵਤਾਰ ਸ਼ਬਦ ਇਸੇ ਤੋਂ ਬਣਿਆ, ਜਿਸ ਦਾ ਮੁਢਲਾ ਅਰਥ ਦੇਵਤੇ ਆਦਿ ਦਾ ਧਰਤੀ 'ਤੇ ਉਤਾਰਾ ਹੈ। ਤਰਲ ਤੇ ਤਰੰਗ ਸ਼ਬਦ ਵੀ ਇਸੇ ਤੋਂ ਬਣੇ। ਤਰੰਗਣੀ ਇਕ ਦਰਿਆ ਦਾ ਨਾਂ ਹੈ। ਭਾਰਤੀ ਨੇਵੀ ਦੇ ਇਕ ਸਿਖਲਾਈ ਸਮੁੰਦਰੀ ਜਹਾਜ਼ ਦਾ ਨਾਂ ਵੀ ਤਰੰਗਣੀ ਰੱਖਿਆ ਗਿਆ ਹੈ। ਤੀਰ ਦਾ ਅਰਥ ਨਦੀ ਦਾ ਕਿਨਾਰਾ, ਘਾਟ ਹੁੰਦਾ ਹੈ, "ਹਜ ਹਮਾਰੀ ਗੋਮਤੀ ਤੀਰ॥" "ਰਾਮ ਨਾਮ ਲਗਿ ਉਤਰੇ ਤੀਰਾ॥" -ਭਗਤ ਕਬੀਰ। ਤੀਰਥ ਦਾ ਮੁਢਲਾ ਭਾਵ ਦਰਿਆ ਆਦਿ ਵੱਲ ਜਾਣਾ, ਤੈਰਨਾ ਹੀ ਸੀ। ਦਰਿਆਵਾ ਦੇ ਕੰਢਿਆਂ 'ਤੇ ਹੀ ਮਨੁਖੀ ਸਭਿਅਤਾ ਪਲਰੀ। ਪੀਣ ਲਈ ਵੀ ਅਤੇ ਖੇਤੀ ਲਈ ਵੀ ਪਾਣੀ ਦੇ ਮਹਤਵ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਸਾਰੇ ਭਾਰਤ ਵਿਚ ਮਾਘੀ ਦਾ ਦਿਵਸ ਪ੍ਰਦੇਸ਼ ਵਿਸ਼ੇਸ਼ ਦੇ ਆਪਣੇ ਰਵਾਇਤੀ ਢੰਗ ਨਾਲ ਮਨਾਇਆ ਜਾਂਦਾ ਹੈ। ਤਾਮਿਲਨਾਡੂ ਵਿਚ 'ਪੋਂਗਲ' ਅਤੇ ਬੰਗਾਲ ਵਿਚ 'ਮਾਘ ਬੀਹੂ' ਇਸੇ ਦਿਨ ਦਾ ਜਸ਼ਨ ਹੈ। ਇਕ ਨਜ਼ਰੀਏ ਤੋਂ ਲੋਹੜੀ ਵੀ ਇਸੇ ਤਿਉਹਾਰ ਦੀ ਸ਼ੁਰੂਆਤ ਹੈ ਜੋ ਪੋਹ ਮਹੀਨੇ ਦੇ ਆਖਰੀ ਦਿਨ ਹੁੰਦੀ ਹੈ। ਇਸ ਸੰਕ੍ਰਾਂਤੀ ਦੌਰਾਨ ਤਿਲ, ਚੌਲ, ਗੁੜ, ਰੇੜੀਆਂ, ਮੂੰਗਫਲੀ ਗੱਚਕ ਆਦਿ ਖਾਧੇ ਜਾਂਦੇ ਹਨ। ਨਵੇਂ ਜਨਮੇ ਬੱਚੇ ਦਾ ਜਸ਼ਨ ਵੀ ਸ਼ਾਇਦ ਨਵੀਨਤਾ ਦੇ ਪ੍ਰਵੇਸ਼ ਦਾ ਪ੍ਰਤੀਕ ਹੈ। ਮੁਕਤਸਰ ਵਿਖੇ ਚਾਲੀ ਮੁਕਤਿਆਂ ਨੂੰ ਸਮਰਪਿਤ ਮਾਘੀ ਦਾ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਸ਼ਰਧਾਲੂ ਮੁਕਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਦੇ ਹਨ। ਮਾਘ ਦਾ ਮਹੀਨਾ ਮਕਰ ਸੰਕ੍ਰਾਂਤੀ ਨਾਲ ਸ਼ੁਰੂ ਹੁੰਦਾ ਹੈ। ਮਕਰ ਮੁਢਲੇ ਤੌਰ 'ਤੇ ਤਾਂ ਇਕ ਮਿਥਿਹਾਸਕ ਸਮੁੰਦਰੀ ਦੈਂਤ ਦਾ ਨਾਂ ਸੀ ਪਰ ਬਾਅਦ ਵਿਚ ਇਹ ਮਗਰਮੱਛ (ਮਗਰ=ਮਕਰ) ਦੇ ਅਰਥਾਂ ਵਜੋਂ ਰੂੜ ਹੋ ਗਿਆ। ਇਸ ਦਾ ਇਕ ਹੋਰ ਵਿਕਸਿਤ ਅਰਥ ਮਾਘ ਦਾ ਮਹੀਨਾ ਵੀ ਹੈ ਅਰਥਾਤ ਮਕਰ ਸੰਕ੍ਰਾਂਤੀ ਦਾ ਮਹੀਨਾ। "ਮਾਘ ਮਕਰ ਗਤ ਰਵਿ ਜਬ ਹੋਈ। ਤੀਰਥ ਪਤਿਹਿੰ ਆਵ ਸਬ ਕੋਈ।" -ਤੁਲਸੀ ਦਾਸ। ਅਰਥਾਤ ਜਦ ਸੂਰਜ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਤੀਰਥਪਤੀ (ਪ੍ਰਯਾਗ) ਵਿਚ ਸਾਰੇ ਦੇਵਤੇ ਆ ਜਾਂਦੇ ਹਨ।

ਮਗਰਮੱਛ (ਭਵਸਾਗਰ ਨੂੰ) ਤੈਰਨ ਦਾ ਸੂਚਕ ਹੈ, ਇਕ ਸਥਿਤੀ ਤੋਂ ਦੂਜੀ ਸਥਿਤੀ ਵਿਚ ਜਾ ਵੜਨ ਦਾ ਪ੍ਰਤੀਕ ਹੈ। ਮਕਰ ਰਾਸ਼ੀ ਦਾ ਚਿੰਨ੍ਹ ਵੀ ਮਗਰਮੱਛ ਹੀ ਹੈ। ਅੰਗਰੇਜ਼ੀ ਵਿਚ ਇਸ ਰਾਸ਼ੀ ਦਾ ਨਾਂ ਹੈ Capricorn ਤੇ ਇਸ ਰਾਸ਼ੀ ਦਾ ਚਿੰਨ ਮੱਛੀ ਵਰਗੀ ਪੂਛ ਅਤੇ ਬੱਕਰੀ ਵਰਗੇ ਧੜ ਵਾਲਾ ਜਾਨਵਰ ਹੈ। ਇਥੇ ਵੀ ਇਸ ਮਿਥਿਕ ਜਾਨਵਰ ਦਾ ਸਬੰਧ ਪਾਣੀ ਨਾਲ ਹੈ। ਦਰਅਸਲ ਸੰਕ੍ਰਾਂਤੀ ਦਾ ਅਰਥ ਹੈ, ਜਿਸ ਦਿਨ ਸੂਰਜ ਨਵੀਂ ਰਾਸ਼ੀ ਵਿਚ 'ਸੰਕ੍ਰਮਣ' ਕਰੇ। ਇਸ ਸ਼ਬਦ ਵਿਚ 'ਸੰ' ਅਗੇਤਰ ਦਾ ਅਰਥ 'ਸਹਿਤ', 'ਨਾਲ' ਹੁੰਦਾ ਹੈ। ਅੰਗਰੇਜ਼ੀ ਦੇ 'con' ਜਾਂ 'com' ਇਸ ਦੇ ਸੁਜਾਤੀ ਹਨ। 'ਕ੍ਰਮਣ' ਸ਼ਬਦ 'ਕਰਮ' ਤੋਂ ਬਣਿਆ ਹੈ ਜੋ 'ਕਰਨਾ' ਨਾਲ ਜਾ ਜੁੜਦਾ ਹੈ। ਇਥੇ ਅਰਥ ਅੱਗੇ ਵਧਣ, ਪਿਛਾੜਨ, ਕਦਮ ਰੱਖਣ ਆਦਿ ਦੇ ਕਰਮ ਤੋਂ ਹੈ। ਸੋ ਸੰਕ੍ਰਾਂਤੀ ਦਾ ਮਤਲਬ ਹੋਇਆ ਸੂਰਜ ਦਾ ਅੱਗੇ ਵਧ ਕੇ ਅਗਲੀ ਰਾਸ਼ੀ ਵਿਚ ਕਦਮ ਰੱਖਣਾ। ਮਕਰ ਸੰਕ੍ਰਾਂਤੀ ਦੌਰਾਨ ਸੂਰਜ ਧਨ ਰਾਸ਼ੀ ਤੋਂ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਇਸੇ ਦਿਨ ਸੂਰਜ ਦੀ ਉਤਰਾਇਣ ਗਤੀ ਅਰੰਭ ਹੋ ਜਾਂਦੀ ਹੈ। ਸ਼ਾਸਤਰਾਂ ਅਨੁਸਾਰ ਦੱਖਣਾਇਣ ਦੇਵਤਿਆਂ ਦੀ ਰਾਤ ਅਤੇ ਨਾਕਾਰਾਤਮਕਤਾ ਦਾ ਪ੍ਰਤੀਕ ਅਤੇ ਉਤਰਾਇਣ ਇਸ ਤੋਂ ਉਲਟ ਦੇਵਤਿਆਂ ਦਾ ਦਿਨ ਅਤੇ ਸਕਾਰਾਤਮਕਤਾ ਦਾ ਪ੍ਰਤੀਕ ਹੈ। ਪੰਜਾਬੀ ਸ਼ਬਦ 'ਸੰਗਰਾਂਦ' ਇਸੇ ਦਾ ਰੁਪਾਂਤਰ ਹੈ। ਇਨਕਲਾਬ ਦੇ ਅਰਥਾਂ ਵਾਲੀ 'ਕ੍ਰਾਂਤੀ' ਵਿਚ ਵੀ ਅਜਿਹਾ ਹੀ ਭਾਵ ਕੰਮ ਕਰ ਰਿਹਾ ਹੈ- ਇਕ ਤਰ੍ਹਾਂ ਦੇ ਰਾਜਸੀ ਪ੍ਰਬੰਧ ਤੋਂ ਦੂਸਰੇ ਪ੍ਰਬੰਧ ਵਿਚ ਵੜਨਾ। ਮਾਘ ਦਾ ਮਹੀਨਾ ਵੀ ਭਾਵੇਂ ਪੋਹ ਜਿੰਨਾ ਹੀ ਸਰਦ ਮੰਨਿਆ ਜਾਂਦਾ ਹੈ ਪਰ ਇਸ ਮਹੀਨੇ ਦੀ ਸੰਗਰਾਂਦ ਤੋਂ ਠੰਡ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਦਿਨ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ। ਮਾਘੀ ਭਾਰਤੀ ਰਵਾਇਤ ਅਨੁਸਾਰ ਵੱਡਾ ਦਿਨ ਹੈ ਭਾਵੇਂ ਵਿਗਿਆਨਕ ਤੌਰ 'ਤੇ 22/23 ਦਸੰਬਰ ਤੋਂ ਦਿਨ ਵੱਡੇ ਹੋਣੇ ਸ਼ੁਰੂ ਹੁੰਦੇ ਹਨ। ਬਸੰਤ ਪੰਚਮੀ ਇਸੇ ਮਹੀਨੇ ਪੈਂਦੀ ਹੈ। 'ਆਈ ਬਸੰਤ ਪਾਲਾ ਉਡੰਤ' ਅਖਾਣ ਤੋਂ ਇਸ ਮਹੀਨੇ ਪਾਲੇ ਦੇ ਘਟਣ ਦੀ ਸਾਖੀ ਮਿਲਦੀ ਹੈ। ਖੇਤਾਂ 'ਚ ਸਰੋਂ ਦੇ ਪੀਲੇ ਫੁੱਲਾਂ ਦੀ ਬਹਾਰ ਦੇਖਿਆਂ ਹੀ ਬਣਦੀ ਹੈ। ਅਮਰਜੀਤ ਸਾਥੀ ਦੇ ਇਕ ਹਾਇਕੂ ਵਿਚ ਇਸ ਮਹੀਨੇ ਦੇ ਮੌਸਮ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ, ਬਦਲ ਰਹੀ ਹੈ ਰੁੱਤ, ਛਾਂ ਵਿਚ ਚੜ੍ਹਦਾ ਪਾਲਾ, ਧੁੱਪੇ ਚੁਭਦੀ ਧੁੱਪ।

ਮਾਘ ਨੂੰ ਕੁਝ ਇਲਾਕਿਆਂ 'ਚ ਮਾਹ ਵੀ ਕਿਹਾ ਜਾਂਦਾ ਹੈ। ਇਕ ਕਹਾਵਤ ਹੈ, 'ਵੱਸੇ ਪੋਹ ਮਾਹ, ਵਧੇ ਬੂਟੇ ਘਾਹ' ਅਰਥਾਤ ਪੋਹ ਮਾਘ ਵਿਚ ਮੀਂਹ ਪੈਣ ਨਾਲ ਘਾਹ ਛਾਲੀਂ ਉਗ ਪੈਂਦਾ ਹੈ। ਇਸ ਮਹੀਨੇ ਪੈਣ ਵਾਲੇ ਮੀਂਹ ਨੂੰ ਮਹਾਵਾ ਕਿਹਾ ਜਾਂਦਾ ਹੈ ਭਾਵੇਂ ਅੱਜ ਕਲ੍ਹ ਇਹ ਸ਼ਬਦ ਸੁਣਨ ਵਿਚ ਨਹੀਂ ਆਉਂਦਾ। ਮਾਘ ਸ਼ਬਦ ਦਾ ਸਬੰਧ ਮਘਾ ਨਛੱਤਰ ਨਾਲ ਹੈ। ਚੰਦਰਮਾਸ ਦੇ ਹਿਸਾਬ ਮਾਘ ਮਹੀਨੇ ਦੀ ਪੁੰਨਿਆ ਸਮੇਂ ਚੰਦ ਮਘਾ ਨਛੱਤਰ ਕੋਲ ਹੁੰਦਾ ਹੈ। ਇਸ ਨਛੱਤਰ 'ਚ ਪੰਜ ਤਾਰੇ ਹੁੰਦੇ ਹਨ। ਮਘਾ ਦਾ ਸ਼ਾਬਦਿਕ ਅਰਥ ਉਦਾਰ, ਮਿਹਰਬਾਨ, ਖੁਲ੍ਹੇ ਦਿਲ ਵਾਲਾ ਕੀਤਾ ਜਾਂਦਾ ਹੈ। ਖਿਆਲ ਹੈ ਕਿ ਇਸ ਦਾ ਧਾਤੂ 'ਮਘ' ਹੈ ਜਿਸ ਨੇ ਬਦਲ ਕੇ 'ਮਹ' ਦਾ ਰੂਪ ਧਾਰ ਲਿਆ। ਦੋਨੋਂ ਸਬੰਧਤ ਧਾਤੂਆਂ ਤੋਂ ਬੇਸ਼ੁਮਾਰ ਸ਼ਬਦ ਨਿਰਮਿਤ ਹੋਏ ਹਨ। ਇਨ੍ਹਾਂ ਦਾ ਅਰਥ ਮਹਾਨ ਹੋਣਾ, ਉਦਾਰ ਹੋਣਾ, ਬਖਸ਼ਸ਼ਾਂ ਕਰਨਾ ਆਦਿ ਹੈ। ਇਸ ਤੋਂ ਵੱਡੇ ਹੋਣ ਦੇ ਅਰਥ ਸਮੋਂਦੇ ਅਨੇਕਾਂ ਸ਼ਬਦ ਬਣੇ ਹਨ। ਸਭ ਤੋਂ ਅਹਿਮ ਸ਼ਬਦ 'ਮਹਾਨ' ਤੇ 'ਮਹਾਂ' ਇਸੇ ਧਾਤੂ ਦੀ ਉਪਜ ਹਨ। ਕਿਸੇ ਦੀ ਉਸਤਤ ਕਰਨ ਦੇ ਅਰਥਾਂ ਵਾਲਾ 'ਮਹਿਮਾ' ਸ਼ਬਦ ਵੀ ਇਸੇ ਤੋਂ ਬਣਿਆ। ਭਾਵ ਕਿਸੇ ਨੂੰ ਸ਼ਬਦਾਂ ਨਾਲ ਹੀ ਮਹਾਨ ਬਣਾ ਦੇਣਾ। ਮੋਨੀਅਰ ਵਿਲੀਅਮਜ਼ ਅਨੁਸਾਰ ਵੱਡੇ ਅਕਾਰ ਕਾਰਨ 'ਮੱਝ' ਸ਼ਬਦ ਵੀ ਇਸੇ ਨਾਲ ਜਾ ਜੁੜਦਾ ਹੈ। ਮਹਤ ਸ਼ਬਦ ਵੀ ਇਸੇ ਨਾਲ ਜਾ ਜੁੜਦਾ ਹੈ, "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥" -ਗੁਰੂ ਅੰਗਦ ਦੇਵ।

ਹੋਰ ਬਹੁਤ ਸਾਰੇ ਸ਼ਬਦਾਂ ਦਾ ਜ਼ਿਕਰ ਵੱਖ ਵੱਖ ਲੇਖਾਂ ਵਿਚ ਹੁੰਦਾ ਰਹੇਗਾ। ਗਰੀਕ, ਲਾਤੀਨੀ, ਜਰਮਨ ਅਤੇ ਅੰਗਰੇਜ਼ੀ ਵਿਚ ਇਸ ਦੇ ਬੇਸ਼ੁਮਾਰ ਸੁਜਾਤੀ ਸ਼ਬਦ ਮਿਲਦੇ ਹਨ। ਉਨ੍ਹਾਂ ਵਿਚੋਂ ਕੁਝ ਇਕ ਦਾ ਨਾਂਮਾਤਰ ਜ਼ਿਕਰ ਕਰਨ ਜਿੰਨਾ ਹੀ ਥਾਂ ਬਚਿਆ ਹੈ। ਸਭ ਵਿਚ ਮਹਾਨ, ਵੱਡੇ ਹੋਣ ਦਾ ਭਾਵ ਹੈ: magnitude, master, mister, magnate, mega. ਸਮਝ ਲਓ ਜਿਨ੍ਹਾਂ ਸ਼ਬਦਾਂ ਵਿਚ mega ਜਾਂ magna ਲੱਗੇ ਹੋਏ ਹਨ, ਉਨ੍ਹਾਂ ਸ਼ਬਦਾਂ ਦਾ ਇਸ ਧਾਤੂ ਨਾਲ ਸਬੰਧ ਹੈ।

## ਸੰਪਾਦਕ ਦੀ ਡਾਕ

# ਡਾ. ਪੰਨੂ ਦੇ ਖਤ ਵਿਚ ਈਰਖਾ ਦੇ ਉਬਾਲੇ

ਕਥਾਕਾਰ ਸਰਬਜੀਤ ਸਿੰਘ ਧੂੰਦਾ ਵੱਲੋਂ ਆਪਣੇ ਨਾਮ ਅੱਗੇ ਜੋੜੇ 'ਪ੍ਰੋਫੈਸਰ' ਸ਼ਬਦ ਤੋਂ ਖਫਾ ਹੋਏ ਸਿੱਖ ਸਕਾਲਰ ਡਾ. ਹਰਪਾਲ ਸਿੰਘ ਪੰਨੂ ਦਾ ਖਤ ਪੜ੍ਹ ਕੇ ਦਿਲ ਵਿਚ ਕਈ ਸਵਾਲ ਉਠ ਖੜ੍ਹੇ ਹੋਏ। ਮਸਲਨ, ਹੁਣੇ ਜਿਹੇ ਉਭਰੇ ਭਾਈ ਧੂੰਦਾ ਤੋਂ ਪਹਿਲਾਂ ਕਈ ਨਾਮਵਰ ਸਿੱਖ ਸ਼ਖਸੀਅਤਾਂ ਆਪਣੇ ਨਾਂ ਅੱਗੇ ਪ੍ਰੋਫੈਸਰ ਸ਼ਬਦ ਦੀ ਵਰਤੋਂ ਕਰਦੀਆਂ ਆ ਰਹੀਆਂ ਹਨ, ਪਰ ਡਾ. ਪੰਨੂ ਨੇ ਸਾਰਾ ਨਜ਼ਲਾ ਭਾਈ ਧੂੰਦਾ 'ਤੇ ਹੀ ਕਿਉਂ ਝਾੜਿਆ ਹੈ? ਦੂਜਾ, ਭਾਈ ਧੂੰਦਾ ਤੇ ਡਾ. ਪੰਨੂ ਦੋਵੇਂ ਹੀ ਪੰਜਾਬ 'ਚ ਰਹਿੰਦੇ ਹਨ; ਫਿਰ ਡਾ. ਪੰਨੂ ਨੇ ਇਹ ਵਿਵਾਦ ਪੰਜਾਬ ਦੀਆਂ ਅਖ਼ਬਾਰਾਂ ਵਿਚ ਕਿਉਂ ਨਹੀਂ ਛੇੜਿਆ?

ਪ੍ਰੋਫੈਸਰ ਤਾਂ ਚਲੋ ਦੁਨਿਆਵੀ ਪਦਵੀ ਹੈ ਜਿਸ ਦੀ ਦੁਰਵਰਤੋਂ ਭਾਈ ਧੂੰਦਾ ਸਮੇਤ ਕਈ ਸੱਜਣ ਕਰੀ ਜਾਂਦੇ ਹੋਣਗੇ; ਲੇਕਿਨ ਪ੍ਰੋ. ਪੰਨੂ ਨੂੰ ਕਦੇ ਵਿਹਲੜਾਂ ਦਾ ਉਹ ਵੱਗ ਨਹੀਂ ਦਿਸਿਆ ਜੋ ਕਿਰਤੀ ਲੋਕਾਂ ਦੀ ਲੁੱਟ-ਖਸੁੱਟ ਕਰਦਾ ਹੋਇਆ ਵੀ ਆਪਣੇ ਨਾਂ ਅੱਗੇ 'ਸੰਤ' ਸ਼ਬਦ ਦਾ ਫੱਟਾ ਟੰਗੀ ਫਿਰਦਾ ਹੈ ਜਿਹੜਾ ਗੁਰੂਆਂ ਦੇ ਅਤਿ ਪਿਆਰੇ ਸਮਕਾਲੀਆਂ ਨੇ ਵੀ ਨਹੀਂ ਵਰਤਿਆ? ਇਹ ਗੱਲ ਵੀ ਸਮਝ ਨਹੀਂ ਆਈ ਕਿ ਭਾਈ ਧੂੰਦਾ ਕੋਲੋਂ ਕਿਹੜਾ ਐਡਾ ਬੱਜਰ ਗੁਨਾਹ ਹੋ ਗਿਆ ਹੋਵੇਗਾ ਕਿ ਡਾ. ਪੰਨੂ ਅਮਰੀਕਨ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਉਨ੍ਹਾਂ ਖ਼ਿਲਾਫ ਭੜਕਾਉਣ ਤੱਕ ਜਾ ਪਹੁੰਚੇ। ਅਖੇ-ਇਹੋ ਜਿਹੇ ਅਯੋਗ ਪ੍ਰੋਫੈਸਰਾਂ ਦੀਆਂ ਗਤੀਵਿਧੀਆਂ ਤੋਂ ਚੇਤੰਨ ਰਹਿਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਸਿੱਖ ਅਦਾਰਿਆਂ ਵਿਚ ਸਵਾਗਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ!

ਇਹ ਸਾਰੇ ਸਵਾਲ ਮੇਰੇ ਮਨ ਵਿਚ ਹੀ ਸੁਲਗਦੇ ਰਹਿਣੇ ਸਨ, ਜੇ ਲੁਧਿਆਣਾ ਪਿਛੋਕੜ ਵਾਲਾ ਮੇਰਾ ਇਕ ਦੋਸਤ ਮੈਨੂੰ ਵਿਚਲੀ ਅਸਲ ਗੱਲ ਨਾ ਦੱਸਦਾ। ਦਰਅਸਲ, ਇਸ ਗੱਲ ਨੇ ਹੀ ਮੈਨੂੰ ਇਹ ਲਾਈਨਾਂ ਲਿਖਣ ਲਈ ਮਜਬੂਰ ਕਰ ਦਿੱਤਾ; ਉਹ ਇਹ ਕਿ ਲੁਧਿਆਣੇ ਵਿਚ ਸਿੱਖ ਪ੍ਰਚਾਰਕਾਂ ਦਾ ਇਕ ਕਾਲਜ ਚੱਲਦਾ ਹੈ। ਉਸ ਦਾ ਕਰਤਾ ਧਰਤਾ ਹੈ ਡਾ. ਪੰਨੂ ਦਾ ਸਕਾ ਭਰਾ ਅਤੇ ਉਹ ਵੀ ਆਪਣੇ ਨਾਂ ਅੱਗੇ ਪ੍ਰੋਫੈਸਰ ਲਾਉਂਦਾ ਹੈ। ਦੋਸਤ ਦੇ ਦੱਸਣ ਮੁਤਾਬਕ ਦੋਹਾਂ ਵਿਦਵਾਨ ਭਰਾਵਾਂ ਦੀ ਆਪਸ 'ਚ ਬਣਦੀ ਨਹੀਂ। ਸੁਣਿਆ ਹੈ ਕਿ ਇਹਦੇ ਪਿੱਛੇ ਕੋਈ ਵੱਟ-ਬੰਨ੍ਹੇ ਦੀ ਲੜਾਈ ਨਹੀਂ, ਸਗੋਂ ਵਿਚਾਰਾਂ ਦੇ ਵਖਰੇਵਿਆਂ ਦਾ ਹੀ ਪੰਗਾ ਹੈ। ਭਾਈ ਧੂੰਦਾ ਵੀ ਉਸੇ ਕਾਲਜ ਦਾ ਪ੍ਰੋਫੈਸਰ ਹੈ।

ਸੋ, 'ਧੀਏ ਗੱਲ ਕਰ, ਨੂੰਹੇ ਕੰਨ ਕਰ' ਵਾਲੀ ਕਹਾਵਤ ਦੀ ਵਰਤੋਂ ਕਰਦਿਆਂ ਡਾ. ਪੰਨੂ ਨੇ ਅਮਰੀਕਨ ਸਿੱਖਾਂ ਨੂੰ ਫਰਮਾਨ ਜਾਰੀ ਕਰ ਕੇ ਆਪਣਾ ਦਿਲ ਠੰਢਾ ਕਰ ਲਿਆ ਹੈ। ਕਹਿਣ ਦਾ ਮਤਲਬ ਕਿ ਅਨਪੜ੍ਹ ਲੋਕ ਡਾਂਗ-ਸੋਟੇ ਦੀ ਲੜਾਈ ਕਰਦੇ ਹੁੰਦੇ ਹਨ, ਪਰ ਵਿਦਵਾਨਾਂ ਦੀ ਜੰਗ ਉਪਰੋਕਤ ਤਰੀਕੇ ਨਾਲ ਹੁੰਦੀ ਹੈ।

ਡਾ. ਪੰਨੂ ਬਾਰੇ ਮੇਰੇ ਸਾਰੇ ਸਵਾਲ ਤਾਂ ਲੁਧਿਆਣਵੀ ਦੋਸਤ ਨੇ ਹੱਲ ਕਰ ਦਿੱਤੇ, ਪਰ ਵੱਡਾ ਸਵਾਲ ਮੈਂ ਪਾਠਕਾਂ ਅੱਗੇ ਰੱਖਦਾ ਹਾਂ। ਉਹ ਇਹ ਕਿ ਅਕਸਰ ਸਿੱਖ ਚਿੰਤਕ ਉੱਚੀ ਸੁਰ ਵਿਚ ਦਲਿਤਾਂ ਨੂੰ ਆਵਾਜ਼ਾਂ ਮਾਰਦੇ ਰਹਿੰਦੇ ਹਨ ਕਿ ਆਉ, ਤੁਹਾਨੂੰ ਸਿੱਖੀ ਆਪਣੇ ਕਲਾਵੇ 'ਚ ਲੈਣਾ ਲੋਚਦੀ ਹੈ! ਜਿਹੜੇ ਸਿੱਖ ਵਿਦਵਾਨ ਆਪਣੇ ਸਿੱਖ ਭਰਾ ਨੂੰ ਹੀ ਕਲਾਵੇ 'ਚ ਲੈਣ ਦੀ ਥਾਂ, ਉਹਦੀਆਂ ਜੜ੍ਹਾਂ 'ਚ ਦਾਤੀ ਫੇਰਨ ਤੱਕ ਜਾਣ, ਐਸੇ ਸਿੱਖਾਂ ਦਾ ਦਲਿਤ ਭਰਾ ਭਰੋਸਾ ਕਿਵੇਂ ਕਰਨ?

*-ਫਕੀਰ ਚੰਦ ਸੈਂਪਲਾ*
*ਐਲ.ਏ.।*

---

## ਭਾਈ ਧੂੰਦਾ ਦੇ ਨਾਂ ਅੱਗੇ ਪ੍ਰੋਫੈਸਰ ਸ਼ਬਦ 'ਤੇ ਕਿੰਤੂ

ਪੰਜਾਬ ਟਾਈਮਜ਼ ਦੇ 12 ਜਨਵਰੀ ਦੇ ਅੰਕ ਵਿਚ ਪ੍ਰੋ. ਹਰਪਾਲ ਸਿੰਘ ਪੰਨੂ ਨੇ ਪ੍ਰੋ. ਸਰਬਜੀਤ ਸਿੰਘ ਧੂੰਦਾ ਵਲੋਂ ਆਪਣੇ ਨਾਂ ਨਾਲ ਪ੍ਰੋਫੈਸਰ ਦਾ ਲਕਬ ਵਰਤੇ ਜਾਣ ਉਤੇ ਕਿੰਤੂ ਕੀਤਾ ਹੈ। ਮੇਰਾ ਸਵਾਲ ਹੈ ਕਿ ਕੀ ਪ੍ਰੋ. ਪੰਨੂ ਪ੍ਰੋ. ਧੂੰਦਾ ਮਗਰ ਪ੍ਰਚਾਰਕ ਵਜੋਂ ਉਨ੍ਹਾਂ ਵਲੋਂ ਕੀਤੀ ਗਈ ਕਿਸੇ ਗਲਤੀ ਕਰਕੇ ਪਏ ਨੇ ਜਾਂ ਸਿਰਫ ਨਾਂ ਨਾਲ ਪ੍ਰੋਫੈਸਰੀ ਲਾਉਣ ਕਰਕੇ ਹੀ ਕਿਉਂਕਿ ਇਸ ਤੋਂ ਪਹਿਲਾਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਦਰਸ਼ਨ ਸਿੰਘ ਤੇ ਮਨਜੀਤ ਸਿੰਘ ਦੇ ਨਾਂ ਅੱਗੇ ਲੱਗਾ ਪ੍ਰੋਫੈਸਰ ਸਭ ਨੇ ਪੜ੍ਹਿਆ ਹੈ! ਕੀ ਕਿਸੇ ਨੇ ਉਨ੍ਹਾਂ ਦੀ ਡਿਗਰੀ ਜਾਂ ਲੈਕਚਰਾਂ ਦੀ ਛਾਣਬੀਣ ਅੱਜ ਤੱਕ ਕੀਤੀ ਹੈ, ਜੇ ਨਹੀਂ ਤਾਂ ਕਿਉਂ? ਪ੍ਰੋ. ਪੰਨੂ ਨੂੰ ਇਹ ਪਤਾ ਹੋਵੇਗਾ ਕਿ ਪੰਜਾਬ ਦੇ ਅੱਧੇ ਦਸਵੀਂ ਫੇਲ੍ਹ ਅਖੌਤੀ ਡਾਕਟਰ ਆਪਣੇ ਨਾਂ ਨਾਲ ਡਾਕਟਰ ਵੀ ਲਾਉਂਦੇ ਹਨ ਤੇ ਨਿੱਤ ਗਲਤ ਸੂਏ ਲਾ ਲਾ ਪੰਜਾਬੀਆਂ ਦੇ ਜੀਅ ਵੀ ਮਾਰਦੇ ਆ ਰਹੇ ਹਨ ਪਰ ਕਿਸੇ ਸਿਹਤ ਅਫ਼ਸਰ ਨੇ ਜਾਂ ਯੂਨੀਵਰਸਿਟੀ ਨੇ ਉਨ੍ਹਾਂ ਡਾਕਟਰਾਂ ਨੂੰ ਡਿਗਰੀ ਨਹੀਂ ਪੁਛੀ। ਸਵਾਲ ਹੈ ਕਿ ਪ੍ਰੋ. ਧੂੰਦਾ ਨੇ ਕਿਹੜਾ ਕਿਸੇ ਦੇ ਗੁਰਦੇ ਕੱਢ ਕੇ ਵੇਚ'ਤੇ ਜਾਂ ਫਿਰ ਕੋਈ ਸਾਡੇ ਇਤਿਹਾਸ 'ਚ ਵਿਗਾੜ ਪਾ'ਤਾ? ਜਾਂ ਫਿਰ ਇਹ ਹੈ ਕਿ ਜਥੇਦਾਰਾਂ ਵਾਂਗ ਪ੍ਰੋ. ਪੰਨੂ ਵੀ ਉਨ੍ਹਾਂ ਨੂੰ ਵਾਹਣੀ ਪਾਉਣ ਤੁਰ ਪਏ ਹਨ।

*-ਸੁਰਿੰਦਰਜੀਤ ਸਿੰਘ ਮਾਹਲ*
*ਡੈਲਸ, ਟੈਕਸਸ।*

## ਕਬੱਡੀ ਦੇ ਨਾਂ 'ਤੇ ਸਿਆਸਤ

ਪੰਜਾਬ ਟਾਈਮਜ਼ ਦੇ 5 ਜਨਵਰੀ ਦੇ ਅੰਕ ਵਿਚ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦਾ ਲੇਖ 'ਸਿਆਸਤ ਦੀ ਕਬੱਡੀ ਤੇ ਕਬੱਡੀ ਦੀ ਸਿਆਸਤ' ਸ਼ਲਾਘਾਯੋਗ ਸੀ। ਸਿਆਸਤ ਕਿਤੇ ਵੀ ਵੜ ਜਾਵੇ ਤਾਂ ਰੱਬ ਹੀ ਰਾਖਾ ਹੈ। ਹਰ ਪਾਸੇ ਸਿਆਸਤ ਆਪਣੇ ਪੈਰ ਪਸਾਰ ਰਹੀ ਹੈ, ਖਾਸ ਕਰ ਖੇਡਾਂ ਅਤੇ ਗੁਰੂ ਘਰਾਂ ਵਿਚ। ਇਸ ਦੇ ਅਸਰ ਨਾਲ ਗੁਰੂ ਘਰਾਂ ਵਿਚ ਲੜਾਈਆਂ ਹੋ ਰਹੀਆਂ ਹਨ ਅਤੇ ਖੇਡਾਂ ਦਾ ਵਿਕਾਸ ਰੁਕ ਰਿਹਾ ਹੈ। ਪੰਜਾਬ ਸਰਕਾਰ ਨੇ ਕਬੱਡੀ ਦਾ ਤੀਜਾ ਵਿਸ਼ਵ ਕੱਪ ਕਰਵਾਇਆ ਪਰ ਸਵਾਲ ਹੈ ਕਿ ਇਸ ਦਾ ਮਕਸਦ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਉਤਸ਼ਾਹਿਤ ਕਰਨਾ ਸੀ ਜਾਂ ਫਿਰ ਇਸ ਦੀ ਵਰਤੋਂ ਸਿਆਸਤ ਲਈ ਕਰਨਾ?

ਪੰਜਾਬ ਸਰਕਾਰ ਵਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਕਬੱਡੀ ਕੱਪ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਹਟਾ ਕੇ ਖੇਡਾਂ ਵਾਲੇ ਪਾਸੇ ਲਾਉਣ ਲਈ ਕਰਵਾਇਆ ਗਿਆ ਪਰ ਕੀ ਸਰਕਾਰ ਸੱਚਮੁੱਚ ਨਸ਼ਿਆਂ ਦੀ ਵਰਤੋਂ ਉਤੇ ਕਾਬੂ ਪਾਉਣ ਲਈ ਗੰਭੀਰ ਹੈ? ਸ਼ਾਹਰੁਖ ਖਾਨ, ਅਕਸ਼ੈ ਕੁਮਾਰ ਅਤੇ ਕੈਟਰੀਨਾ ਕੈਫ਼ ਵਰਗੇ ਬਾਲੀਬੁੱਡ ਕਲਾਕਾਰਾਂ 'ਤੇ ਕਰੋੜਾਂ ਖਰਚਣ ਨਾਲ ਨਾ ਕਬੱਡੀ ਉਤਸ਼ਾਹਿਤ ਹੋ ਸਕਦੀ ਹੈ ਅਤੇ ਨਾ ਹੀ ਨਸ਼ਿਆਂ ਨੂੰ ਠੱਲ੍ਹ ਪੈ ਸਕਦੀ ਹੈ। ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਵਧ ਰਹੀ ਬੇਰੁਜ਼ਗਾਰੀ ਅਤੇ ਮਹਿੰਗਾਈ 'ਤੇ ਕਾਬੂ ਪਾਉਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਉਤੇ ਸਰਕਾਰੀ ਸ਼ਿਕੰਜਾ ਕੱਸਣਾ ਵੀ ਜ਼ਰੂਰੀ ਹੈ, ਨਹੀਂ ਤਾਂ ਹਾਥੀ ਕੇ ਦਾਂਤ ਖਾਨੇ ਕੇ ਔਰ, ਦਿਖਾਨੇ ਕੇ ਔਰ ਵਾਲੀ ਗੱਲ ਹੀ ਰਹੇਗੀ।

ਇਹ ਕੌੜਾ ਸੱਚ ਹੈ ਕਿ ਵਿਸ਼ਵ ਕੱਪਾਂ ਵਿਚ ਨਾਮੀ ਕਬੱਡੀ ਖਿਡਾਰੀ ਪ੍ਰੀਤੇ ਨੂੰ ਯਾਦ ਨਹੀਂ ਕੀਤਾ ਗਿਆ ਅਤੇ ਨਾ ਹੀ ਸਰਬਣ ਸਿੰਘ ਬੱਲ ਨੂੰ। ਕਬੱਡੀ ਇਤਿਹਾਸ ਵਿਚ 'ਆਇਆ ਪ੍ਰੀਤਾ ਗਿਆ ਪ੍ਰੀਤਾ' ਇਕ ਵੱਖਰਾ ਇਤਿਹਾਸ ਹੈ। ਸਰਬਣ ਸਿੰਘ ਬੱਲ ਨੂੰ ਉਸ ਵੇਲੇ ਦੇ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਇਕ ਮੱਝ ਅਤੇ ਹਜ਼ਾਰਾਂ ਰੁਪਏ ਇਨਾਮ ਵਜੋਂ ਦਿਤੇ ਸਨ। ਵੋਟਾਂ ਲੈਣ ਲਈ ਕਬੱਡੀ ਵਿਸ਼ਵ ਕੱਪ ਕਰਾਉਣੇ, ਪੰਜਾਬੀਆਂ ਨਾਲ ਸਰਾਸਰ ਧੋਖਾ ਹੈ। ਕਬੱਡੀ ਨਾਲ ਹੁੰਦੀ ਬੇਇਨਸਾਫ਼ੀ ਬਾਰੇ ਪ੍ਰਿੰ. ਸਰਵਣ ਸਿੰਘ ਦੀ ਕਲਮ ਧੰਨਤਾ ਦੇ ਯੋਗ ਹੈ। ਮਾਂ-ਖੇਡ ਕਬੱਡੀ ਨਾਲ ਖਿਲਵਾੜ ਨਹੀਂ ਕਰਨਾ ਚਾਹੀਦੈ।

*-ਇਕਬਾਲ ਜੱਬੋਵਾਲੀਆ*
*ਨਿਊ ਯਾਰਕ।*

### ‘ਪੰਜਾਬੀ ਟ੍ਰਿਬਿਊਨ ਦੇ ਦਿਨਾਂ ਦੀਆਂ ਯਾਦਾਂ’

**ਯਾਦ ਝਰੋਖਾ**

# ਸਾਡਾ ਅਨੋਖਾ ਮਿੱਤਰ ਗੁਰਦਿਆਲ ਬੱਲ

**ਪ੍ਰਿੰ. ਅਮਰਜੀਤ ਸਿੰਘ ਪਰਾਗ**
**ਫੋਨ: 91-98761-23833**

ਅਮੋਲਕ ਸਿੰਘ ਦੀਆਂ ਯਾਦਾਂ ਦੀ ਲੜੀ ਪੜ੍ਹਦਿਆਂ ਮੈਨੂੰ ਇੰਜ ਲੱਗਾ ਜਿਵੇਂ ਨਾਵਲ ‘ਅੱਗ ਦੇ ਦਰਿਆ’ ਦਾ ਕੋਈ ਕਾਂਡ ਪੜ੍ਹ ਰਿਹਾ ਹੋਵਾਂ। ਕਮਾਲ ਦੇ ਇਸ ਨਾਵਲ ਵਿਚ ਲੇਖਿਕਾ ਕੁਰਅਤ-ਉਲ-ਐਨ ਹੈਦਰ ਨੇ ਸਮੇਂ ਨੂੰ ਅੱਗ ਦੇ ਦਰਿਆ ਵਜੋਂ ਚਿਤਵਿਆ ਹੈ। ਜੁਗਗਰਦੀਆਂ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ, ਨਿਜ਼ਾਮ ਬਦਲਦੇ ਰਹਿੰਦੇ ਹਨ ਪਰ ਇਹ ਅੱਗ ਦੇ ਦਰਿਆ ਦਾ ਵਹਿਣ ਅਵਿਰਲ ਵਹਿੰਦਾ ਰਹਿੰਦਾ ਹੈ। ਹਰ ਜੁਗ ਵਿਚ ਹੋਣਹਾਰ, ਜ਼ਹੀਨ, ਮੁਹੱਬਤੀ, ਸੁਪਨਸਾਜ਼ ਨੌਜਵਾਨ ਜ਼ਿੰਦਗੀ ਦੇ ਮੰਚ ’ਤੇ ਨਮੂਦਾਰ ਹੁੰਦੇ ਰਹਿੰਦੇ ਹਨ। ਧਰਤੀ ਨੂੰ ਭਾਗ ਲੱਗ ਗਏ ਜਾਪਦੇ ਨੇ, ਵੇਖਦੇ ਵੇਖਦੇ ਹੀ ਇਨ੍ਹਾਂ ਦਿਲਦਾਰਾਂ ਦੀ ਪਹਿਲਤਾਜ਼ਗੀ ਇਸ ਅੱਗ ਦੇ ਦਰਿਆ ਵਿਚ ਗਰਕ ਜਾਂਦੀ ਹੈ।

‘ਪੰਜਾਬੀ ਟ੍ਰਿਬਿਊਨ’ ਸਾਡੇ ਕਲਾਧਾਰੀ ਪੁਰਖੇ ਮਹਿੰਦਰ ਸਿੰਘ ਰੰਧਾਵੇ ਦਾ ਚੰਡੀਗੜ੍ਹ ਵਿਚ ਲਾਇਆ ਦੂਜਾ ‘ਰੋਜ਼ ਗਾਰਡਨ’ ਹੈ। ਬਰਜਿੰਦਰ ਹਮਦਰਦ, ਹਰਭਜਨ ਹਲਵਾਰਵੀ, ਗੁਲਜ਼ਾਰ ਸਿੰਘ ਸੰਧੂ ਵਰਗੇ ਸੰਪਾਦਕ, ਦਲਬੀਰ, ਕਰਮਜੀਤ, ਸ਼ਾਮ ਸਿੰਘ, ਪ੍ਰੇਮ ਗੋਰਖੀ, ਮੂਹਰਜੀਤ, ਰਾਜਿੰਦਰ ਸੋਢੀ, ਦਲਜੀਤ ਸਰਾਂ, ਜਗਤਾਰ ਸਿੱਧੂ, ਸ਼ਮਸ਼ੇਰ ਸੰਧੂ, ਅਸ਼ੋਕ ਸ਼ਰਮਾ, ਅਮੋਲਕ ਸਿੰਘ, ਨਰਿੰਦਰ ਭੁੱਲਰ, ਤਰਲੋਚਨ, ਰਣਜੀਤ ਰਾਹੀ ਤੇ ਗੁਰਦਿਆਲ ਬੱਲ ਵਰਗੇ ਕੁਲੀਗ ਜਿਸ ਥਾਂ ਇਕੱਠੇ ਹੋਣ ਉਹ ‘ਲਾਲ ਫੁੱਲਾਂ ਦਾ ਖੇਤ’ ਹੀ ਤਾਂ ਹੁੰਦਾ ਹੈ ਪਰ ਛੇਤੀ ਹੀ ਦਫਤਰੀ ਸੱਭਿਆਚਾਰ ਨਾਲ ਜੁੜੇ ਮਸਲੇ, ਤਰੱਕੀਆਂ, ਸੀਨੀਆਰਤਾ, ਪ੍ਰਬੰਧਕਾਂ ਦੇ ਹੱਥਕੰਡੇ, ਯੂਨੀਅਨ ਆਗੂਆਂ ਵਲੋਂ ਆਪਣੇ ਨਿਜੀ ਮੁਫਾਦ ਨੂੰ ਪਹਿਲ ਆਦਿ ਗੱਲਾਂ ਨੇ ਇਸ ਹਰਿਆਵਲ ਨੂੰ ਲੂਹ ਕੇ ਰਖ ਦਿਤਾ।

ਅਮੋਲਕ ਨੇ ਨਿੱਜੀ ਪਸੰਦ/ਨਾ-ਪਸੰਦ ਤੋਂ ਉਪਰ ਉਠ ਕੇ ਉਸ ਦੌਰ ਦੇ ਉਭਾਰ/ਉਤਾਰ ਦੀ ਜਿਵੇਂ ਪੇਸ਼ਕਾਰੀ ਕੀਤੀ ਹੈ, ਉਹ ਹੈਰਾਨਕੁਨ ਹੈ। ਗੰਭੀਰ ਜਿਸਮਾਨੀ ਰੋਗ ਅਕਸਰ ਮਾਨਸਿਕਤਾ ਵਿਚ ਵੀ ਵੱਡੇ ਉਲਾਰ ਪੈਦਾ ਕਰ ਦਿੰਦਾ ਹੈ ਪਰ ਸਰੀਰਕ ਪੱਖੋਂ ਲਗਭਗ ਨਕਾਰਾ ਹੋ ਜਾਣ ਦੇ ਬਾਵਜੂਦ ਅਮੋਲਕ ਦੇ ਮਨ-ਮਸਤਕ ਦਾ ਇਸ ਹੱਦ ਤੱਕ ਸਿਹਤਮੰਦ ਹੋਣਾ ਅਤੇ ਭਾਵਨਾਵਾਂ ਦਾ ਸੱਜਰਾਪਣ ਚਮਤਕਾਰ ਤੋਂ ਘੱਟ ਨਹੀਂ। ਇਸ ਪੱਖੋਂ ਅਮੋਲਕ ਭੌਤਿਕ ਵਿਗਿਆਨੀ ਸਟੀਫਨ ਹਾਅਕਿੰਗ ਦੀ ਨਜ਼ੀਰ ਪੇਸ਼ ਕਰਦਾ ਹੈ।


ਰੰਗ-ਬੇਰੰਗ ਯਾਦਾਂ ਦੇ ਸਿਲਸਿਲੇ ਨਾਲ ਜੁੜੇ ਸਾਡੇ ਯਾਰ ਗੁਰਦਿਆਲ ਬੱਲ ਦੇ ਰੰਗ ਅਨੋਖੇ ਹਨ। 1984 ਦੀ ਪਤਝੜ ਦੀ ਸ਼ਾਮ ਨੂੰ ਇੱਕ ਅਜਨਬੀ ਬੰਦਾ ਮੇਰੇ ਘਰ ਆਉਂਦਾ ਹੈ। ਮੈਂ ਉਸ ਨੂੰ ਉਕਾ ਹੀ ਨਹੀਂ ਪਛਾਣਦਾ। ਆਉਣ ਵਾਲਾ ਕਹਿੰਦਾ ਹੈ, “ਭਾਅ ਜੀ, ਮੈਂ ਗੁਰਦਿਆਲ ਬੱਲ ਹਾਂ। ਮੈਂ ਤੁਹਾਨੂੰ 1967 ਵਿਚ ਚੰਡੀਗੜ੍ਹ ਲੱਗੇ ਪਾਰਟੀ ਦੇ ਸਕੂਲ ਵਿਚ ਵੇਖਿਆ ਸੀ। ਮੈਨੂੰ ਲੱਗਿਆ ਸੀ ਕਿ ਤੁਹਾਡੇ ਵਿਚ ਕੋਈ ਗੱਲ ਹੈ। ਮੈਂ ਤੁਹਾਨੂੰ ਮਿਲਣ ਕਦੇ ਵੀ ਆ ਸਕਦਾ ਸੀ, ਪਰ ਮੁਆਫ ਕਰਨਾ 17 ਸਾਲਾਂ ਬਾਅਦ ਆਇਆ ਹਾਂ।” ਪੰਜਾਬ ਦੇ ਮਾਹੌਲ ਵਿਚ ਹਿੰਸਾ ਦਾ ਪ੍ਰਛਾਵਾਂ ਸਿਖਰ ਵੱਲ ਵਧ ਚੁੱਕਾ ਹੈ। ਮੇਰੇ ਮਨ ਅੰਦਰ ਥੋੜ੍ਹੀ ਝਿਜਕ ਹੈ। ਮੰਗਲਵਾਰ ਦਾ ਦਿਨ ਹੈ। ਮੇਰਾ ਉਸ ਦਿਨ ਦਾਰੂ ਦਾ ਨਾਗਾ ਹੈ। ਫਿਰ ਵੀ ਮੈਂ ਆਏ ਮਹਿਮਾਨ ਨੂੰ ਦਾਰੂ ਦੀ ਸੁਲ੍ਹਾ ਮਾਰਦਾ ਹਾਂ ਅਤੇ ਸੌਂਫੀਆ ਦਾਰੂ ਦਾ ਪੈਗ ਬਣਾ ਕੇ ਦਿੰਦਾ ਹਾਂ। ਗੱਲਬਾਤ ਮੇਰੇ ਮਿੱਤਰ ਅਤੇ ਪੰਜਾਬ ਵਿਚ ਨਕਸਲੀ ਲਹਿਰ ਦੇ ਮੋਢੀ ਆਗੂ ਪ੍ਰੋ. ਹਰਭਜਨ ਸੋਹੀ ਦੀ ਸ਼ਖਸੀਅਤ ਤੋਂ ਸ਼ੁਰੂ ਹੁੰਦੀ ਹੈ। ਵਰ੍ਹਿਆਂ ਬਾਅਦ ਕਿਸੇ ਨੇ ਪੰਜਾਬ ਯੂਨੀਵਰਸਿਟੀ ਵਿਚ ਗੁਜ਼ਾਰੇ ਦਿਨਾਂ ਬਾਰੇ ਯਾਦਾਂ ਚੇਤੇ ਕਰਵਾਈਆਂ ਹਨ। ਪਤਾ ਹੀ ਨਹੀਂ, ਕਦੋਂ ਬੱਲ ਨੇ ਮਾਈਕ ਆਪਣੇ ਹੱਥ ਵਿਚ ਲੈ ਲਿਆ ਹੈ। ਇਹ ਕਥਾ ਹਰਿੰਦਰ ਸਿੰਘ ਮਹਿਬੂਬ, ਦਾਸਤੋਵਸਕੀ, ‘ਵਾਰ ਐਂਡ ਪੀਸ’, ਅਲਬੇਅਰ ਕਾਮੂੰ, ਕਜ਼ਾਂਤਜ਼ੈਕਿਸ, ਸਟਾਲਿਨ ਹੱਥੋਂ ਰੂਸੀ ਇਨਕਲਾਬ ਦੀ ਛੇਕੜ, ਹੰਗਰੀ ਦੀਆਂ ਘਟਨਾਵਾਂ, ਚੈਕੋਸਲੋਵਾਕੀਆ ਅਤੇ ਟਰਾਟਸਕੀ ਦੇ ਦੁਖਾਂਤ-ਪਤਾ ਨਹੀਂ ਦੁਨੀਆਂ ਭਰ ਦੇ ਕਿੰਨਿਆਂ ਵਿਸ਼ਿਆਂ ਨੂੰ ਛੂੰਹਦੀ ਚਲੀ ਜਾਂਦੀ ਹੈ। ਪਤਾ ਹੀ ਨਹੀਂ ਲੱਗਦਾ ਕਦੋਂ ਸਮਾਂ ਅੱਧੀ ਰਾਤ ਤੋਂ ਪਾਰ ਚਲਿਆ ਜਾਂਦਾ ਹੈ। ਅਚਾਨਕ ਬੁੱਧਵਾਰ ਦਾ ਦਿਨ ਸ਼ੁਰੂ ਹੋਣ ਦਾ ਚੇਤਾ ਆਉਂਦਿਆਂ ਹੀ ਮੈਂ ਵਧੀਆ ਬੋਤਲ ’ਚੋਂ ਦਾਰੂ ਦੇ ਦੋ ਪੈਗ ਬਣਾਉਂਦਾ ਹਾਂ। ਗੱਲਬਾਤ ਰਾਤ ਦੇ ਤੀਜੇ ਪਹਿਰ ਤੱਕ ਚਲੀ ਜਾਂਦੀ ਹੈ। ਬਸ, ਉਸ ਸ਼ਾਮ ਤੋਂ ਅੱਜ ਤੱਕ ਸਾਡੀ ਨੇੜਤਾ ਵਧਦੀ ਹੀ ਗਈ ਹੈ। ਲੱਗਦੈ, ਇੰਨੇ ਸਹਿਜ ਨਾਲ ਹੀ ਬੱਲ ਦੀ ਕੰਵਲ, ਦਲਜੀਤ ਸਰਾਂ, ਬਲਕਾਰ ਸਿੰਘ, ਰਛਪਾਲ ਗਿੱਲ, ਬਾਵਾ ਸਿੰਘ, ਗੁਰਦੀਪ ਦੇਹਰਾਦੂਨ ਨਾਲ ਅਤੇ ਹੋਰ ਪਤਾ ਨਹੀਂ ਕਿਤਨੇ ਮਿੱਤਰਾਂ ਨਾਲ ਸਾਂਝ ਸ਼ੁਰੂ ਹੋਈ ਹੋਵੇਗੀ।

ਬੱਲ ਦੇ ਸਰੋਕਾਰਾਂ ਦੇ ਫੈਲਾਓ ਦੀ ਕੋਈ ਹੱਦ ਹੀ ਨਹੀਂ। ਦੁਨੀਆਂ ਦੀ ਹਰ ਲਹਿਰ, ਹਰ ਵਿਚਾਰਧਾਰਾ, ਹਰ ਖੇਤਰ ਦਾ ਬੰਦਾ, ਰਿਸ਼ਤਾ, ਦੋਸਤ, ਦੁਸ਼ਮਣ, ਤੇ ਸੰਸਾਰ ਸਾਹਿਤ ਦੀ ਹਰ ਵੰਨਗੀ ਦੀਆਂ ਕਿਤਾਬਾਂ ਉਸ ਦੇ ਜ਼ਿਹਨ ਵਿਚ ਸਿਮਰਨੇ ਵਾਂਗ ਘੁੰਮਦੀਆਂ ਹਨ। ਉਹ ਕਣ ਵਾਲੀ ਹਰ ਸ਼ੈਅ ਦਾ ਮੁੱਦਈ ਹੈ। ਹਰ ਰੂਪ ਵਿਚ ਥੋਥੇ, ਹੋਛੇ ਤੇ ਕੱਚੇਪਣ ਦਾ ਵਿਰੋਧੀ। ਰੇਖਕੀ ਲੀਹਾਂ ਉਪਰ ਖੜ੍ਹੇ ਸਮਾਜਕ, ਧਾਰਮਕ, ਰਾਜਨੀਤਕ ਜੁਗਾੜਾਂ ਦਾ ਬੇਕਿਰਕ ਮਜ਼ਾਕ ਉਡਾਉਣਾ ਉਸ ਦਾ ਖਾਸ ਅੰਦਾਜ਼ ਹੈ।

ਸਿੱਖ ਚਿੰਤਕ ਅਜਮੇਰ ਸਿੰਘ ਅਤੇ ਬੱਲ ਦੇ ਰਿਸ਼ਤੇ ਨੂੰ ਜਿਹੜੇ ਪਾਠਕ ਜਾਤੀ ਵਿਰੋਧ ਵਜੋਂ ਵੇਖਦੇ ਹਨ, ਉਹ ਸ਼ਾਇਦ ਦੋਵਾਂ ਨੂੰ ਹੀ ਠੀਕ ਨਹੀਂ ਸਮਝਦੇ। ਅਜਮੇਰ ਸਿੰਘ ਦੀਆਂ ਲਿਖਤਾਂ ਦਾ ਕਈ ਸਾਲ ਤੋਂ ਲੋੜੀਂਦਾ ਨੋਟਿਸ ਹੀ ਨਹੀਂ ਸੀ ਲਿਆ ਗਿਆ। ਇਹ ਬੱਲ ਹੀ ਸੀ ਜਿਸ ਨੇ ਖੁਦ ਉਸ ਦੀਆਂ ਪੁਸਤਕਾਂ ਖਰੀਦੀਆਂ, ਵੰਡੀਆਂ ਤੇ ਪੜ੍ਹਨ ਲਈ ਜ਼ੋਰ ਦਿੱਤਾ। ਅਜਮੇਰ ਸਿੰਘ ਦੇ ਵਿਚਾਰਾਂ ਦੇ ਵਿਰੋਧੀ ਬੱਲ ਨਾਲ ਨਾਰਾਜ਼ ਵੀ ਹੋਏ ਕਿ ਉਹ ਅਣਗੌਲੀਆਂ ਕਿਤਾਬਾਂ ਨੂੰ ਪਾਪੂਲਰ ਕਰ ਰਿਹਾ ਹੈ। ਬੱਲ ਕਹਿੰਦਾ, ਅਜਮੇਰ ਨੇ ਵੱਡੀ ਮਿਹਨਤ ਕੀਤੀ ਹੈ। ਜਿਨ੍ਹਾਂ ਨੂੰ ਉਸ ਨਾਲ ਮੱਤਭੇਦ ਹਨ, ਉਹ ਵੀ ਮਿਹਨਤ ਕਰ ਕੇ ਟਿੱਪਣੀ ਕਰਨ। ਉਸ ਦੀ ਪ੍ਰੇਰਨਾ ਕਰ ਕੇ ਹੀ ‘ਪੰਜਾਬ ਟਾਈਮਜ਼’ ਵਿਚ ਇਨ੍ਹਾਂ ਪੁਸਤਕਾਂ ਬਾਰੇ ਲੰਮੀ ਬਹਿਸ ਛਿੜੀ। ਕਿਤਾਬੀ ਰੂਪ ਵਿਚ ਵੀ ਪ੍ਰਕਾਸ਼ਤ ਹੋਈ ਪਰ ਇਹ ਗੱਲ ਸ਼ਾਇਦ ਬਹੁਤਿਆਂ ਨੂੰ ਪਤਾ ਨਹੀਂ ਕਿ ਅਜਮੇਰ ਸਿੰਘ ਬਾਰੇ ਕੱਚੀਆਂ ਟਿੱਪਣੀਆਂ ਕਰਨ ਵਾਲੇ ਦੋਸਤਾਂ ਨੂੰ ਬੱਲ ਵੱਲੋਂ ਜੋ ਝਾੜਾਂ ਤੇ ਗਾਲਾਂ ਖਾਣੀਆਂ ਪਈਆਂ, ਉਹ ਅਜਮੇਰ ਪੱਖੀਆਂ ਦੀਆਂ ਲਿਖਤ/ਅਲਿਖਤ ਟਿੱਪਣੀਆਂ ਨਾਲੋਂ ਵਧੇਰੇ ਕਾਟਵੀਆਂ ਤੇ ਤਿੱਖੀਆਂ ਸਨ।

ਬੱਲ 70ਵਿਆਂ ਦੇ ਸ਼ੁਰੂ ਵਿਚ, ਨਕਸਲੀ ਲਹਿਰ ਦੇ ਸ਼ੁਰੂਆਤੀ ਦਿਨਾਂ ਦੌਰਾਨ ਅਜਮੇਰ ਨੂੰ ਇਕ-ਅੱਧ ਵਾਰ ਕਿਤੇ ਮਿਲਿਆ ਹੋਇਆ ਸੀ। ਜਿਵੇਂ ਬੱਲ ਨੇ ਮੈਨੂੰ ਮੰਡੀ ਅਹਿਮਦਗੜ੍ਹ ਬੈਠੇ ਨੂੰ ਆ ਲੱਭਿਆ ਸੀ, ਉਸੇ ਤਰ੍ਹਾਂ ਅਜਮੇਰ ਨੇ 15-16 ਵਰ੍ਹਿਆਂ ਦੇ ਲੰਮੇ ਵਕਫੇ ਪਿਛੋਂ ਬੱਲ ਨੂੰ ਚੰਡੀਗੜ੍ਹ ‘ਪੰਜਾਬੀ ਟ੍ਰਿਬਿਊਨ’ ਦੇ ਦਫਤਰ ਵਿਚ ਜਾ ਲੱਭਿਆ ਸੀ। 5 ਸਾਲਾਂ ਤੱਕ ਇਸ਼ਕ ਵਾਲਾ ਰਿਸ਼ਤਾ ਬਣਿਆ ਰਹਿਣ ਤੋਂ ਬਾਅਦ ਅਚਾਨਕ ਕਿਸੇ ਨੁਕਤੇ ’ਤੇ ਟੋਕ-ਟਕਾਈ ਕਾਰਨ ਦੋਸਤੀ ਦਾ ਭੋਗ ਪੈ ਗਿਆ। ਬੱਲ ਦਾ ਸ਼ਿਕਵਾ ਕੇਵਲ ਇਤਨਾ ਸੀ ਕਿ ਜਿਸ ਕੋਡ ਦੇ ਤਹਿਤ ਇਹ ਰਿਸ਼ਤਾ ਬਣਿਆ ਸੀ, ਉਸ ਤਹਿਤ ਅਜਮੇਰ ਨੂੰ ਉਸ ਕਿਸਮ ਦੀ ਟੋਕ-ਟਕਾਈ ਦਾ ਇਖਲਾਕੀ ਅਧਿਕਾਰ ਨਹੀਂ ਸੀ। ਕਮਾਲ ਇਹ ਹੈ ਕਿ ਬੱਲ ਨੇ ਆਪਣੇ ਬੈਠਿਆਂ ਅੱਜ ਤੱਕ ਕਿਸੇ ਹੋਰ ਨੂੰ ਅਜਮੇਰ ਬਾਰੇ ਰੌਂਗ ਜਜਮੈਂਟ ਪਾਸ ਕਰਨ ਦਾ ਅਧਿਕਾਰ ਨਹੀਂ ਦਿੱਤਾ। ਅਜਮੇਰ ਨੇ ਉਨ੍ਹਾਂ ਦਿਨਾਂ ਵਿਚ ਪਿੰਡ, ਜੱਟਾਂ ਦੇ ਘਰ ਜੰਮ ਕੇ, ਇੰਜੀਨੀਅਰਿੰਗ ਕਾਲਜ ਵਿਚ ਦਾਖਲਾ ਲਿਆ। ਆਪਣੇ ਗਲਤ ਜਾਂ ਠੀਕ ਅਕੀਦਿਆਂ ਲਈ ਸਾਰੀ ਜ਼ਿੰਦਗੀ ਲਗਾ ਦਿੱਤੀ। ਬੱਲ ਦੀ ਸਦਾ ਇਹ ਧਾਰਨਾ ਰਹੀ ਹੈ ਕਿ ਜਿਨ੍ਹਾਂ ਲੋਕਾਂ ਨੇ ਚੀਚੀ ਨੂੰ ਲਹੂ ਤੱਕ ਨਹੀਂ ਲਵਾਇਆ, ਉਨ੍ਹਾਂ ਨੂੰ ਐਸੇ ਆਦਮੀ ਬਾਰੇ ਫਤਵਾ ਦੇਣ ਦਾ ਹੱਕ ਕਿੰਜ ਦਿੱਤਾ ਜਾ ਸਕਦਾ ਹੈ? ਬੱਲ ਨੂੰ ਆਪਣੇ ਭਾਂਤ ਭਾਂਤ ਦੇ ਦੋਸਤਾਂ ’ਤੇ ਮਾਣ ਹੈ। ਅਜਮੇਰ ਤੋਂ ਬਿਨਾਂ ਬਾਈ ਬੱਲ ਦੀ ਇਕ ਵਾਰੀ ਪਈ ਆੜੀ ਕਿਸੇ ਨਾਲੋਂ ਵੀ ਨਹੀਂ ਟੁੱਟੀ।

ਸੋਵੀਅਤ ਰੂਸ ਅਤੇ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਕਾਰਲ ਮਾਰਕਸ ਦੇ ਵਿਚਾਰਾਂ ਨੂੰ ਜਿਸ ਤਰੀਕੇ ਨਾਲ ਅਮਲੀ ਰੂਪ ਦਿੱਤਾ ਗਿਆ, ਉਸ ਨੂੰ ਪੜ੍ਹ ਪੜ੍ਹ ਕੇ ਬੱਲ ਸਾਰੀ ਉਮਰ ਖੌਫਜ਼ਦਾ ਹੁੰਦਾ ਰਿਹਾ, ਪਰ ਜਾਂ ਪਾਲ ਸਾਰਤਰ ਦਾ ਇਹ ਦਾਅਵਾ ਅੱਜ ਵੀ 100 ਫੀਸਦੀ ਸਹੀ ਲਗਦਾ ਹੈ ਕਿ 18ਵੀਂ ਸਦੀ ਵਿਚ ਜਿਵੇਂ ਕਾਂਟ ਦੇ ਦਰਸ਼ਨ ਤੋਂ ਅਗਾਂਹ ਨਹੀਂ ਸੀ ਜਾਇਆ ਜਾ ਸਕਦਾ, ਇਸੇ ਤਰ੍ਹਾਂ 20ਵੀਂ ਅਤੇ 21ਵੀਂ ਸਦੀ ਲਈ ਕਾਰਲ ਮਾਰਕਸ ਹੀ ਕੇਂਦਰੀ ਮਸੀਹਾ ਹੈ। ਉਸ ਦੇ ਚਿੰਤਨ ‘ਤੇ ਲਕੀਰ ਨਹੀਂ ਫੇਰੀ ਜਾ ਸਕਦੀ। ਇਸੇ ਕਰ ਕੇ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸਾਰਤਰ ਤੋਂ ਬਾਅਦ, ਪਹਿਲੇ ਸੰਰਚਨਾਵਾਦੀ ਯੁੱਗ ਪੁਰਸ਼ ਕਲਾਦ ਲੈਵੀ ਸਤਰਾਸ ਨੇ ਇਹ ਗੱਲ ਮੰਨੀ ਅਤੇ ਬਾਅਦ ਵਿਚ ਉਘੇ ਉਤਰ-ਆਧੁਨਿਕ ਚਿੰਤਕ ਯਾਕ ਦੈਰਿਦਾ ਨੇ ਕਾਰਲ ਮਾਰਕਸ ਦੀ ਵਿਚਾਰਧਾਰਾ ਦੀ ਅਹਿਮੀਅਤ ਅਤੇ ਸਾਰਥਿਕਤਾ ਸਵੀਕਾਰ ਕਰ ਲਈ ਸੀ; ਪਰ ਬੱਲ ਦਾ ਪੱਕਾ ਯਕੀਨ ਹੈ ਕਿ ਪਿਛਲੀ ਪੂਰੀ ਸਦੀ ਦੌਰਾਨ ਮਾਰਕਸੀ ਵਿਚਾਰਧਾਰਾ ‘ਤੇ ਜਿਸ ਤਰ੍ਹਾਂ ਦਾ ਅਮਲ ਹੋਇਆ ਹੈ, ਉਸ ਨੂੰ ਵੇਖ ਕੇ ਅੱਜ ਵੀ ਕਾਂਬੇ ਛਿੜ ਜਾਂਦੇ ਹਨ। ਮਾਨਵੀ ਮੁਕਤੀ ਦੇ ਪ੍ਰਾਜੈਕਟ ਨੂੰ ਜੇਕਰ ਜਾਰੀ ਰੱਖਣਾ ਹੈ ਤਾਂ ਧਰਮ ਜਾਂ ਹੋਰ ਕਿਸੇ ਵੀ ਚਿੰਤਨ ਨੇ ਕੰਮ ਨਹੀਂ ਆਉਣਾ। ਓਟ ਆਸਰਾ ਮਾਰਕਸੀ ਚਿੰਤਨ ਦਾ ਹੀ ਲੈਣਾ ਪਵੇਗਾ, ਪਰ ਉਸ ਤਰ੍ਹਾਂ ਕਦੰਤ ਨਹੀਂ ਜਿਸ ਤਰ੍ਹਾਂ ‘ਕਾਮਰੇਡ‘ ਸਟਾਲਿਨ ਨੇ ਲਿਆ ਅਤੇ ਲਾਗੂ ਕੀਤਾ ਸੀ। ਬੱਲ ਆਜ਼ਾਦੀ ‘ਚ ਵਧਾਰੇ ਲਈ ਕਿਸੇ ਅਲਾਸੇਟ ਸੰਗਰਾਮ ਦੇ ਨਾਂ ‘ਤੇ ਨਿਹੱਕੇ ਲੋਕਾਂ ਦਾ ਲਹੂ ਡੋਲਣ ਨਾਲੋਂ ਸਾਰੀ ਉਮਰ ਇਨਸਾਨੀ ਜੀਵਨ ਦੀ ਅਜ਼ਮਤ ਅਤੇ ਸ਼ਾਨ ਬਾਰੇ ਸੋਚੀ ਜਾਣ ਨੂੰ ਕਿਤੇ ਵਧੇਰੇ ਸਾਰਥਕ ਕਰਮ ਮੰਨਦਾ ਹੈ।



*ਮੰਡੀ ਅਹਿਮਦਗੜ੍ਹ ਵਿਖੇ ਅਮਰਜੀਤ ਪਰਾਗ ਤੋਂ ਜ਼ਿੰਦਗੀ ਦੇ ਰਾਜ਼ ਸਮਝਣ ਦਾ ਯਤਨ ਕਰਦੇ ਹੋਏ ਗੁਰਦਿਆਲ ਬੱਲ।*

ਦੋਸਤੀਆਂ ਪਾਲਣ ਦੇ ਨਾਲ ਨਾਲ ਜਿੰਨੀਆਂ ਕਿਤਾਬਾਂ ਅੱਜ ਤੱਕ ਬੱਲ ਨੇ ਖਰੀਦੀਆਂ, ਪੜ੍ਹੀਆਂ ਅਤੇ ਵੰਡੀਆਂ ਹਨ, ਉਹ ਆਪਣੇ ਆਪ ਵਿਚ ਇੱਕ ਰਿਕਾਰਡ ਹੈ ਅਤੇ ਇਹ ਸਿਲਸਿਲਾ ਅਜੇ ਜਾਰੀ ਹੈ। ਫਿਰ ਵੀ ਉਸ ਦੀ ਫੱਕਰ ਜੀਵਨ ਸ਼ੈਲੀ ਕਾਰਨ ਖੁਦ ਪੇਤਲੀ ਵਿਦਵਤਾ ਵਾਲੇ ਕੈਰੀਅਰਿਸਟ, ਬੱਲ ਨੂੰ ਪੜ੍ਹਿਆ ਲਿਖਿਆ ਮੰਨਣ ਤੋਂ ਇਨਕਾਰੀ ਹਨ। ਸੰਯੋਗ ਵੱਸ ਜੇ ਕਦੇ ਇਨ੍ਹਾਂ ਸੱਜਣਾਂ ਵਿਚੋਂ ਕੋਈ ਕਿਸੇ ਵਿਸ਼ੇ ‘ਤੇ ਚਾਰ ਬੰਦਿਆਂ ਦੀ ਹਾਜ਼ਰੀ ਵਿਚ ਬੱਲ ਨਾਲ “ਗੋਸ਼ਟਿ” ਵਿਚ ਸ਼ਾਮਲ ਹੋਣ ਦੀ ਭੁੱਲ ਕਰ ਬੈਠੇ ਤਾਂ ਅਜਿਹੇ ਸੱਜਣ ਦੀ ਅਲਪੱਗਤਾ ਜ਼ਾਹਿਰ ਹੋਣ ਨੂੰ ਚਿਰ ਨਹੀਂ ਲੱਗਦਾ।

ਖਾੜਕੂ ਲਹਿਰ ਅਤੇ ਖਾੜਕੂ ਨੌਜਵਾਨਾਂ ਬਾਰੇ ਜਾਣਕਾਰੀ ਦਾ ਉਹ ਵਿਸ਼ਵਕੋਸ਼ ਹੈ। ਉਸ ਦੀ ਜਾਣਕਾਰੀ ਪੰਜਾਬ ਪੁਲਿਸ ਅਤੇ ਮਾਨਵੀ ਅਧਿਕਾਰ ਕਮੇਟੀਆਂ ਦੀ ਜਾਣਕਾਰੀ ਨਾਲੋਂ ਵੱਧ ਸਟੀਕ ਹੈ। ਪੰਜਾਬ ਦੀ ਖਾੜਕੂ ਲਹਿਰ ਨੂੰ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੀਆਂ ਅਤਿਵਾਦੀ ਲਹਿਰਾਂ ਦੇ ਪ੍ਰਸੰਗ ਵਿਚ ਰੱਖ ਕੇ ਗੱਲ ਕਰਨ ਦੀ ਸਮਰੱਥਾ ਬੱਲ ਨਾਲੋਂ ਵੱਧ ਸ਼ਾਇਦ ਹੀ ਕਿਸੇ ਹੋਰ ਪੰਜਾਬੀ ਕੋਲ ਹੋਵੇ।

ਬੱਲ ਨੇ ਆਪਣਾ ਤਨ, ਮਨ ਤੇ ਧਨ ਵਿਚਾਰਾਂ ਦੇ ਰਹੱਸਮਈ ਮੋਹ ਨੂੰ ਅਰਪਤ ਕਰ ਦਿੱਤਾ ਹੈ। ਉਸ ਦੀ ਹਸਤੀ ਕਲਾ ਦੇ ਕਿਸੇ ਵਿਲੱਖਣ ਅਜੂਬੇ ਵਾਂਗ ਹੈ। ਬੱਲ ਦੀ ਜ਼ਿੰਦਗੀ ਦਾ ਦੁਖਦ ਪਹਿਲੂ, ਗ੍ਰਹਿਸਥ ਅਤੇ ਬੈਰਾਗ ਦੇ ਬੇਮੇਚਪਣ ਵਿਚ ਹੈ। ਅਰਸਤੂ, ਬੁੱਧ, ਤਾਲਸਤਾਇ ਅਤੇ ਭਗਤ ਕਬੀਰ ਵਰਗੇ ਮਹਾਂਪੁਰਖ ਵੀ ਬੈਰਾਗ ਅਤੇ ਗ੍ਰਹਿਸਥ ਦਾ ਕੋਈ ਸੁਖਾਵਾਂ ਮੇਲ ਨਹੀਂ ਲੱਭ ਸਕੇ।

ਭਗਤ ਕਬੀਰ ਕਹਿੰਦੇ ਹਨ,

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ
ਨਾਹੀ ਤ ਕਰੁ ਬੈਰਾਗੁ॥
ਬੈਰਾਗੀ ਬੰਧਨ ਕਰੈ ਤਾ ਕੋ ਬਡੋ ਅਭਾਗੁ॥

ਗ੍ਰਹਿਸਥੀ ਤੋਂ ਇੱਕੋ ਸਮੇਂ ਅਣਗਿਣਤ ਕਿਸਮ ਦੇ ਫਰਜ਼ਾਂ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਨ੍ਹਾਂ ਫਰਜ਼ਾਂ ਵਿਚਕਾਰ ਸੰਤੁਲਨ ਬਣਾਈ ਰੱਖਣ ਲਈ ਕਈ ਕਿਸਮ ਦੀਆਂ ਨਾਚੀਜ਼ ਤਰਜੀਹਾਂ ਗ੍ਰਹਿਸਥੀ ਦੇ ਮੱਥੇ ਦੀਆਂ ਲਕੀਰਾਂ ਬਣ ਜਾਂਦੀਆ ਹਨ। ਬੈਰਾਗੀ ਇਨ੍ਹਾਂ ਸਭਨਾਂ ਤੋਂ ਨਿਰਲੇਪ। ਨਹਾਤਾ ਘੋੜਾ। ਜਿਹੜਾ ਬੈਰਾਗੀ ਸੰਯੋਗ ਵੱਸ ਗ੍ਰਹਿਸਥ ਵਿਚ ਪੈ ਜਾਵੇ, ਉਸ ਦੇ ਮੰਦੇ ਭਾਗ। ਬੱਲ ਨੇ ਘਰ ਨੂੰ ‘ਧੂਣਾ’ ਬਣਾਈ ਰੱਖਿਆ ਹੈ। ਸ਼ਾਇਦ ਹੀ ਕੋਈ ਸ਼ਾਮ ਅਜਿਹੀ ਲੰਘੀ ਹੋਵੇਗੀ ਜਦੋਂ ਭਾਂਤ ਭਾਂਤ ਦੀ ਠੀਕਰੀ ਇਸ ਧੂਣੇ ’ਤੇ ਇਕੱਠੀ ਨਾ ਹੋਈ ਹੋਵੇ। ਭਾਂਤ ਭਾਂਤ ਦੇ ਨਸ਼ੇ, ਚਹੁੰ ਕੂੰਟਾਂ ਦੇ ਮਸਲਿਆਂ ਬਾਰੇ ਤਰਕ ਵਿਤਰਕ ਦਾ ਆਪ ਮੁਹਾਰਾ ਸਿਲਸਿਲਾ ਅਤੇ ਬੱਲ ਦਾ ਗਾਲਦਾਰ ਅੰਦਾਜ਼-ਏ-ਬਿਆਨ। ਘਰ ਦੇ ਸਾਰੇ ਕੰਮ ਡਾ. ਗੁਰਨਾਮ ਕੌਰ ਦੇ ਜ਼ਿੰਮੇ; ਸੁਭਾਅ, ਪੇਸ਼ੇ ਅਤੇ ਆਸਥਾ ਪੱਖੋਂ ਸਿੱਖ ਧਰਮ ਨੂੰ ਪਰਨਾਈ ਹੋਈ। ਪਰ ਧੰਨ ਹੈ ਭੈਣ ਗੁਰਨਾਮ ਕੌਰ ਜਿਸ ਨੇ ਬੇਮਿਸਾਲ ਸਬਰ ਕਰ ਕੇ ਸਭ ਮਤਭੇਦਾਂ ਦੇ ਬਾਵਜੂਦ ਇਸ ‘ਭੂਤਵਾੜੇ’ ਦੀ ਰੌਣਕ ਨੂੰ ਕਦੇ ਭੰਗ ਨਾ ਕੀਤਾ।

ਪਿਛਲੇ ਸਾਲ ਗੁਰਦੇਵ ਚੌਹਾਨ ਕੈਨੇਡਾ ਤੋਂ ਪਰਤ ਕੇ ਮਿਲਣ ਆਇਆ ਕਹਿ ਰਿਹਾ ਸੀ ਕਿ ਬੱਲ ਦੇ ਘਰ ਆ ਕੇ ਆਪਣੇ ਘਰ ਨਾਲੋਂ ਵੀ ਵੱਧ ਆਪਣਾਪਨ ਮਹਿਸੂਸ ਹੋਣ ਲਗਦਾ ਹੈ। ਮੋੜਵਾਂ ਸਵਾਲ ਕਰਨ ‘ਤੇ ਚੌਹਾਨ ਦੀ ਤਸਦੀਕ ਸੀ ਕਿ ਗੁਰਨਾਮ ਭੈਣ ਦੀ ਹਾਜ਼ਰੀ ਵਿਚ ਵੀ ਉਸ ਨੂੰ ਕਦੀ ਕਿਸੇ ਤਰ੍ਹਾਂ ਦਾ ਤਣਾਓ ਨਜ਼ਰ ਨਹੀਂ ਆਇਆ।

ਮੇਰਾ ਯਕੀਨ ਹੈ ਕਿ ਕਿਸੇ ਹੋਰ ਯੂਨੀਵਰਸਿਟੀ ਪ੍ਰੋਫੈਸਰ ਦੇ ਘਰੇ ਅਜਿਹਾ ਵਰਤਾਰਾ ਇੱਕ ਹਫਤਾ ਚੱਲਣਾ ਵੀ ਸੰਭਵ ਨਹੀਂ। ਗੁਰਨਾਮ ਕੌਰ ਵਰਗੇ ਵੱਡੇ ਜਿਗਰੇ ਦਾ ਸਬੂਤ ਡਾ. ਕੇਹਰ ਸਿੰਘ ਹੁਰਾਂ ਨੂੰ ਵੀ ਦੇਣਾ ਪਿਆ ਸੀ, ਜਦੋਂ ਨਾਵਲੀ ਕੱਦ ਦੀ ਰੋਸੇ ਭਰੀ ਚਿੱਠੀ ਬੱਲ ਨੇ ਕੇਵਲ ਲਿਖੀ ਹੀ ਨਹੀਂ ਸਗੋਂ ਕਾਪੀ ਕਰ ਕੇ ਆਪਣੇ ਦੋ-ਤਿੰਨ ਸਟੀਕ ਦੋਸਤਾਂ ਦੇ ਹਵਾਲੇ ਵੀ ਕੀਤੀ; ਪਰ ਡਾਕਟਰ ਸਾਹਿਬ ਨੇ ਰੋਸ ਵਜੋਂ ਕੁੱਝ ਕਹਿਣਾ ਤਾਂ ਕੀ ਸੀ, ਮੱਥੇ ਵੱਟ ਵੀ ਨਹੀਂ ਪਾਇਆ। ਪਹਿਲਾਂ ਵਾਂਗ ਹੀ ਦੋਵਾਂ ਵਿਚਕਾਰ ਨੇੜਤਾ ਅਤੇ ਆਪਸੀ ਸਤਿਕਾਰ ਅੱਜ ਤੱਕ ਕਾਇਮ ਹੈ।

ਮੈਂ ‘ਪੰਜਾਬੀ ਟ੍ਰਿਬਿਊਨ’ ਬਾਰੇ ਯਾਦਾਂ ਦੀ ਲੜੀ ਬੇਬਾਕ ਅੰਦਾਜ਼ ਵਿਚ ਲਿਖਣ ਲਈ ਅਮੋਲਕ ਸਿੰਘ ਦਾ ਇਸ ਗੱਲੋਂ ਵੀ ਆਭਾਰੀ ਹਾਂ ਕਿ ਉਸ ਨੇ ਮੈਨੂੰ ਆਪਣੇ ਇਸ ਅਨੋਖੇ ਮਿੱਤਰ ਬਾਰੇ ਆਪਣੇ ਪ੍ਰਭਾਵ ਸਾਂਝੇ ਕਰਨ ਦੀ ਪ੍ਰੇਰਨਾ ਦਿੱਤੀ ਹੈ।

# ਮੱਕੇ ਸਮਾਨ ਸਨ ਦਲਬੀਰ ਤੇ ਕਰਮਜੀਤ ਦੇ ਕੈਬਿਨ

ਇੰਟਰਨੈਟ ‘ਤੇ ‘ਪੰਜਾਬ ਟਾਈਮਜ਼’ ਵਿਚ ਛਪ ਰਹੀ ਅਮੋਲਕ ਸਿੰਘ ਜੰਮੂ ਦੀ ‘ਪੰਜਾਬੀ ਟ੍ਰਿਬਿਊਨ’ ਨਾਲ ਜੁੜੀਆਂ ਯਾਦਾਂ ਦੀ ਲੜੀ ਪੜ੍ਹੀ। ਸਾਰੀਆਂ ਕਿਰਤਾਂ ਇੱਕ ਤੋਂ ਵੱਧ ਦਿਲਚਸਪ ਲੱਗੀਆਂ। ਦਲਜੀਤ ਸਰਾਂ ਤੇ ਜਗਤਾਰ ਸਿੱਧੂ ਵਿਚਾਲੇ ਦਫਤਰੀ ਸਿਆਸਤ ਦੀ ਜੰਗ ਅਤੇ ਗੁਰਦਿਆਲ ਬੱਲ ਦੀ ਅਖਬਾਰ ਨਵੀਸੀ ਵਾਲੇ ਲੇਖ ਵਧੇਰੇ ਚੰਗੇ ਲੱਗੇ।



**ਹਰਜੀਤ ਸਿੰਘ ਆਲਮ, ਗੁਰਦਾਸਪੁਰ**
**ਫੋਨ: 91-98143-95980**

ਅਮੋਲਕ ਸਿੰਘ ਦੇ ਆਪਣੇ ਅਤੀਤ ਦੇ ਸਾਥੀਆਂ ਬਾਰੇ ਲਿਖੇ ਸ਼ਬਦ ਚਿੱਤਰ ਮਨ ਨੂੰ ਮੋਹ ਜਾਣ ਵਾਲੇ ਹਨ। ਪੰਜਾਬੀ ਟ੍ਰਿਬਿਊਨ ਪਰਿਵਾਰ ਨਾਲ ਲੰਬਾ ਸਮਾਂ ਵਾਹ ਰਿਹਾ ਹੋਣ ਕਰ ਕੇ ਮੇਰੇ ਆਪਣੇ ਮਨ ਅੰਦਰ ਵੀ ਕਈ ਯਾਦਾਂ ਤਾਜ਼ਾ ਹੋ ਗਈਆਂ।

ਮਾਰਚ 1987 ਵਿਚ ਮੈਂ ‘ਪੰਜਾਬੀ ਟ੍ਰਿਬਿਊਨ’ ਤੋਂ ਪੱਤਰਕਾਰੀ ਦਾ ਸਫ਼ਰ ਸ਼ੁਰੂ ਕੀਤਾ। ਉਸ ਸਮੇਂ ਸ. ਗੁਲਜ਼ਾਰ ਸਿੰਘ ਸੰਧੂ ਸੰਪਾਦਕ ਅਤੇ ਹਰਭਜਨ ਹਲਵਾਰਵੀ ਸਹਾਇਕ ਸੰਪਾਦਕ ਸਨ। ਕਾਮਰੇਡ ਦਰਸ਼ਨ ਖਟਕੜ ਦੇ ਤੁਆਰਫ ਨਾਲ ਮੈਨੂੰ ਪਠਾਨਕੋਟ ਤੋਂ ਪੱਤਰ ਪ੍ਰੇਰਕ ਬਣਾ ਦਿੱਤਾ ਗਿਆ। ਪੱਤਰਕਾਰੀ ਦਾ ਅਧਿਕਾਰ ਪੱਤਰ ਦੇਣ ਬਾਅਦ ਸੰਪਾਦਕ ਨੇ ਹਰਭਜਨ ਹਲਵਾਰਵੀ ਨੂੰ ਆਪਣੇ ਦਫ਼ਤਰ ਬੁਲਾ ਕੇ ਕਿਹਾ ਕਿ ਇਨ੍ਹਾਂ ਨੂੰ ਦਰਸ਼ਨ ਖਟਕੜ ਨੇ ਭੇਜਿਆ ਹੈ। ਮਗਰੋਂ ਹਲਵਾਰਵੀ ਮੈਨੂੰ ਆਪਣੇ ਕਮਰੇ ਵਿਚ ਲੈ ਗਿਆ ਅਤੇ ਟ੍ਰਿਬਿਊਨ ਦੀ ਰਵਾਇਤ ਅਨੁਸਾਰ ਚਾਹ ਪਿਆਈ। ਉਨ੍ਹੀਂ ਦਿਨੀਂ ਸ਼ਿੰਗਾਰਾ ਸਿੰਘ ਭੁੱਲਰ ਵੀ ਸਹਾਇਕ ਸੰਪਾਦਕ ਸਨ ਅਤੇ ਭੁੱਲਰ ਤੇ ਹਲਵਾਰਵੀ ਇੱਕ ਹੀ ਕਮਰੇ ਵਿਚ ਵੱਖ-ਵੱਖ ਕੈਬਿਨਾਂ ਵਿਚ ਬੈਠਦੇ ਸਨ। ਫਿਰ ਮੈਨੂੰ ਨਿਊਜ਼ ਵਿਚ ਉਸ ਸਮੇਂ ਦੇ ਸਮਾਚਾਰ ਸੰਪਾਦਕ ਜਗਜੀਤ ਸਿੰਘ ਬੀਰ ਅਤੇ ਸਬ-ਐਡੀਟਰਾਂ ਨਾਲ ਮਿਲਾਇਆ ਗਿਆ। ਸਬ-ਐਡੀਟਰਾਂ ਵਿਚ ਦਲਬੀਰ ਸਿੰਘ, ਸੁਰਿੰਦਰ ਸਿੰਘ, ਸੁਰਿੰਦਰ ਤੇਜ, ਸ਼ਮਸ਼ੇਰ ਸਿੰਘ ਸੰਧੂ, ਦਲਜੀਤ ਸਿੰਘ ਸਰਾਂ ਅਤੇ ਗੁਰਦਿਆਲ ਬੱਲ ਆਦਿ ਸਨ।

ਗੁਲਜ਼ਾਰ ਸਿੰਘ ਸੰਧੂ ਮੈਨੂੰ ਬਹੁਤ ਪਿਆਰ ਨਾਲ ਮਿਲੇ ਸਨ ਅਤੇ ਮੈਨੂੰ ਉਨ੍ਹਾਂ ਦਾ ਦਗਦਾ ਖ਼ੂਬਸੂਰਤ ਚਿਹਰਾ ਅਜ ਵੀ ਯਾਦ ਹੈ। ਫਿਰ ਜਲਦੀ ਹੀ ਗੁਲਜ਼ਾਰ ਸਿੰਘ ਸੰਧੂ ਦੀ ਜਗ੍ਹਾ ਹਰਭਜਨ ਹਲਵਾਰਵੀ ਸੰਪਾਦਕ ਬਣ ਗਏ। ਕੁਝ ਦਿਨਾਂ ਬਾਅਦ ਹਲਵਾਰਵੀ ਨੇ ਚਿੱਠੀ ਰਾਹੀਂ ਦਫ਼ਤਰ ਬੁਲਾਇਆ। ਹਰਭਜਨ ਹਲਵਾਰਵੀ ‘ਤੇ ਉਦੋਂ ਤਕ ਸੰਪਾਦਕ ਦਾ ‘ਹੁਸਨ’ ਚੜ੍ਹ ਚੁੱਕਾ ਸੀ। ਉਨ੍ਹਾਂ ਮੈਨੂੰ ਪਠਾਨਕੋਟ ਦੇ ਨਾਲ-ਨਾਲ ਗੁਰਦਾਸਪੁਰ ਤੋਂ ਵੀ ਪੱਤਰਕਾਰੀ ਦੇ ਦਿੱਤੀ ਅਤੇ ਅਫ਼ਸਰੀ ਲਹਿਜ਼ੇ ਵਿਚ ਕਿਹਾ ਕਿ ਤੂੰ ਸਿਰਫ਼ ਕਾਮਰੇਡਾਂ ਦੀਆਂ ਖ਼ਬਰਾਂ ਹੀ ਨਾ ਭੇਜਿਆ ਕਰ, ਸਗੋਂ ਹੋਰ ਲੋਕਾਂ ਦੀਆਂ ਵੀ ਭੇਜਿਆ ਕਰ।

ਨਿਊਜ਼ ਰੂਮ ਵਿਚ ਮੈਨੂੰ ਦਲਬੀਰ ਸਿੰਘ, ਸ਼ਮਸ਼ੇਰ ਸਿੰਘ ਸੰਧੂ ਅਤੇ ਗੁਰਦਿਆਲ ਬੱਲ ਚੰਗੇ ਲੱਗੇ ਸਨ। ਫਿਰ ਖ਼ਬਰਾਂ ਦੇ ਮਾਮਲੇ ਵਿਚ ਮੇਰੀ ਗੁਰਦਿਆਲ ਬੱਲ ਨਾਲ ਗੂੜ੍ਹੀ ਸਾਂਝ ਪੈ ਗਈ। ਉਹ ਹਫ਼ਤੇ ਵਿਚ ਇੱਕ-ਅੱਧ ਵਾਰ ਮੈਨੂੰ ਗੁਰਦਾਸਪੁਰ ਫੋਨ ਕਰ ਕੇ ਖਾੜਕੂ ਗਤੀਵਿਧੀਆਂ ਬਾਰੇ ਜ਼ਰੂਰ ਪੁੱਛਦਾ। ਮੈਂ ਜਦੋਂ ਵੀ ‘ਪੰਜਾਬੀ ਟ੍ਰਿਬਿਊਨ’ ਦੇ ਦਫ਼ਤਰ ਜਾਂਦਾ ਤਾਂ ਬੱਲ ਮੈਨੂੰ ਬਾਹਰ ਲਾਅਨ ਵਿਚ ਲੈ ਆਉਂਦਾ ਅਤੇ ਲੰਮਾ ਸਮਾਂ ਗੱਲਾਂ-ਬਾਤਾਂ ਚੱਲਦੀਆਂ। ਬੱਲ ਨੇ ਉਨ੍ਹੀਂ ਦਿਨੀਂ ਹੀ ਮੈਨੂੰ ‘ਪੰਜਾਬੀ ਟ੍ਰਿਬਿਊਨ’ ਅੰਦਰ ਸੰਪਾਦਕ ਤੋਂ ਲੈ ਕੇ ਸਬ-ਐਡੀਟਰਾਂ ਅਤੇ ਪਰੂਫ ਰੀਡਰਾਂ ਤੱਕ ਪੈਦਾ ਹੋ ਚੁੱਕੀ ਧੜੇਬੰਦੀ ਬਾਰੇ ਦੱਸਿਆ ਸੀ। ਕਈ ਵਾਰ ਬੱਲ ਮੈਨੂੰ ਸਵੇਰੇ ਮੇਰੇ ਘਰ ਫੋਨ ਕਰ ਕੇ ਕਹਿੰਦਾ ਕਿ ‘ਆਲਮ ਮੈਂ ਤੇਰੇ ਨਾਂ ’ਤੇ ਖ਼ਬਰ ਪਾਉਣ ਲੱਗਾਂ ਅਤੇ ਜੇ ਕੋਈ ਪੁੱਛੇ

**(ਬਾਕੀ ਅਗਲੇ ਸਫੇ ’ਤੇ)**

# ਸਾਹਿਤ ਸੰਜੀਵਨੀ-ਹੱਡੀਂ ਹੰਢਾਇਆ ਸੱਚ

**ਜੰਗ ਬਹਾਦੁਰ ਗੋਇਲ**

ਮੇਰੀ ਪੁਸਤਕ 'ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ' ਦਾ ਤੀਜਾ ਭਾਗ ਹੁਣੇ ਹੀ ਪ੍ਰਕਾਸ਼ਤ ਹੋਇਆ ਹੈ। ਇਸ ਪੁਸਤਕ ਦਾ ਪਹਿਲਾ ਭਾਗ 2007 ਤੇ ਦੂਜਾ 2010 ਵਿਚ ਪ੍ਰਕਾਸ਼ਤ ਹੋਇਆ ਸੀ। ਪਹਿਲੇ ਭਾਗ ਦਾ ਦੂਜਾ ਐਡੀਸ਼ਨ ਵੀ 2012 ਵਿਚ ਪ੍ਰਕਾਸ਼ਤ ਹੋ ਚੁਕਾ ਹੈ। ਪੁਸਤਕ ਦੇ ਤਿੰਨ ਭਾਗਾਂ ਵਿਚ 46 ਨਾਵਲ ਸ਼ਾਮਲ ਹਨ-ਪਹਿਲੇ ਭਾਗ ਵਿਚ 25, ਦੂਜੇ ਵਿਚ 11 ਤੇ ਤੀਜੇ ਵਿਚ ਦਸ। ਹੁਣ ਜਦ ਮੈਂ ਪਿਛਾਂਹ ਮੁੜ ਕੇ ਵੇਖਦਾ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਏਨਾ ਵੱਡਾ ਕੰਮ ਨੇਪਰੇ ਚੜ੍ਹ ਗਿਆ। ਸੱਚਮੁਚ, ਇਹ ਔਖਾ ਅਤੇ ਘਾਲਣਾ ਭਰਪੂਰ ਕੰਮ ਸੀ, ਪਰ ਇਸ ਨੇ ਮੈਨੂੰ ਬੇਹੱਦ ਸਕੂਨ ਤੇ ਸੰਤੁਸ਼ਟੀ ਦਿੱਤੀ ਹੈ।

ਇਸ ਪੁਸਤਕ ਦਾ ਤੀਜਾ ਭਾਗ ਤਾਂ ਮੈਂ ਬਹੁਤ ਹੀ ਕਰੜੇ ਹਲਾਤ ਵਿਚ ਪੂਰਾ ਕੀਤਾ। ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਮੁਸ਼ਕਲ ਸਮਾਂ ਸੀ-ਕਾਲੀ ਸਿਆਹ ਰਾਤ ਵਰਗੀ ਨਿਰਾਸ਼ਾ ਨਾਲ ਭਰਿਆ ਹੋਇਆ। ਪਿਛਲੇ ਤਿੰਨਾਂ ਸਾਲਾਂ ਤੋਂ ਮੈਂ ਮੰਜੇ ਨਾਲ ਲੱਗਾ ਹੋਇਆ ਸੀ। ਸ਼ੁਰੂ ਵਿਚ ਤੁਰਨ ਵੇਲੇ ਔਖਿਆਈ ਹੋਣ ਲੱਗੀ, ਫੇਰ ਟੰਗਾਂ 'ਚ ਦਰਦ ਰਹਿਣ ਲੱਗਾ ਤੇ ਛੇਤੀ ਹੀ ਕਮਜ਼ੋਰੀ ਇਸ ਕਦਰ ਵਧ ਗਈ ਕਿ ਤੁਰਦਿਆਂ ਅਚਾਨਕ ਡਿੱਗਣ ਲੱਗ ਪਿਆ। ਉਤਰ ਭਾਰਤ ਦੇ ਹੱਡੀਆਂ ਦੇ ਮਾਹਰ ਡਾਕਟਰ ਨੇ ਇਕ ਸਾਲ ਤੱਕ ਮੇਰਾ ਇਲਾਜ ਕੀਤਾ। ਬਿਮਾਰੀ ਰੁਕਣ ਦੀ ਬਜਾਏ ਜਦੋਂ ਵਧਦੀ ਹੀ ਗਈ ਤਾਂ ਡਾਕਟਰ ਨੇ ਮੈਨੂੰ ਪੀ ਜੀ ਆਈ ਨਿਊਰਾਲੋਜੀ ਵਿਭਾਗ ਦੇ ਮਾਹਰ ਡਾਕਟਰ ਕੋਲ ਭੇਜ ਦਿਤਾ। ਮੈਨੂੰ ਹਸਪਤਾਲ ਵਿਚ ਭਰਤੀ ਕਰ ਲਿਆ ਗਿਆ, ਜਿੱਥੇ ਮੈਂ ਵੀਹ ਦਿਨ ਰਿਹਾ। ਹਰ ਰੋਜ਼ ਹੀ ਨਵੇਂ-ਨਵੇਂ ਟੈਸਟ ਕੀਤੇ ਜਾਂਦੇ-ਬਹੁਤ ਔਖੇ ਤੇ ਦਰਦਨਾਕ। ਅੰਤ ਵਿਚ ਮੇਰੀ ਮਾਸਪੇਸ਼ੀਆਂ ਦੀ ਬਿਮਾਰੀ ਨੂੰ ਇਕ ਲਾ-ਇਲਾਜ ਬਿਮਾਰੀ ਦਾ ਨਾਂ ਦੇ ਕੇ ਡਾਕਟਰਾਂ ਨੇ ਆਪਣੇ ਹੱਥ ਖੜ੍ਹੇ ਕਰ ਦਿੱਤੇ ਸਨ ਤੇ ਮੈਨੂੰ ਰੱਬ ਦੇ ਰਹਿਮ 'ਤੇ ਛੱਡ ਦਿੱਤਾ। ਦਵਾਈ ਦੇ ਨਾਂ 'ਤੇ ਸਿਰਫ਼ ਦਰਦ-ਨਿਵਾਰਕ ਗੋਲੀਆਂ ਮੇਰੇ ਪੱਲੇ ਸਨ। ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਸ), ਦਿੱਲੀ ਵੀ ਵਿਖਾਇਆ ਪਰ ਕੋਈ ਅਸਰਦਾਰ ਸਿੱਟਾ ਸਾਹਮਣੇ ਨਹੀਂ ਆਇਆ।

ਉਨ੍ਹਾਂ ਦਿਨਾਂ ਵਿਚ ਹੀ ਕਿਸੇ ਨੇ ਚੰਡੀਗੜ੍ਹ ਦੇ ਇਕ ਬਹੁਤ ਹੀ ਸਨਮਾਨਤ ਤੇ ਸਤਿਕਾਰਤ ਬਜ਼ੁਰਗ ਡਾਕਟਰ ਦੀ ਸਲਾਹ ਲੈਣ ਲਈ ਮੈਨੂੰ ਜ਼ੋਰ ਪਾਇਆ, ਕਿਉਂਕਿ ਉਸ ਡਾਕਟਰ ਨੂੰ ਨਿਊਰਾਲੋਜੀ ਦਾ 'ਪਿਤਾ' ਕਿਹਾ ਜਾਂਦਾ ਹੈ। ਮੇਰੀ ਪਰਖ-ਪੜਤਾਲ ਕਰਨ ਉਪਰੰਤ ਉਸ ਨੇ ਮੇਰੇ ਬੇਟੇ ਗੌਰਵ ਦੀ ਮੌਜੂਦਗੀ ਵਿਚ ਇਹ ਫਤਵਾ ਸੁਣਾ ਦਿੱਤਾ, "ਇਸ ਬਿਮਾਰੀ ਨੂੰ 'ਤੇ ਨਾ ਠੱਲ੍ਹ ਪਾਈ ਜਾ ਸਕਦੀ ਹੈ ਤੇ ਨਾ ਹੀ ਹੋ ਚੁੱਕੇ ਨੁਕਸਾਨ ਦੀ ਕੋਈ ਭਰਪਾਈ ਸੰਭਵ ਹੈ। ਇਸ ਦੀ ਕੋਈ ਦਵਾਈ ਹੈ ਹੀ ਨਹੀਂ।" ਡਾਕਟਰ ਦੇ ਇਹ ਵਚਨ ਸੁਣ ਕੇ ਗੌਰਵ ਨੇ ਕਿਹਾ, "ਡਾਕਟਰ ਸਾਹਿਬ! ਕੈਂਸਰ ਵਰਗੀ ਭਿਆਨਕ ਬਿਮਾਰੀ ਨੂੰ ਠੱਲ੍ਹ ਪਾਉਣ ਦੀ ਤੁਸੀਂ ਕੋਸ਼ਿਸ਼ ਕਰਦੇ ਹੋ। ਫੇਰ ਇਹ ਬਿਮਾਰੀ ਤਾਂ ਕੈਂਸਰ ਤੋਂ ਵੀ ਭਿਆਨਕ ਹੋਈ।"

"ਹਾਂ, ਕੈਂਸਰ ਮਾਰਦੀ ਹੈ ਤੇ ਇਹ ਬਿਮਾਰੀ 'ਨਕਾਰਾ' ਕਰ ਦਿੰਦੀ ਹੈ।" ਫੇਰ ਡਾਕਟਰ ਨੇ ਮੇਰੇ ਵੱਲ ਵੇਖਦਿਆਂ ਕਿਹਾ, "ਤੁਹਾਨੂੰ ਦਰਦ ਬਰਦਾਸ਼ਤ ਕਰਨ ਦੀ ਜਾਚ ਸਿੱਖਣੀ ਹੋਵੇਗੀ।"

ਡਾਕਟਰ ਦੀ ਗੱਲ ਸੁਣ ਕੇ ਮੈਂ ਆਪਣੀ ਜਿਗਿਆਸਾ ਨੂੰ ਸ਼ਾਂਤ ਕਰਨ ਲਈ ਪੁੱਛਿਆ, "ਡਾਕਟਰ ਸਾਹਿਬ, ਇਸ ਬਿਮਾਰੀ ਦੇ ਕਾਰਨ ਕੀ ਹੋ ਸਕਦੇ ਹਨ?"

"ਕਈ ਕਾਰਨ ਹੋ ਸਕਦੇ ਹਨ, ਪਰ ਤੁਹਾਡੇ ਕੇਸ ਵਿਚ ਪੀ ਜੀ ਆਈ ਅਤੇ ਏਮਜ਼ ਦੇ ਡਾਕਟਰ ਕਿਸੇ ਕਾਰਨ ਦੀ ਸ਼ਨਾਖਤ ਨਹੀਂ ਕਰ ਸਕੇ। ਇਹੋ ਕਿਹਾ ਜਾ ਸਕਦਾ ਹੈ ਕਿ ਇਹ ਰੱਬ ਦੀ ਗਲਤੀ ਹੈ, ਜਿਸ ਨੂੰ ਕੋਈ ਵੀ ਆਦਮੀ ਦਰੁਸਤ ਨਹੀਂ ਕਰ ਸਕਦਾ।"

ਵਿਦਵਾਨ ਡਾਕਟਰ ਦਾ ਇਹ ਨਿਰਣਾ ਸੁਣਨ ਤੋਂ ਬਾਅਦ ਮੇਰੀ ਹਾਲਤ ਉਸ ਆਦਮੀ ਵਰਗੀ ਹੀ ਸੀ, ਜੋ ਅੰਤਮ ਅਦਾਲਤ 'ਚੋਂ ਆਪਣੀ ਮੌਤ ਦੀ ਸਜ਼ਾ ਸੁਣਨ ਪਿਛੋਂ ਵੀ ਕਿਸੇ ਸਾਹਮਣੇ ਆਪਣੇ-ਆਪ ਨੂੰ ਸੰਤੁਲਤ ਰੱਖਣ ਦਾ ਨਾਟਕ ਕਰਦਾ ਹੈ।

ਹਮਦਰਦ ਦੋਸਤਾਂ ਦੀ ਤੇ ਘਰ ਦੇ ਜੀਆਂ ਦੀ ਫਿਕਰਮੰਦੀ ਵਧਦੀ ਗਈ। ਉਹ ਮੈਨੂੰ ਬਾਬਾ ਰਾਮਦੇਵ ਦੇ ਕੋਲ ਵੀ ਲੈ ਗਏ ਤੇ ਹੋਮਿਓਪੈਥੀ ਦੇ ਡਾਕਟਰਾਂ ਕੋਲ ਵੀ, ਪਰ ਨਾ ਦਰਦ ਘੱਟ ਹੋਇਆ ਤੇ ਨਾ ਕਮਜ਼ੋਰੀ। 2010 ਦੇ ਅੱਧ ਵਿਚ ਤਾਂ ਮੇਰੀ ਹਾਲਤ ਅਜਿਹੀ ਹੋ ਗਈ ਸੀ ਕਿ ਮੈਂ ਆਪਣੀ ਲੱਤ ਜ਼ਰਾ ਜਿੰਨੀ ਵੀ ਉਤਾਂਹ ਨਹੀਂ ਚੁੱਕ ਸਕਦਾ ਸੀ। ਸਰੀਰ ਦੇ ਪੋਟੇ-ਪੋਟੇ ਵਿਚ ਅਸਹਿ ਦਰਦ ਨਾਲ ਘੁਲਦਾ ਹੋਇਆ ਮੈਂ ਆਪਣੇ ਆਪ ਪਾਸਾ ਲੈਣ ਤੋਂ ਵੀ ਅਸਮਰਥ ਹੋ ਗਿਆ ਸੀ। ਦਿਨ ਵਿਚ ਚਾਰ-ਪੰਜ ਦਰਦ-ਨਿਵਾਰਕ ਗੋਲੀਆਂ ਦਾ ਵੀ ਸਿਰਫ ਵਕਤੀ ਤੌਰ 'ਤੇ ਹੀ ਅਸਰ ਹੁੰਦਾ। ਇਸ ਕਰੜੀ ਪ੍ਰੀਖਿਆ ਦੇ ਦੌਰ ਵਿਚ ਸਵਰਗਵਾਸੀ ਸੁਖਬੀਰ ਜੀ, ਡਾ. ਜੋਗਿੰਦਰ ਟਾਈਗਰ ਅਤੇ ਸੁਰਿੰਦਰ ਸ਼ਰਮਾ ਵਰਗੇ ਮਿੱਤਰ ਪਿਆਰਿਆਂ ਦੀ ਮੋਹ-ਭਿੱਜੀ ਫਿਕਰਮੰਦੀ ਅਤੇ ਸੁਆਰਥ ਰਹਿਤ ਹਮਦਰਦੀ ਨੇ ਮੇਰੇ ਮਨੁੱਖੀ ਰਿਸ਼ਤਿਆਂ ਪ੍ਰਤੀ ਵਿਸ਼ਵਾਸ ਨੂੰ ਹੋਰ ਵਧੇਰੇ ਪੁਖਤਾ ਕੀਤਾ।

ਸਾਹਿਤ ਦਾ ਅਧਿਐਨ ਤੇ ਵਿਸ਼ੇਸ਼ ਰੂਪ ਵਿਚ ਗਲਪ ਸਾਹਿਤ ਦਾ ਅਧਿਐਨ ਬਚਪਨ ਤੋਂ ਹੀ ਮੇਰੇ ਲਈ ਜ਼ਿੰਦਗੀ ਨੂੰ ਜਿਉਣ ਦਾ ਇਕੋ-ਇਕ ਢੰਗ ਰਿਹਾ ਹੈ। ਬੇਹੱਦ ਦਰਦ ਅਤੇ ਬੇਬਸੀ ਦੇ ਆਲਮ ਵਿਚ ਮੈਂ ਸਾਹਿਤ ਦੀ ਅਸੀਮ ਸ਼ਕਤੀ ਨੂੰ ਪਛਾਣਿਆ, ਜੋ ਮੇਰੇ ਲਈ ਸਭ ਤੋਂ ਵੱਧ ਅਸਰਦਾਰ ਦਵਾਈ ਸਿੱਧ ਹੋਈ। ਇਸ ਸੰਜੀਵਨੀ ਨੇ ਹੀ ਮੈਨੂੰ ਜਿਊਂਦਾ ਰੱਖਿਆ। ਸ਼ਾਹਕਾਰ ਨਾਵਲਾਂ ਦਾ ਅਧਿਐਨ ਲਗਾਤਾਰ ਮੇਰੇ ਜਿਸਮ ਅਤੇ ਜ਼ਹਿਨ 'ਤੇ ਪਸਰੇ ਹੋਏ ਘੁੱਪ-ਹਨੇਰੇ ਨੂੰ ਦੁਪਹਿਰ ਦੀ ਖਿੜੀ ਧੁੱਪ ਵਿਚ ਤਬਦੀਲ ਕਰਦਾ ਰਿਹਾ। ਸਾਹਿਤ ਨੇ ਮੈਨੂੰ ਸਰੀਰਕ ਪੀੜ ਬਰਦਾਸ਼ਤ ਕਰਨ ਦੀ ਸਮੱਰਥਾ



ਜੰਗ ਬਹਾਦੁਰ ਗੋਇਲ

ਤਾਂ ਦਿੱਤੀ ਹੀ, ਨਾਲੋ-ਨਾਲ ਇਸ ਨੇ ਮੇਰੀ ਮਾਨਸਕ ਸਿਹਤ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ਸਿੱਟੇ ਵਜੋਂ ਮੈਂ ਆਪਣੇ ਨਿੱਜੀ ਦੁੱਖ ਨਾਲ ਆਪਣੇ ਆਲੇ-ਦੁਆਲੇ ਨੂੰ ਕਦੇ ਉਦਾਸ ਤੇ ਗਮਗੀਨ ਨਹੀਂ ਹੋਣ ਦਿੱਤਾ। ਮੈਂ ਜਦੋਂ ਕੋਈ ਨਾਵਲ ਪੜ੍ਹ ਰਿਹਾ ਹੁੰਦਾ ਜਾਂ ਉਸ ਸਬੰਧੀ ਕੁਝ ਲਿਖਵਾ ਰਿਹਾ ਹੁੰਦਾ ਤਾਂ ਉਸ ਸਮੇਂ ਦੌਰਾਨ ਮੈਨੂੰ ਦਰਦ ਮਹਿਸੂਸ ਹੀ ਨਹੀਂ ਸੀ ਹੁੰਦਾ। ਜਦੋਂ ਕਦੇ 'ਫਲਿਪ ਕਾਰਟ' ਰਾਹੀਂ ਕਿਸੇ ਨਵੀਂ ਕਿਤਾਬ ਦਾ ਪਾਰਸਲ ਮਿਲਦਾ ਤਾਂ ਮੇਰੀ ਹਾਲਤ ਉਸ ਬੱਚੇ ਵਾਂਗ ਹੁੰਦੀ, ਜੋ ਨਵਾਂ ਖਿਡੌਣਾ ਵੇਖਦਿਆਂ ਹੀ ਰੋਂਦਿਆਂ-ਰੋਂਦਿਆਂ ਹੱਸਣ ਲੱਗ ਪੈਂਦਾ ਹੈ।

ਇਸ ਸਬੰਧੀ ਇਕ ਘਟਨਾ ਦਾ ਜ਼ਿਕਰ ਕਰਨਾ ਚਾਹਾਂਗਾ। 6 ਦਸੰਬਰ 2010 ਨੂੰ ਦਿੱਲੀ ਤੋਂ ਇਮਰੋਜ਼ ਜੀ ਅਤੇ ਉਨ੍ਹਾਂ ਨਾਲ ਪੰਜਾਬੀ ਕਹਾਣੀਕਾਰ ਮਹਿੰਦਰ ਰਿਸ਼ਮ ਤੇ ਉਨ੍ਹਾਂ ਦੀ ਭੈਣ ਹਰਦੀਪ ਮੇਰੀ ਸੁੱਖ-ਸਾਂਦ ਜਾਣਨ ਲਈ ਆਏ ਹੋਏ ਸਨ। ਅਚਾਨਕ ਕੋਰੀਅਰ ਰਾਹੀਂ ਇਕ ਪਾਰਸਲ ਮਿਲਿਆ, ਜਿਸ ਵਿਚ ਚਾਰਲਸ ਗੋਰਹਾਮ ਦਾ ਬਾਲਜ਼ਾਕ ਦੀ ਜ਼ਿੰਦਗੀ 'ਤੇ ਲਿਖਿਆ ਨਾਵਲ 'ਵਾਈਨ ਆਫ ਲਾਈਫ' ਸੀ। ਇਹ ਇਕ ਦੁਰਲੱਭ ਪੁਸਤਕ ਹੈ, ਜਿਸ ਦੀ ਭਾਲ ਸੁਰਿੰਦਰ ਸ਼ਰਮਾ ਪਿਛਲੇ ਚਾਲੀ ਵਰ੍ਹਿਆਂ ਤੋਂ ਕਰ ਰਿਹਾ ਸੀ। ਇਸ ਪੁਸਤਕ ਦੀ ਭਾਲ ਅਤੇ ਲੱਭਤ ਇੱਕ ਵੱਖਰੇ ਲੇਖ ਦਾ ਵਿਸ਼ਾ ਹੈ, ਜੋ ਮੈਂ ਫੇਰ ਕਦੇ ਲਿਖਾਂਗਾ।

ਇਮਰੋਜ਼ ਜੀ ਨੇ ਪਾਰਸਲ ਖੋਲ੍ਹਿਆ, ਕਿਤਾਬ ਦੀ ਘੁੰਡ ਚੁਕਾਈ ਵੇਲੇ ਮਹਿੰਦਰ ਰਿਸ਼ਮ ਨੇ ਫੋਟੋ ਖਿੱਚੀ। ਬਸ, ਫੇਰ ਕੀ ਸੀ, ਬਾਲਜ਼ਾਕ ਅਤੇ 'ਵਾਈਨ ਆਫ ਲਾਈਫ' ਪੁਸਤਕ ਸਬੰਧੀ ਗੱਲਾਂ ਕਰਦਿਆਂ ਪਤਾ ਹੀ ਨਹੀਂ ਲੱਗਾ ਕਿ ਸਮਾਂ ਕਿੰਦਾਂ ਬੀਤਦਾ ਗਿਆ। ਉਸ ਵੇਲੇ ਦਰਦ ਮੇਰੇ ਨੇੜੇ-ਤੇੜੇ ਵੀ ਨਹੀਂ ਸੀ। ਉਸੇ ਵੇਲੇ ਬੜੇ ਚਾਅ ਨਾਲ ਅਸੀਂ ਸਾਰਿਆਂ ਨੇ ਵਾਰੋ-ਵਾਰੀ ਸੁਰਿੰਦਰ ਸ਼ਰਮਾ ਅਤੇ ਸੁਖਬੀਰ ਨਾਲ ਆਪਣੀ ਖੁਸ਼ੀ ਸਾਂਝੀ ਕੀਤੀ।

ਇਸ ਸਮੇਂ ਦੌਰਾਨ ਹੀ ਮੈਂ ਅਮਰੀਕਾ ਦੀ ਪ੍ਰਸਿੱਧ ਲੇਖਿਕਾ ਹਾਰਪਰ ਲੀ ਦਾ ਇਕਲੌਤਾ ਨਾਵਲ 'ਟੂ ਕਿੱਲ ਏ ਮੌਕਿੰਗ ਬਰਡ' ਪੜ੍ਹਿਆ। ਇਸ ਨੂੰ ਮੈਂ ਆਪਣੀ ਪੁਸਤਕ ਦੇ ਤੀਜੇ ਭਾਗ ਵਿਚ ਸ਼ਾਮਲ ਵੀ ਕੀਤਾ ਹੈ। ਇਸ ਨਾਵਲ ਦੀ ਇਕ ਪਾਤਰ ਡੋਬੋਸ ਨਾਲ ਮੈਂ ਆਪਣੇ-ਆਪ ਨੂੰ ਬੜੀ ਸ਼ਿੱਦਤ ਨਾਲ ਰਿਲੇਟ ਕੀਤਾ। ਉਹ ਇਕ ਬਿਮਾਰ, ਉਦਾਸ ਤੇ ਇਕੱਲੀ ਔਰਤ ਹੈ ਤੇ ਕੈਂਸਰ ਦੀ ਭਿਆਨਕ ਬਿਮਾਰੀ ਤੋਂ ਪੀੜਤ ਹੈ। ਸਾਹਿਤ ਹੀ ਉਸ ਦਾ ਆਸਰਾ ਹੈ। ਉਸ ਦੀ ਬੇਬਸੀ ਹੈ ਕਿ ਉਹ ਹੁਣ ਖੁਦ ਪੜ੍ਹ ਨਹੀਂ ਸਕਦੀ। ਦਰਦ ਤੋਂ ਕੁਝ ਸਮੇਂ ਲਈ ਛੁਟਕਾਰਾ ਪਾਉਣ ਲਈ ਉਹ ਮੋਰਫਿਨ ਦੇ ਟੀਕੇ ਲਗਵਾਉਂਦੀ ਹੈ। ਅਖਰ ਉਹ ਆਪਣੇ ਗੁਆਂਢ 'ਚ ਰਹਿੰਦੇ ਇਕ ਦਸ ਕੁ ਸਾਲ ਦੇ ਬੱਚੇ ਜੇਮ ਨੂੰ ਹਰ ਰੋਜ਼ ਆਪਣੇ ਘਰ ਬੁਲਾਉਂਦੀ ਹੈ ਤੇ ਵਾਲਟਰ ਸਕਾਟ ਦਾ ਨਾਵਲ 'ਇਵਾਨ ਹੋਅ' ਉਸ ਦੇ ਮੂੰਹੋਂ ਸੁਣਦੀ ਹੈ। ਨਾਵਲ ਸੁਣਦਿਆਂ ਉਹ ਆਪਣੀ ਸਾਰੀ ਸਰੀਰਕ ਪੀੜ ਭੁੱਲ ਜਾਂਦੀ ਹੈ। ਉਸ ਨੂੰ ਏਨਾ ਸਕੂਨ ਮਿਲਦਾ ਹੈ ਕਿ ਉਹ ਨਾਵਲ ਸੁਣਦੀ-ਸੁਣਦੀ ਸੌਂ ਜਾਂਦੀ ਹੈ। ਇਸ ਦੌਰਾਨ ਉਸ ਨੇ ਮੋਰਫਿਨ ਦੇ ਟੀਕੇ ਲਾਉਣੇ ਬੰਦ ਕਰ ਦਿੱਤੇ।

ਮੈਂ ਤੇ ਡੋਬੋਸ ਇਕੋ ਹੀ ਬੇੜੀ 'ਤੇ ਸਵਾਰ ਸੀ ਤੇ ਸਾਹਿਤ ਸਾਨੂੰ ਦਰਦ ਦਾ ਦਰਿਆ ਪਾਰ ਕਰਵਾ ਰਿਹਾ ਸੀ।

ਮੁੰਬਈ ਤੋਂ ਸੁਖਬੀਰ ਦੀ ਧਰਮ ਪਤਨੀ ਅਕਸਰ ਫੋਨ 'ਤੇ ਮੈਨੂੰ ਕਿਹਾ ਕਰਦੇ, "ਭਰਾ ਜੀ, ਵੇਖਣਾ ਤੁਸੀਂ ਠੀਕ ਹੋ ਜਾਵੋਗੇ। ਜ਼ਰੂਰ ਕੋਈ ਕਰਿਸ਼ਮਾ ਵਾਪਰੇਗਾ।" ਮੈਂ ਕਦੇ ਕਿਸੇ ਚਮਤਕਾਰ ਜਾਂ ਕਰਿਸ਼ਮੇ ਵਿਚ ਵਿਸ਼ਵਾਸ ਨਹੀਂ ਸੀ ਕੀਤਾ। ਮੈਂ ਸੋਚਦਾ ਸੀ ਕਿ 'ਦਿਲ ਬਹਿਲਾਨੇ ਕੋ ਗ਼ਾਲਿਬ ਯੇ ਖਿਆਲ ਅੱਛਾ ਹੈ।' ਪਰ ਮੈਂ ਨਹੀਂ ਜਾਣਦਾ ਸੀ ਕਿ ਕਰਿਸ਼ਮਾ ਤਾਂ ਸੱਚੀ-ਮੁੱਚੀ ਬੂਹਾ ਟੱਪ ਕੇ ਮੇਰੇ ਸਾਹਮਣੇ ਖਲ੍ਹੋਤਾ ਸੀ।

ਮੇਰਾ ਭਤੀਜਾ ਕਰਨਲ ਡਾ. ਭੁਪੇਸ਼ ਕੁਮਾਰ ਗੋਇਲ ਮੇਰੀ ਸੁੱਖ-ਸਾਂਦ ਜਾਣਨ ਲਈ ਆਇਆ। ਸਮਝੋ, ਉਹ ਰੱਬ ਦਾ ਭੇਜਿਆ ਕੋਈ ਫਰਿਸ਼ਤਾ ਹੀ ਸੀ। ਨਾ ਉਸ ਨੇ ਮੇਰਾ ਮੈਡੀਕਲ ਰਿਕਾਰਡ ਵੇਖਿਆ, ਨਾ ਹੀ ਮੇਰੇ ਸਰੀਰ ਨੂੰ ਟੋਹਿਆ। ਬਸ, ਮੇਰੀ ਹਾਲਤ ਵੇਖ ਕੇ ਉਸ ਨੇ ਮੇਰਾ ਮਰਜ਼ ਲੱਭ ਲਿਆ ਸੀ। ਉਸ ਨੇ ਕਿਹਾ, "ਚਾਚਾ ਜੀ, ਮੈਨੂੰ ਲੱਗਦੈ ਤੁਹਾਡੇ ਸਰੀਰ 'ਚ ਵਿਟਾਮਿਨ ਡੀ ਦੀ ਭਾਰੀ ਕਮੀ ਹੈ।" ਉਸ ਦੇ ਕਹਿਣ 'ਤੇ ਉਸੇ ਵੇਲੇ ਮੇਰਾ ਬੇਟਾ ਗੌਰਵ ਕੈਮਿਸਟ ਤੋਂ ਵਿਟਾਮਿਨ ਡੀ (ਕੈਲਸੀਰੋਲ) ਦੀ ਪੁੜੀ ਲੈ ਆਇਆ। ਅਗਲੇ ਦਿਨ ਟੈਸਟ ਕਰਵਾਇਆ। ਰਿਪੋਰਟ ਆਈ ਤਾਂ ਪਤਾ ਲੱਗਾ ਕਿ ਭੁਪੇਸ਼ ਨੇ ਮੇਰੀ ਬਿਮਾਰੀ ਦੀ ਸਹੀ ਸ਼ਨਾਖਤ ਕੀਤੀ ਸੀ। ਹਫਤੇ 'ਚ ਸਿਰਫ ਇਕ ਵੇਰਾਂ ਹੀ ਪੁੜੀ ਲੈਣੀ ਸੀ ਤੇ ਚਾਰ ਪੁੜੀਆਂ ਖਾਣ ਤੋਂ ਬਾਅਦ ਹੀ ਇਸ ਨੇ ਜਾਦੂ ਕਰ ਵਿਖਾਇਆ। ਉਸ ਨੇ ਮੇਰੇ ਜਿਸਮ ਦਾ ਸਾਰਾ ਦਰਦ ਸਿਆਹੀ ਚੂਸ ਵਾਂਗ ਚੂਸ ਲਿਆ ਸੀ। ਮੇਰੇ ਘਰ ਵਿਚ ਨਵਾਂ ਇਤਿਹਾਸ ਲਿਖਿਆ ਜਾ ਰਿਹਾ ਸੀ। ਮੈਂ ਤੇ ਮੇਰਾ ਅੱਠ ਮਹੀਨੇ ਦਾ ਪੋਤਾ ਇਕੋ ਸਮੇਂ ਉਂਗਲੀ ਫੜ ਕੇ ਤੁਰਨਾ ਸਿੱਖ ਰਹੇ ਸੀ। ਉਸ ਵਾਂਗ ਮੈਂ ਵੀ ਵਾਕਰ ਦੀ ਸਹਾਇਤਾ ਨਾਲ ਥੋੜ੍ਹਾ-ਥੋੜ੍ਹਾ ਤੁਰਨਾ ਸਿਖਿਆ ਤੇ ਫੇਰ ਸੋਟੀ ਦੇ ਸਹਾਰੇ।

ਇਕ ਦਿਨ 'ਸਾਰੰਗ ਲੋਕ' ਦੀ ਸੰਚਾਲਕਾ ਡਾ. ਰਮਾ ਰਤਨ ਆਪਣੇ ਕੁਝ ਮੈਂਬਰਾਂ ਨਾਲ ਮੇਰਾ ਹਾਲ ਜਾਣਨ ਲਈ ਆਏ। ਉਨ੍ਹਾਂ ਕਿਹਾ, "ਤੁਸੀਂ ਤਾਂ ਸਾਰੰਗ ਲੋਕ ਆ ਨਹੀਂ ਸਕਦੇ। ਕਿਉਂ ਨਾ ਅਸੀਂ ਹੀ ਮਹੀਨੇ 'ਚ ਇਕ ਵੇਰਾਂ ਤੁਹਾਡੇ ਕੋਲ ਆਇਆ ਕਰੀਏ ਤੇ ਤੁਹਾਡੇ ਕੋਲੋਂ ਕਲਾਸਿਕ ਨਾਵਲਾਂ ਦੀਆਂ ਗੱਲਾਂ ਸੁਣੀਏ।" ਮੈਨੂੰ ਰਮਾ ਦੀਦੀ ਦੀ ਗੱਲ ਬਹੁਤ ਚੰਗੀ ਲੱਗੀ ਤੇ ਮੈਂ ਹਾਮੀ ਭਰ ਦਿੱਤੀ। ਮਾਹਵਾਰੀ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੰਜਾਬੀ ਦੇ ਮੰਨੇ-ਪ੍ਰਮੰਨੇ ਸਾਹਿਤਕਾਰ ਜਿਵੇਂ ਐਨ ਐਸ ਰਤਨ, ਜਸਬੀਰ ਭੁੱਲਰ, ਬਲਜੀਤ ਬੱਲੀ, ਪ੍ਰੇਮ ਗੋਰਖੀ, ਸੁਰਿੰਦਰ ਸ਼ਰਮਾ, ਕਾਨ੍ਹ ਸਿੰਘ, ਤਾਰਨ ਗੁਜਰਾਲ, ਮਹਿੰਦਰ ਰਿਸ਼ਮ, ਪ੍ਰਵੇਸ਼ ਸ਼ਰਮਾ, ਬਲਵੰਤ ਚੌਹਾਨ ਆਦਿ ਹਮੇਸ਼ਾ ਇਸ ਗੋਸ਼ਟੀ ਵਿਚ ਸ਼ਾਮਲ ਹੁੰਦੇ ਰਹੇ। ਮਹੀਨਾ ਭਰ ਮੈਂ ਕਿਸੇ ਵੱਡੇ ਵਿਸ਼ੇ ਦੀ ਇੰਜ ਤਿਆਰੀ ਕਰਦਾ, ਜਿਵੇਂ ਮੈਂ ਦਸਵੀਂ ਦਾ ਇਮਤਿਹਾਨ ਦੇਣਾ ਹੋਵੇ। ਘਰ ਵਿਚ ਰੌਣਕ ਲੱਗ ਜਾਂਦੀ ਤੇ ਵਿਹੜਾ ਅਦੀਬਾਂ ਦੀ ਖੁਸ਼ਬੂ ਨਾਲ ਮਹਿਕ ਉਠਦਾ। ਦਸ ਮੁਲਾਕਾਤਾਂ ਵਿਚ ਮੈਂ ਨਾਵਲ ਦੇ ਦਸ ਵੱਖਰੇ-ਵੱਖਰੇ ਪੱਖਾਂ 'ਤੇ ਬੋਲਿਆ। ਇਸ ਤਰ੍ਹਾਂ ਨਾਵਲ ਵਿਧਾ 'ਤੇ 'ਸਾਰੰਗ ਲੋਕ ਭਾਸ਼ਣ ਮਾਲਾ' ਹੀ ਪਰੋਈ ਗਈ।

ਮੈਂ ਆਪਣੇ-ਆਪ ਨੂੰ ਵੇਖ ਕੇ ਹੈਰਾਨ ਹਾਂ ਕਿ ਮੈਂ ਬਿਨਾਂ ਸਹਾਰੇ ਤੋਂ ਤੁਰ ਸਕਦਾ ਹਾਂ। ਮੈਨੂੰ ਇਹ ਮਾਰਕੇਜ਼ ਅਤੇ ਸਲਮਾਨ ਰਸ਼ਦੀ ਦੇ ਨਾਵਲ 'ਚ ਵਰਣਤ ਜਾਦੂਮਈ ਯਥਾਰਥ ਤੋਂ ਵੀ ਵੱਧ ਜਾਦੂਮਈ ਹਕੀਕਤ ਲੱਗਦੀ ਹੈ। ਮੇਰੀ ਇਕੋ ਹੀ ਅਰਦਾਸ ਹੈ, 'ਪਾਂਵ ਬਖ਼ਸ਼ੇ ਹੈਂ ਤੋ ਤੌਫ਼ੀਕੇ ਸਫ਼ਰ ਭੀ ਦੇਨਾ।'

# ਮੱਕੇ ਸਮਾਨ ਸਨ ਦਲਬੀਰ ਤੇ ਕਰਮਜੀਤ ਦੇ ਕੈਬਿਨ

(ਪਿਛਲੇ ਸਫੇ ਤੋਂ ਜਾਰੀ)

ਤਾਂ ਕਹਿਣਾ ਕਿ ਇਹ ਖ਼ਬਰ ਤੂੰ ਹੀ ਭੇਜੀ ਹੈ।' ਅਗਲੇ ਦਿਨ ਮੇਰੇ ਨਾਂ 'ਤੇ ਲੱਗੀ ਹੋਈ ਖ਼ਬਰ ਦੀ ਇਬਾਰਤ ਪੜ੍ਹ ਕੇ ਮੈਂ ਹੈਰਾਨ ਹੋਣਾ ਕਿਉਂਕਿ ਇਹ ਕਿਸੇ ਨਕਸਲੀ ਆਗੂ ਜਾਂ ਕਿਸੇ ਖਾੜਕੂ ਜਥੇਬੰਦੀ ਦੇ ਮੁਖੀ ਦਾ ਲੰਮਾ-ਚੌੜਾ ਬਿਆਨ ਹੁੰਦਾ। ਇਨ੍ਹਾਂ ਬਿਆਨ ਰੂਪੀ ਖ਼ਬਰਾਂ ਵਿਚ ਬੱਲ ਨੇ ਸਬੰਧਿਤ ਆਗੂ ਦੀ ਪਾਰਟੀ ਦੀ ਪੂਰੀ ਪਾਲਿਸੀ ਹੀ ਪਾਈ ਹੁੰਦੀ। ਇਸ ਗੱਲ ਦਾ ਮੈਨੂੰ ਕਦੇ ਪਤਾ ਨਹੀਂ ਲੱਗਾ ਕਿ ਨਿਊਜ਼ ਰੂਮ ਦੇ ਸਾਥੀਆਂ ਨੂੰ ਬੱਲ ਵੱਲੋਂ ਮੇਰੇ ਨਾਂ 'ਤੇ ਪਾਈਆਂ ਖ਼ਬਰਾਂ ਦਾ ਪਤਾ ਲੱਗਦਾ ਸੀ ਜਾਂ ਨਹੀਂ। ਬੱਲ ਨਾਲ ਮੇਰੀ ਦੋਸਤੀ ਵਧਦੀ ਗਈ ਅਤੇ ਉਹ ਮੈਨੂੰ ਅਕਸਰ ਕਿਤਾਬਾਂ ਪੜ੍ਹਨ ਵਾਸਤੇ ਦਿੰਦਾ। ਇੱਥੇ ਹੀ ਬਸ ਨਹੀਂ ਸੀ, ਸਗੋਂ ਕੁੱਝ ਦਿਨਾਂ ਬਾਅਦ ਉਹ ਮੈਨੂੰ ਫੋਨ ਕਰ ਕੇ ਇਹ ਵੀ ਜ਼ਰੂਰ ਪੁੱਛਦਾ ਕਿ ਕਿਤਾਬ ਕਿਸ ਤਰ੍ਹਾਂ ਦੀ ਲੱਗੀ ਹੈ। ਮੈਨੂੰ ਯਾਦ ਹੈ, ਉਸ ਵੱਲੋਂ ਦਿੱਤੀਆਂ ਦੋ ਕਿਤਾਬਾਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਅਤੇ ਰੂਸੀ ਲੇਖਕ ਤੁਰਗਨੇਵ ਦਾ ਨਾਵਲ 'ਪੁਰਬਲੀ ਸੰਧਿਆ' ਮੈਂ ਆਪ ਪੜ੍ਹੀਆਂ ਸਨ ਅਤੇ ਅਗਾਂਹ ਹੋਰ ਵੀ ਕਈਆਂ ਨੂੰ ਪੜ੍ਹਾਈਆਂ ਸਨ।

1990-91 ਦੌਰਾਨ ਗੁਰਦਾਸਪੁਰ ਇਲਾਕੇ ਵਿਚ ਖਾੜਕੂਵਾਦ ਦਾ ਪੂਰਾ ਬੋਲਬਾਲਾ ਸੀ ਅਤੇ ਰੋਜ਼ਾਨਾ ਹੀ ਗੁਰਦਾਸਪੁਰ ਦੇ ਸਿਵਲ ਹਸਪਤਾਲ ਵਿਚ ਖਾੜਕੂਆਂ ਵੱਲੋਂ ਮਾਰੇ ਜਾਂਦੇ ਨਿਹੱਥੇ ਲੋਕਾਂ ਤੋਂ ਇਲਾਵਾ ਪੁਲਿਸ ਵੱਲੋਂ ਝੂਠੇ ਮੁਕਾਬਲਿਆਂ ਵਿਚ ਮਾਰੇ ਗਏ ਖਾੜਕੂਆਂ ਦੀਆਂ ਲਾਸ਼ਾਂ ਆਉਂਦੀਆਂ। ਸ਼ਾਇਦ 1991 ਦੀ ਗੱਲ ਹੈ, ਕੜਾਕੇ ਦੀ ਸਰਦੀ ਦੇ ਦਿਨ ਸਨ, ਸ਼ਾਮੀਂ 5-6 ਵਜੇ ਬੱਲ ਗਲ ਵਿਚ ਝੋਲਾ ਪਾਈ ਗੁਰਦਾਸਪੁਰ ਵਿਚ ਸੰਗਲਪੁਰਾ ਰੋਡ 'ਤੇ ਮੇਰੇ ਘਰ ਆ ਗਿਆ ਅਤੇ ਕਹਿਣ ਲੱਗਾ ਕਿ ਮੈਂ ਉਸ ਨੂੰ ਕਿਸੇ ਚੰਗੇ ਪੁਲਿਸ ਅਫ਼ਸਰ ਤੋਂ ਇਲਾਵਾ ਇਲਾਕੇ ਦੇ ਕਾਮਰੇਡਾਂ ਅਤੇ ਖਾੜਕੂਆਂ ਦੇ ਹਮਦਰਦਾਂ ਨੂੰ ਮਿਲਾਵਾਂ। ਮੈਂ ਬੱਲ ਨੂੰ ਸਕੂਟਰ 'ਤੇ ਬਿਠਾ ਕੇ ਗੁਰਦਾਸਪੁਰ ਦੇ ਨੇੜੇ ਪੈਂਦੇ ਪਿੰਡ ਤਿੱਬੜ ਪਾਕਿਸਤਾਨ ਤੋਂ ਪਰਤੇ ਇੱਕ ਖਾੜਕੂ ਦੇ ਘਰ ਲੈ ਗਿਆ। ਬੱਲ ਨੇ ਆਪਣੇ ਬੈਗ ਵਿਚੋਂ ਰਜਿਸਟਰ ਕੱਢਿਆ ਅਤੇ ਉਸ ਨੂੰ ਸਵਾਲ ਕਰਨੇ ਤੇ ਨੋਟ ਕਰਨੇ ਸ਼ੁਰੂ ਕਰ ਦਿੱਤੇ। ਕਰੀਬ 2 ਘੰਟੇ ਉਹ ਸਤਨਾਮ ਸਿੰਘ ਨਾਂ ਦੇ ਇਸ ਬੰਦੇ ਨਾਲ ਗੱਲੀਂ ਲੱਗਾ ਰਿਹਾ। ਵਾਪਸ ਪਰਤਦਿਆਂ ਮੈਂ ਉਸ ਨੂੰ ਉਸ ਸਮੇਂ ਦੇ ਗੁਰਦਾਸਪੁਰ ਵਿਖੇ ਤਾਇਨਾਤ ਐਸ.ਪੀ.(ਡੀ.) ਗੁਰਦਿਆਲ ਸਿੰਘ ਦੇ ਘਰ ਲੈ ਗਿਆ। ਉਥੇ ਵੀ ਕਰੀਬ ਦੋ ਘੰਟੇ ਬੱਲ ਇਸ ਐਸ.ਪੀ. ਨੂੰ ਪੰਜਾਬ ਦੇ ਮਾਹੌਲ ਬਾਰੇ ਸਵਾਲ ਕਰਦਾ ਰਿਹਾ ਅਤੇ ਰਜਿਸਟਰ 'ਤੇ ਨੋਟ ਕਰੀ ਗਿਆ। ਐਸ.ਪੀ. ਨੇ ਕਈ ਤਰ੍ਹਾਂ ਦੀ ਜਾਣਕਾਰੀ ਦਿੰਦਿਆਂ ਇਹ ਵੀ ਦੱਸਿਆ ਕਿ ਨਕਸਲੀ ਲਹਿਰ ਦੇ ਸ਼ੁਰੂ ਵਿਚ ਜਦੋਂ ਨਕਸਲੀਆਂ ਨੇ ਚਮਕੌਰ ਸਾਹਿਬ ਥਾਣੇ ਵਿਚ ਐਕਸ਼ਨ ਕੀਤਾ ਸੀ ਤਾਂ ਉਥੇ ਇੰਚਾਰਜ ਉਹ ਹੀ ਸੀ। ਜਸਵੰਤ ਸਿੰਘ ਕੰਵਲ ਦੇ ਨਾਵਲ 'ਲਹੂ ਦੀ ਲੋਅ' ਜਿਸ ਥਾਣੇਦਾਰ ਦਾ ਜ਼ਿਕਰ ਹੈ, ਕੰਵਲ ਵੱਲੋਂ ਉਸੇ ਨਾਲ ਲਈ ਗਈ ਲੰਮੀ ਇੰਟਰਵਿਊ 'ਤੇ ਆਧਾਰਤ ਸੀ।

ਇਨ੍ਹਾਂ ਸਾਲਾਂ ਦੌਰਾਨ ਬੱਲ ਮੇਰੇ ਕੋਲ ਕਈ ਗੇੜੇ ਮਾਰ ਗਿਆ। ਮੈਨੂੰ ਤਾਂ ਉਹ 'ਪੰਜਾਬੀ ਟ੍ਰਿਬਿਊਨ' ਦਾ ਰੋਮਿੰਗ ਅੰਬੈਸਡਰ ਲੱਗਣ ਲੱਗ ਪਿਆ। ਬੱਲ ਪੁਲਿਸ ਦਾ ਸ਼ਿਕਾਰ ਹੋਏ ਖਾੜਕੂ ਪਰਿਵਾਰਾਂ, ਖਾੜਕੂਆਂ ਦੇ ਸ਼ਿਕਾਰ ਹੋਏ ਆਮ ਲੋਕਾਂ, ਵਿਗੜੇ ਤੋਂ ਵਿਗੜੇ ਪੁਲਿਸ ਅਫਸਰਾਂ ਅਤੇ ਕਾਮਰੇਡਾਂ-ਸਾਰਿਆਂ ਨਾਲ ਮੁਲਾਕਾਤਾਂ ਕਰ ਕਰ ਕੇ ਰਜਿਸਟਰ ਭਰੀ ਜਾਂਦਾ। ਦਰਅਸਲ ਖਟਕੜ ਵਾਲੀ ਨਕਸਲੀ ਧਿਰ ਦਾ ਇਲਾਕੇ ਵਿਚ ਕਾਫ਼ੀ ਆਧਾਰ ਸੀ। ਸਰੱਹਦ ਦੇ ਨਾਲ ਵੱਡੇ ਕਸਬਿਆਂ ਦੋਰਾਂਗਲਾ ਅਤੇ ਬਹਿਰਾਮਪੁਰ ਤੋਂ ਇਲਾਵਾ ਇਨ੍ਹਾਂ ਕਸਬਿਆਂ ਦੇ ਨਾਲ ਲਗਦੇ ਪਿੰਡ ਉਨ੍ਹਾਂ ਦੇ ਗੜ੍ਹ ਸਨ। ਬੱਲ ਜਦੋਂ ਵੀ ਮੇਰੇ ਕੋਲ ਆਇਆ, ਦੋਰਾਂਗਲੇ ਦਾ ਗੇੜਾ ਪੱਕਾ ਹੁੰਦਾ। ਚੰਨਣ ਸਿੰਘ ਦੋਰਾਂਗਲਾ ਅਤੇ ਬਖਤਪੁਰ ਵਾਲਾ ਕਾਮਰੇਡ ਗੁਰਮੀਤ ਸਿੰਘ ਅੱਜ ਵੀ ਉਸ ਨੂੰ ਚੇਤੇ ਕਰਦੇ ਰਹਿੰਦੇ ਹਨ।

ਬੱਲ ਦਾ ਉਸ ਦੌਰ ਦਾ ਮੇਰੇ ਕੋਲ ਆਖਰੀ ਗੇੜਾ ਸਭ ਤੋਂ ਵੱਧ ਦਿਲਚਸਪ ਰਿਹਾ। ਉਸ ਨੂੰ ਮੈਂ ਗੁਰਦਾਸਪੁਰ ਤੋਂ 10 ਕੁ ਕਿਲੋਮੀਟਰ ਦੂਰ ਪੈਂਦੇ ਪਿੰਡ ਅਲੂਣਾ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਛੋਟੇ ਭਰਾ ਕਾਮਰੇਡ ਮੇਦਨ ਸਿੰਘ ਦੇ ਘਰ ਛੱਡ ਆਇਆ ਸਾਂ ਅਤੇ ਬੱਲ ਤਿੰਨ ਦਿਨ ਲਗਾਤਾਰ ਉਸ ਦੀਆਂ ਹੱਡਬੀਤੀਆਂ ਆਪਣੇ ਰਜਿਸਟਰ ਉਪਰ ਚਾੜ੍ਹਦਾ ਰਿਹਾ। ਕਾਮਰੇਡ ਮੇਦਨ ਸਿੰਘ ਜਿੰਨੀ ਵੱਡੀ ਇਤਿਹਾਸਕ ਹਸਤੀ ਸੀ, ਉਸ ਦਾ ਘਰ ਉਨਾ ਹੀ ਖਸਤਾ ਸੀ, ਸਿਰੇ ਦੀ ਫਾਕਾ ਮਸਤੀ ਵਿਚ ਉਹ ਜ਼ਿੰਦਗੀ ਕੱਟ ਰਿਹਾ ਸੀ। ਤੀਜੇ ਦਿਨ ਬੱਲ ਨੂੰ ਉਥੋਂ ਲੈਣ ਗਿਆ ਤਾਂ ਮਹਿਸੂਸ ਹੋਇਆ ਜਿਵੇਂ ਬੱਲ ਮੁੱਦਤਾਂ ਤੋਂ ਕਾਮਰੇਡ ਮੇਦਨ ਸਿੰਘ ਨਾਲ ਹੀ ਰਹਿ ਰਿਹਾ ਹੋਵੇ। ਮਗਰੋਂ ਕਾਮਰੇਡ ਮੇਦਨ ਜਦੋਂ ਵੀ ਮਿਲਦੇ, ਪੁੱਛਦੇ, 'ਤੇਰੇ ਉਸ ਸਾਥੀ ਨੇ ਕੋਈ ਕਿਤਾਬ ਕਿਉਂ ਨਹੀਂ ਲਿਖੀ?'

ਮੈਂ ਜਦੋਂ ਵੀ ਚੰਡੀਗੜ੍ਹ 'ਪੰਜਾਬੀ ਟ੍ਰਿਬਿਊਨ' ਦੇ ਦਫ਼ਤਰ ਜਾਂਦਾ ਤਾਂ ਸਭ ਤੋਂ ਪਹਿਲਾਂ ਬੱਲ ਨੂੰ ਹੀ ਮਿਲਦਾ ਅਤੇ ਨਾਲ ਲਿਆਂਦੀਆਂ ਕੁੱਝ ਖਾਸ ਖ਼ਬਰਾਂ ਛਪਵਾਉਣ ਵਾਸਤੇ ਦੇ ਦਿੰਦਾ। ਬੱਲ ਮੇਰੀਆਂ ਦਿੱਤੀਆਂ ਖ਼ਬਰਾਂ ਵਿਚ ਕਾਫ਼ੀ ਲੰਮੀ ਚੌੜੀ ਤਬਦੀਲੀ ਕਰ ਕੇ ਛਾਪ ਦਿੰਦਾ। ਖ਼ਬਰਾਂ ਭਾਵੇਂ ਖਾੜਕੂਆਂ ਦੀਆਂ ਹੋਣ, ਨਕਸਲੀਆਂ ਦੀਆਂ, ਅਕਾਲੀਆਂ ਦੀਆਂ ਜਾਂ ਕਾਮਰੇਡਾਂ ਦੀਆਂ-ਬੱਲ ਦਾ ਹੱਥ ਹਰ ਧਿਰ ਦੇ ਬਿਆਨ ਉਪਰ ਪੂਰੀ ਰੀਝ ਨਾਲ ਫਿਰਿਆ ਹੁੰਦਾ। ਮੇਰੇ ਲਈ ਅੱਜ ਤੱਕ ਵੀ ਇਹ ਭੇਤ ਹੈ ਕਿ ਬੱਲ ਦੀ ਹਮਦਰਦੀ ਕਿਹੜੀ ਧਿਰ ਨਾਲ ਸੀ, ਉਹ ਕਿਸ ਦੇ ਨਾਲ ਖੜ੍ਹਾ ਸੀ? ਉਹ ਸਾਰਿਆਂ ਦੇ ਬਿਆਨ ਜੂਝ ਮਰਨ ਦੀ ਭਾਵਨਾ ਨਾਲ ਕਿਉਂ ਲਾਉਂਦਾ ਸੀ? ਪੈਸੇ ਦਾ ਜਾਂ ਕਿਸੇ ਹੋਰ ਤਰ੍ਹਾਂ ਦਾ ਲਾਲਚ ਤਾਂ ਉਸ ਅੰਦਰ ਕਦੀ ਨਜ਼ਰ ਆਇਆ ਨਹੀਂ ਸੀ। ਅਮੋਲਕ ਸਿੰਘ ਦਾ ਬੱਲ ਦੀ ਵਿਲੱਖਣ ਅਖ਼ਬਾਰ ਨਵੀਸੀ ਵਾਲਾ ਲੇਖ ਪੜ੍ਹ ਦੇ ਥੋੜ੍ਹਾ ਜਿਹਾ ਤਾਂ ਪਤਾ ਲੱਗਾ ਹੈ ਪਰ ਪੂਰਾ ਪਤਾ ਅਜੇ ਵੀ ਨਹੀਂ ਲੱਗਾ।

ਮੈਂ ਪਾਠਕਾਂ ਨਾਲ ਇੱਕ ਹੋਰ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ ਕਿ ਸੰਪਾਦਕ ਬਣਨ ਤੋਂ ਬਾਅਦ ਹਰਭਜਨ ਹਲਵਾਰਵੀ ਵਿਚ ਅਫ਼ਸਰੀ ਠਾਠ-ਬਾਠ ਆ ਗਈ ਸੀ ਅਤੇ ਉਹ ਬਾਹਰੋਂ ਆਉਂਦੇ ਪੱਤਰਕਾਰਾਂ ਨੂੰ ਬਿਨਾਂ ਵਜ੍ਹਾ ਡਾਂਟ ਦਿੰਦਾ ਸੀ। ਇੱਥੋਂ ਤੱਕ ਕਿ ਕਈ ਪੱਤਰਕਾਰ ਤਾਂ ਹਲਵਾਰਵੀ ਦੇ ਕਮਰੇ ਵਿਚ ਜਾਣ ਤੋਂ ਡਰਨ ਲੱਗ ਪਏ ਸਨ ਕਿ ਉਸ ਨੇ ਪਤਾ ਨਹੀਂ ਕੀ ਕਹਿ ਦੇਣਾ ਹੈ! ਹਲਵਾਰਵੀ ਦਾ ਪੀ.ਏ. ਮਨਜੀਤ ਸਿੰਘ ਮਨੌਲੀ ਸੀ ਅਤੇ ਮੈਂ ਅਕਸਰ ਹੀ ਹਲਵਾਰਵੀ ਨੂੰ ਮਿਲਣ ਤੋਂ ਪਹਿਲਾਂ ਉਸ ਨੂੰ ਮਿਲਦਾ ਸਾਂ ਅਤੇ ਗੱਲਾਂ ਬਾਤਾਂ ਹੁੰਦੀਆਂ। ਇੱਕ ਦਿਨ ਮੈਂ ਮਨੌਲੀ ਨੂੰ ਕਿਹਾ ਕਿ ਮੈਂ ਹੁਣ 'ਅਜੀਤ' ਦਾ ਵੀ ਪੱਤਰਕਾਰ ਬਣ ਚੁੱਕਾ ਹਾਂ ਅਤੇ 'ਅਜੀਤ' ਦੇ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਬਹੁਤ ਵਧੀਆ ਇਨਸਾਨ ਹਨ। ਉਨ੍ਹਾਂ ਨੂੰ ਮਿਲਣਾ ਚੰਗਾ ਲੱਗਦਾ ਹੈ। ਇਹ ਗੱਲ ਮਨੌਲੀ ਨੇ ਹਲਵਾਰਵੀ ਨੂੰ ਦੱਸ ਦਿੱਤੀ ਅਤੇ ਜਦੋਂ ਅਗਲੇ ਫੇਰੇ ਮੈਂ ਹਲਵਾਰਵੀ ਨੂੰ ਮਿਲਣ ਉਨ੍ਹਾਂ ਦੇ ਕਮਰੇ ਵਿਚ ਗਿਆ ਤਾਂ ਉਹ ਮੇਰੇ ਗਲ ਪੈਣ ਨੂੰ ਫਿਰਦੇ ਸਨ। ਮੇਰੀ ਕੋਈ ਗੱਲ ਸੁਣੇ ਬਗੈਰ ਹੀ ਉਹ ਮੈਨੂੰ ਕਹੀ ਜਾਣ ਕਿ ਤੈਨੂੰ ਤਾਂ ਬਰਜਿੰਦਰ ਬਹੁਤਾ ਪਸੰਦ ਹੈ, ਪੱਤਰਕਾਰ ਤਾਂ ਤੈਨੂੰ ਮੈਂ ਹੀ ਬਣਾਇਆ ਸੀ।

1997-98 ਦੇ ਗੇੜ 'ਚ ਟ੍ਰਿਬਿਊਨ ਵਿਚੋਂ ਹਲਵਾਰਵੀ ਦੀ ਛੁੱਟੀ ਕਰ ਦਿੱਤੀ ਗਈ। ਉਦੋਂ ਕੁ ਮੈਂ ਬੱਲ ਨੂੰ ਮਿਲਿਆ ਤਾਂ ਉਹ ਭਾਵੇਂ ਹਲਵਾਰਵੀ ਦੇ ਜ਼ਿਆਦਾ ਹੱਕ ਵਿਚ ਨਹੀਂ ਸੀ ਪਰ ਉਸ ਨੂੰ ਹਲਵਾਰਵੀ ਦੀ ਅਖ਼ਬਾਰ ਵਿਚੋਂ ਛੁੱਟੀ ਕੀਤੇ ਜਾਣ ਦਾ ਅਫਸੋਸ ਸੀ। ਕਹਿੰਦਾ, ਕੁਝ ਖਾਮੀਆਂ ਦੇ ਬਾਵਜੂਦ ਹਲਵਾਰਵੀ ਭੋਲਾ ਆਦਮੀ ਸੀ, ਉਸ ਨੂੰ ਜ਼ਿਆਦਾ ਸਖ਼ਤ ਸਜ਼ਾ ਮਿਲ ਗਈ। ਬੱਲ ਤੋਂ ਇਲਾਵਾ ਮੈਂ 'ਪੰਜਾਬੀ ਟ੍ਰਿਬਿਊਨ' ਦੇ ਸਹਾਇਕ ਸੰਪਾਦਕ ਦਲਬੀਰ ਸਿੰਘ (ਜਗਤ ਤਮਾਸ਼ਾ) ਅਤੇ ਕਰਮਜੀਤ ਸਿੰਘ ਨੂੰ ਵੀ ਉਨ੍ਹਾਂ ਦੇ ਕਮਰੇ ਵਿਚ ਮਿਲਦਾ ਰਹਿੰਦਾ। ਮੇਰੇ ਵਾਂਗ ਬਾਹਰੋਂ ਆਉਂਦੇ ਸਾਹਿਤਕ ਮੱਸ ਵਾਲੇ ਹੋਰ ਪੱਤਰਕਾਰ ਵੀ ਦਲਬੀਰ ਸਿੰਘ ਅਤੇ ਕਰਮਜੀਤ ਸਿੰਘ ਨੂੰ ਜ਼ਰੂਰ ਮਿਲਦੇ। ਜੇ ਕਹਿ ਲਿਆ ਜਾਵੇ ਕਿ ਦਲਬੀਰ ਅਤੇ ਕਰਮਜੀਤ ਦੇ ਕੈਬਿਨ ਪੱਤਰਕਾਰਾਂ ਲਈ ਮੱਕੇ ਸਮਾਨ ਸਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਦੋਵੇਂ ਹੀ ਬੜੇ ਸਿਆਣੇ ਅਤੇ ਰੌਣਕੀ ਬੰਦੇ ਸਨ। ਉਨ੍ਹੀਂ ਦਿਨੀਂ ਦੋਵੇਂ ਵਾਰੋ ਵਾਰੀ ਆਠਵਾਂ ਕਾਲਮ ਨਾਂ ਦਾ ਵਿਸ਼ੇਸ਼ ਫੀਚਰ ਪੰਜਾਬੀ ਟ੍ਰਿਬਿਊਨ ਵਿਚ ਲਿਖਿਆ ਕਰਦੇ ਸਨ ਜੋ ਬਹੁਤ ਲੋਕਪ੍ਰਿਅ ਵੀ ਹੋਇਆ। ਦੋਹਾਂ ਦੀਆਂ ਵਿਚਾਰਧਾਰਾਵਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ, ਪਰ ਦੋਵਾਂ ਦਾ ਆਪਸ ਵਿਚ ਬੜਾ ਨੇਹ ਸੀ। ਉਨ੍ਹਾਂ ਨੂੰ ਮਿਲ ਕੇ ਮਨ ਪ੍ਰਸੰਨ ਹੋ ਜਾਂਦਾ।

ਸਾਲ 2000 ਵਿਚ ਮੈਂ 'ਅਜੀਤ' ਦਾ ਸਟਾਫ਼ ਰਿਪੋਰਟਰ ਬਣਨ ਬਾਅਦ 'ਪੰਜਾਬੀ ਟ੍ਰਿਬਿਊਨ' ਛੱਡ ਦਿੱਤੀ ਪਰ ਗੁਰਦਿਆਲ ਬੱਲ ਨਾਲ ਮੇਰੀ ਸਾਂਝ ਅਜੇ ਤੱਕ ਬਣੀ ਹੋਈ ਹੈ।

# ਸਭੈ ਸਾਂਝੀਵਾਲ ਸਦਾਇਨ



ਡਾ. ਗੁਰਨਾਮ ਕੌਰ, ਕੈਨੇਡਾ

ਸਿੱਖ ਧਰਮ ਚਿੰਤਨ ਭਾਵੇਂ ਸੰਸਾਰ ਧਰਮਾਂ ਦੇ ਇਤਿਹਾਸ ਵਿਚ ਉਮਰ ਪੱਖੋਂ ਬਹੁਤ ਪਿੱਛੋਂ ਸ਼ੁਰੂ ਹੋਇਆ ਧਰਮ ਹੈ ਪਰ ਇਹ ਸਰਬ-ਅਲਿੰਗਨਕਾਰੀ ਧਰਮ ਹੈ। ਸਿੱਖ ਧਰਮ ਦੇ ਸਾਰੇ ਮੂਲ ਸਿਧਾਂਤਾਂ ਦਾ ਸ੍ਰੋਤ ਬਾਣੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖਾਂ ਦੇ ਧਾਰਮਿਕ ਗ੍ਰੰਥ ਅਤੇ ਸਰਬ ਸਮਿਆਂ ਵਾਸਤੇ ਸ਼ਬਦ ਗੁਰੂ ਦੇ ਰੂਪ ਵਿਚ ਸੰਕਲਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਇੱਕ ਵਿਲੱਖਣ ਧਾਰਮਿਕ ਗ੍ਰੰਥ ਹੈ ਕਿਉਂਕਿ ਇਸ ਦਾ ਸੁਨੇਹਾ ਵਿਸ਼ਵ-ਵਿਆਪੀ ਹੈ ਜੋ ਸਾਰੀਆਂ ਧਾਰਮਿਕ ਅਤੇ ਮਜ਼੍ਹਬੀ ਹੱਦਾਂ ਤੋਂ ਪਾਰ ਲੰਘ ਜਾਂਦਾ ਹੈ। ਇਸ ਵਿਚ ਛੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਮੁਸਲਿਮ ਸੂਫ਼ੀ ਸੰਤਾਂ, ਹਿੰਦੂ ਵੈਸ਼ਨਵ ਭਗਤਾਂ ਅਤੇ ਭੱਟਾਂ ਦੀ ਬਾਣੀ ਵੀ ਸ਼ਾਮਲ ਹੈ, ਜੋ ਦੇਸ਼ ਦੇ ਵੱਖ ਵੱਖ ਹਿੱਸਿਆਂ, ਸਭਿਆਚਾਰਾਂ ਅਤੇ ਬੋਲੀਆਂ ਨਾਲ ਸਬੰਧਤ ਸਨ। ਅਜਿਹਾ ਕਿਸੇ ਹੋਰ ਧਰਮ ਗ੍ਰੰਥ ਦੇ ਸਬੰਧ ਵਿਚ ਨਹੀਂ ਵਾਪਰਿਆ। ਇਹ ਇਕੱਲਾ ਧਰਮ ਗ੍ਰੰਥ ਹੈ ਜਿਸ ਨੂੰ ਇਸ ਦੇ ਸੰਸਥਾਪਕ ਗੁਰੂ ਸਾਹਿਬਾਨ ਨੇ ਆਪਣੇ ਹੱਥੀਂ ਸੰਕਲਿਤ ਕੀਤਾ ਅਤੇ ਗੁਰੂ ਦਾ ਦਰਜਾ ਬਾਕਾਇਦਾ ਪਰੰਪਰਕ ਰਸਮ ਨਾਲ ਦਿੱਤਾ।

ਸਿੱਖ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਤੱਕ ਇੱਕ ਲਗਾਤਾਰ ਅਮਲ ਹੈ। ਗੁਰੂ ਸਾਹਿਬਾਨ ਨੂੰ ਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਆਪਣੀ ਬੋਲੀ ਵਿਚ ਸ਼ਬਦ-ਰੂਪ ਵਿਚ ਪ੍ਰਗਟ ਕੀਤਾ। ਸਿੱਖ ਇਲਹਾਮ ਵਿਚ ਆਪਸੀ ਪ੍ਰੇਮ ਅਤੇ ਸ਼ਾਂਤੀ, ਸਰਬੱਤ ਦਾ ਭਲਾ, ਅਧਿਆਤਮਕ ਅਨੁਭਵ ਦੀ ਸਾਂਝ ਅਰਥਾਤ ਹਰ ਇੱਕ ਦੀ ਅਧਿਆਤਮਕ ਅਨੁਭਵ ਤੱਕ ਪਹੁੰਚ, ਸਾਰੇ ਸੰਸਾਰ ਦਾ ਅਧਿਆਤਮਕ ਉਥਾਨ, ਬਿਨਾ ਕਿਸੇ ਧਰਮ, ਜਾਤਿ, ਨਸਲ, ਵਰਣ, ਜਮਾਤ, ਇਸਤਰੀ/ਪੁਰਸ਼ ਆਦਿ ਦੇ ਵਖਰੇਵੇਂ ਦੇ ਪਰਮਾਤਮ-ਏਕਤਾ ਅਤੇ ਮਾਨਵ-ਏਕਤਾ ਦਾ ਸੁਨੇਹਾ ਦਿੱਤਾ ਗਿਆ ਹੈ।

ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਨਵੇਂ ਅਰਥ ਦਿੰਦਿਆਂ, ਉਸ ਸਮੇਂ ਹਿੰਦੁਸਤਾਨ ਵਿਚ ਪ੍ਰਚੱਲਤ ਦੋ ਮੁੱਖ ਮਜ਼੍ਹਬਾਂ ਹਿੰਦੂ ਧਰਮ ਅਤੇ ਇਸਲਾਮ ਦੀ ਨਵੀਂ ਵਿਆਖਿਆ ਕੀਤੀ। ਉਨ੍ਹਾਂ ਨੇ ਧਰਮ ਦੇ ਅਸਲ ਅਰਥ ਸਪੱਸ਼ਟ ਕਰਦਿਆਂ ਧਰਮ ਨੂੰ ਨੈਤਿਕ ਕੀਮਤਾਂ ਨਾਲ ਜੋੜਿਆ ਅਤੇ ਹਰ ਇੱਕ ਲਈ ਆਪੋ-ਆਪਣੇ ਧਰਮ ਵਿਚ ਰਹਿੰਦਿਆਂ ਅਧਿਆਤਮਕ ਅਨੁਭਵ ਦੇ ਦਰਵਾਜ਼ੇ ਖੋਲ੍ਹ ਦਿੱਤੇ। ਮਨੁੱਖ ਮਜ਼੍ਹਬੀ ਵਖਰੇਵਿਆਂ ਦੀਆਂ ਹੱਦਾਂ ਤੋਂ ਉਤੇ ਉਠ ਕੇ ਅਤੇ ਪਾਰ ਜਾ ਕੇ ਦੂਸਰਿਆਂ ਦਾ ਭਲਾ ਕਰ ਸਕਦਾ ਹੈ ਕਿਉਂਕਿ ਸਾਰੇ ਇਨਸਾਨ ਬਰਾਬਰ ਹਨ ਅਤੇ ਸਭ ਵਿਚ ਉਸ ਇੱਕ ਪਰਮਾਤਮਾ ਦੀ ਜੋਤਿ ਵਿਆਪਕ ਹੈ।

ਇਨ੍ਹਾਂ ਨੁਕਤਿਆਂ ਨੂੰ ਧਿਆਨ ਵਿਚ ਰੱਖਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ 'ਸਰਬੱਤ ਦਾ ਭਲਾ' ਇੱਕ ਬਹੁਤ ਮਹੱਤਵਪੂਰਨ ਆਦਰਸ਼ ਹੈ ਜੋ ਸਿੱਖ ਧਰਮ ਦੇ ਸਾਹਮਣੇ ਰੱਖਿਆ ਗਿਆ ਅਤੇ ਜਿਸ ਦੀ ਯਾਚਨਾ ਸਿੱਖ ਹਰ ਸਮੇਂ, ਦਿਨ-ਰਾਤ ਅਰਦਾਸ ਕਰਦਿਆਂ ਰੱਬ ਕੋਲੋਂ ਕਰਦਾ ਹੈ। ਸਿੱਖ ਧਰਮ ਚਿੰਤਨ ਅਨੁਸਾਰ ਰੱਬ ਦਿਆਲੂ, ਕ੍ਰਿਪਾਲੂ ਹੈ ਅਤੇ ਹਰ ਇੱਕ ਉਤੇ ਆਪਣੀ ਨਦਰਿ ਕਰਦਾ ਹੈ। ਇਸ ਲਈ ਜਦੋਂ ਵੀ ਅਰਦਾਸ ਕੀਤੀ ਜਾਂਦੀ ਹੈ, ਅੰਤ ਵਿਚ ਰੱਬ ਕੋਲੋਂ "ਨਾਨਕ ਨਾਮ ਚੜ੍ਹਦੀ ਕਲ੍ਹਾ। ਤੇਰੇ ਭਾਣੇ ਸਰਬੱਤ ਦਾ ਭਲਾ" ਮੰਗਿਆ ਜਾਂਦਾ ਹੈ। ਇਥੋਂ ਹੀ 'ਸਭੈ ਸਾਂਝੀਵਾਲ ਸਦਾਇਨ' (ਯੂਨੀਵਰਸਲ ਬ੍ਰਦਰਹੁਡ) ਦਾ ਸੰਕਲਪ ਸ਼ੁਰੂ ਹੁੰਦਾ ਹੈ।

ਸਿੱਖ ਧਰਮ ਚਿੰਤਨ ਦਾ ਅਰਦਾਸ ਦਾ ਇਹ ਬਹੁਤ ਹੀ ਵਿਲੱਖਣ ਸੰਕਲਪ ਹੈ ਜਿਹੜਾ ਹੋਰ ਧਰਮਾਂ ਜਿਵੇਂ ਯਹੂਦੀ, ਈਸਾਈ ਅਤੇ ਇਸਲਾਮ, ਜਿਨ੍ਹਾਂ ਦਾ ਇੱਕ ਰੱਬ ਵਿਚ ਵਿਸ਼ਵਾਸ ਹੈ ਅਤੇ ਉਸ ਅੱਗੇ ਅਰਦਾਸ ਕਰਦੇ ਹਨ, ਵਿਚ ਨਹੀਂ ਮਿਲਦਾ। ਹੋਰ ਧਰਮਾਂ ਵਿਚ ਜੇ ਕਿਸੇ ਲਈ ਮੰਗਿਆ ਜਾਂਦਾ ਹੈ ਤਾਂ ਵੱਧ ਤੋਂ ਵੱਧ ਆਪਣੇ ਧਰਮ ਨੂੰ ਮੰਨਣ ਵਾਲਿਆਂ ਜਾਂ ਆਪਣੇ ਭਾਈਚਾਰੇ ਲਈ ਮੰਗਿਆ ਜਾਂਦਾ ਹੈ। ਸਿੱਖ ਧਰਮ ਵਿਚ ਇਹ ਸਾਰੀ ਮਨੁੱਖਤਾ ਲਈ ਹੈ ਕਿਉਂਕਿ ਉਸ ਇੱਕ ਨੇ ਹੀ ਸਭ ਨੂੰ ਪੈਦਾ ਕੀਤਾ ਹੈ ਅਤੇ ਸਾਰੇ ਉਸ ਇੱਕੋ ਰੱਬੀ ਜੋਤਿ ਨਾਲ ਰੌਸ਼ਨ ਹਨ। ਫਿਰ ਇਹ ਕਿਵੇਂ ਸੰਭਵ ਹੈ ਕਿ ਸਿਰਫ ਕੁੱਝ ਚੁਣੇ ਹੋਏ ਲੋਕਾਂ ਦੀ ਬਿਹਤਰੀ ਲਈ ਅਰਦਾਸ ਕੀਤੀ ਜਾਵੇ ਜਦ ਕਿ ਉਸ ਦੀ ਕਿਰਪਾ ਹਰ ਇੱਕ ਲਈ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਅਰਦਾਸ ਦਾ ਸੁਣਿਆ ਜਾਣਾ ਅਤੇ ਕਬੂਲ ਹੋਣਾ ਅਕਾਲ ਪੁਰਖ ਦੀ ਨਦਰਿ 'ਤੇ ਨਿਰਭਰ ਕਰਦਾ ਹੈ। ਸਿੱਖ ਧਰਮ ਚਿੰਤਨ ਅਨੁਸਾਰ ਇਕੱਠੇ ਹੋ ਕੇ ਨਾਮ ਜਪਣਾ ਅਤੇ ਅਰਦਾਸ ਕਰਨਾ ਬਹੁਤ ਮਹੱਤਵਪੂਰਨ ਮੰਨਿਆ ਗਿਆ ਹੈ ਜਿਥੇ ਸਾਰੇ ਇਕੱਠੇ ਹੋ ਕੇ ਅਕਾਲ ਪੁਰਖ ਦੀ ਪ੍ਰਾਪਤੀ ਲਈ ਯਤਨਸ਼ੀਲ ਹੁੰਦੇ ਹਨ। ਇਸ ਤਰ੍ਹਾਂ ਸਿੱਖ ਧਰਮ ਚਿੰਤਨ ਵਿਚ ਸਰਬ ਸਾਂਝੀਵਾਲਤਾ ਦੇ ਸਿਧਾਂਤ ਨੂੰ ਸਮਝਣਾ ਆਪਣੇ ਆਪ ਵਿਚ ਰੌਚਕ ਤੱਥ ਹੈ।

ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਨਾਮ ਸਿਮਰਨ ਰਾਹੀਂ ਪਰਮਾਤਮਾ ਨਾਲ ਇੱਕਸੁਰਤਾ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਨੇ ਪਰਮਾਤਮਾ ਨਾਲ ਇੱਕਸੁਰਤਾ ਰਾਹੀਂ ਸਤਿ ਦਾ ਸਿੱਧਾ ਅਨੁਭਵ ਕੀਤਾ ਅਤੇ ਫਿਰ ਇਸ ਅਨੁਭਵ ਨੂੰ ਆਪਣੀ ਬੋਲੀ ਰਾਹੀਂ ਪ੍ਰਗਟ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪ੍ਰਾਪਤ ਸਿਧਾਂਤ ਅਕਾਲ ਪੁਰਖ ਵੱਲੋਂ ਬਖ਼ਸ਼ਿਸ਼ ਕੀਤਾ ਗਿਆਨ ਮੰਨਿਆ ਗਿਆ ਹੈ।

ਬਾਣੀ ਗੁਰੂ ਸਾਹਿਬਾਨ ਵੱਲੋਂ ਪ੍ਰਾਪਤ ਪਰਮਾਤਮ-ਅਨੁਭਵ ਦਾ ਪ੍ਰਕਾਸ਼ਨ ਹੈ। ਗੁਰੂ ਸਾਹਿਬ ਦੇ ਸਤਿ ਦੇ ਇਸ ਅਨੁਭਵ ਬਾਰੇ ਸੰਕੇਤ ਗੁਰੂ ਸਾਹਿਬ ਵੱਲੋਂ ਕੀਤੇ ਮਿਲ ਜਾਂਦੇ ਹਨ। ਇਸ ਕਿਸਮ ਦੇ ਸੰਕੇਤ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ, ਜਨਮ ਸਾਖੀਆਂ ਅਤੇ ਸਿੱਖ ਧਰਮ ਦੇ ਪਹਿਲੇ ਮਹਾਨ ਚਿੰਤਕ ਭਾਈ ਗੁਰਦਾਸ ਦੀਆਂ ਰਚਨਾਵਾਂ, ਖਾਸ ਕਰਕੇ ਉਨ੍ਹਾਂ ਦੀਆਂ ਵਾਰਾਂ ਵਿਚ ਮਿਲ ਜਾਂਦੇ ਹਨ। ਜਨਮਸਾਖੀਆਂ ਵਿਚ ਸੁਲਤਾਨਪੁਰ ਲੋਧੀ ਵਿਖੇ 'ਵੇਈਂ ਨਦੀ ਪ੍ਰਵੇਸ਼' ਵਾਲੀ ਘਟਨਾ ਦਾ ਜ਼ਿਕਰ ਮਿਲਦਾ ਹੈ। ਇਸ ਵਿਚ ਦੱਸਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਸੁਰਤਿ ਤਿੰਨ ਦਿਨ ਤੱਕ ਵੇਈਂ ਨਦੀ ਵਿਚ ਪਰਮਾਤਮ-ਭਗਤੀ ਵਿਚ ਲੀਨ ਰਹੀ, ਉਹ ਸੱਚੇ ਦਰਬਾਰ ਵਿਚ ਹਾਜ਼ਰ ਹੋਏ। ਤੀਸਰੇ ਦਿਨ ਜਦੋਂ ਉਹ ਨਦੀ ਤੋਂ ਬਾਹਰ ਆਏ ਤਾਂ ਐਲਾਨ ਕੀਤਾ, "ਨ ਕੋ ਹਿੰਦੂ ਨ ਮੁਸਲਮਾਨ" ਜਿਸ ਦਾ ਅਰਥ ਹੈ ਕਿ ਮਨੁੱਖ ਨੂੰ ਧਰਮ ਦੇ ਨਾਮ 'ਤੇ ਵੰਡਿਆ ਨਹੀਂ ਜਾ ਸਕਦਾ।

ਕੁੱਝ ਵਿਦਵਾਨਾਂ ਨੇ ਇਸ ਦਾ ਅਰਥ 'ਤੀਸਰ ਪੰਥ' ਵਜੋਂ ਵੀ ਕੀਤਾ ਹੈ ਪਰ ਇਹ ਅਰਥ ਸਹੀ ਨਹੀਂ ਜਾਪਦੇ। ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਧਿਆਨ ਨਾਲ ਡੂੰਘਾ ਅਧਿਐਨ ਕਰੀਏ ਤਾਂ ਅਸੀਂ ਦੇਖ ਸਕਦੇ ਹਾਂ ਕਿ ਗੁਰੂ ਸਾਹਿਬਾਨ ਅਨੁਸਾਰ ਮਨੁੱਖ ਨੂੰ ਧਰਮ, ਨਸਲ, ਜ਼ਾਤਿ, ਰੰਗ, ਜਮਾਤ, ਇਸਤਰੀ/ਪੁਰਸ਼ ਦੇ ਆਧਾਰ 'ਤੇ ਵੰਡਿਆ ਨਹੀਂ ਜਾ ਸਕਦਾ ਕਿਉਂਕਿ ਸਾਰੇ ਮਨੁੱਖਾਂ ਵਿਚ ਉਸੇ ਇੱਕ ਦੈਵੀ ਜੋਤਿ ਦਾ ਅੰਸ਼ ਹੈ।

ਭਾਈ ਗੁਰਦਾਸ ਨੇ ਆਪਣੀ ਲਿਖਤ 'ਵਾਰਾਂ' ਵਿਚ ਇਸ ਘਟਨਾ ਦਾ ਰਹੱਸਮਈ ਜ਼ਿਕਰ ਕੀਤਾ ਹੈ। ਭਾਈ ਸਾਹਿਬ ਅਨੁਸਾਰ ਪਹਿਲਾਂ ਬਾਬੇ ਨੇ ਵਾਹਿਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ ਫਿਰ ਉਨ੍ਹਾਂ ਨੇ ਮਨੁੱਖਤਾ ਦੇ ਉਧਾਰ ਲਈ ਜੀਵਨ ਦੀ ਸਖਤ ਘਾਲਣਾ ਘਾਲੀ। ਸਧਾਰਨ ਭੋਜਨ ਕਰਦੇ ਅਤੇ ਰੋੜਾਂ 'ਤੇ ਸੌਂਦੇ ਹੋਏ ਪਰਮਾਤਮਾ ਦੇ ਨਾਮ ਦੀ ਸਮਾਧੀ ਵਿਚ ਲੀਨ ਰਹੇ। ਉਨ੍ਹਾਂ ਤੇ ਪਰਮਾਤਮਾ ਦੀ ਨਦਰਿ ਹੋਈ ਅਤੇ ਨੌਂ ਨਿਧੀਆਂ ਦਾ ਉਪਹਾਰ ਪ੍ਰਾਪਤ ਕੀਤਾ,

ਪਹਿਲਾ ਬਾਬੇ ਪਾਯਾ ਬਖਸੁ ਦਰਿ  
ਪਿਛੋਂ ਦੇ ਫਿਰਿ ਘਾਲਿ ਕਮਾਈ।  
ਰੇਤੁ ਅੱਕੁ ਆਹਾਰੁ ਕਰਿ  
ਰੋੜਾ ਕੀ ਗੁਰ ਕੀਅ ਵਿਛਾਈ।  
ਭਾਰੀ ਕਰੀ ਤਪਸਿਆ  
ਵਡੇ ਭਾਗਿ ਹਰਿ ਸਿਉ ਬਣਿ ਆਈ।  
ਬਾਬਾ ਪੈਧਾ ਸਚਿ ਖੰਡਿ  
ਨਉ ਨਿਧਿ ਨਾਮੁ ਗਰੀਬੀ ਪਾਈ।  
ਬਾਬਾ ਦੇਖੈ ਧਿਆਨੁ ਧਰਿ  
ਜਲਤੀ ਸਭਿ ਪ੍ਰਿਥਵੀ ਦਿਸਿ ਆਈ।  
ਬਾਝੁ ਗੁਰੂ ਗੁਬਾਰੁ ਹੈ  
ਹੈ ਹੈ ਕਰਦੀ ਸੁਣੀ ਲੁਕਾਈ।  
ਬਾਬੇ ਭੇਖ ਬਣਾਇਆ  
ਉਦਾਸੀ ਕੀ ਰੀਤਿ ਚਲਾਈ।  
ਚੜ੍ਹਿਆ ਸੋਧਣਿ ਧਰਤਿ ਲੁਕਾਈ॥24॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਇਸ ਕਿਸਮ ਦੇ ਹਵਾਲੇ ਮਿਲਦੇ ਹਨ। ਰਾਗ ਮਾਝ ਵਿਚ ਰਚੀ ਵਾਰ ਦੀ ਛੱਬੀਵੀਂ ਪਉੜੀ ਵਿਚ ਪਹਿਲਾਂ ਗੁਰੂ ਨਾਨਕ ਫਰਮਾਉਂਦੇ ਹਨ ਕਿ ਹੇ ਅਕਾਲ ਪੁਰਖ ਮੈਂ ਤੈਨੂੰ ਸਦਾ 'ਸੁਭਾਨ' ਆਖ ਆਖ ਕੇ ਵਡਿਆਉਂਦਾ ਹਾਂ। ਤੂੰ ਸਦੀਵੀ ਰਹਿਣ ਵਾਲਾ ਮਾਲਕ ਹੈਂ, ਬਾਕੀ ਸਾਰੇ ਜੀਵ ਤਾਂ ਸੰਸਾਰ 'ਤੇ ਜੰਮਦੇ ਅਤੇ ਮਰਦੇ ਰਹਿੰਦੇ ਹਨ। ਜਿਹੜੇ ਜੀਵ ਪਰਮਾਤਮਾ ਤੋਂ ਉਸ ਦੇ ਨਾਮ ਦਾ ਸੱਚਾ ਦਾਨ ਮੰਗਦੇ ਹਨ, ਉਹ ਉਸ ਵਰਗੇ ਹੀ ਹੋ ਜਾਂਦੇ ਹਨ। ਉਸ ਦਾ ਹੁਕਮ ਸ਼ਬਦ ਦੀ ਬਰਕਤਿ ਨਾਲ ਉਨ੍ਹਾਂ ਨੂੰ ਮਿੱਠਾ ਲੱਗਦਾ ਹੈ। ਉਸ ਦਾ ਹੁਕਮ ਮੰਨਣ ਨਾਲ ਉਨ੍ਹਾਂ ਨੂੰ ਪਰਮਾਤਮਾ ਦੀ ਅਸਲੀਅਤ ਦੀ ਸਮਝ ਲੱਗਦੀ ਹੈ ਅਤੇ ਅਕਾਲ ਪੁਰਖ ਕੋਲੋਂ ਉਚੀ ਟਿਕੀ ਹੋਈ ਸੁਰਤਿ ਪ੍ਰਾਪਤ ਹੁੰਦੀ ਹੈ। ਉਸ ਦੀ ਮਿਹਰ ਸਦਕਾ ਉਨ੍ਹਾਂ ਦੇ ਮੱਥੇ 'ਤੇ ਸੁਹਣਾ ਲੇਖ ਲਿਖਿਆ ਜਾਂਦਾ ਹੈ ਜਿਸ ਨੂੰ ਕੋਈ ਮਿਟਾ ਨਹੀਂ ਸਕਦਾ।

ਗੁਰੂ ਨਾਨਕ ਇਸੇ ਵਾਰ ਦੀ ਆਖਰੀ ਸਤਾਈਵੀਂ ਪਉੜੀ ਵਿਚ ਉਪਰ ਦਿੱਤੇ ਤੱਥ ਦਾ ਜ਼ਿਕਰ ਕਰਦੇ ਹਨ ਕਿ ਮੈਂ ਵਿਹਲਾ ਸੀ, ਮੈਨੂੰ ਅਕਾਲ ਪੁਰਖ ਨੇ ਆਪਣੇ ਨਾਮ ਦਾ ਢਾਡੀ ਬਣਾ ਕੇ ਅਸਲ ਕੰਮ ਵਿਚ ਲਾ ਦਿੱਤਾ। ਅਕਾਲ ਪੁਰਖ ਨੇ ਹੁਕਮ ਕਰ ਦਿੱਤਾ ਕਿ ਭਾਵੇਂ ਦਿਨ ਹੋਵੇ ਭਾਵੇਂ ਰਾਤ, ਉਸ ਦਾ ਜਸ ਕਰਾਂ। ਮੈਨੂੰ ਢਾਡੀ ਨੂੰ, ਜਦੋਂ ਮੈਂ ਉਸ ਦੀ ਸਿਫ਼ਤਿ-ਸਾਲਾਹ ਵਿਚ ਲੱਗਿਆ, ਅਕਾਲ ਪੁਰਖ ਨੇ ਆਪਣੇ ਸੱਚੇ ਮਹਿਲ ਵਿਚ ਆਪਣੀ ਹਜ਼ੂਰੀ ਵਿਚ ਬੁਲਾਇਆ ਅਤੇ ਆਪਣੀ ਸੱਚੀ ਸਿਫ਼ਤਿ-ਰੂਪੀ ਸਿਰੋਪਾਉ ਬਖ਼ਸ਼ਿਸ਼ ਕੀਤਾ। ਸਦੀਵੀ ਰਹਿਣ ਵਾਲਾ ਆਤਮਕ ਜੀਵਨ ਦੇਣ ਵਾਲਾ ਅੰਮ੍ਰਿਤ ਨਾਮ-ਰੂਪੀ ਸੱਚਾ ਭੋਜਨ ਮੈਨੂੰ ਮੇਰੀ ਆਤਮਾ ਲਈ ਪ੍ਰਾਪਤ ਹੋਇਆ। ਜਿਸ ਜਿਸ ਮਨੁੱਖ ਨੇ ਵੀ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਇਸ ਭੋਜਨ ਨੂੰ ਰੱਜ ਕੇ ਖਾਧਾ ਹੈ, ਉਸ ਨੇ ਸੁੱਖ ਪਾਇਆ ਹੈ, ਆਤਮਕ ਅਨੰਦ ਪ੍ਰਾਪਤ ਕੀਤਾ ਹੈ। ਮੈਂ ਢਾਡੀ ਵੀ ਜਿਉਂ ਜਿਉਂ ਉਸ ਸੱਚੇ ਦੀ ਸਿਫ਼ਤਿ ਸਾਲਾਹ ਦਾ ਗੀਤ ਗਾਉਂਦਾ ਹਾਂ, ਅਕਾਲ ਪੁਰਖ ਦੇ ਦਰ ਤੋਂ ਮਿਲੇ ਇਸ ਨਾਮ-ਰੂਪੀ ਭੋਜਨ ਨੂੰ ਛਕਦਾ ਹਾਂ, ਨਾਮ ਦਾ ਅਨੰਦ ਮਾਣਦਾ ਹਾਂ। ਗੁਰੂ ਸਾਹਿਬ ਕਹਿੰਦੇ ਹਨ ਕਿ ਸੱਚੇ ਅਕਾਲ ਪੁਰਖ ਦੀ ਸਿਫ਼ਤਿ ਸਾਲਾਹ ਕਰਕੇ ਉਸ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ,

ਹਉ ਢਾਢੀ ਵੇਕਾਰੁ ਕਾਰੈ ਲਾਇਆ॥  
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥  
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥  
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥  
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥  
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥  
ਢਾਢੀ ਕਰੇ ਪਸਾਉ ਸਬਦੁ ਵਜਾਇਆ॥  
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥  
(ਪੰਨਾ 150)

ਜਪੁਜੀ ਵਿਚ ਦੱਸਿਆ ਹੈ ਕਿ ਉਹ ਪਰਮਾਤਮਾ ਇੱਕੋ-ਇੱਕ ਸਰਬ-ਵਿਆਪਕ ਸ਼ਕਤੀ ਹੈ ਜਿਸ ਦੀ ਹੋਂਦ ਹੈ, ਉਹ ਇਸ ਬ੍ਰਹਿਮੰਡ ਨੂੰ ਰਚਣ ਵਾਲਾ ਹੈ। ਉਸ ਨੂੰ ਕਿਸੇ ਤੋਂ ਭੈ ਨਹੀਂ (ਕਿਉਂਕਿ ਉਸ ਦੇ ਬਰਾਬਰ ਹੋਰ ਕੋਈ ਹਸਤੀ ਨਹੀਂ), ਉਹ ਵੈਰ ਤੋਂ ਵੀ ਰਹਿਤ ਹੈ ਅਤੇ ਇੱਕ-ਰਸ ਵਿਆਪਕ ਹੈ। ਉਹ ਸਮੇਂ ਵਿਚ ਨਹੀਂ ਹੈ ਪਰ ਇਹ ਬ੍ਰਹਿਮੰਡ ਉਸ ਦਾ ਪ੍ਰਗਟ ਸਰੂਪ ਹੈ। ਉਹ ਜਨਮ ਅਤੇ ਮਰਨ ਵਿਚ ਨਹੀਂ ਆਉਂਦਾ। ਉਹ ਆਪਣੇ ਆਪ ਤੋਂ ਹੈ ਅਰਥਾਤ ਉਸ ਨੂੰ ਪੈਦਾ ਕਰਨ ਵਾਲਾ ਕੋਈ ਨਹੀਂ ਹੈ। ਉਸ ਨੂੰ ਗੁਰੂ ਦੀ ਕਿਰਪਾ ਰਾਹੀਂ ਪਾ ਸਕੀਦਾ ਹੈ। ਅੱਗੇ ਦੱਸਿਆ ਹੈ ਕਿ ਉਹ ਸਤਿ ਪੁਰਸ਼ ਸ੍ਰਿਸ਼ਟੀ ਦੇ ਆਦਿ ਵਿਚ ਵੀ ਸੀ, ਜੁਗਾਂ ਦੇ ਅਰੰਭ ਤੋਂ ਪਹਿਲਾਂ ਵੀ ਸੀ ਅਤੇ ਜੁਗਾਂ ਵਿਚ ਵੀ ਸੀ ਅਤੇ ਸਦੀਵੀ ਰਹੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇਹ ਬੁਨਿਆਦੀ ਸਿਧਾਂਤ ਹੈ ਕਿ ਉਹ ਅਕਾਲ ਪੁਰਖ ਹੀ ਇੱਕੋ-ਇੱਕ ਪਰਮ ਸਤਿ ਹੈ ਜੋ ਸਾਨੂੰ ਪੈਦਾ ਕਰਨ ਵਾਲਾ, ਸਾਡਾ ਮਾਲਕ ਹੈ ਅਤੇ ਉਸ ਦੀ ਰਚਨਾ ਹੋਣ ਕਰਕੇ ਮਨੁੱਖ ਦਾ ਉਦੇਸ਼ ਉਸ ਨਾਲ ਇੱਕ-ਸੁਰ ਹੋਣਾ, ਉਸ ਦੀ ਮਿਹਰ ਦੇ ਪਾਤਰ ਬਣਨਾ ਹੈ। ਉਹ ਇੱਕੋ-ਇੱਕ ਸੱਚਾਈ ਹੈ, ਬਾਕੀ ਸਾਰਾ ਸੰਸਾਰ ਉਸ ਦੀ ਰਚਨਾ ਹੈ। ਉਹ ਇਸ ਬ੍ਰਹਿਮੰਡ ਦਾ ਪੈਦਾ ਕਰਨ ਵਾਲਾ ਅਤੇ ਇਸ ਸਾਰੇ ਪਸਾਰੇ ਦਾ ਆਧਾਰ ਹੈ। ਉਹ ਆਪਣੇ ਆਪ ਨੂੰ ਆਪਣੀ ਕੁਦਰਤਿ ਅਤੇ ਹੁਕਮ ਰਾਹੀਂ ਪ੍ਰਗਟ ਕਰਦਾ ਹੈ।

ਗੁਰਬਾਣੀ ਅਨੁਸਾਰ ਆਪਣੀ ਕੁਦਰਤਿ ਨੂੰ ਸਾਜਦਾ ਵੀ ਹੈ, ਇਸ ਦੀ ਦੇਖ-ਰੇਖ ਕਰਦਾ ਹੈ ਅਤੇ ਇਸ ਦੀ ਸੰਭਾਲ ਵੀ ਕਰਦਾ ਹੈ। ਇਸ ਦਾ ਕਾਰਨ ਕੀ ਹੈ, ਉਹ ਆਪ ਹੀ ਜਾਣਦਾ ਹੈ। ਉਹ ਸ਼ਬਦ-ਰੂਪ ਹੋ ਕੇ ਸਭ ਵਿਚ ਵਸਿਆ ਹੋਇਆ ਹੈ। ਉਹ ਆਪਣੀ ਰਚਨਾ ਵਿਚ ਵਿਆਪਕ ਹੈ। ਗੁਰੂ ਨਾਨਕ ਸਾਹਿਬ ਨੇ ਕੁਦਰਤਿ ਨਾਲ 'ਪਸਾਉ, ਕਰੇ, ਪਾਸਾ ਢਾਲਿ, ਸਾਜਿਓ, ਵਸਿਆ' ਆਦਿ ਸ਼ਬਦਾਂ ਦਾ ਇਸਤੇਮਾਲ ਕੀਤਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਉਸ ਅਕਾਲ ਪੁਰਖ ਦੀ ਰਚਨਾ ਉਸ ਦੇ ਆਪੇ ਦਾ ਪਾਸਾਰ, ਫੈਲਾਓ ਹੈ (ਪਸਾਉ), ਚੰਗੀ ਤਰ੍ਹਾਂ ਸੋਚੀ ਸਮਝੀ (ਪਾਸਾ ਢਾਲਿ), ਸੁਹਣੀ ਅਤੇ ਨਿਯਮਤ (ਸਾਜਿ, ਸਾਜਿਓ), ਅਤੇ ਉਹ ਇਸ ਵਿਚ ਵਿਆਪਕ ਹੈ (ਵਸਿਆ)। ਸਿੱਖ ਧਰਮ ਚਿੰਤਨ ਵਿਚ ਕਰਤਾ ਪੁਰਖ ਅਤੇ ਉਸ ਦੀ ਰਚਨਾ ਦਾ ਰਿਸ਼ਤਾ ਬੜਾ ਵਿਲੱਖਣ ਹੈ। ਕਰਤਾ ਪੁਰਖ ਅਤੇ ਰਚਨਾ ਦਾ ਮੂਲ ਇੱਕੋ ਹੈ। ਇਹ 'ਦੂਈ' ਜਾਂ ਦਵੈਤ 'ਵੱਖਰਤਾ' ਨਹੀਂ, ਸਗੋਂ 'ਸਮਰੂਪਤਾ', ਇਕਤਵਤਾ (ਸੇਮਨੈਸ) ਦਾ ਹੈ। ਗੁਰੂ ਨਾਨਕ ਇਸ ਰਿਸ਼ਤੇ ਬਾਰੇ ਫੁਰਮਾਉਂਦੇ ਹਨ ਕਿ ਉਸ ਦੀ ਜੋਤਿ ਸਭ ਵਿਚ ਵਿਆਪਕ ਹੈ। ਸਾਰੀ ਰਚਨਾ ਉਸ ਦੀ ਸੁਗੰਧੀ ਨਾਲ ਸੁਗੰਧਤ ਹੈ। ਹਰ ਇੱਕ ਉਸ ਦੀ ਰੌਸ਼ਨੀ ਨਾਲ ਰੌਸ਼ਨ ਹੈ ਇਸ ਤੱਥ ਦੀ ਸਮਝ ਗੁਰੂ ਤੋਂ ਆਉਂਦੀ ਹੈ, ਗੁਰੂ ਦੇ ਸ਼ਬਦ ਰਾਹੀਂ ਇਸ ਦਾ ਅਨੁਭਵ ਹੁੰਦਾ ਹੈ,

ਸਭ ਮਹਿ ਜੋਤਿ ਜੋਤਿ ਹੈ ਸੋਇ॥  
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥  
ਗੁਰ ਸਾਖੀ ਜੋਤਿ ਪਰਗਟੁ ਹੋਇ॥  
ਜੋ ਤਿਸੁ ਭਾਵੈ ਸੁ ਆਰਤੀ ਹੋਇ॥3॥  
(ਪੰਨਾ 13)

ਗੁਰੂ ਅਮਰਦਾਸ ਫਰਮਾਉਂਦੇ ਹਨ ਕਿ ਜੇ ਪਰਮਾਤਮਾ ਆਪਣੀ ਜੋਤਿ ਮਨੁੱਖ ਦੇ ਸਰੀਰ ਵਿਚ ਰੱਖਦਾ ਹੈ ਤਾਂ ਮਨੁੱਖ ਇਸ ਸੰਸਾਰ 'ਤੇ ਆਉਂਦਾ ਹੈ। ਗੁਰੂ ਰਾਮਦਾਸ ਇਸੇ ਵਿਚਾਰ ਨੂੰ ਅੱਗੇ ਲੈ ਜਾਂਦੇ ਹੋਏ ਦੱਸਦੇ ਹਨ ਕਿ ਜਿਸ ਤਰ੍ਹਾਂ ਸੂਰਜ ਦਾ ਚਾਨਣ ਸੂਰਜ ਦੀਆਂ ਕਿਰਨਾਂ ਨੂੰ ਰੁਸ਼ਨਾਉਂਦਾ ਹੈ, ਇਸੇ ਤਰ੍ਹਾਂ ਪਰਮਾਤਮਾ ਹਰ ਜੀਵ ਵਿਚ ਵੱਸ ਰਿਹਾ ਹੈ। ਉਹ ਇੱਕ ਅਕਾਲ ਪੁਰਖ ਹਰ ਥਾਂ ਤੇ ਵਿਆਪਕ ਹੈ।

ਗੁਰੂ ਸਾਹਿਬ ਪਰਮਾਤਮਾ ਅਤੇ ਜੀਵ ਵਿਚ ਰਿਸ਼ਤਾ ਸਮੁੰਦਰ ਦੇ ਅਲੰਕਾਰ ਰਾਹੀਂ ਸਮਝਾਉਂਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਕਰਤਾ ਪੁਰਖ ਸਮੁੰਦਰ ਹੈ ਅਤੇ ਜੀਵ ਅਰਥਾਤ ਮਨੁੱਖ ਉਸ ਦੀਆਂ ਲਹਿਰਾਂ ਹਨ। ਇਹ ਸੰਸਾਰ ਉਸ ਦੀ ਖੇਡ ਹੈ। ਜਿਸ ਤਰ੍ਹਾਂ ਲਹਿਰਾਂ ਸਮੁੰਦਰ ਵਿਚੋਂ ਉਠਦੀਆਂ ਹਨ ਅਤੇ ਮੁੜ ਕੇ ਸਮੁੰਦਰ ਵਿਚ ਹੀ ਸਮਾ ਜਾਂਦੀਆਂ ਹਨ। ਇਸੇ ਤਰ੍ਹਾਂ ਜੀਵ ਪਰਮਾਤਮਾ ਵਿਚੋਂ ਪੈਦਾ ਹੁੰਦੇ ਹਨ ਅਤੇ ਅੰਤ ਨੂੰ ਉਸ ਵਿਚ ਹੀ ਸਮਾ ਜਾਂਦੇ ਹਨ,

ਜਿਉ ਪਸਰੀ ਸੂਰਜ ਕਿਰਣਿ ਜੋਤਿ॥  
ਤਿਉ ਘਟਿ ਘਟਿ ਰਮਈਆ ਓਤਿ ਪੋਤਿ॥  
(ਪੰਨਾ 1177)

ਹਰਿ ਸਰੁ ਸਾਗਰੁ ਹਰਿ ਹੈ ਆਪੇ  
ਇਹੁ ਜਗੁ ਹੈ ਸਭੁ ਖੇਲੁ ਖੇਲਈਆ॥  
ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ  
ਨਾਨਕ ਆਪੇ ਆਪਿ ਰਮਈਆ॥  
(ਪੰਨਾ 835)

**(ਚਲਦਾ)**

## ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ

**ਗੁਰਬਾਣੀ ਗਿਆਨ**

ਮਾਝ ਮਹਲਾ ੫  
ਐਥੈ ਤੂੰਹੈ ਆਗੈ ਆਪੇ॥  
ਜੀਅ ਜੰਤ੍ਰ ਸਭਿ ਤੇਰੇ ਥਾਪੇ॥  
ਤੁਧੁ ਬਿਨੁ ਅਵਰੁ ਨ ਕੋਈ  
ਕਰਤੇ ਮੈ ਧਰ ਓਟ ਤੁਮਾਰੀ ਜੀਉ॥੧॥  
ਰਸਨਾ ਜਪਿ ਜਪਿ ਜੀਵੈ ਸੁਆਮੀ॥  
ਪਾਰਬ੍ਰਹਮ ਪ੍ਰਭ ਅੰਤਰਜਾਮੀ॥  
ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ  
ਸੋ ਜਨਮੁ ਨ ਜੂਐ ਹਾਰੀ ਜੀਉ॥੨॥  
ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ॥  
ਜਨਮ ਜਨਮ ਕਾ ਰੋਗੁ ਗਵਾਇਆ॥  
ਹਰਿ ਕੀਰਤਨੁ ਗਾਵਹੁ ਦਿਨੁ ਰਾਤੀ  
ਸਫਲ ਏਹਾ ਹੈ ਕਾਰੀ ਜੀਉ॥੩॥  
ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ॥  
ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ॥  
ਇਕਸੁ ਵਿਣੁ ਹੋਰੁ ਦੂਜਾ ਨਾਹੀ  
ਬਾਬਾ ਨਾਨਕ ਇਹ ਮਤਿ ਸਾਰੀ ਜੀਉ॥੪॥

ਪੰਜਵੇਂ ਪਾਤਸ਼ਾਹ ਉਸ ਮਿਹਰਬਾਨ ਪ੍ਰਭੂ ਦੀ ਸਿਫਤ ਸਾਲਾਹ ਕਰਦਿਆਂ ਆਖਦੇ ਹਨ ਕਿ ਹੇ ਕਰਤੇ, ਭਾਵ ਸਾਰਾ ਕੁਝ ਕਰਨ ਵਾਲੇ ਕਰਤਾਰ ਜੀਉ! ਐਥੇ ਇਸ ਸੰਸਾਰ ਵਿਚ ਵੀ ਤੂੰ ਹੀ ਮੇਰਾ ਸਹਾਰਾ ਹੈਂ ਅਤੇ ਆਗੈ ਆਪੇ, ਭਾਵ ਪ੍ਰਲੋਕ ਵਿਚ ਵੀ ਬਸ ਤੂੰ ਹੀ ਇਕ ਓਟ ਤੇ ਆਸਰਾ ਹੈਂ। ਮੇਰੇ ਕਰਤਾਰ ਪ੍ਰਭੂ, ਇਹ ਸਾਰੇ ਜੀਵ ਜੰਤੂ ਸਭ ਤੇਰੇ ਹੀ ਥਾਪੇ, ਪੈਦਾ ਕੀਤੇ ਹੋਏ ਹਨ ਅਤੇ ਹੇ ਮੇਰੇ ਸੋਹਣੇ ਪ੍ਰਭ ਜੀਉ! ਤੈਥੋਂ ਬਗੈਰ ਹੋਰ ਕੋਈ ਸਹਾਰਾ ਦੇਣ ਵਾਲਾ ਮੈਨੂੰ ਦਿਸਦਾ ਹੀ ਨਹੀਂ। ਪ੍ਰਭੂ ਜੀਉ, ਮੈਨੂੰ ਤੇਰਾ ਹੀ ਆਸਰਾ ਹੈ ਅਤੇ ਤੇਰੀ ਹੀ ਓਟ ਹੈ।

ਰਸਨਾ ਜਪਿ ਜਪਿ ਜੀਵੈ ਸੁਆਮੀ॥  
ਪਾਰਬ੍ਰਹਮ ਪ੍ਰਭ ਅੰਤਰਜਾਮੀ॥  
ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ  
ਸੋ ਜਨਮੁ ਨ ਜੂਐ ਹਾਰੀ ਜੀਉ॥੨॥

ਹੇ ਮੇਰੇ ਸੁਆਮੀ, ਪਾਰਬ੍ਰਹਮ ਪ੍ਰਭੂ ਅੰਤਰਜਾਮੀ ਜੀਉ! ਤੇਰੇ ਸੇਵਕ ਤਾਂ ਰਸਨਾ, ਭਾਵ ਆਪਣੀ ਜੀਭਾ ਨਾਲ ਤੇਰਾ ਸੋਹਣਾ ਨਾਮ ਜਪ ਕੇ ਤੇ ਸਿਮਰਨ ਕਰ ਕਰ ਕੇ ਹੀ ਜਿਉਂਦੇ ਹਨ ਅਤੇ ਉਚੇ ਸੁੱਚੇ ਆਤਮਿਕ ਜੀਵਨ ਨੂੰ ਹਾਸਲ ਕਰ ਕੇ ਤੇਰੇ ਵਿਚ ਅਭੇਦ ਹੋ ਜਾਂਦੇ ਹਨ। ਹੇ ਮਿਹਰਬਾਨ ਪ੍ਰਭੂ ਜੀਉ! ਜਿਸ ਜੀਵ ਨੇ ਵੀ ਤੈਨੂੰ ਸੇਵਿਆ, ਭਾਵ ਤੇਰਾ ਸਿਮਰਨ ਕੀਤਾ, ਉਸ ਜੀਵ ਨੇ ਹੀ ਆਤਮਕ ਅਨੰਦ ਮਾਣਿਆ, ਭਾਵ ਸੁੱਖ ਪ੍ਰਾਪਤ ਕਰ ਲਿਆ ਅਤੇ ਉਸ ਜੀਵ ਨੇ ਆਪਣਾ ਇਹ ਮਾਨਸ ਜਨਮ ਜੁਆਰੀਏ ਵਾਂਗ ਜੂਏ ਵਿਚ ਨਹੀਂ ਹਾਰਿਆ ਅਤੇ ਉਹ ਸੰਸਾਰ ਤੋਂ ਜਿੱਤ ਕੇ ਗਿਆ।

ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ॥  
ਜਨਮ ਜਨਮ ਕਾ ਰੋਗੁ ਗਵਾਇਆ॥  
ਹਰਿ ਕੀਰਤਨੁ ਗਾਵਹੁ ਦਿਨੁ ਰਾਤੀ  
ਸਫਲ ਏਹਾ ਹੈ ਕਾਰੀ ਜੀਉ॥੩॥

ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਤੇਰੀ ਮਿਹਰ ਸਦਕਾ ਤੇਰੇ ਜਿਸ ਜਨ ਭਾਵ ਸੇਵਕ ਨੇ ਨਾਮ ਰੂਪੀ ਅਵਖਧੁ, ਭਾਵ ਦਵਾਈ ਨੂੰ ਸਿਮਰਨ ਕਰ ਕੇ ਪ੍ਰਾਪਤ ਕਰ ਲਿਆ ਤਾਂ ਫਿਰ ਉਸ ਨੇ ਇਸ ਦਵਾਈ ਨਾਲ ਕਈ ਜਨਮਾਂ ਜਨਮਾਂਤਰਾਂ ਦੇ ਲੱਗੇ ਹੋਏ ਦੁੱਖਾਂ ਨੂੰ ਦੂਰ ਕਰ ਲਿਆ। ਇਸ ਲਈ ਹੇ ਭਾਈ ਗੁਰੂ ਦੇ ਪਿਆਰਿਓ! ਦਿਨ ਰਾਤੀਂ ਉਸ ਮਾਲਕ ਪ੍ਰਭੂ ਦੀ ਸਿਫ਼ਤ ਸਾਲਾਹ ਕਰਦੇ ਰਹਿਣਾ ਹੀ ਸਭ ਤੋਂ ਉੱਤਮ ਅਤੇ ਚੰਗੀ ਕਾਰ ਹੈ, ਕਿਉਂਕਿ ਮਾਨਸ ਜਨਮ ਦਾ ਇਹ ਹੀ ਵੱਡਾ ਲਾਹਾ ਹੈ।

ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ॥  
ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ॥  
ਇਕਸੁ ਵਿਣੁ ਹੋਰੁ ਦੂਜਾ ਨਾਹੀ  
ਬਾਬਾ ਨਾਨਕ ਇਹ ਮਤਿ ਸਾਰੀ ਜੀਉ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਕਿ ਜਿਸ ਜੀਵ 'ਤੇ ਉਸ ਮਿਹਰਬਾਨ ਪ੍ਰਭੂ ਨੇ ਆਪਣੀ ਮਿਹਰ ਦੀ ਨਜ਼ਰ ਕਰ ਦਿੱਤੀ, ਉਸ ਜੀਵ ਨੂੰ ਸਵਾਰਿਆ, ਭਾਵ ਉਚਾ ਜੀਵਨ ਦੇ ਦਿੱਤਾ ਅਤੇ ਉਸ ਜੀਵ ਨੇ ਘਟ ਘਟ, ਭਾਵ ਹਰ ਜੀਵ ਦੇ ਅੰਦਰ ਅਤੇ ਹਰ ਥਾਂ 'ਤੇ ਉਸ ਪਰਮਾਤਮਾ ਨੂੰ ਵਸਦਾ ਵੇਖਿਆ, ਹਰ ਥਾਂ ਉਸ ਨੇ ਪ੍ਰਭੂ ਨੂੰ ਵੇਖ ਕੇ ਨਮਸਕਾਰ ਕੀਤੀ ਅਤੇ ਸਭ ਜੀਵਾਂ ਨੂੰ ਸਤਿਕਾਰ ਤੇ ਆਦਰ ਦਿੱਤਾ। ਹੇ ਭਾਈ, ਇਹ ਨਾਨਕ ਆਖਦਾ ਹੈ, ਉਸ ਇਕ ਪਰਮੇਸ਼ਰ ਪ੍ਰਭੂ ਤੋਂ ਬਿਨਾਂ ਉਸ ਜੈਸਾ ਹੋਰ ਕੋਈ ਹੈ ਨਹੀਂ। ਇਹ ਮਤ ਗੁਰੂ ਤੋਂ ਮਿਲਦੀ ਹੈ।

ਆਉ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

# ਕਿੱਥੇ ਹਨ ਜਬਰ-ਜਨਾਹ ਦੀਆਂ ਜੜ੍ਹਾਂ?

**ਦੁਖਦੀ ਰਗ**

**ਕੁਲਦੀਪ ਕੌਰ**

ਭਾਰਤ ਨੂੰ ਸੰਵਿਧਾਨਿਕ ਤੇ ਕਾਨੂੰਨੀ ਤੌਰ 'ਤੇ ਜਮਹੂਰੀ ਮੁਲਕ ਮੰਨਿਆ ਜਾਂਦਾ ਹੈ। ਇਸ ਦੇ ਵੱਖ-ਵੱਖ ਸੂਬਿਆਂ ਦੀਆਂ ਬਹੁਤ ਸਾਰੀਆਂ ਸਮਾਜਕ, ਆਰਥਿਕ ਤੇ ਸੱਭਿਆਚਾਰਕ ਤੰਦਾਂ ਸਾਂਝੀਆਂ ਹਨ। ਆਰਥਿਕਤਾ ਦਾ ਧੁਰਾ ਖੇਤੀ ਹੈ ਅਤੇ ਸਿਆਸੀ ਤੌਰ 'ਤੇ ਬਹੁਤੇ ਸੂਬੇ ਜਾਤ-ਪਾਤ, ਵਰਗ ਵਿਤਕਰੇ ਅਤੇ ਪੂੰਜੀ ਦੇ ਦਮ 'ਤੇ ਟਿਕੇ ਹੋਏ ਹਨ। ਇਹ ਮੰਨਣਾ ਮਹਿਜ਼ ਖੁਸ਼ਫਹਿਮੀ ਹੈ ਕਿ ਇਨ੍ਹਾਂ ਸੂਬਿਆਂ ਵਿਚ ਜਮਹੂਰੀ ਮੁੱਲ ਅਤੇ ਪਰੰਪਰਾਵਾਂ ਪਨਪਣ ਦਾ ਸੋਮਾ ਇਨ੍ਹਾਂ ਵਿਚ ਰਹਿ ਰਹੀ ਲੋਕਾਈ ਹੈ। ਬਹੁਤੇ ਸੂਬਿਆਂ ਨੇ 'ਜ਼ਰ, ਜ਼ੋਰੂ ਤੇ ਜ਼ਮੀਨ' ਨੂੰ ਸਮਾਜਕ ਸੱਤਾ ਅਤੇ ਮਰਦਾਨਗੀ ਦੀ ਚੂਲ ਮੰਨਦਿਆਂ ਨਾ ਤਾਂ ਹੁਣ ਤੱਕ ਪਨਪੀਆਂ ਆਧੁਨਿਕ ਸੋਚ/ਵਿਚਾਰਧਾਰਾਵਾਂ ਨਾਲ ਕੋਈ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾ ਹੀ ਮੌਜੂਦਾ ਵਿਕਾਸ ਮਾਡਲਾਂ ਵਿਚ ਪਈ ਸੂਖਮ ਹਿੰਸਾ ਖਿਲਾਫ ਕੋਈ ਕਾਰਵਾਈ ਕਰਨ ਦਾ ਤਰੱਦਦ ਕੀਤਾ ਹੈ। ਜਦੋਂ ਇਨ੍ਹਾਂ ਸੂਬਿਆਂ ਦਾ ਸੱਤਾ-ਤੰਤਰ ਚੌਧਰ, ਹੈਂਕੜ ਅਤੇ ਪੂੰਜੀ ਦੀ ਟੀਰੀ ਮਾਨਸਿਕਤਾ ਨਾਲ ਲੈਸ ਹੋ ਕੇ ਸਮਾਜਕ ਭਲਾਈ, ਸਮਾਨਤਾ, ਨਿਆਂ ਅਤੇ ਸਹਿ-ਹੋਂਦ ਵਰਗੀਆਂ ਧਾਰਨਾਵਾਂ ਨਾਲ ਦੋ-ਚਾਰ ਹੁੰਦਾ ਹੈ ਤਾਂ ਸਾਰਾ ਨੰਗੇਜ਼ ਉਘੜ ਆਉਂਦਾ ਹੈ। ਇਸ ਦੀ ਇੱਕ ਝਲਕ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਦੇਖਣ ਨੂੰ ਮਿਲੀ ਜਿੱਥੇ ਸੜਕਾਂ 'ਤੇ ਨਿਕਲੇ ਲੋਕਾਂ ਨੂੰ ਇਲਮ ਹੋਇਆ ਕਿ ਹੁਣ ਤੱਕ ਉਹ ਜਮਹੂਰੀਅਤ ਦੇ ਨਾਮ 'ਤੇ ਅਜਿਹੇ ਵਰਗ ਨੂੰ ਹੱਥ ਕੱਟ ਕੇ ਦੇ ਚੁੱਕੇ ਹਨ ਜੋ ਚਿਰਾਂ ਤੋਂ ਲੋਕਾਈ ਨੂੰ ਬੇਵਿਸਾਹੀ, ਬੇਵਸੀ, ਇਕੱਲ ਅਤੇ ਸਰੀਰਾਂ ਦੇ ਵਿਅਕਤੀਗਤ ਜ਼ਸ਼ਨਾਂ ਦੇ ਮਹਾਂਦੀਪਾਂ ਵੱਲ ਧੱਕ ਰਿਹਾ ਹੈ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਅਮਰੀਕੀ ਤਰਜ਼ ਦੇ ਆਰਥਿਕ ਸੁਧਾਰਾਂ ਨੂੰ ਲਾਗੂ ਕਰਦਾ ਸੱਤਾ-ਤੰਤਰ ਭੁੱਖ, ਗਰੀਬੀ, ਬੇਵਸੀ ਤੇ ਜ਼ਲਾਲਤ ਦੇ ਜ਼ਜ਼ੀਰਿਆਂ 'ਤੇ ਅਯਾਸ਼ੀ ਦੇ ਕਿਲੇ ਉਸਾਰਦਾ, ਹਰਿਆਣਾ ਵਿਚ ਲਗਾਤਾਰ ਹੋ ਰਹੇ ਬਲਾਤਕਾਰਾਂ ਅਤੇ ਪੰਜਾਬ ਵਿਚ ਨਿੱਤ ਦਿਨ ਵਾਪਰ ਰਹੀਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਰਾਹੀਂ ਅਗਲੀ ਸ਼ਕਲ ਬਦਲਦਾ ਹੈ। ਜੇ ਇਨ੍ਹਾਂ ਘਟਨਾਵਾਂ ਨੂੰ ਆਪਸ ਵਿਚ ਜੋੜ ਕੇ ਸਮਝਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੀ ਪਟਕਥਾ ਸਿਆਸੀ ਸੱਤਾ ਲਿਖਦੀ ਹੈ। ਇਸ ਸੱਤਾ ਦਾ ਧੁਰਾ




ਬੇਥਵੀ ਤੇ ਲੋਕਾਈ ਦਾ ਗਲਾ ਕੱਟ ਕੇ ਇਕੱਠੀ ਕੀਤੀ ਪੂੰਜੀ ਹੈ। ਇਸ ਪੂੰਜੀ ਦਾ ਆਪਣਾ ਮਨੋਵਿਗਿਆਨ ਹੈ। ਇਸ ਮਨੋਵਿਗਿਆਨ ਦੀ ਕਥਨੀ ਤੇ ਕਰਨੀ ਬਜ਼ਾਰ ਤੈਅ ਕਰਦਾ ਹੈ ਤੇ ਇਸ ਦੀ ਹੋਂਦ ਉਨ੍ਹਾਂ ਸਮਾਜਕ ਵਰਤਾਰਿਆਂ ਉਤੇ ਟਿਕੀ ਹੈ ਜੋ ਆਰਥਕ, ਧਾਰਮਕ, ਸਮਾਜਕ, ਸਰੀਰਕ ਜਾਂ ਜਾਤੀ ਆਧਾਰ 'ਤੇ ਸਾਧਾਰਨ ਲੋਕਾਈ ਨੂੰ ਲਗਾਤਾਰ ਜ਼ਲਾਲਤ ਵਿਚ ਜਿਉਣ ਲਈ ਮਜਬੂਰ ਕਰਦੇ ਹਨ। ਇਸ ਤਰਕ ਨੂੰ ਸਮਝਣ ਲਈ ਗੁਜਰਾਤ ਵਿਚ ਹੁਣੇ-ਹੁਣੇ ਚੁਣੀ ਗਈ ਮੋਦੀ ਸਰਕਾਰ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਗੁਜਰਾਤ ਚੋਣ ਕਮਿਸ਼ਨ ਅਨੁਸਾਰ ਇਸ 'ਮੋਦੀ ਸਭਾ' ਦੇ 57 ਮੈਂਬਰਾਂ ਖਿਲਾਫ ਬਲਾਤਕਾਰ, ਕਤਲ, ਅਗਵਾ ਅਤੇ ਫਿਰੌਤੀ ਵਸੂਲਣ ਦੇ ਮੁਕੱਦਮੇ ਚੱਲ ਰਹੇ ਹਨ। ਹੁਣ ਜੇ ਜਮਹੂਰੀਅਤ ਦਾ ਭੁਲੇਖਾ ਪਾਲੀ ਬੈਠੀ ਲੋਕਾਈ ਆਪਣੇ ਆਪ ਨੂੰ ਸਿਰਫ ਕਾਗਜ਼ ਦੇ ਟੁਕੜੇ, ਅਰਥਾਤ ਵੋਟ ਤੱਕ ਮਹਿਦੂਦ ਕਰ ਕੇ ਇਨ੍ਹਾਂ ਹੀ ਅਪਰਾਧੀਆਂ ਤੋਂ ਬਲਾਤਕਾਰ, ਕਤਲ, ਅਗਵਾ ਅਤੇ ਫਿਰੌਤੀ ਵਸੂਲਣ ਵਿਰੁਧ ਨਿਆਂ ਦੀ ਉਮੀਦ ਰੱਖਦੀ ਹੈ ਤਾਂ ਇਹ ਤੈਅ ਹੈ ਕਿ ਮਹਾਨ ਦੇਸ਼ ਭਾਰਤ ਦੀ ਸਿਆਸੀ ਚੇਤਨਾ ਮਰ ਚੁੱਕੀ ਹੈ!

ਜੁਰਮ ਅਤੇ ਨਿਆਂ ਦਾ ਮਸਲਾ ਅਕਸਰ ਕਾਨੂੰਨ ਅਤੇ ਸਜ਼ਾ ਨਾਲ ਜੋੜ ਕੇ ਸਮਝਿਆ ਜਾਂਦਾ ਹੈ। ਇਸ ਫੌਰੀ ਹੱਲ ਦੀਆਂ ਕੁਝ ਲੁਪਤ ਪਰਤਾਂ ਹਨ। ਪਹਿਲੀ, ਜੁਰਮ ਦਾ ਸਿੱਧਾ ਸਬੰਧ ਪੀੜਿਤ ਧਿਰ ਦੀ ਨਾਬਰਾਬਰੀ ਨਾਲ ਹੁੰਦਾ ਹੈ। ਮਸਲਨ, ਬਲਾਤਕਾਰਾਂ ਦੇ ਮਾਮਲੇ ਵਿਚ ਇਹ ਨਾਬਰਾਬਰੀ ਔਰਤ ਹੋਣਾ ਹੋ ਸਕਦਾ ਹੈ। ਔਰਤ ਦਾ ਦਲਿਤ ਹੋਣਾ, ਘੱਟ-ਗਿਣਤੀ ਨਾਲ ਸਬੰਧਤ ਹੋਣਾ, ਗਰੀਬ ਹੋਣਾ, ਆਦਿਵਾਸੀ ਹੋਣਾ ਬਲਾਤਕਾਰਾਂ ਦਾ ਅਨੁਪਾਤ ਵਧਣ ਨਾਲ ਸਿੱਧਾ ਸਬੰਧ ਰੱਖਦਾ ਹੈ। ਦਿਲਚਸਪ ਤੱਥ ਹੈ ਕਿ ਔਰਤਾਂ ਦਾ ਉਪਰੋਕਤ ਵਰਗ ਹੀ ਸਿੱਖਿਆ, ਸਿਹਤ ਤੇ ਬਾਕੀ ਸਿਆਸੀ-ਸਮਾਜਕ ਸਹੂਲਤਾਂ ਦੇ ਮਾਮਲੇ ਵਿਚ ਹਾਸ਼ੀਏ 'ਤੇ ਹੈ। ਕੀ ਇਸ ਵਰਗ ਦੀਆਂ ਔਰਤਾਂ ਦੇ ਸਰੀਰਾਂ ਖਿਲਾਫ ਹੁੰਦੀ ਇਸ ਸਿਆਸਤ ਨੂੰ ਸਿਰਫ ਜੁਰਮ ਅਤੇ ਨਿਆਂ ਦੀਆਂ ਧਾਰਨਾਵਾਂ ਰਾਹੀਂ ਸਮਝਿਆ ਜਾ ਸਕਦਾ ਹੈ? ਦੂਜੀ, ਜੁਰਮ ਅਤੇ ਨਿਆਂ ਦੋਵੇਂ ਧਾਰਨਾਵਾਂ ਨਿਰਪੱਖ ਨਹੀਂ ਹਨ ਸਗੋਂ ਇਨ੍ਹਾਂ ਦੀ ਘਾੜਤ ਸਿਆਸੀ, ਆਰਥਕ, ਧਾਰਮਕ ਤੇ ਸਭਿਆਚਾਰਕ ਵਰਤਾਰਿਆਂ ਦੁਆਰਾ ਘੜੀ ਜਾਂਦੀ ਹੈ ਅਤੇ ਇਹ ਹਮੇਸ਼ਾ ਮਾੜੇ, ਨਿਤਾਣੇ ਜਨਾਂ ਖਿਲਾਫ ਭੁਗਤਦੀ ਹੈ। ਤੀਜੀ, ਬਲਾਤਕਾਰ ਰੂਪੀ ਜੁਰਮ ਸਾਬਤ ਕਰਦਾ ਹੈ ਕਿ ਜਿਹੜਾ ਵਰਗ (ਇਸ ਮੁੱਦੇ ਵਿਚ ਔਰਤ) ਸਿਆਸੀ, ਆਰਥਕ, ਧਾਰਮਕ ਤੇ ਸਭਿਆਚਾਰਕ ਢਾਂਚਿਆਂ ਦੀ ਬਣਤਰ ਅਤੇ ਸੰਚਾਲਨ ਵਿਚ ਸੱਤਾਹੀਣ ਹੈ, ਉਹ ਕਿਸੇ ਵੀ ਤਰ੍ਹਾਂ ਦੀ ਸੱਤਾ (ਇਸ ਮੁੱਦੇ ਵਿਚ ਮਰਦ ਸੱਤਾ ਕਿਹਾ ਜਾ ਸਕਦਾ ਹੈ) ਵਿਚ ਨਾ ਸਿਰਫ ਸ਼ੋਸ਼ਿਤ ਰਹੇਗਾ, ਸਗੋਂ ਆਪਣੀ ਸਰੀਰਕ ਹੋਂਦ ਬਚਾਉਣ ਲਈ ਆਪਣੇ ਵਰਗ ਖਿਲਾਫ ਵੀ ਭੁਗਤੇਗਾ।

ਬਲਾਤਕਾਰ ਸਰੀਰਕ ਦਰਿੰਦਗੀ ਹੈ ਪਰ ਇਹੀ ਦਰਿੰਦਗੀ ਜਦੋਂ ਔਰਤਾਂ ਨਾਲ ਦਾਜ ਕਾਰਨ ਹੁੰਦੀਆਂ ਮੌਤਾਂ (ਜਿਸ ਨੂੰ ਹੁਣ ਸ਼ਾਇਦ ਕੁਦਰਤੀ ਮੌਤ ਹੀ ਮੰਨ ਲਿਆ ਗਿਆ ਹੈ), ਘਰੇਲੂ ਹਿੰਸਾ ਕਾਰਨ ਹੋਈਆ ਮੌਤਾਂ, ਅਖੌਤੀ ਅਣਖ ਦੇ ਬਹਾਨੇ ਕਾਰਨ ਕੀਤੇ ਕਤਲਾਂ ਅਤੇ ਰਾਜਤੰਤਰ ਦੁਆਰਾ ਅਮਨ-ਕਾਨੂੰਨ ਦੇ ਲਬਾਦੇ ਹੇਠ ਕੀਤੇ ਕਤਲਾਂ ਦੇ ਰੂਪ ਵਿਚ ਹੁੰਦੀ ਹੈ ਤਾਂ ਇਸ ਨੂੰ ਮਿਲਿਆ ਸਮਾਜਕ ਸੱਤਾ ਦਾ ਨੈਤਿਕ ਹੁੰਗਾਰਾ ਅਜਿਹੇ ਕਤਲਾਂ ਦੀ ਲੜੀ ਨਹੀਂ ਟੁੱਟਣ ਦਿੰਦਾ। ਸਮਾਜਕ ਸੱਤਾ ਦਾ ਧੁਰਾ ਕੁਦਰਤੀ ਅਤੇ ਮਨੁੱਖੀ ਸਾਧਨਾਂ 'ਤੇ ਕਾਬਜ਼ ਕੁਲੀਨ ਵਰਗ, ਜਾਤ-ਧਰਮ ਦੇ ਨਾਮ ਉਤੇ ਫਿਰਕਾਪ੍ਰਸਤੀ ਤੇ ਗੈਰ-ਮਨੁੱਖੀ ਰਵਾਇਤਾਂ ਨੂੰ ਜ਼ਿੰਦਾ ਰੱਖਦੇ ਟੋਲੇ ਅਤੇ ਇਨ੍ਹਾਂ ਦੀ ਹੋਂਦ ਲਈ ਆਕਸੀਜਨ ਦਾ ਕੰਮ ਦਿੰਦੇ ਵਿਆਹ, ਸਿੱਖਿਆ ਸੰਸਥਾਵਾਂ, ਕੰਮ-ਕਾਜ ਦੇ ਸਥਾਨ, ਬਜ਼ਾਰ, ਕਲਾ ਤੇ ਸੱਭਿਆਚਾਰ ਰੂਪੀ ਅਦਾਰੇ ਹਨ। ਕੋਈ ਮਨੁੱਖੀ ਸਰੀਰ ਕਿਵੇਂ ਦੇਖਿਆ, ਵਰਤਿਆ, ਵੇਚਿਆ, ਸਾਂਭਿਆਂ, ਵੱਢਿਆ, ਰੋਲਿਆ ਜਾਵੇਗਾ; ਇਹ ਇਹੀ ਸਮਾਜਕ ਸੱਤਾ ਤੈਅ ਕਰਦੀ ਹੈ। ਇਸ ਸਮਾਜਕ ਸੱਤਾ ਦਾ ਹੀ ਇੱਕ ਹਿੱਸਾ ਸਿਆਸੀ ਸੱਤਾ ਹੈ ਜੋ ਇਸ ਦਾ ਕਾਰਜਕਾਰੀ ਅੰਗ ਹੈ। ਹੁਣ ਜੇ ਇਹ ਸਮਾਜਕ ਸੱਤਾ ਹੀ ਗੈਰ-ਜਮਹੂਰੀ ਹੈ ਤਾਂ ਕੀ ਇਹ ਸੰਭਵ ਹੈ ਕਿ ਇਸ ਦਾ ਕਾਰਜਕਾਰੀ ਅੰਗ, ਅਰਥਾਤ ਸਿਆਸੀ ਸੱਤਾ ਆਪਣੇ-ਆਪ ਹੀ ਜਮਹੂਰੀ ਹੋ ਜਾਵੇਗਾ? ਇੱਥੇ ਇੱਕ ਮਹੱਤਵਪੂਰਨ ਨੁਕਤਾ ਸਮਾਜਕ ਸੱਤਾ ਦੀ ਹੋਂਦ ਨੂੰ ਜ਼ਿੰਦਾ ਰੱਖਦੇ ਗੈਰ-ਜਮਹੂਰੀ ਤੇ ਗੈਰ-ਵਿਗਿਆਨਕ ਵਰਤਾਰਿਆਂ ਬਾਰੇ ਹੈ। ਉਦਾਹਰਨ ਦੇ ਤੌਰ 'ਤੇ ਔਰਤ ਵਰਗ ਦੀ ਹਰ ਅਦਾਰੇ ਅਤੇ ਇਕਾਈ ਵਿਚ ਅੱਧ ਦੀ ਹਾਜ਼ਰੀ ਪੂਰੀ ਕਰਨ ਦਾ ਕੋਈ ਅਰਥ ਨਹੀਂ, ਜੇ ਉਹ ਗੈਰ-ਜਮਹੂਰੀ ਤੇ ਗੈਰ-ਵਿਗਿਆਨਕ ਵਰਤਾਰਿਆਂ ਨੂੰ ਬਦਲਣ ਦੀ ਬਜਾਏ ਸਮਾਜਕ ਸੱਤਾ ਦੇ ਵਰਤੋਂ-ਵਿਹਾਰ ਨੂੰ ਇੰਨ-ਬਿੰਨ ਹੀ ਲਾਗੂ ਕਰਨ ਲੱਗ ਜਾਵੇ। ਹਜ਼ਾਰਾਂ ਮਾਇਆਵਤੀਆਂ, ਸ਼ੀਲਾ ਦੀਕਸ਼ਿਤਾਂ ਤੇ ਮਮਤਾਵਾਂ ਦੇ ਹੱਥ ਵਿਚ ਦਿੱਤੀ ਸਿਆਸੀ ਸੱਤਾ ਔਰਤ ਵਰਗ ਦਾ ਕੁਝ ਨਹੀਂ ਸੰਵਾਰ ਸਕਦੀ ਜਦ ਤੱਕ ਉਹ ਸਮਾਜਕ ਸੱਤਾ ਦੇ ਜਮਹੂਰੀਕਰਨ ਦਾ ਹਥਿਆਰ ਨਹੀਂ ਚੁੱਕਦੀਆਂ।

ਸਮਾਜਕ ਸੱਤਾ ਦੇ ਜਮਹੂਰੀਕਰਨ ਦਾ ਅਮਲ ਨਾ ਤਾਂ ਮਰਦ ਵਰਗ ਖਿਲਾਫ ਨਫਰਤ ਤੇ ਹਿੰਸਾ ਨਾਲ ਸਰ ਹੋ ਸਕਦਾ ਹੈ ਤੇ ਨਾ ਹੀ ਵੱਖ ਵੱਖ ਵਰਗਾਂ ਦੀ ਸਮਾਜਕ ਸੱਤਾ 'ਚ ਬਰਾਬਰੀ ਤੋਂ ਬਿਨਾਂ ਹੱਲ ਹੋ ਸਕਦਾ ਹੈ। ਇਹ ਤਾਂ ਤੈਅ ਹੈ ਕਿ ਸਿਆਸੀ ਚੇਤੰਨਤਾ ਵਿਹੂਣੀ ਲੋਕਾਈ ਜਮਹੂਰੀਅਤ ਲਈ ਲੜਨ ਦੀ ਥਾਂ ਉਮਰ ਭਰ ਰੋਟੀ, ਕੁੱਲੀ ਤੇ ਜੁੱਲੀ ਲਈ ਜੂਝਦਿਆਂ ਹੀ ਕੱਢ ਦਿੰਦੀ ਹੈ। ਇਹ ਜਮਹੂਰੀਅਤ ਨੂੰ ਸਰੀਰ ਬਚਾਉਣ ਤੱਕ ਸੀਮਤ ਕਰਨ ਦੀ ਸਿਆਸਤ ਹੈ। ਬਲਾਤਕਾਰ ਦੀ ਸੰਰਚਨਾ ਭੁੱਖਮਰੀ ਨਾਲ ਹੁੰਦੀਆਂ ਮੌਤਾਂ, ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਵਰਤਾਰੇ ਅਤੇ ਸਾਧਨ-ਵਿਹੂਣੀਆਂ ਜਿੰਦੜੀਆਂ ਦੀ ਜ਼ਲਾਲਤ ਨਾਲੋਂ ਕਿਸੇ ਤਰ੍ਹਾਂ ਵੀ ਤੋੜ ਕੇ ਨਹੀਂ ਸਮਝੀ ਜਾ ਸਕਦੀ। ਇਹੀ ਸਮਝ ਦਾਮਿਨੀ ਦੇ ਦਰਦ ਦੀ ਥਾਹ ਪਾ ਸਕਦੀ ਹੈ।

# ਦਾਮਿਨੀ ਦਾ ਦਾਮਨ

**ਚਰਨਜੀਤ ਸਿੰਘ ਪੰਨੂੰ**

ਦਾਮਿਨੀ ਹੋਵੇ, ਨਿਰਭੈ, ਖੁਸ਼ਬੂ ਜਾਂ ਅਮਾਨਤ; ਨਾਂ ਕੋਈ ਵੀ ਹੋਵੇ, ਉਹ ਲੜਕੀ ਸੀ। ਭਾਰਤ ਦੀ ਰਾਜਧਾਨੀ ਦਿੱਲੀ ਵਿਚ ਮੈਡੀਕਲ ਦੀ ਵਿਦਿਆਰਥਣ, ਬਹਾਦਰ ਹੋਣਹਾਰ ਭਾਰਤੀ ਲੜਕੀ, ਦੁਸ਼ਟਤਾ ਨਾਲ ਲੜਦੀ ਆਪਣੇ ਅਰਮਾਨਾਂ ਦੀ ਆਹੂਤੀ ਦੇ ਗਈ। ਉਸ ਨੂੰ ਸਲਾਮ! ਮੀਡੀਆ ਦੀ ਨਜ਼ਰੀਂ ਚੜ੍ਹੀ ਇਹ ਖ਼ਬਰ ਦੁਨੀਆਂ ਭਰ ਵਿਚ ਅੱਗ ਵਾਂਗ ਫੈਲ ਗਈ।

ਅਜਿਹੇ ਕੁਕਰਮ ਅਮਰੀਕਾ, ਕੈਨੇਡਾ ਜਾਂ ਹੋਰ ਹਰ ਮੁਲਕ ਵਿਚ ਹੁੰਦੇ ਹਨ ਤਾਂ ਕਾਨੂੰਨ ਅਨੁਸਾਰ ਇਨ੍ਹਾਂ ਨਾਲ ਨਜਿੱਠਿਆ ਜਾਂਦਾ ਹੈ। ਅਰਬ ਦੇਸ਼ਾਂ ਵਿਚ ਕਾਨੂੰਨ ਇੰਨੇ ਸਖ਼ਤ ਹਨ ਕਿ ਹੱਥ ਪੈਰ ਕੱਟਣ ਤੱਕ ਦੀ ਸਜ਼ਾ ਹੋਣ ਕਰ ਕੇ ਅਪਰਾਧ ਕਰਨ ਵਾਲਾ ਪਹਿਲਾਂ ਲੱਖ ਵਾਰ ਸੋਚਦਾ ਹੈ ਕਿ ਇਸ ਦਾ ਕੀ ਅੰਜ਼ਾਮ ਹੋਵੇਗਾ। ਭਾਰਤ ਵਿਚ ਵੀ ਇਸ ਵਾਸਤੇ ਕਾਨੂੰਨ ਹੈ ਪਰ ਇਸ 'ਤੇ ਅਮਲ ਬੜੇ ਪਰਹੇਜ਼ ਨਾਲ ਹੁੰਦਾ ਹੈ। ਜੇ ਕਦੇ ਅਮਲ ਹੁੰਦਾ ਹੈ ਤਾਂ ਇਨਸਾਫ਼ ਦੀ ਤੋਰ ਇੰਨੀ ਮੱਧਮ ਧੀਮੀ ਹੈ ਕਿ ਅਖੀਰ ਤੱਕ ਪਹੁੰਚਦੇ ਸਮੇਂ ਫਾਈਲਾਂ ਵਿਚ ਕੀ ਦਾ ਕੀ ਬਣ ਜਾਂਦਾ ਹੈ।

ਮੈਨੂੰ ਯਾਦ ਹੈ, 1959 ਵਿਚ ਅੰਮ੍ਰਿਤਸਰ ਦੇ ਪਿੰਡ ਜਗਦੇਵ ਕਲਾਂ ਵਿਚ ਇੱਕ ਕੁੜੀ ਨਾਲ ਪਿੰਡ ਦੇ ਹੀ ਇੱਕ ਲੋਫਰ ਨੇ ਛੇੜਖ਼ਾਨੀ ਕੀਤੀ ਸੀ। ਕਈ ਲੋਕਾਂ ਦਾ ਵਿਚਾਰ ਸੀ ਕਿ ਇਸ ਦੇ ਹੱਥ ਪੈਰ ਜਾਂ ਗੁਪਤ ਅੰਗ ਵੱਢ ਕੇ ਯਾਦਗਾਰੀ ਸਜ਼ਾ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਅਜਿਹੀ ਹਮਾਕਤ ਕਰਨ ਦੀ ਜੁਰਅਤ ਨਾ ਕਰੇ। ਸਿਆਣਿਆਂ ਦੀ ਦਖ਼ਲਅੰਦਾਜ਼ੀ ਨਾਲ ਉਸ ਨੂੰ ਫੜ ਕੇ ਪੰਚਾਇਤ ਨੇ ਮੂੰਹ ਕਾਲਾ ਕਰ ਕੇ ਖੋਤੇ 'ਤੇ ਚੜ੍ਹਾ ਕੇ ਗਲ ਛਿੱਤਰਾਂ ਦੇ ਹਾਰ ਪਾ ਕੇ ਸਾਰੇ ਪਿੰਡ ਵਿਚ ਫੇਰਨ ਦਾ ਫ਼ੈਸਲਾ ਕੀਤਾ। ਢੋਲ ਨਾਲ ਉਸ ਦਾ ਪੂਰਾ ਜਲੂਸ ਨਿਕਲਿਆ ਸੀ। ਉਹ ਹਰ ਚੌਕ ਵਿਚ ਕਾਲੇ ਕੀਤੇ ਮੂੰਹ ਵਿਚੋਂ ਚਿੱਟੇ ਡੇਲੇ ਤੇ ਦੰਦ ਬਾਹਰ ਕੱਢਦਾ ਕੰਨ ਫੜ ਕੇ ਬੈਠਕਾਂ ਮਾਰਦਾ ਹਾੜ੍ਹੇ ਕੱਢ ਰਿਹਾ ਸੀ, 'ਮੈਂ ਬੱਜਰ ਗੁਨਾਹ ਕੀਤਾ ਹੈ, ਮੈਨੂੰ ਮੁਆਫ਼ ਕਰੋ, ਹੋਰ ਕੋਈ ਅਜਿਹਾ ਕੁਕਰਮ ਨਾ ਕਰੇ।' ਉਸ ਨੂੰ ਵੇਖਣ ਲਈ ਆਸੇ ਪਾਸੇ ਪਿੰਡਾਂ ਦੇ ਲੋਕ ਵੀ ਉਮਡ ਆਏ ਸਨ। ਪੁਲਿਸ ਵਾਲੇ ਵੀ ਖੁਸ਼ ਸਨ ਕਿ ਉਨ੍ਹਾਂ ਦਾ ਕੰਮ ਜਨਤਾ ਨੇ ਨਬੇੜ ਦਿੱਤਾ ਹੈ। ਫਿਰ ਕਈ ਸਾਲ ਅਜਿਹੀ ਹਰਕਤ ਵੇਖਣ ਸੁਣਨ ਨੂੰ ਨਹੀਂ ਮਿਲੀ।

ਕਦੇ ਪੰਜਾਬ ਦੇ ਥਾਣਿਆਂ ਵਿਚ ਸਾਡੀਆਂ ਮਾਂਵਾਂ ਭੈਣਾਂ ਧੀਆਂ ਨਾਲ ਵੀ ਇੰਜ ਹੀ ਹੁੰਦਾ ਸੀ...ਤੇ ਹੁਣ ਵੀ ਹੋ ਰਿਹਾ ਹੈ। ਇੱਥੇ ਕੇ.ਪੀ.ਐਸ ਗਿੱਲ ਵਰਗੇ ਆਈ.ਏ.ਐਸ. ਅਫ਼ਸਰ ਕਿਸੇ ਬਿਗਾਨੀ ਔਰਤ ਨਾਲ ਛੇੜਖ਼ਾਨੀ ਕਰਨਾ ਆਪਣੀ ਸ਼ਾਨ ਸਮਝਦੇ ਸਨ ਤੇ ਹਕੂਮਤੀ ਤੰਤਰ ਨੇ ਗਿੱਲ ਦੀ ਹਮਾਇਤ ਕੀਤੀ ਸੀ। ਪੰਜਾਬ ਦੇ ਸੰਤਾਪ ਸਮੇਂ ਬਹੁਤ ਪੁਲਿਸ ਅਧਿਕਾਰੀਆਂ ਨੇ ਖਾੜਕੂਆਂ ਦੇ ਨਾਮ 'ਤੇ ਕਈ ਸਿੰਘਣੀਆਂ, ਨੌਜੁਆਨ ਔਰਤਾਂ ਨੂੰ ਤਸੀਹੇ ਦੇ ਕੇ ਮਨਮਾਨੀਆਂ ਕੀਤੀਆਂ ਸਨ।

1984 ਦੇ ਮਨਹੂਸ ਸਾਲ ਵਿਚ ਦਿੱਲੀ ਵਿਖੇ ਕੀ ਹੋਇਆ ਸੀ? ਅਪਰਾਧੀ ਨੰਗੇ ਹੋ ਗਏ ਪਰ ਉਹ ਅਜੇ ਤੱਕ ਸਿਰ ਉਚੇ ਕਰ ਕੇ ਸ਼ਰੇਆਮ ਕਾਨੂੰਨ ਦੇ ਮੂੰਹ 'ਤੇ ਥੁੱਕ ਰਹੇ ਹਨ ਤੇ ਉਚੀਆਂ ਪਦਵੀਆਂ 'ਤੇ ਬਿਰਾਜਮਾਨ ਹਨ। ਦਿੱਲੀ ਦੇ ਜੰਗਲ ਰਾਜ ਵੇਲੇ ਸਰਕਾਰ ਨੇ ਅੱਖਾਂ ਮੀਟੀ ਰੱਖੀਆਂ ਤੇ ਅਪਰਾਧੀ ਬੇਖ਼ੌਫ ਕਾਲੀਆਂ ਕਰਤੂਤਾਂ ਕਰਦੇ ਰਹੇ। ਸਰਕਾਰੀ ਦਰਿੰਦਿਆਂ ਨੇ ਮਰਦਾਂ ਦੇ ਸਾਹਮਣੇ ਨੌਜੁਆਨ ਧੀਆਂ ਭੈਣਾਂ ਨੂੰ ਹਵਸ ਦਾ ਸ਼ਿਕਾਰ ਬਣਾਇਆ ਤੇ ਫਿਰ ਘਰ ਜਾਇਦਾਦਾਂ ਲੁੱਟ ਪੁੱਟ ਕੇ ਅੱਗ ਦੇ ਹਵਾਲੇ ਕਰ ਦਿੱਤੇ। ਮਰਦਾਂ ਦੇ ਗਲ ਟਾਇਰ ਪਾ ਕੇ ਸਾੜੇ ਗਏ। ਤੀਹ ਸਾਲ ਬੀਤਣ 'ਤੇ ਵੀ ਅਜੇ ਤੱਕ ਕਾਨੂੰਨ ਗੰਭੀਰਤਾ ਨਾਲ ਹਰਕਤ ਵਿਚ ਨਹੀਂ ਆਇਆ।

ਹੁਣ ਵੀ ਇੱਕ ਰਿਪੋਰਟ ਅਨੁਸਾਰ ਦਿੱਲੀ ਵਿਚ ਹਰ ਚਾਲੀ ਮਿੰਟ ਪਿੱਛੇ ਇੱਕ ਜਬਰ-ਜਨਾਹ ਹੁੰਦਾ ਹੈ। ਭਾਰਤ ਵਿਚ 2009 ਤੋਂ 2911 ਤੱਕ ਜ਼ੋਰਾ-ਜਬਰੀ ਦੇ ਸੱਤਰ ਹਜ਼ਾਰ ਕੇਸ ਦਰਜ ਹੋਏ। ਇਨ੍ਹਾਂ ਵਿਚ ਗਰੀਬ ਜਾਂ ਪਛੜੇ ਵਰਗ ਦੀ ਗਿਣਤੀ ਜ਼ਿਆਦਾ ਹੈ। ਸਿਰਫ਼ ਇੱਕ ਚੌਥਾਈ ਨੂੰ ਹੀ ਮਾਮੂਲੀ ਸਜ਼ਾ ਹੋਈ। ਇਹ ਗੱਲ ਰਾਜਧਾਨੀ ਦੀ ਹੈ, ਫੈਲ ਗਈ; ਨਹੀਂ ਤਾਂ ਪੰਜਾਬ, ਹਰਿਆਣਾ, ਬਿਹਾਰ, ਮਨੀਪੁਰ, ਕਸ਼ਮੀਰ ਤੇ ਹੋਰ ਸੂਬਿਆਂ ਵਿਚ ਵੀ ਕੀ ਕੀ ਨਹੀਂ ਹੋ ਰਿਹਾ? ਕਿਸੇ ਦਾ ਦਾਮਨ ਵੀ ਪਾਕ ਨਹੀਂ। ਭਾਰਤੀ ਫ਼ੌਜ ਵੀ ਇਸ ਦੋਸ਼ ਤੋਂ ਬਚੀ ਨਹੀਂ। ਕਸ਼ਮੀਰ ਵਿਚ ਜ਼ੋਰਾ-ਜਬਰੀ ਹੋਣ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਹਨ। ਕਿਸੇ ਭਾਰਤੀ ਫ਼ੌਜੀ ਨੂੰ ਮਨੀਪੁਰ ਜਾਂ ਕਸ਼ਮੀਰ ਵਿਚ 'ਭਾਰਤ ਦੀ ਮਹਾਨਤਾ' ਦਿਖਾਉਣ ਦਾ ਝੱਲ ਚੜ੍ਹਿਆ ਹੋ ਸਕਦਾ ਹੈ। ਜਿਸ ਦੇਸ਼ ਵਿਚ ਬਲਾਤਕਾਰ ਨੂੰ ਸਰਕਾਰੀ ਸ਼ਹਿ ਪ੍ਰਾਪਤ ਹੋਵੇ, ਜਿੱਥੇ ਮੀਡੀਆ ਹਰ ਵੇਲੇ ਕਾਮੁਕ ਅੱਗ ਭੜਕਾਉਣ ਵਿਚ ਮਸਰੂਫ਼ ਹੋਵੇ, ਜਿੱਥੇ ਗੀਤਕਾਰ ਇਸ਼ਕ ਮੁਸ਼ਕ ਦੀ ਅਸ਼ਲੀਲਤਾ ਸਟੇਜਾਂ 'ਤੇ ਸ਼ਰੇਆਮ ਪ੍ਰਦਰਸ਼ਨ ਕਰਨ ਦੀ ਖੁੱਲ੍ਹ ਰੱਖਦੇ ਹਨ, ਉਥੇ ਜੋ ਦਿੱਲੀ ਵਿਚ ਹੋਇਆ, ਉਹੋ ਕੁੱਝ ਮੁਲਕ ਦੇ ਹੋਰ ਕੋਨਿਆਂ ਵਿਚ ਹੋਣਾ ਹੀ ਹੈ ਤੇ ਸ਼ੱਰੇਆਮ ਹੋ ਰਿਹਾ ਹੈ।

ਇਸੇ ਸਮੇਂ ਪਾਤੜਾਂ ਦੀ ਇੱਕ ਹੋਰ ਪੀੜਤ ਲੜਕੀ ਜਿਸ ਨਾਲ ਹੋਈ ਵਧੀਕੀ ਦੀ ਕਿਸੇ ਸੁਣਵਾਈ ਨਹੀਂ ਕੀਤੀ, ਉਹ ਮਾਂ ਬਾਪ ਦੀ ਜ਼ਲਾਲਤ ਨੂੰ ਨਾ ਸਹਾਰਦੀ ਹੋਈ ਆਤਮਘਾਤ ਕਰ ਗਈ। ਅਜਿਹੀ ਹੀ ਇੱਕ ਘਟਨਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਦੀ ਸਾਹਮਣੇ ਆ ਗਈ ਹੈ। ਦਿੱਲੀ ਦੀ ਦਾਮਿਨੀ ਆਪਣੇ ਜਿਹੀਆਂ ਹੋਰ ਲੱਖਾਂ ਦਾਮਿਨੀਆਂ ਦੀ ਪੀੜਾ ਮਨੁੱਖਤਾ ਸਾਹਮਣੇ ਰੱਖ ਗਈ ਹੈ। ਅੰਮ੍ਰਿਤਸਰ ਛੇਹਰਟੇ ਵਿਚ ਲੜਕੀ ਆਪਣੇ ਥਾਣੇਦਾਰ ਬਾਪ ਦੀ ਆਹੂਤੀ ਦੇ ਕੇ ਬਚ ਗਈ।

ਇਸ ਕਾਂਡ ਤੋਂ ਉਪਜੇ ਜਨਤਾ ਦੇ ਪ੍ਰਚੰਡ ਰੋਹ ਨੇ ਦਿੱਲੀ ਵਿਖੇ ਸਾੜ ਫ਼ੂਕ ਵੀ ਕੀਤੀ। ਅਪਰਾਧੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੋਨਾਂ ਨੇ ਵਿਚਾਰਗੀ ਦਰਸਾਉਂਦੇ ਯਕੀਨ ਦਿਵਾਇਆ ਹੈ ਕਿ ਉਹ ਆਪ ਵੀ ਤਿੰਨ ਬੇਟੀਆਂ ਦੇ ਬਾਪ ਹਨ ਤੇ ਭਾਰਤ ਦੀਆਂ ਸਾਰੀਆਂ ਬੇਟੀਆਂ ਵੀ ਉਨ੍ਹਾਂ ਦੀਆਂ ਪੁੱਤਰੀਆਂ ਹਨ। ਕੀ ਡਾ. ਮਨਮੋਹਨ ਸਿੰਘ ਕੋਲ ਇੰਨੀ ਸੰਵਿਧਾਨਿਕ ਪਾਵਰ ਹੈ ਕਿ ਉਹ ਅਪਰਾਧੀਆਂ ਨੂੰ ਆਪਣੀ ਮਰਜ਼ੀ ਨਾਲ ਫਾਹੇ ਲਗਾ ਦੇਵੇ, ਜਿਵੇਂ ਲੋਕ ਕਹਿੰਦੇ ਹਨ? ਫਾਂਸੀ ਕਾਨੂੰਨ ਅਨੁਸਾਰ ਹੀ ਦਿੱਤੀ ਜਾ ਸਕਦੀ ਹੈ ਤੇ ਅਜਿਹਾ ਕੋਈ ਕਾਨੂੰਨ ਹੈ ਹੀ ਨਹੀਂ। ਇਸ ਨਾਲ ਸੰਵਿਧਾਨ ਵਿਚ ਤਰਮੀਮ ਦੀ ਜ਼ਰੂਰਤ ਹੈ ਅਤੇ ਇਹ ਤਰਮੀਮ ਕੋਈ ਸੁਖਾਲੀ ਨਹੀਂ। ਅਸੀਂ ਹਮੇਸ਼ਾ ਵੇਖਦੇ ਹੀ ਹਾਂ ਕਿ ਪਾਰਲੀਮੈਂਟ ਕਿਵੇਂ ਮੱਛੀ ਮੰਡੀ ਬਣਦੀ ਹੈ। ਜੇ ਕਾਨੂੰਨ ਪਾਸ ਹੋ ਵੀ ਗਿਆ ਤਾਂ ਅਜਿਹੇ ਸਖ਼ਤ ਕਾਨੂੰਨ ਦਾ ਗ਼ਲਤ ਇਸਤੇਮਾਲ ਹੋਣ ਦਾ ਡਰ ਜ਼ਿਆਦਾ ਹੈ।

ਭਾਰਤ ਸਰਕਾਰ ਲਈ ਬੜਾ ਤਕੜਾ ਇਮਤਿਹਾਨ ਹੈ, ਰੱਬ ਖ਼ੈਰ ਕਰੇ। ਹੋਰ ਕਈ ਵੰਗਾਰਾਂ ਨਾਲ ਬਲਾਤਕਾਰ ਦੀ ਇਹ ਦੁਰਘਟਨਾ ਬਹੁਤ ਉਭਰ ਕੇ ਨਿਕਲੀ ਹੈ। ਜਿਉਂ ਜਿਉਂ ਸਮੂਹਕ ਬਲਾਤਕਾਰੀ ਕੇਸ ਬਾਰੇ ਮੀਡੀਆ ਨੇ ਗੱਲ ਮਘਾਈ, ਇਸ ਬਾਰੇ ਹੋਰ ਵੀ ਕਈ ਪਰਤਾਂ ਖੁੱਲ੍ਹ ਰਹੀਆਂ ਹਨ। ਪਿਛਲੇ ਸਮੇਂ ਦੀਆਂ ਪੀੜਤ ਔਰਤਾਂ ਵੀ ਆਪਣੀਆਂ ਸ਼ਿਕਾਇਤਾਂ ਲੈ ਕੇ ਬਾਹਰ ਆ ਰਹੀਆਂ ਹਨ ਜੋ ਪਹਿਲਾਂ ਕਿਸੇ ਕਾਰਨ ਇਹ ਵਧੀਕੀਆਂ ਅੰਦਰ ਵੜ ਕੇ ਪੀ ਗਈਆਂ ਸਨ। ਡੇਰਿਆਂ, ਆਸ਼ਰਮਾਂ ਵਿਚੋਂ ਬਹੁਤ ਸਾਰੀਆਂ ਸ਼ਿਕਾਇਤਾਂ/ਉਦਾਹਰਨਾਂ ਧੂੰਏਂ ਵਾਂਗ ਬਾਹਰ ਨਿਕਲ ਰਹੀਆਂ ਹਨ।





ਮਰਹੂਮ ਦਾਮਿਨੀ ਅਤੇ ਹਜ਼ਾਰਾਂ ਹੋਰ ਅਜਿਹੀਆਂ ਔਰਤਾਂ ਜੋ ਬੀਤੇ ਸਮੇਂ ਦੀ ਕੁੱਖ ਵਿਚ ਅਣਗੌਲੀਆਂ ਵਿੱਸਰ ਗਈਆਂ, ਵਾਸਤੇ ਆਪਣੀ ਸੱਚੀ ਸ਼ਰਧਾਂਜਲੀ ਅਰਦਾਸਾਂ ਅਤੇ ਸ਼ਾਂਤਮਈ ਕੈਂਡਲ ਮਾਰਚ ਹੀ ਕਾਫ਼ੀ ਨਹੀਂ। ਦਾਮਿਨੀ ਦੀ ਜਗਾਈ ਜਾਗਰੂਕਤਾ ਵਾਲੀ ਇਹ ਜੋਤ ਜਗਦੀ ਰਹਿਣੀ ਚਾਹੀਦੀ ਹੈ। ਵਹਿਸ਼ਤ ਦੀ ਭੇਟ ਚੜ੍ਹੀ ਔਰਤ ਦੀ ਰੂਹ ਲਲਕਾਰ ਰਹੀ ਹੈ। 'ਜਾਗੋ ਭੈਣੋ, ਜਾਗੋ! ਫੋਕੇ ਨਾਅਰਿਆਂ ਨਾਲ ਨਹੀਂ, ਸ਼ਕਤੀ ਅਜ਼ਮਾਉ। ਨਾਰੀ ਆਪ ਸ਼ਕਤੀ ਹੈ, ਚੰਡੀ ਹੈ। ਕਾਲਕਾ ਹੈ, ਇਸ ਨੂੰ ਪ੍ਰਗਟਾਉ। ਐਸਾ ਸਬਕ ਸਿਖਾਉ ਕਿ ਕਿਸੇ ਹੋਰ ਦਾਮਿਨੀ ਦਾ ਦਾਮਨ ਵਹਿਸ਼ਤ ਦੀ ਭੇਟ ਨਾ ਚੜ੍ਹੇ ਤੇ ਇਹ ਸਾਕਾ ਕੋਈ ਦੁਹਰਾਉਣ ਦੀ ਜੁਰਅਤ ਨਾ ਕਰੇ।'

#

# 21ਵੀਂ ਸਦੀ ’ਚ ਸਿੱਖ ਧਰਮ ਨੂੰ ਦਰਪੇਸ਼ ਚੁਣੌਤੀਆਂ ਦਾ ਧਾਰਮਿਕ ਪ੍ਰਸੰਗ

***ਇਹ ਪਰਚਾ 17 ਨਵੰਬਰ 2012 ਨੂੰ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਚ ਹੋਏ ਯੂ. ਜੀ. ਸੀ. ਸੈਮੀਨਾਰ ਵਿਚ ਪੜ੍ਹਿਆ ਗਿਆ ਸੀ।***

ਧਾਰਮਿਕ ਪ੍ਰਸੰਗ ਵਿਚ ਵੰਗਾਰਾਂ ਅਤੇ ਹੁੰਗਾਰਿਆਂ ਦਾ ਬਿਰਤਾਂਤ ਦੋ ਤਰ੍ਹਾਂ ਦਾ ਹੀ ਹੋ ਸਕਦਾ ਹੈ-ਇੱਕ, ਧਰਮ ਦੇ ਅੰਦਰੋਂ ਅਤੇ ਦੂਜਾ, ਧਰਮ ਦੇ ਬਾਹਰੋਂ। ਕਿਸੇ ਵੀ ਧਰਮ ਨੂੰ ਦਰਪੇਸ਼ ਬਾਹਰੋਂ ਖਤਰਿਆਂ ਨੇ ਕਦੇ ਬਹੁਤਾ ਨੁਕਸਾਨ ਨਹੀਂ ਕੀਤਾ। ਇਸ ਦ੍ਰਿਸ਼ਟੀ ਤੋਂ ਬਾਹਰਲੀਆਂ ਵੰਗਾਰਾਂ



ਦਾ ਸਿੱਖ ਪ੍ਰਸੰਗ ਤਾਂ ਏਹੀ ਬਣਦਾ ਹੈ ਕਿ "ਜਬੇ ਬਾਣ ਲਾਗਿਉ ਤਬੈ ਰੋਸ ਜਾਗਿਉ।" ਹਿੰਦੂ ਧਰਮ ਬਾਰੇ ਇਹ ਪ੍ਰਚਲਿਤ ਹੈ ਕਿ ਉਹ ਧਰਮਾਂ ਨੂੰ ਨਿਗਲ

**ਬਲਕਾਰ ਸਿੰਘ (ਪ੍ਰੋ.) ਪਟਿਆਲਾ**
**ਫੋਨ: 91-93163-01328**

ਜਾਣ ਦੀ ਸਮਰਥਾ ਦਾ ਮਾਲਕ ਹੈ। ਪਰ ਤੱਥ ਇਹ ਹਨ ਕਿ ਹਿੰਦੂ ਧਰਮ, ਬੁੱਧ, ਜੈਨ ਅਤੇ ਸਿੱਖ ਧਰਮ, ਜਿਹੜੇ ਦੇਸ਼ ਦੇ ਵਿਧਾਨ ਦੀ ਧਾਰਾ 25 ਮੁਤਾਬਿਕ ਹਿੰਦੂ ਧਰਮ ਦਾ ਹਿੱਸਾ ਹਨ, ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਿਆ। ਇਨ੍ਹਾਂ ਤਿੰਨਾਂ ਵਿਚੋਂ ਸਿੱਖ ਧਰਮ ਨੂੰ ਜਿੰਨਾ ਨੁਕਸਾਨ ਹੋਇਆ ਲੱਗਦਾ ਹੈ, ਉਹ ਅੰਦਰੋਂ ਹੀ ਹੋਇਆ ਸਮਝ ਕੇ ਗੱਲ ਕੀਤੀ ਜਾ ਰਹੀ ਹੈ। ਸਿੱਖ ਸ਼ਾਇਰ, ਧਰਮ ਬਾਰੇ ਤਿੰਨ ਤਰ੍ਹਾਂ ਦੀ ਰਾਏ ਪ੍ਰਗਟ ਕਰਦੇ ਰਹੇ ਹਨ। ਧਰਮ ਨੂੰ ਸਮਝਣਾ ਸੌਖਾ ਨਹੀਂ ਹੈ, ਪਰ ਸਮਝਣ ਬਿਨਾਂ ਕੋਈ ਰਾਹ ਵੀ ਨਹੀਂ ਹੈ,

ਰੱਬ ਇੱਕ ਗੁੰਝਲਦਾਰ ਬੁਝਾਰਤ
ਰੱਬ ਇੱਕ ਗੋਰਖਧੰਦਾ
ਖੋਲਣ ਲੱਗਿਆਂ ਪੇਚ ਇਸ ਦੇ
ਕਾਫਰ ਹੋ ਜਾਏ ਬੰਦਾ
ਕਾਫਰ ਹੋਣੋ ਡਰ ਕੇ ਜੀਵੇਂ
ਖੋਜੋਂ ਮੂਲ ਨ ਖੁੰਝੀ
ਲਾਈਲਗ ਮੋਮਨ ਦੇ ਨਾਲੋਂ
ਖੋਜੀ ਕਾਫਰ ਚੰਗਾ (ਪ੍ਰੋ. ਮੋਹਨ ਸਿੰਘ)

ਧਰਮ ਨੂੰ ਖਤਰੇ ਦੀ ਸਿਆਸਤ ਲਗਾਤਾਰ ਹੁੰਦੀ ਰਹੀ ਹੈ। ਪਰ ਧਰਮ ਵਾਸਤੇ ਖਤਰਾ ਸੌਖਿਆਂ ਪੈਦਾ ਨਹੀਂ ਹੋ ਸਕਦਾ,

ਕਿਸੇ ਬੱਧੀ ਸਾੜ੍ਹੀ ਤਾਂ ਮਜ਼੍ਹਬ ਨੂੰ ਖਤਰਾ
ਕਿਸੇ ਬੱਧੀ ਦਾੜ੍ਹੀ ਤਾਂ ਮਜ਼੍ਹਬ ਨੂੰ ਖਤਰਾ,
ਮਜ਼੍ਹਬ ਨ ਹੋਇਆ ਹੋਈ ਮੋਮਬੱਤੀ
ਪਿਘਲ ਗਈ ਫੌਰਨ ਲੱਗੀ ਧੁੱਪ ਤੱਤੀ।
(ਈਸ਼ਰ ਸਿੰਘ ਭਾਈਆ)

ਧਰਮ ਦੀ ਅਕਾਦਮਿਕਤਾ ਸਦਾ ਕਾਇਮ ਰਹਿੰਦੀ ਹੈ। ਪਰ ਇਸ ਪਾਸੇ ਯੋਗਦਾਨ ਪਾਉਣ ਵਾਲੇ ਬੜੇ ਥੋੜ੍ਹੇ ਹੁੰਦੇ ਹਨ। ਇਸ ਦਾ ਕਾਰਨ ਪੁਸਤਕ-ਕਲਚਰ ਤੋਂ ਮਹਿਰੂਮ ਹੋਣਾ ਹੀ ਹੈ। ਸ਼ਾਇਦ ਇਹ ਸਿਆਸਤ ਨੂੰ ਹਜ਼ਮ ਵੀ ਨਹੀਂ ਆ ਸਕਦਾ। ਪ੍ਰੋ. ਪੂਰਨ ਸਿੰਘ ਦੀ ਇਹ ਟਿਪਣੀ ਕਿੰਨਿਆਂ ਕੁ ਨੂੰ ਸਮਝ ਆਏਗੀ ਕਿ 'ਮਜ਼੍ਹਬ ਸਭ ਥੀਂ ਉੱਚਾ, ਸੁੱਚਾ, ਤੀਖਣ ਤੇ ਜੀਂਦਾ ਧਿਆਨੀ ਪਿਆਰ ਹੈ।' ਇਸ ਤਰ੍ਹਾਂ ਦੀ ਭਾਵਨਾ ਨਾਲ ਜੁੜਨ ਵਾਸਤੇ 'ਮਜ਼੍ਹਬ ਦੀ ਕੈੜ' ਦੀ ਲੋੜ ਪੈਂਦੀ ਹੈ। ਇਸੇ ਨੂੰ ਅਗੇ ਤੋਰਦੇ ਹੋਏ ਪ੍ਰੋ. ਸਾਹਿਬ ਕਹਿੰਦੇ ਹਨ, "ਮਜ਼੍ਹਬ ਤਾਂ ਓਨਾ ਹੀ ਸਾਨੂੰ ਲੱਭਦਾ ਹੈ, ਜਿੰਨਾ ਸਾਡਾ ਆਪਣਾ ਵਿਤ ਹੋਵੇ।" ਮਜ਼੍ਹਬ ਨੂੰ 'ਅਕਪਟਤਾ' ਦਾ ਮਾਧਿਅਮ ਮੰਨਦਿਆਂ ਕਿਹਾ ਹੈ ਕਿ ਮਜ਼੍ਹਬ, ਪਿਆਰ ਵਾਂਗ, ਭਾਵ ਵਾਂਗ, ਸਰੀਰਕ ਦੁਖ ਸੁਖ ਵਾਂਗ, ਸੁਭਾ ਵਾਂਗ, ਜੀਵਨ-ਹਿਲ ਵਾਂਗ, ਜੀਵਨ ਭੁੱਖ ਵਾਂਗ ਸਭ ਨਾਲ ਕਿਸੇ ਨ ਕਿਸੇ ਰੂਪ ਅੰਤਰ, ਅੰਸ਼ ਮਾਤਰ, ਇਕ ਕਸਰ ਇਸ਼ਾਰਿਆਂ ਵਾਂਗ ਸਭ ਪਾਸ ਹੁੰਦਾ ਹੈ ਤੇ ਓਸੇ ਆਸਰੇ ਜੀਵਨ ਲੰਘਦਾ ਹੈ। ਧਰਮ, ਧਰਮ ਹੁੰਦਾ ਹੈ ਅਤੇ 'ਕਦੀ ਬਹੁਵਚਨ ਹੋ ਹੀ ਨਹੀਂ ਸਕਦਾ, ਮਜ਼੍ਹਬ ਤਾਂ ਸਦਾ ਇੱਕ ਵਚਨ ਹੈ।' ਧਰਮ, ਬੰਦੇ ਵਿਚੋਂ ਪਸ਼ੂ-ਬਿਰਤੀਆਂ ਨੂੰ ਮਨਫੀ ਕਰਨ ਦੀ ਤਕਨਾਲੋਜੀ ਹੈ। ਇਸ ਲਈ 'ਮਜ਼੍ਹਬ, ਕਾਇਦੇ, ਇਖਲਾਕ, ਇਹ ਕਰੋ ਇਹ ਨ ਕਰੋ ਦੀ ਦੁਨੀਆਂ ਦੀ ਦੁਨੀਆਂਦਾਰੀ ਦੀਆਂ ਮੁਰੱਤਬਸ਼ੁਦਾ ਫਹਿਰਿਸਤਾਂ ਥੀਂ ਪਰ੍ਹੇ, ਇੱਕ ਕਿਸੀ ਅਦ੍ਰਿਸ਼ਟ ਦੀ ਟੇਕ ਵਿਚ ਜੁੜੀ ਸੁਰਤਿ ਦਾ ਪ੍ਰਕਾਸ਼ ਹੈ।'

ਉਪਰ ਦਿੱਤੀਆਂ ਤਿੰਨਾਂ ਪਰਤਾਂ ਨੂੰ ਧਿਆਨ ਵਿਚ ਰੱਖ ਕੇ ਜੇ '21ਵੀਂ ਸਦੀ ਵਿਚ ਸਿੱਖ ਧਰਮ' ਬਾਰੇ ਟਿਪਣੀ ਕਰਨੀ ਹੋਵੇ ਤਾਂ ਕਹਿਣਾ ਪਵੇਗਾ ਕਿ ਸਿੱਖ ਧਰਮ ਦੇ ਵਾਰਸ, 'ਕੰਗਲੇ ਜਿਹੇ ਪ੍ਰਣਾਮ' ਦੇ ਵਾਰਸ ਲੱਗਣ ਲੱਗ ਪਏ ਹਨ। ਇਸ ਬਾਰੇ ਸ. ਕਪੂਰ ਸਿੰਘ ਨੇ ਆਪਣੀ ਨਾਰਾਜ਼ਗੀ ਦਾ ਪ੍ਰਗਟਾਵਾ 'ਸਟੂਪਿਡ ਸਿੱਖ' ਕਹਿ ਕੇ ਕੀਤਾ ਸੀ ਅਤੇ ਇੱਕ ਹੋਰ ਵਿਦਵਾਨ ਨੇ ਆਪਣੀ ਭਾਵਨਾ 'ਸਿੱਖੀ ਤੋਂ ਸਿੱਖਾਂ ਨੂੰ ਬਚਾਉ' ਕਹਿ ਕੇ ਪ੍ਰਗਟ ਕੀਤੀ ਸੀ। ਏਸੇ ਦੀਆਂ ਪਰਤਾਂ ਨੂੰ ਵਿਚਾਰਿਆ ਜਾ ਰਿਹਾ ਹੈ।

ਧਾਰਮਿਕ ਦ੍ਰਿਸ਼ਟੀ ਤੋਂ ਮਨ ਅਤੇ ਆਤਮਾ ਨਾਲ ਜੁੜੇ ਹੋਏ ਰਜ, ਤਮ ਅਤੇ ਸਤਿ ਦੇ ਨਿਰੰਤਰ ਚਲਦੇ ਤ੍ਰੈਪਰਤੀ-ਸੰਘਰਸ਼ ਦੀ ਸਥਾਪਤ ਸੱਚਾਈ ਸਭ ਦੇ ਸਾਹਮਣੇ ਹੈ। ਇਸ ਕਰਕੇ ਚੁਣੌਤੀ-ਮੁਕਤ ਸਮੇਂ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਵੈਸੇ ਵੀ ਸੰਪੂਰਨ ਸੱਚ ਜਾਂ ਕਿੰਤੂਮੁਕਤ ਚੰਗਿਆਈ ਸੰਭਵ ਹੀ ਨਹੀਂ ਹੈ। ਸੰਪੂਰਨਤਾ, ਜ਼ਿੰਦਗੀ ਵਰਗੀ ਰੰਗਲੀ ਨਹੀਂ ਹੁੰਦੀ, ਤਾਂ ਤੇ ਇਹ ਮੌਤ ਵਰਗੀ ਹੀ ਹੋ ਸਕਦੀ ਹੈ। ਪੰਜਾਬੀ ਸਭਿਆਚਾਰ ਵਿਚ 'ਪੂਰਾ ਹੋ ਗਿਆ' ਮਰ ਗਏ ਵਾਸਤੇ ਵਰਤਿਆ ਜਾਂਦਾ ਹੈ। ਇਸ ਨਾਲ ਇਸ ਨੁਕਤੇ ਵਲ ਇਸ਼ਾਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਜ਼ਿੰਦਗੀ ਨਾਲ ਜੁੜੇ ਹੋਏ ਸੱਚ ਦੀ ਇਕਹਿਰੀ ਪਰਤ ਨੂੰ ਨਾਲ ਲੈ ਕੇ ਤੁਰਾਂਗੇ ਤਾਂ ਸੱਚ ਦੀ ਕਿਸੇ ਇੱਕ ਪਰਤ ਨਾਲ ਸੰਤੁਸ਼ਟ ਹੋ ਜਾਣ ਦੀ ਖੜੋਤ ਦੇ ਸ਼ਿਕਾਰ ਹੋ ਜਾਵਾਂਗੇ। ਜੇ ਇਸ ਰੰਗਲੀ ਦੁਨੀਆਂ ਨੂੰ ਛੱਡ ਕੇ ਜਾਣ ਨੂੰ ਜੀਅ ਨਹੀਂ ਕਰਦਾ ਤਾਂ ਇਸ ਨੂੰ ਜਿਊਣ ਦੀ ਜਾਚ, ਸਿੱਖ ਲੈਣੀ ਚਾਹੀਦੀ ਹੈ। ਇਹ ਜਾਚ, ਕਿਸੇ ਵੀ ਸਭਿਆਚਾਰਕ ਮਾਧਿਅਮ ਰਾਹੀਂ ਜਿਵੇਂ ਧਰਮ, ਮਾਨਤਾ ਪ੍ਰਾਪਤ ਢੰਗ ਨਾਲ ਸਿਖਾਉਂਦਾ ਰਿਹਾ ਹੈ, ਉਸ ਤਰ੍ਹਾਂ ਹੋਰ ਕੋਈ ਵਿਧੀ ਨਾ ਹੀ ਸਿਖਾ ਸਕੀ ਹੈ ਅਤੇ ਨਾ ਹੀ ਆਮ ਆਦਮੀ ਤੱਕ ਮਾਨਤਾ ਪ੍ਰਾਪਤ ਢੰਗ ਨਾਲ ਪਹੁੰਚ ਕਰ ਸਕੀ ਹੈ। ਇਸੇ ਕਰਕੇ ਇਹ ਲੋਕ-ਸੱਚਾਈ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਧਰਮ-ਵਿਹੂਣੇ ਪ੍ਰਾਣੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਹੁਣ ਤਾਂ ਇਹ ਟਿਪਣੀਆਂ ਵੀ ਸਾਹਮਣੇ ਆਉਣ ਲੱਗ ਪਈਆਂ ਹਨ ਕਿ ਰੱਬ ਨੂੰ ਵੀ ਰੰਗਲੀ ਦੁਨੀਆਂ ਦਾ ਹਿੱਸਾ ਹੋਣ ਵਾਸਤੇ ਸਰੀਰ ਧਾਰ ਕੇ ਹੀ ਆਉਣਾ ਪੈਂਦਾ ਹੈ (ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹੇ ਗਵਾਵਉ॥ ਪੰਨਾ 219) ਹਰ ਤਰ੍ਹਾਂ ਦੇ ਵਿਕਾਸ ਦੀਆਂ ਜਿਹੋ ਜਿਹੀਆਂ ਸੰਭਾਵਨਾਵਾਂ ਸਰੀਰਧਾਰੀ ਮਾਨਵ ਵਿਚ ਹਨ, ਉਹ ਹੋਰ ਕਿਸੇ ਜੂਨ ਵਿਚ ਨਹੀਂ ਹਨ। ਗੁਰੂ ਅਮਰਦਾਸ ਜੀ ਨੇ ਬਾਣੀ 'ਅਨੰਦ ਸਾਹਿਬ' ਵਿਚ ਇਹ ਦੱਸਿਆ ਹੈ ਕਿ ਮਾਨਵ ਨੂੰ ਆਪਣੇ ਬਾਰੇ ਇਹ ਸਮਝ ਪ੍ਰਚੰਡ ਕਰ ਲੈਣੀ ਚਾਹੀਦੀ ਹੈ ਕਿ ਪਰਮਾਤਮ-ਪ੍ਰਬੰਧ ਵਿਚ ਕਿਸੇ ਵੀ ਪ੍ਰਾਣੀ ਨੂੰ ਨਿੰਮਣ ਤੋਂ ਲੈ ਕੇ ਜੰਮਣ ਤੱਕ 'ਅਗਨਿ ਉਦਰ ਮਹਿ' ਤੋਂ ਸੁਰੱਖਿਅਤ ਰੱਖਣ ਦੇ ਪ੍ਰਬੰਧ ਕੁਦਰਤ ਨੇ ਕੀਤੇ ਹੋਏ ਹਨ। ਇਸੇ ਤਰ੍ਹਾਂ ਜੰਮਣ ਤੋਂ ਬਾਅਦ 'ਮਾਇਆ' ਦੇ ਖਤਰੇ ਤੋਂ ਬਚਾਉਣ ਦੇ ਪ੍ਰਬੰਧਾਂ ਦੀ ਸੰਗਯਾ ਨੂੰ ਹੀ 'ਧਰਮ' ਕਿਹਾ ਗਿਆ ਹੈ। ਇਸੇ ਕਰਕੇ ਕਿਹਾ ਗਿਆ ਹੈ ਕਿ ਮਾਨਵ-ਜਨਮ ਜਾਂ ਮਾਨਵ-ਜੀਵਨ ਦੀ ਸਫਲਤਾ/ਅਸਫਲਤਾ ਦਾ ਨਿਰਣਾ ਕੀਤੇ ਜਾ ਰਹੇ ਕਰਮਾਂ ਤੋਂ ਹੋਣਾ ਹੈ। ਇਹ ਸੱਚਾਈ ਨਹੀਂ ਭੁਲਣੀ ਚਾਹੀਦੀ ਕਿ ਜੇ ਪੈਦਾਇਸ਼ ਹੋਈ ਹੈ ਤਾਂ ਪੈਦਾ ਕਰਨ ਵਾਲਾ ਵੀ ਹੋਵੇਗਾ? ਤਾਂ ਤੇ ਇਸ ਸਵਾਲ ਨੂੰ ਧਰਮ ਦਾ ਮੁੱਢਲਾ ਸਵਾਲ ਹੀ ਸਮਝਣਾ ਚਾਹੀਦਾ ਹੈ,

ਏ ਸਰੀਰਾ ਮੇਰਿਆ
ਇਸ ਜਗ ਮਹਿ ਆਇਕੈ
ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ॥
(ਪੰਨਾ 921-22)

21ਵੀਂ ਸਦੀ ਦੀ ਪਹਿਲੀ ਚੁਣੌਤੀ ਇਹ ਹੈ ਕਿ ਧਰਮ ਨੂੰ, ਜੇ ਮੰਜ਼ਿਲ ਨਹੀਂ, ਤਾਂ ਮਾਧਿਅਮ ਤੇ ਜ਼ਰੂਰ ਹੀ ਸਮਝਿਆ ਜਾਣਾ ਚਾਹੀਦਾ ਹੈ। ਇਸ ਕਰਕੇ ਧਰਮ-ਤਕਨਾਲੋਜੀ ਨੂੰ ਪ੍ਰਾਪਤ ਤਕਨਾਲੋਜੀਆਂ ਦੇ ਹੜ੍ਹ ਵਿਚ ਰੁੜ੍ਹ ਜਾਣ ਤੋਂ ਬਚਾਏ ਜਾਣ ਦੀ ਲੋੜ ਹੈ। ਧਰਮ, ਆਮ ਆਦਮੀ ਦੀ ਤਕਨਾਲੋਜੀ ਸੀ ਅਤੇ ਇਸ ਨੂੰ ਖਾਸ ਆਦਮੀ ਦੀ ਤਕਨਾਲੋਜੀ ਹੋ ਜਾਣ ਵਾਲੇ ਰਾਹ ਸਿਆਸਤ ਨੇ ਪਾ ਦਿੱਤਾ ਹੈ। ਇਸੇ ਵਿਚੋਂ 21ਵੀਂ ਸਦੀ ਦੀਆਂ ਚੁਣੌਤੀਆਂ ਪੈਦਾ ਹੋਈਆਂ ਹਨ।

ਮਾਨਵ-ਵਿਕਾਸ, ਖਾਣ ਵਾਲੇ ਅਤੇ ਖਾਧੇ ਜਾਣ ਵਾਲੇ ਵਿਚਕਾਰ ਰਿਸ਼ਤਿਆਂ ਦੀ ਵਿਆਕਰਣ ਨਾਲ ਸ਼ੁਰੂ ਹੋਇਆ ਸੀ। ਵਿਕਾਸ ਦਾ ਹੀ ਇੱਕ ਪੜਾਅ, ਹਾਕਮ ਅਤੇ ਮਹਿਕੂਮ ਵਜੋਂ ਸਮਝ ਆਉਣ ਲੱਗ ਪਿਆ ਸੀ। ਅਮੀਰ ਅਤੇ ਗਰੀਬ ਦੀ ਵੰਡ ਵੀ ਇਕ ਹੋਰ ਸਮੇਂ ਦੇ ਸੱਚ ਵਜੋਂ ਸਮਝ ਆਉਣ ਲੱਗ ਪਈ ਸੀ। ਇਨ੍ਹਾਂ ਮਾਨਵ-ਸਿਰਜਤ ਸੱਚਾਈਆਂ ਨਾਲ ਨਜਿੱਠਣ ਵਾਸਤੇ ਗੁਰਬਾਣੀ ਦੀ ਰੌਸ਼ਨੀ ਵਿਚ ਸਮਝ ਇਹ ਬਣੀ ਸੀ ਕਿ ਜੀਉ ਅਤੇ ਜਿਊਣ ਦਿਉ ਦਾ ਸਿਧਾਂਤ ਧਰਮ ਦਾ ਹੀ ਹਿੱਸਾ ਹੈ। ਇਹ ਸਮਝ, ਇਸ ਸੱਚਾਈ ਦੇ ਆਧਾਰ 'ਤੇ ਬਣੀ ਸੀ ਕਿ ਪੰਜ-ਭੂਤਕ ਸਰੀਰ ਵਿਚ ਇੱਕੋ ਹੀ ਜੋਤਿ ਦਾ ਵਰਤਾਰਾ ਵਰਤਦਾ ਹੈ (ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥ ਪੰਨਾ 921) ਜੇ ਇਸ ਸੱਚਾਈ ਨੂੰ ਧਿਆਨ ਵਿਚ ਰੱਖ ਕੇ ਨਹੀਂ ਤੁਰਾਂਗੇ ਤਾਂ ਉਹ ਸਾਰਾ ਕੁਝ ਵਾਪਰ ਜਾਵੇਗਾ, ਜਿਸ ਦਾ ਬਿਰਤਾਂਤ 'ਵਾਰ ਮਲਾਰ ਕੀ' ਵਿਚ ਗੁਰੂ ਨਾਨਕ ਦੇਵ ਜੀ ਨੇ ਉਸਾਰਿਆ ਹੋਇਆ ਹੈ। ਵਧੀਕੀਆਂ ਕਰਨ ਵਾਲੇ ਦੀ ਥਾਂ ਤੇ ਜਦੋਂ ਵਧੀਕੀਆਂ ਦੀ ਕੀਮਤ ਵਧੀਕੀਆਂ ਨਾ ਕਰਨ ਵਾਲੇ ਆਮ ਆਦਮੀ ਨੂੰ ਦੇਣੀ ਪੈ ਜਾਵੇ ਤਾਂ 'ਰਾਜੇ ਸ਼ੀਂਹ ਮੁਕਦਮ ਕੁਤੇ' ਵਾਲੇ ਹਾਲਾਤ ਪੈਦਾ ਹੋ ਜਾਂਦੇ ਹਨ। ਅਜਿਹੇ ਹਾਲਾਤ ਵਿਚ ਆਮ ਆਦਮੀ ਇਹ ਸਮਝਣ ਵਾਲੇ ਰਾਹ ਪਾ ਦਿੱਤਾ ਜਾਂਦਾ ਹੈ ਕਿ ਚਤੁਰਾਈ ਅਤੇ ਸ਼ਰਾਰਤ, ਸਿਆਣਪ ਅਤੇ ਵਡਿਆਈ ਲੱਗਣ ਲੱਗ ਪੈਂਦੀ ਹੈ। ਇਸੇ ਦੇ ਸਿੱਟੇ ਵਜੋਂ ਹਥਿਆਈਆਂ ਚੌਧਰਾਂ ਆਮ ਆਦਮੀ ਨੂੰ ਧੱਕਾ ਸਹਿਣ ਲਈ ਮਜਬੂਰ ਕਰ ਦਿੰਦੀਆਂ ਹਨ। ਇਨ੍ਹਾਂ ਵਧੀਕੀਆਂ ਵਾਸਤੇ ਭੋਲੇਪਨ ਦਾ ਪ੍ਰਤੀਨਿਧ ਹਿਰਣ ਦਾ ਬੱਚਾ ਕਿਵੇਂ ਆਪਣਿਆਂ ਨੂੰ ਹੀ ਫਸਾਉਣ ਦੀ ਭੂਮਿਕਾ ਨਿਭਾਉਂਦਾ ਹੈ, ਬਿੰਬ ਵਜੋਂ ਵਰਤਿਆ ਹੋਇਆ ਹੈ। ਇਸ ਦੇ ਨਾਲ ਦੋ ਹੋਰ ਬਿੰਬ ਸਿੱਖੇ ਹੋਏ ਬਾਜ ਅਤੇ ਪੜ੍ਹੇ ਲਿਖੇ ਅਹਿਲਕਾਰ ਦੇ ਲਏ ਹਨ। ਇਸ ਨਾਲ ਇਸ਼ਾਰਾ ਇਹ ਕਰ ਦਿੱਤਾ ਹੈ ਕਿ ਮੌਕਾ ਹੋਵੇ ਤਾਂ ਆਪਣਿਆਂ ਦਾ ਲਹੂ ਪੀਣ ਵਾਲੇ ਵੀ ਆਪਣਿਆਂ ਵਿਚੋਂ ਹੀ ਪੈਦਾ ਹੋ ਜਾਂਦੇ ਹਨ,

ਹਰਣਾਂ ਬਾਜਾਂ ਤੈ ਸਿਕਾਰਾਂ
ਏਨਾ ਪੜ੍ਹਿਆਂ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ
ਅਗੈ ਨਾਹੀਂ ਥਾਉ॥ (ਪੰਨਾ 1288)

ਜਦੋਂ ਅਸੀਂ ਗੁਰੂ ਨੂੰ ਜਾਂ ਗੁਰੂ ਦੀ ਸਿੱਖਿਆ ਨੂੰ ਸਮਰਪਿਤ ਹੁੰਦੇ ਹਾਂ ਤਾਂ ਟੁਕੜਿਆਂ ਵਿਚ ਸਮਰਪਿਤ ਨਹੀਂ ਹੋ ਸਕਦੇ ਕਿਉਂਕਿ ਸਮਰਪਣ ਵਿਚ 'ਸਵਾਲ ਜਵਾਬ ਦੋਨੋ ਕਰਹਿ' ਦੀ ਆਗਿਆ ਨਹੀਂ ਹੁੰਦੀ। ਜੇ ਸਮਰਪਣ ਤੇ ਸ਼ੰਕਾ ਇਕੱਠੇ ਤੁਰਨ ਤਾਂ ਇਸ ਨਾਲ ਰਿਸ਼ਤਿਆਂ ਦੀ ਤੌਹੀਨ ਹੋ ਸਕਦੀ ਹੈ। ਗੁਰੂ ਕਾਲ ਵਿਚ ਵੀ ਰਿਸ਼ਤਿਆਂ ਦੀ ਤੌਹੀਨ ਹੁੰਦੀ ਰਹੀ ਸੀ। ਪਰ ਗੁਰੂ ਸਾਹਿਬਾਨ ਦੀ ਹਾਜ਼ਰੀ, ਰਿਸ਼ਤਿਆਂ ਦੇ ਤਣਾਉ ਵਿਚ ਉਹੋ ਜਿਹਾ ਸਹਿਜ ਸਥਾਪਤ ਕਰਦੀ ਰਹੀ ਸੀ, ਜਿਸ ਦੀ ਗੁਰੂ ਦੇ ਸਿੱਖਾਂ ਤੋਂ ਸਦਾ ਹੀ ਆਸ ਕੀਤੀ ਜਾਂਦੀ ਹੈ। ਇਸ ਵਾਸਤੇ ਅਜਰ ਨੂੰ ਜਰਨ ਦੀ ਵਿਧੀ ਤਾਂ ਵਰਤੀ ਜਾਂਦੀ ਰਹੀ ਹੈ, ਪਰ ਕਿਸੇ ਕਿਸਮ ਦੀ ਕਰਾਮਾਤੀ-ਜੁਗਤਿ ਨੂੰ ਵਰਤਣ ਦੀ ਆਗਿਆ ਨਹੀਂ ਦਿੱਤੀ ਗਈ ਸੀ। ਗ੍ਰੰਥ ਅਤੇ ਪੰਥ ਦੀ ਵਿਧੀ ਵਿਚ ਕਿਸੇ ਵੀ ਸਮਕਾਲ ਅੰਦਰ ਦਰਪੇਸ਼ ਚੁਣੌਤੀਆਂ ਨਾਲ ਨਿਪਟਣ ਦਾ ਸਿੰਘ-ਵਰਤਾਰਾ ਵੀ ਸਾਹਮਣੇ ਆਉਂਦਾ ਰਿਹਾ ਹੈ। 1499-1708 ਤੱਕ ਗੁਰੂ ਸਾਹਿਬਾਨ ਦੀ ਸ਼ਖਸੀ ਅਗਵਾਈ ਵਿਚ ਪੈਦਾ ਹੋਇਆ ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅਕਾਲ ਪੁਰਖ ਆਪ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਸੀ। ਇਸ ਕਰਕੇ ਜਿੱਤਾਂ ਤਾਂ ਜਿੱਤਾਂ ਸਨ, ਪਰ ਵੇਖਣ ਨੂੰ ਹਾਰਾਂ ਨਜ਼ਰ ਆਉਂਦੀਆਂ ਘਟਨਾਵਾਂ ਵੀ ਜਿੱਤਾਂ ਹੀ ਸਨ। ਗ੍ਰੰਥ ਦੀ ਅਗਵਾਈ ਵਿਚ ਪੰਥ ਦਾ ਇਮਤਿਹਾਨ ਘੱਲੂਘਾਰਿਆਂ ਵੇਲੇ ਹੋਇਆ ਸੀ ਅਤੇ ਸ਼ਹੀਦੀਆਂ ਦੀ ਫਸਲ ਵਿਚੋਂ ਹੀ ਮਿਸਲਦਾਰੀਆਂ ਪੈਦਾ ਹੋਈਆਂ ਸਨ। 1799-1839 ਵਾਲਾ ਚਾਰ ਦਹਾਕਿਆਂ ਦਾ ਸਮਾਂ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਹੈ। ਇਸ ਸਮੇਂ ਵਿਚ ਜਿਹੜੇ ਚੁਣੌਤੀਆਂ ਦੇ ਬੀਜ ਅਨਭੋਲ ਹੀ ਬੀਜੇ ਗਏ ਸਨ, ਉਨ੍ਹਾਂ ਦੀ ਫਸਲ ਨਾਲ ਹੀ ਜੁੜੀਆਂ ਹੋਈਆਂ ਹਨ, 21ਵੀਂ ਸਦੀ ਦੀਆਂ ਚੁਣੌਤੀਆਂ?

ਵਰਤਮਾਨ ਵਿਚ ਤਾਂ ਵੰਗਾਰ ਇਹ ਵੀ ਹੋ ਗਈ ਹੈ ਕਿ 21ਵੀਂ ਸਦੀ ਕੰਪਿਊਟਰ-ਕਲਚਰ ਦੀ ਸਦੀ ਹੈ ਅਤੇ ਸਿੱਖ ਧਰਮ ਨਾਲ ਜੁੜੀਆਂ ਹੋਈਆਂ ਸਾਡੀਆਂ ਸੰਚਾਰ-ਜੁਗਤਾਂ ਇਸ ਦਾ ਲਾਹਾ ਨਹੀਂ ਲੈ ਰਹੀਆਂ। ਸ਼੍ਰੋਮਣੀ ਕਮੇਟੀ ਦੇ ਨੈਟ 'ਤੇ ਅਜਿਹਾ ਕੁਝ ਹੈ ਹੀ ਨਹੀਂ, ਜਿਹੜਾ ਨਵੀਂ ਪੀੜ੍ਹੀ ਦੀ ਰੁਚੀ ਨੂੰ ਸਰਚਾ ਸਕਦਾ ਹੋਵੇ? ਰੈਡੀਕਲ-ਵੈਬਸਾਈਟਾਂ ਨੂੰ ਬੱਚੇ ਸਿੱਖ-ਵੈਬਸਾਈਟ ਸਮਝ ਕੇ ਪੜ੍ਹਦੇ ਹਨ ਅਤੇ ਧਰਮ ਦੀ ਥਾਂ ਧਰਮ ਦੀ ਸਿਆਸਤ ਦੇ ਸ਼ਿਕਾਰ ਹੋ ਜਾਂਦੇ ਹਨ। ਨਤੀਜੇ ਵਜੋਂ ਸਿੱਖ ਰੋਲ ਮਾਡਲ, ਧਾਰਮਿਕ ਦੀ ਥਾਂ ਸਿਆਸਤਦਾਨ ਹੋ ਗਿਆ ਹੈ। ਸਿੱਖ-ਸਿਆਸਤ ਦੀ ਰੈਡੀਕਲ ਪਰਤ ਨੇ ਸੰਚਾਰ ਜੁਗਤਾਂ ਦੀ ਧਾਰਮਿਕ ਵਰਤੋਂ 'ਤੇ ਹੀ ਸਵਾਲੀਆਂ ਨਿਸ਼ਾਨ ਲਾ ਦਿੱਤੇ ਹਨ? ਮਿਸਾਲ ਦੇ ਤੌਰ 'ਤੇ,

1. ਉਹੀ ਗੁਰਬਾਣੀ ਹੈ ਅਤੇ ਉਹੀ ਸਿੱਖ ਇਤਿਹਾਸ ਹੈ, ਪਰ ਇਹ ਵਿਰਾਸਤ ਸਿੱਖਾਂ ਤੱਕ ਪਹੁੰਚ ਕੇ ਵੀ ਕਿਉਂ ਨਹੀਂ ਪਹੁੰਚ ਰਹੀ? ਵੇਖਣਾ ਇਹ ਹੈ ਕਿ ਸਿੱਖੀ ਅਤੇ ਸਿੱਖ ਦੇ ਵਿਚਕਾਰ ਕੌਣ ਆ ਗਿਆ ਹੈ?

2. ਨਵੀਂ ਸਿੱਖ-ਪੀੜ੍ਹੀ, ਪੀੜ੍ਹੀਆਂ ਦੇ ਖੱਪੇ ਵਜੋਂ ਪੈਦਾ ਹੋ ਰਹੀ ਹੈ। ਇਸ ਨੂੰ ਸੰਭਾਲਣ ਵਾਸਤੇ ਬਿਜਲਈ ਮੀਡੀਆ ਦੀ ਵਰਤੋਂ ਕਰਨੀ ਹੀ ਪੈਣੀ ਹੈ। ਬੱਚੇ ਸਿੱਖਦੇ ਵੀ ਬਿਜਲਈ ਮੀਡੀਆ ਰਾਹੀਂ ਹੀ ਹਨ ਅਤੇ ਵਿਗੜਦੇ ਵੀ ਇਸੇ ਰਾਹੀਂ ਹਨ। ਜਿਵੇਂ ਅਸੀਂ ਪੰਜਾਬੀ ਬਾਰੇ ਮੁਹਿੰਮ ਚਲਾਉਣ ਦੀ ਸੋਚਦੇ ਹਾਂ, ਤਿਵੇਂ ਹੀ ਪ੍ਰਾਪਤ ਸੰਸਥਾਈ ਸੰਭਾਵਨਾਵਾਂ ਨੂੰ ਸਿੱਖੀ ਦੀ ਸੰਭਾਲ ਵਾਸਤੇ ਵਰਤਣ ਦੀ ਮੁਹਿੰਮ ਵੀ ਚਲਾਉਣੀ ਹੀ ਪੈਣੀ ਹੈ?

3. ਜਿਨ੍ਹਾਂ ਕੋਲ ਸਰੋਤੇ ਵੀ ਹਨ ਅਤੇ ਕਲਾ ਵੀ ਹੈ, ਉਹ ਜੇ ਕਸੂਤੇ ਨਹੀਂ ਵੀ ਤਾਂ ਹੋਰ ਥਾਂ ਉਲਝੇ ਹੋਏ ਹਨ। ਗੁਰਬਾਣੀ ਦੇ ਮੁਹਾਵਰੇ, ਚਿੰਨ੍ਹਾਂ ਅਤੇ ਬਿੰਬਾਂ ਨੂੰ ਇਤਿਹਾਸਕ ਸੱਚ ਵਾਂਗ ਬਿਆਨ ਕਰਨ ਦੀਆਂ ਮਜਬੂਰੀਆਂ ਵਿਚੋਂ ਸੁਜੱਗਤਾ ਦੇ ਆਸਰੇ ਨਿਕਲਣ ਦਾ ਰਾਹ ਲੱਭਣਾ ਪੈਣਾ ਹੈ। ਦਰਬਾਰ ਸਾਹਿਬ ਤੋਂ ਪ੍ਰਾਪਤ ਇੱਕ ਹੁਕਮਨਾਮੇ ਦੇ ਅਰਥਾਂ ਵਿਚ 'ਅੰਕੁਰ' ਨੂੰ ਪਿਛਲੇ ਜਨਮਾਂ ਦੇ ਸੰਸਕਾਰਾਂ ਦੇ ਅੰਗੂਰ ਦਾ ਫੁੱਟਣਾ ਲਿਖਿਆ ਹੋਇਆ ਸੀ। ਇਸ ਦਾ ਪ੍ਰਸੰਗ ਇਹ ਹੈ ਕਿ ਫੁੱਟੇ ਹੋਏ ਅੰਕੁਰ ਨੂੰ ਸੰਭਾਲਣ ਵਾਸਤੇ ਲੋੜਾਂ ਅਤੇ ਤਿਆਰੀਆਂ ਹੀ ਧਰਮ ਹਨ। ਇਉਂ ਅਨਭੋਲ ਹੀ ਆਪ ਤਾਂ ਪਿੱਛਲਪੈਰੀਂ ਵੱਲ ਤੁਰੇ ਜਾ ਰਹੇ ਹਾਂ ਪਰ ਹੋਰਨਾਂ ਨੂੰ ਇਸ ਪਾਸੇ ਤੁਰਨ ਲਈ ਮਜਬੂਰ ਕਰੀ ਜਾ ਰਹੇ ਹਾਂ। ਬਚਾਉ, ਸੁਜੱਗਤਾ ਨਾਲ ਸੰਚਾਰ-ਜੁਗਤਾਂ ਨੂੰ ਸੰਭਾਲ ਕੇ ਅਤੇ ਠੀਕ ਸੇਧ ਵਿਚ ਵਰਤ ਕੇ ਹੀ ਹੋ ਸਕੇਗਾ?

4. ਬਾਣੀ ਦੀਆਂ ਮਹੀਨ ਪਰਤਾਂ ਨੂੰ ਲੋੜੀਂਦੀਆਂ ਸੰਚਾਰ ਜੁਗਤਾਂ ਦਾ ਲਾਹਾ ਤਦ ਹੀ ਮਿਲ ਸਕੇਗਾ, ਜੇ ਗ੍ਰੰਥ ਅਤੇ ਪੰਥ ਦੀ ਵਿਧੀ ਵਿਚ ਪ੍ਰਚੰਡਤ ਸਾਂਝੀ-ਸਮਝ ਸਾਹਮਣੇ ਆਵੇਗੀ। ਇਸ ਪਾਸੇ ਅਜੇ ਅਸੀਂ ਤੁਰਨਾ ਹੈ ਅਤੇ ਸਮਾਂ ਕਦੇ ਕਿਸੇ ਦੀ ਉਡੀਕ ਨਹੀਂ ਕਰਦਾ।

ਗੁਰਮਤਿ ਨਾਲ ਸਬੰਧਤ ਛਪ ਰਹੇ ਸਾਹਿਤ ਦੀਆਂ ਮੋਟੇ ਤੌਰ 'ਤੇ ਦੋ ਕੋਟੀਆਂ ਹਨ- ਪਹਿਲੀ ਵਿਚ ਇਤਿਹਾਸ ਨਾਲ ਅਤੇ ਦੂਜੀ ਵਿਚ ਗੁਰਬਾਣੀ ਨਾਲ ਸਬੰਧਤ ਪੁਸਤਕਾਂ ਨੂੰ ਗਿਣਿਆ ਜਾ ਸਕਦਾ ਹੈ। ਦੋਹਾਂ ਹੀ ਕੋਟੀਆਂ ਦਾ ਸ੍ਰੋਤ ਕਿਸੇ ਨਾ ਕਿਸੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ।

## ਵਿਚਾਰ-ਚਰਚਾ

ਇਤਿਹਾਸ ਵਾਲੀ ਕੋਟੀ ਵਿਚ ਗੈਰ ਸਿੱਖ ਲੇਖਕਾਂ ਦੀ ਵੱਡੀ ਗਿਣਤੀ ਸ਼ਾਮਲ ਹੈ ਅਤੇ ਇਨ੍ਹਾਂ ਵਿਚੋਂ ਠੀਕ ਅੰਗ੍ਰੇਜ਼ੀ ਵਿਚ ਗ਼ਲਤ ਨੂੰ ਠੀਕ ਵਾਂਗ ਲਿਖਿਆ ਹੋਇਆ ਵੀ ਪ੍ਰਾਪਤ ਹੈ। ਇਸ ਦੇ ਬਾਵਜੂਦ ਬੱਚਤ ਇਹ ਰਹੀ ਹੈ ਕਿ ਭਾਈ ਸੰਤੋਖ ਸਿੰਘ ਤੋਂ ਲੈ ਕੇ ਡਾ. ਜਗਤਾਰ ਸਿੰਘ ਗਰੇਵਾਲ ਅਤੇ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਤੱਕ ਅਜਿਹਾ ਬਹੁਤ ਕੁਝ ਲਿਖਿਆ ਹੋਇਆ ਪ੍ਰਾਪਤ ਹੈ, ਜਿਸ ਨਾਲ ਠੀਕ ਅੰਗ੍ਰੇਜ਼ੀ ਵਿਚ ਸ਼ੱਕੀ ਖਰੜਿਆਂ ਨੂੰ ਲੈ ਕੇ ਸਿੱਖ ਇਤਿਹਾਸਿਕਤਾ ਨਾਲ ਕੀਤੀ ਜਾ ਰਹੀ ਛੇੜਛਾੜ ਵੀ ਬਹੁਤਾ ਨੁਕਸਾਨ ਨਹੀਂ ਕਰ ਸਕੀ। ਕਾਰਨਾਂ ਦੇ ਵਿਸਥਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ ਹੈ, ਪਰ ਕਹਿਣਾ ਇਹ ਚਾਹ ਰਿਹਾ ਹਾਂ ਕਿ 'ਗ੍ਰੰਥ ਅਤੇ ਪੰਥ' ਨੂੰ ਧਿਆਨ ਵਿਚ ਰੱਖ ਕੇ ਲਿਖਿਆ ਗਿਆ ਸਿੱਖ ਇਤਿਹਾਸ, ਆਪਣੇ ਮਿਆਰ ਨੂੰ ਕਾਇਮ ਰੱਖ ਸਕਿਆ ਹੈ।

ਗੁਰਮਤਿ ਬਾਰੇ ਲਿਖੇ ਗਏ ਸਾਹਿਤ ਵਿਚ ਨਿਰਸੰਦੇਹ ਇਤਿਹਾਸ ਨਾਲ ਸਬੰਧਤ ਪੁਸਤਕਾਂ ਦੀ ਹੀ ਸਰਦਾਰੀ ਹੈ। ਸਿੰਘ ਸਭਾ ਲਹਿਰ ਦੇ ਲੇਖਕਾਂ ਵਿਚੋਂ ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ ਅਤੇ ਪ੍ਰੋ. ਪੂਰਨ ਸਿੰਘ ਦੀਆਂ ਪ੍ਰਾਪਤੀਆਂ ਨੂੰ 21ਵੀਂ ਸਦੀ ਵਿਚ ਉਸ ਤਰ੍ਹਾਂ ਨਹੀਂ ਵਰਤਿਆ ਜਾ ਰਿਹਾ, ਜਿਸ ਦੇ ਉਹ ਸਿੱਖ ਪ੍ਰਸੰਗ ਵਿਚ ਹੱਕਦਾਰ ਹਨ। ਇਸ ਦਾ ਪਤਾ ਛਪ ਰਹੇ ਗੁਰਮਤਿ ਸਾਹਿਤ ਤੋਂ ਲੱਗ ਜਾਂਦਾ ਹੈ। ਗੁਰਬਾਣੀ ਦੇ ਮਰਮ ਤੋਂ ਅਣਜਾਣ ਲੇਖਕ ਅਜਿਹੀਆਂ ਰਚਨਾਵਾਂ ਰਚ ਰਹੇ ਹਨ, ਜਿਨ੍ਹਾਂ ਦਾ ਰੀਵੀਊ ਕਰਨਾ ਵੀ ਸੌਖਾ ਨਹੀਂ ਹੈ? ਕਾਰਨ ਇਹ ਹੈ ਕਿ ਇਹ ਪੁਸਤਕਾਂ ਇੱਕ ਖਾਸ ਮਾਨਸਿਕਤਾ ਵਾਲੇ ਪਾਠਕਾਂ ਵਾਸਤੇ ਹੀ ਲਿਖੀਆਂ ਜਾ ਰਹੀਆਂ ਹਨ। ਇਨ੍ਹਾਂ ਪੁਸਤਕਾਂ ਨੂੰ ਪੜ੍ਹਦਿਆਂ ਮੈਨੂੰ ਭਾਈ ਕਾਨ੍ਹ ਸਿੰਘ ਨਾਭਾ ਦੇ ਇਹ ਸ਼ਬਦ ਵਾਰ ਵਾਰ ਚੇਤੇ ਆਉਂਦੇ ਹਨ, ਜਿਹੜੇ ਉਨ੍ਹਾਂ ਨੇ 'ਗੁਰੁਮਤ ਮਾਰਤੰਡ' ਭਾਗ ਪਹਿਲਾ ਦੇ ਪਹਿਲੇ ਪੰਨੇ ’ਤੇ ਹੀ ਕਹੇ ਹੋਏ ਹਨ, "ਸਾਡੇ ਮੱਤ ਦੇ ਕਵੀਆਂ (ਪੜ੍ਹੋ ਲੇਖਕਾਂ) ਨੇ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਅਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰਕੇ ਸਭ ਨੂੰ ਮਜ਼੍ਹਬੀ ਰੰਗਤ ਦੇ ਦਿੱਤੀ ਹੈ।" ਇਸੇ ਹੀ ਪ੍ਰਸੰਗ ਵਿਚ ਉਨ੍ਹਾਂ ਨੇ ਇਕ ਹੋਰ ਗੱਲ ਇਹ ਕਹੀ ਹੋਈ ਹੈ ਕਿ ਜਿਹੜੀਆਂ ਪੁਸਤਕਾਂ 'ਗੁਰਮਤਿ ਵਿਰੁਧ ਵਾਕ-ਹਾਨੀ ਦਾ ਕਾਰਨ ਬਣ ਰਹੀਆਂ ਹਨ ਉਨ੍ਹਾਂ ਦਾ ਕੌਮ ਨੂੰ ਨੁਕਸਾਨ ਹੋ ਰਿਹਾ ਹੈ।' ਇਨ੍ਹਾਂ ਅਕਾਦਮਿਕ ਨਿਰਦੇਸ਼ਾਂ ਦੀ ਅਣਦੇਖੀ ਪੁਸਤਕਾਂ ਦੀਆਂ ਭੂਮਿਕਾਵਾਂ ਪੜ੍ਹਦਿਆਂ ਹੀ ਸਮਝ ਆਉਣ ਲਗ ਪੈਂਦੀ ਹੈ।

ਦੋ ਰੈਡੀਕਲ਼ ਸਿੱਖ ਲੇਖਕਾਂ ਦੀਆਂ ਵਡ-ਆਕਾਰੀ ਪੁਸਤਕਾਂ ਨੂੰ ਦੇਖ ਕੇ ਮੈਨੂੰ ਇਹ ਯਾਦ ਆ ਗਈ ਸੀ ਕਿ ਦਾਦੀ-ਕਲਚਰ ਵਿਚ ਸੁਣਦੇ ਹੁੰਦੇ ਸੀ ਕਿ ਪਾਤਰ, ਵੇਖ ਕੇ ਪਹਿਲਾਂ ਹੱਸ ਪੈਂਦਾ ਹੈ ਅਤੇ ਫਿਰ ਰੋ ਪੈਂਦਾ ਹੈ। ਇਕ ਦੂਜੇ ਦੇ ਵਿਰੋਧੀ ਸੱਚ, ਇਸ ਤਰ੍ਹਾਂ ਅਕਸਰ ਹੀ ਰੂਬਰੂ ਹੋ ਜਾਂਦੇ ਹਨ। ਦੋਹਾਂ ਵਿਚਕਾਰ ਸਹਿਜ ਸਥਾਪਤ ਕਰਨਾ ਸਭ ਸਮਿਆਂ ਦੀ ਲੋੜ ਰਹੀ ਹੈ। ਸਿੱਖ ਸਾਹਿਤ ਨਾਲ ਸਬੰਧਤ ਪੁਸਤਕਾਂ ਦੇ ਸਿਲਸਲੇ ਵਿਚ ਇਹੀ ਤਾਂ ਨਹੀਂ ਹੋ ਪਾ ਰਿਹਾ ਕਿਉਂਕਿ ਗੱਲ ਕਰਨ ਲਗਿਆਂ ਕਿਤਾਬ ਪਾਸੇ ਰਹਿ ਜਾਂਦੀ ਹੈ ਅਤੇ ਬੋਲਣ ਵਾਲੇ ਨੂੰ ਜੋ ਆਉਂਦਾ ਹੈ, ਉਹ ਸਾਹਮਣੇ ਆਉਣ ਲਗ ਜਾਂਦਾ ਹੈ। ਇਸ ਵਿਚ ਵੀ ਵਾਧਾ ਇਹ ਹੈ ਕਿ ਲੇਖਕ ਰਾਹੀਂ ਪੁਸਤਕ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਪੁਸਤਕ ਅਕਸਰ ਹੀ ਪਾਸੇ ਰਹਿ ਜਾਂਦੀ ਹੈ। ਇਹ ਸਥਾਪਤ ਸੱਚ ਹੈ ਕਿ ਪੁਸਤਕ ਵਿਚੋਂ ਲੇਖਕ ਨੂੰ ਮਨਫੀ ਕੀਤੇ ਬਿਨਾਂ ਪੁਸਤਕ ਬਾਰੇ ਗੱਲ ਤੁਰ ਹੀ ਨਹੀਂ ਸਕਦੀ। ਮਿਸਾਲ ਦੇ ਤੌਰ 'ਤੇ ਅਜਿਹੀਆਂ ਪੁਸਤਕਾਂ ਦਾ ਵਿਸ਼ਾ ਅਤੇ ਲੇਖਕ ਇਕ ਨਹੀਂ ਦੋ ਧਿਰਾਂ ਵਾਂਗ, ਬਿਲਕੁਲ ਉਸੇ ਤਰ੍ਹਾਂ ਵਿਚਰਦੇ ਹਨ ਜਿਵੇਂ ਅਕਾਲ ਤਖਤ ਸਾਹਿਬ ਅਤੇ

***ਧਾਰਮਿਕ ਦ੍ਰਿਸ਼ਟੀ ਤੋਂ ਮਨ ਅਤੇ ਆਤਮਾ ਨਾਲ ਜੁੜੇ ਹੋਏ ਰਜ, ਤਮ ਅਤੇ ਸਤਿ ਦੇ ਨਿਰੰਤਰ ਚਲਦੇ ਤ੍ਰੈਪਰਤੀ-ਸੰਘਰਸ਼ ਦੀ ਸਥਾਪਤ ਸੱਚਾਈ ਸਭ ਦੇ ਸਾਹਮਣੇ ਹੈ। ਇਸ ਕਰਕੇ ਚੁਣੌਤੀ-ਮੁਕਤ ਸਮੇਂ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਵੈਸੇ ਵੀ ਸੰਪੂਰਨ ਸੱਚ ਜਾਂ ਕਿੰਤੂਮੁਕਤ ਚੰਗਿਆਈ ਸੰਭਵ ਹੀ ਨਹੀਂ ਹੈ। ਸੰਪੂਰਨਤਾ, ਜ਼ਿੰਦਗੀ ਵਰਗੀ ਰੰਗਲੀ ਨਹੀਂ ਹੁੰਦੀ, ਤਾਂ ਤੇ ਇਹ ਮੌਤ ਵਰਗੀ ਹੀ ਹੋ ਸਕਦੀ ਹੈ। ਪੰਜਾਬੀ ਸਭਿਆਚਾਰ ਵਿਚ 'ਪੂਰਾ ਹੋ ਗਿਆ' ਮਰ ਗਏ ਵਾਸਤੇ ਵਰਤਿਆ ਜਾਂਦਾ ਹੈ। ਇਸ ਨਾਲ ਇਸ ਨੁਕਤੇ ਵਲ ਇਸ਼ਾਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਜ਼ਿੰਦਗੀ ਨਾਲ ਜੁੜੇ ਹੋਏ ਸੱਚ ਦੀ ਇਕਹਿਰੀ ਪਰਤ ਨੂੰ ਨਾਲ ਲੈ ਕੇ ਤੁਰਾਂਗੇ ਤਾਂ ਸੱਚ ਦੀ ਕਿਸੇ ਇੱਕ ਪਰਤ ਨਾਲ ਸੰਤੁਸ਼ਟ ਹੋ ਜਾਣ ਦੀ ਖੜੋਤ ਦੇ ਸ਼ਿਕਾਰ ਹੋ ਜਾਵਾਂਗੇ। ਜੇ ਇਸ ਰੰਗਲੀ ਦੁਨੀਆਂ ਨੂੰ ਛੱਡ ਕੇ ਜਾਣ ਨੂੰ ਜੀਅ ਨਹੀਂ ਕਰਦਾ ਤਾਂ ਇਸ ਨੂੰ ਜਿਊਣ ਦੀ ਜਾਚ, ਸਿੱਖ ਲੈਣੀ ਚਾਹੀਦੀ ਹੈ।***

ਅਕਾਲ ਤਖਤ ਦਾ ਜਥੇਦਾਰ ਅੱਜ ਕਲ ਦੋ ਨਹੀਂ ਇੱਕ ਵਜੋਂ ਹੀ ਸਮਝੇ ਜਾਣ ਲੱਗ ਪਏ ਹਨ। ਕਿਸੇ ਵੀ ਧਿਰ ਨੂੰ ਸਮਝਣ ਅਤੇ ਸਮਝਾਉਣ ਵਾਸਤੇ ਇਕ ਧਿਰ ਨੂੰ ਦੂਜੀ ਤੋਂ ਮੁਕਤ ਕਰਵਾਏ ਜਾਣ ਦੀ ਲੋੜ ਹੈ। ਇਸ ਨੂੰ ਵੀ ਚੁਣੌਤੀ ਵਾਂਗ ਲਏ ਜਾਣ ਦੀ ਲੋੜ ਹੈ।

ਮੈਨੂੰ ਪੁਸਤਕ ਕਲਚਰ ਵਿਚ ਉਮਰ ਬਿਤਾਉਣੀ ਪਈ ਹੈ ਅਤੇ ਮੇਰੀ ਇਹ ਰਾਏ ਬਣ ਗਈ ਹੈ ਕਿ ਸਿੱਖ ਭਾਈਚਾਰੇ ਵਿਚ ਪੁਸਤਕ ਕਲਚਰ ਹੈ ਹੀ ਨਹੀਂ। ਫਿਰ ਅਕਾਦਮਿਕਤਾ ਦੀ ਸਥਾਪਤੀ ਦੀ ਗੱਲ ਹੀ ਨਹੀਂ ਤੁਰੇਗੀ। ਇਸੇ ਦਾ ਨਤੀਜਾ ਹੈ ਕਿ ਸਿੱਖ ਸਾਹਿਤ ਵਿਚ ਵਿਧਾਵਾਂ ਤਾਂ ਹਨ, ਪਰ ਵਿਧਾਵਾਂ ਦੀ ਅਕਾਦਮਿਕ ਸਥਾਪਤੀ ਨਹੀਂ ਹੈ। ਮੈਨੂੰ ਲਗਦਾ ਹੈ ਕਿ ਅਸੀਂ (ਸਿੱਖ ਭਾਈਚਾਰਾ) ਆਪਣੇ ਸਾਹਿਤਕਾਰਾਂ ਨੂੰ ਵਿਧਾਵਾਂ ਦੇ ਡੇਰੇਦਾਰਾਂ ਵਾਂਗ ਪ੍ਰਵਾਨ ਕਰਕੇ ਸੰਤੁਸ਼ਟ ਹੋ ਗਏ ਹਾਂ। ਹੁਣ ਸਾਡੇ ਕੋਲ ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੇ ਭਗਤ ਤਾਂ ਹਨ, ਪਰ ਇਨ੍ਹਾਂ ਦੇ ਪਾਠਕ ਨਹੀਂ ਹਨ। ਪਾਠਕ ਹੁੰਦੇ ਤਾਂ ਨਿਰਣਾ ਕਰਨ ਦੀ ਕੋਸ਼ਿਸ਼ ਹੋਣੀ ਸੀ ਕਿ ਪਾਠਕਾਂ ਵਿਚੋਂ ਸ਼ਰਧਾਵਾਨ, ਅਕਾਦਮਿਕ ਅਤੇ ਆਲੋਚਨਾਤਮਿਕ ਪਾਠਕ ਕਿਹੜੇ ਹਨ ਅਤੇ ਕਿਹੜੀ ਕੋਟੀ ਵਿਚ ਰੱਖ ਕੇ ਪਰਖੇ ਜਾਣੇ ਹਨ? ਸ਼ਰਧਾਵਾਨ ਪਾਠਕ ਉਹ ਹੈ, ਜਿਹੜਾ ਆਪ ਹੀ ਪੜ੍ਹਦਾ ਹੈ ਅਤੇ ਆਪ ਹੀ ਸਮਝਣ ਨਾਲ ਸੰਤੁਸ਼ਟ ਹੋ ਜਾਂਦਾ ਹੈ। ਸਿੱਖ-ਸਾਹਿਤ ਦਾ 80% ਪਾਠਕ ਇਸੇ ਕੋਟੀ ਵਿਚ ਆਉਂਦਾ ਹੈ। ਇਸ ਕੋਟੀ ਨੂੰ ਇਹ ਫਿਕਰ ਨਹੀਂ ਹੁੰਦਾ ਕਿ ਇਸ ਸਾਹਿਤ ਨੂੰ ਜੇ ਕੋਈ ਗੈਰ-ਸ਼ਰਧਾਵਾਨ ਪੜ੍ਹੇਗਾ ਤਾਂ ਕਿਹੋ ਜਿਹਾ ਪ੍ਰਭਾਵ ਲਵੇਗਾ? ਇਸ ਹਾਲਤ ਵਿਚ ਲੇਖਕ ਦੀ ਰੀਝ ਵੀ ਇਹ ਹੋ ਜਾਂਦੀ ਹੈ ਕਿ ਪੁਸਤਕ ਨੂੰ ਉਵੇਂ ਹੀ ਪੜ੍ਹਿਆ ਜਾਵੇ ਜਿਵੇਂ ਲਿਖਣ ਤੋਂ ਬਾਅਦ ਲੇਖਕ ਆਪ ਪੜ੍ਹਨਾ ਚਾਹੁੰਦਾ ਹੈ। ਇਝੋਂ ਹੀ ਲੇਖਕ ਅਤੇ ਲਿਖਤ ਇਕ ਦੂਜੇ ਦੀ ਕੀਮਤ ਤੇ ਪੜ੍ਹੇ ਜਾਣ ਵਾਲੇ ਰਾਹ ਤੁਰ ਪੈਂਦੇ ਹਨ। ਦੂਜਾ ਪੱਖ ਅਕਾਦਮਿਕ ਪਾਠਕ ਦਾ ਹੈ। ਇਸ 'ਚ ਪ੍ਰਾਪਤ ਅੰਤਰਦ੍ਰਿਸ਼ਟੀਆਂ ਦੀ ਰੌਸ਼ਨੀ ਵਿਚ ਪੁਸਤਕ ਦੀ ਪੜ੍ਹਤ ਸਥਾਪਤ ਕਰਨੀ ਹੁੰਦੀ ਹੈ। ਇਸ ਵਿਚ ਵਿਰਾਸਤੀ-ਮੁਹਾਵਰੇ ਦੀ ਡੀਕੋਡਿੰਗ ਕਰਨੀ ਸ਼ਾਮਲ ਰਹਿੰਦੀ ਹੈ। ਮਿਸਾਲ ਦੇ ਤੌਰ 'ਤੇ ਅਕਾਲ ਤਖਤ ਸਾਹਿਬ ਨੂੰ ਜੇ ਪੰਥਕ-ਧਰੋਹਰ ਮੰਨ ਕੇ ਗੱਲ ਕਰਨੀ ਹੋਵੇ ਤਾਂ ਇਸੇ ਬਾਰੇ ਪ੍ਰਸ਼ਨ ਪੈਦਾ ਕਰਾ ਹੋਵੇਗਾ ਕਿ ਕੀ ਵਿਰਾਸਤੀ-ਭਾਵਨਾ ਵਿਚ ਪੰਥਕ ਹੋਣ ਵਾਸਤੇ ਕੀ ਚਾਹੀਦਾ ਹੈ? ਇਸੇ ਦੀ ਇਕ ਪਰਤ ਇਹ ਹੋ ਸਕਦੀ ਹੈ ਕਿ ਪੰਥਕ ਹੋਣ ਵਾਸਤੇ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਕਿਵੇਂ ਨਿਭਾਈਏ? ਇਸ ਦਾ ਉਤਰ ਲੱਭਣ ਲਈ ਇਹ ਧਿਆਨ ਵਿਚ ਰੱਖਣਾ ਪਵੇਗਾ ਕਿ ਮਾੜੇ ਤੋਂ ਮਾੜੇ ਹਾਲਾਤ ਵਿਚ ਵੀ ਭਾਣੇ ਵਿਚ ਜਿਊਣ ਵਾਲਾ ਪੰਥ, ਖੁਦਕਸ਼ੀਆਂ ਦੇ ਰਾਹ ਕਿਉਂ ਪੈ ਗਿਆ ਹੈ? ਤੀਜੀ ਪਰਤ ਆਲੋਚਨਾਤਮਿਕ ਪਾਠਕ ਦੀ ਹੈ। ਇਸ ਦੀ ਸੰਭਾਵਨਾ ਇਸ ਕਰਕੇ ਜ਼ੀਰੋ ਹੈ ਕਿ ਇਸ ਪਾਸੇ ਨਾ ਆਪ ਤੁਰੇ ਹਾਂ, ਨਾ ਕਿਸੇ ਨੂੰ ਤੁਰਨ ਦਿੰਦੇ ਹਾਂ। ਇਸ ਦੀ ਮਿਸਾਲ ਆਪਣੇ ਇਕ ਵਿਦਵਾਨ ਦੋਸਤ ਦੀ ਇਸ ਟਿਪਣੀ ਨਾਲ ਦੇ ਰਿਹਾ ਹਾਂ ਕਿ ਤੈਨੂੰ ਫਸਾਉਣ ਵਾਸਤੇ ਏਨਾਂ ਕਹਿਣਾ ਹੀ ਕਾਫੀ ਹੋਵੇਗਾ ਕਿ 'ਤੂੰ ਗੁਰੂ ਗ੍ਰੰਥ ਸਾਹਿਬ ਬਾਰੇ ਖੋਜ ਵਿਭਾਗ ਵਿਚ ਜੋੜੇ ਪਹਿਨ ਕੇ ਕਰਦਾ ਹੈਂ?'

ਗੁਰਮਤਿ ਸਾਹਿਤ ਨਾਲ ਸਬੰਧਤ ਸਿੱਖ-ਵਿਧਾਵਾਂ ਦੀ 'ਡੇਰੇਦਾਰੀ' ਦੇ ਨਾਲ ਨਾਲ ਪਵਿੱਤਰਤਾ ਦੀ ਸਿਆਸਤ ਵੀ ਚੱਲੀ ਜਾ ਰਹੀ ਹੈ ਅਤੇ ਅਸੀਂ ਜਦੋਂ 'ਡੇਰੇਦਾਰੀ' ਤੋਂ ਗੁਰੇਜ਼ ਕਰਨ ਵਿਚ ਸਫਲਤਾ ਹਾਸਲ ਕਰ ਵੀ ਲੈਂਦੇ ਹਾਂ ਤਾਂ ਵੀ ਪੁਸਤਕ ਦੀ ਸਿਆਸਤ ਕਰਨੀ ਜਾਰੀ ਰਖਦੇ ਹਾਂ। ਇਹ ਵਰਤਾਰਾ ਸਿੱਖ ਸਾਹਿਤ ਵਿਚ ਹੀ ਨਹੀਂ, ਪੰਜਾਬੀ ਸਾਹਿਤ ਵਿਚ ਵੀ ਦਿਆਨਤਦਾਰੀ ਨਾਲ ਨਿਭਾਇਆ ਜਾ ਰਿਹਾ ਹੈ। ਇਹ ਰੁਝਾਨ ਦੇਰ ਤੋਂ ਚਲਿਆ ਆ ਰਿਹਾ ਹੈ ਅਤੇ ਰੁਕਣ ਦੀ ਥਾਂ ਸਰਪੱਟ ਦੌੜਿਆ ਜਾ ਰਿਹਾ ਹੈ। ਪੁਸਤਕਾਂ ਦੇ ਨਾਂਵਾਂ ਅਤੇ ਪੁਸਤਕ ਵਿਚਲੀ ਸਮਗਰੀ ਵਿਚਕਾਰ ਪਾੜਾ ਇਸੇ ਦਾ ਸਿੱਟਾ ਹੈ। ਸਾਡੇ ਕੋਲ ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਦੇ ਪ੍ਰਾਪਤ ਸਾਹਿਤ ਦੇ ਪਾਏ ਦਾ ਸਾਹਿਤ ਨਹੀਂ ਹੈ। ਕਾਰਨ ਇਹ ਹੈ ਕਿ ਸਾਡੇ ਕੋਲੋਂ ਸਿੱਖ ਭਾਵਨਾ ਦੇ ਹਾਣ ਦਾ ਸਾਹਿਤ ਹੀ ਨਹੀਂ ਰਚਿਆ ਜਾ ਸਕਿਆ? ਅਸਲ ਵਿਚ ਅਸੀਂ ਕਦੇ ਆਪਣਾ ਸਾਹਿਤਕ ਏਜੰਡਾ ਹੀ ਤੈਅ ਨਹੀਂ ਕੀਤਾ। ਇਸੇ ਕਰਕੇ ਸਾਨੂੰ ਤੈਅਸ਼ੁਦਾ ਏਜੰਡੇ ਦੇ ਮੁਤਾਬਿਕ ਲਿਖਣ ਦਾ ਸਲੀਕਾ ਹੀ ਨਹੀਂ ਹੈ। ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਕਿਸੇ ਨਾ ਕਿਸੇ ਰੂਪ ਵਿਚ ਤੈਅਸ਼ੁਦਾ ਏਜੰਡੇ ਦੀ ਹੀ ਪੈਦਾਵਾਰ ਸਨ। ਸਿੰਘ ਸਭਾ ਦੇ ਦੌਰ ਵਿਚ ਸਿੱਖਾਂ ਨੇ ਆਪਣਾ ਏਜੰਡਾ ਆਪ ਤੈਅ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਉਨ੍ਹਾਂ ਵਿਚੋਂ ਭਾਈ ਕਾਨ੍ਹ ਸਿੰਘ ਨਾਭਾ ਇਕੱਲਾ ਲੇਖਕ ਹੈ ਜਿਸ ਨੂੰ ਗੁਰਮਤਿ ਸਾਹਿਤ ਦੇ ਰੋਲ-ਮਾਡਲ ਵਜੋਂ ਅਪਨਾ ਕੇ ਤੁਰਿਆ ਜਾ ਸਕਦਾ ਹੈ। ਪਰ ਭਾਰਤ ਦੀ ਆਜ਼ਾਦੀ ਨਾਲ ਇਸ ਦਾ ਅਪਹਰਣ ਖੱਬੇਪੱਖੀਆਂ ਨੇ ਕਰ ਲਿਆ ਸੀ ਅਤੇ ਅਜੇ ਤੱਕ ਅਸੀਂ ਉਨ੍ਹਾਂ ਦੇ ਤੈਅਸ਼ੁਦਾ ਏਜੰਡੇ ਨਾਲ ਹੀ ਖੌਝਲੀ ਜਾ ਰਹੇ ਹਾਂ। ਸਾਡੇ ਕੋਲ ਯੂਨੀਵਰਸਟੀਆਂ ਹਨ, ਵਿਭਾਗ ਹਨ, ਪਰ ਕੋਈ ਤੈਅਸ਼ੁਦਾ ਏਜੰਡਾ ਨਹੀਂ ਹੈ। ਇਸ ਨੂੰ ਵੀ ਚੁਣੌਤੀ ਵਜੋਂ ਹੁੰਗਾਰਾ ਭਰੇ ਜਾਣ ਦੀ ਲੋੜ ਹੈ।

21ਵੀਂ ਸਦੀ ਦੀ ਦ੍ਰਿਸ਼ਟੀ ਤੋਂ ਗੁਰਮਤਿ ਸਾਹਿਤ ਪੜ੍ਹਦਿਆਂ ਇਹ ਵੀ ਮਹਿਸੂਸ ਕੀਤਾ ਹੈ ਕਿ ਲੇਖਕ ਮੂਲ ਰੂਪ ਵਿਚ ਸਿੱਖ ਤਾਂ ਹਨ, ਪਰ ਪ੍ਰਗਟ ਰੂਪ ਵਿਚ ਸਿਆਸਤਦਾਨ ਵਾਂਗ ਹੀ ਲਿਖਦੇ ਹਨ। ਅਕਾਦਮਿਕਤਾ ਜਿੰਨੀ ਕੁ ਵੀ ਹੈ, ਉਹ ਤੀਜੇ ਨੰਬਰ 'ਤੇ ਚਲੀ ਜਾਂਦੀ ਹੈ। ਇਸ ਗੱਲ ਵੱਲ ਪਹਿਲਾਂ ਵੀ ਇਸ਼ਾਰਾ ਕੀਤਾ ਜਾ ਚੁੱਕਾ ਹੈ ਕਿ ਲੇਖਕ ਨੂੰ ਇਹ ਫਿਕਰ ਨਜ਼ਰ ਨਹੀਂ ਆਉਂਦਾ ਕਿ ਲਿਖੀ ਜਾ ਰਹੀ ਪੁਸਤਕ ਨੂੰ ਕੋਈ ਹੋਰ ਵੀ ਪੜ੍ਹ ਸਕਦਾ ਹੈ। ਸਿੱਖ ਵਲੋਂ ਸਿੱਖਾਂ ਵਾਸਤੇ ਲਿਖੀਆਂ ਬਹੁਤੀਆਂ ਪੁਸਤਕਾਂ ਇੱਛਾਵਾਂ ਦੇ ਘੋੜੇ 'ਤੇ ਸਵਾਰ ਹੋ ਕੇ ਸਰਪੱਟ ਦੌੜੀ ਜਾ ਰਹੀਆਂ ਲਗਦੀਆਂ ਹਨ। ਜਿਹੜਾ ਪਾਠਕ ਇੰਨਾ ਤੇਜ ਨਹੀਂ ਭੱਜ ਸਕਦਾ, ਉਸ ਦਾ ਸਬਰ ਪੁਸਤਕ ਪੜ੍ਹਦਿਆਂ ਦਗਾ ਦੇਣ ਵਲ ਤੁਰਿਆ ਰਹਿੰਦਾ ਹੈ। ਇਹ ਸਿੱਖ ਦੇ ਤੌਰ 'ਤੇ ਮੇਰੀ ਸਮਝ ਵੀ ਹੈ ਅਤੇ ਅਨੁਭਵ ਵੀ ਹੈ। ਇਹ ਵੀ ਵੇਖਣ/ਪੜ੍ਹਨ ਵਿਚ ਆਇਆ ਹੈ ਕਿ ਲੇਖਕ ਅੰਦਰ ਦਫਨ ਸਿਆਸਤਦਾਨ, ਅਕਸਰ ਹੀ ਧਰਮ ਨੂੰ ਸਿਆਸਤ ਵਾਸਤੇ ਵਰਤਦਾ ਹੈ। ਸਿਆਸਤ ਦਾ ਧਰਮ ਪਾਲਣ ਦੀ ਥਾਂ ਅਸੀਂ ਧਰਮ ਦੀ ਸਿਆਸਤ ਕਰਨ ਵੱਲ ਤੁਰ ਚੁੱਕੇ ਹਾਂ। ਇਸ ਦਾ ਮਤਲਬ ਇਹ ਨਹੀਂ ਹੈ ਕਿ ਮੈਂ ਸਿਆਸਤ ਦਾ ਵਿਰੋਧੀ ਹਾਂ। ਗੇਟੇ ਦੇ ਸ਼ਬਦਾਂ ਵਿਚ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਜਿਹੜਾ ਕੁਝ ਸਦਾਚਾਰ (ਪੜ੍ਹੋ ਧਰਮ) ਪੱਖੋਂ ਜਾਇਜ਼ ਨਹੀਂ, ਉਹ ਸਿਆਸਤ ਲਈ ਵੀ ਜਾਇਜ਼ ਨਹੀਂ। ਇਸ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿਚ ਸਿਆਸਤ ਸਿੱਖ ਸਰੋਕਾਰ ਵਜੋਂ ਕੇਂਦਰ ਵਿਚ ਕਦੇ ਵੀ ਨਹੀਂ ਸੀ। ਸਿਆਸਤ ਨੂੰ ਹਾਸ਼ੀਏ 'ਤੇ ਰੱਖਣ ਦੀ ਹੀ ਆਗਿਆ ਰਹੀ ਹੈ। 21ਵੀਂ ਸਦੀ ਵਿਚ ਪਰਵੇਸ਼ ਕਰਦਿਆਂ, ਸਿਆਸਤ ਨੂੰ ਲੈ ਕੇ ਵੰਗਾਰ ਇਹ ਪੈਦਾ ਹੋ ਗਈ ਹੈ ਕਿ ਸਿਆਸਤ ਨੇ ਧਰਮ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ ਅਤੇ ਆਪ ਧਰਮ ਦੀ ਥਾਂ ਕੇਂਦਰ ਵਿਚ ਆ ਗਈ ਹੈ। ਸਿੱਖ ਧਰਮ ਵਿਚ ਸਿਆਸਤ ਅਤੇ ਧਰਮ ਇੱਕ ਦੂਜੇ ਦੇ ਪੂਰਕ ਤਾਂ ਹੋ ਸਕਦੇ ਹਨ, ਇੱਕ ਦੂਜੇ ਦਾ ਬਦਲ ਨਹੀਂ ਹੋ ਸਕਦੇ। ਦੋਹਾਂ ਨੂੰ ਇੱਕ ਦੂਜੇ ਦੀ ਕੋਈ ਮੁਥਾਜੀ ਵੀ ਨਹੀਂ ਹੈ। ਇਸੇ ਕਰਕੇ ਮਹਾਰਾਜ ਰਣਜੀਤ ਸਿੰਘ ਨੂੰ ਤਾਜਪੋਸ਼ੀ ਵੇਲੇ ਇਹੋ ਜਿਹੀ ਕਿਸੇ ਦੁਸ਼ਵਾਰੀ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ, ਜਿਹੋ ਜਿਹੀਆਂ ਦੁਸ਼ਵਾਰੀਆਂ ਦਾ ਸਾਹਮਣਾ ਸ਼ਿਵਾ ਜੀ ਮਰਹੱਟੇ ਨੂੰ ਕਰਨਾ ਪਿਆ ਸੀ।

ਵਰਤਮਾਨ ਸਿੱਖ ਸਿਆਸਤ ਵਿਚ ਦੋ ਚੁਣੌਤੀਆਂ ਵਾਸਤੇ ਸਪੇਸ ਪੈਦਾ ਹੋ ਗਈ ਹੈ। ਪਹਿਲੀ ਇਹ ਕਿ ਸੰਗਤੀ ਸਰਦਾਰੀ ਦੀ ਥਾਂ ਵਿਅਕਤੀਗਤ ਸਰਦਾਰੀ ਨੂੰ ਮਾਨਤਾ ਮਿਲ ਗਈ ਹੈ। ਦੂਜੀ ਇਹ ਕਿ ਵੰਡ ਛਕਣ ਵਾਲੀ ਭਾਈਚਾਰਕ ਸਾਂਝ ਦੀ ਥਾਂ ਕਾਰਪੋਰੇਟ ਸ਼ੈਲੀ ਵਾਲੀ ਇਜਾਰੇਦਾਰੀ ਨੂੰ ਮਾਨਤਾ ਮਿਲ ਗਈ ਹੈ। ਇਸ ਨਾਲ ਬਹੁਪਰਤੀ ਭਾਈਚਾਰਕ ਲੀਡਰਸ਼ਿਪ (ਸੰਗਤੀ) ਦੀਆਂ ਸੰਭਾਵਨਾਵਾਂ ਖਤਮ ਹੋਣ ਵਾਲੇ ਰਾਹ ਪੈ ਗਈਆਂ ਹਨ। ਸਿੱਖ ਸੰਸਥਾਵਾਂ ਇਨ੍ਹਾਂ ਦੋਹਾਂ ਦਾ ਰਾਹ ਰੋਕਣ ਦੀ ਥਾਂ ਇਨ੍ਹਾਂ ਦੋਹਾਂ ਦੀਆਂ ਸਿੱਧੀਆਂ ਅਸਿੱਧੀਆਂ ਭਾਈਵਾਲ ਹੋ ਗਈਆਂ ਹਨ। ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਮੁਕਤ ਕਰਾਏ ਬਿਨਾਂ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ। ਸਿੱਖ ਸਿਆਸਤਦਾਨ ਨੂੰ ਸਿੱਖ ਵੋਟਰ ਤੋਂ ਬਿਨਾਂ ਕਿਸੇ ਹੋਰ ਦੀ ਲੋੜ ਮਹਿਸੂਸ ਨਹੀਂ ਹੋ ਰਹੀ। ਸਿੱਖ ਵੋਟਰ ਦਾ ਪਹਿਲਾਂ ਜਜ਼ਬਾਤੀ ਸ਼ੋਸ਼ਣ ਵੀ ਹੁੰਦਾ ਰਿਹਾ ਹੈ। ਇਸ ਵੇਲੇ ਸਿੱਖ ਵੋਟਰ ਨੂੰ ਬੰਧੂਆ ਵੋਟਰ ਹੋ ਜਾਣ ਵਾਲੇ ਰਾਹੇ ਪਾ ਦਿੱਤਾ ਗਿਆ ਹੈ। ਚੁਣੌਤੀਆਂ ਦੇ ਇਸ ਜੰਗਲ ਵਿਚ ਉਲਝੇ ਸਿੱਖ ਭਾਈਚਾਰੇ ਨੂੰ ਬੇਬਸੀਆਂ ਦਾ ਸ਼ਿਕਾਰ ਹੋਣ ਤੋਂ ਬਚਾਉਣ ਲਈ, ਚੇਤਨ-ਪ੍ਰਚੰਡਤਾ ਦੀ ਲਹਿਰ ਚਲਾਏ ਜਾਣ ਦੀ ਲੋੜ ਹੈ। ਇਹ ਜਿੰਮੇਵਾਰੀ ਅਕਾਦਮਿਕ ਵਰਗ ਵੱਲੋਂ ਨਿਭਾਈ ਜਾ ਸਕਦੀ ਹੈ। ਇਹੋ ਜਿਹੇ ਸੈਮੀਨਾਰ ਇਸ ਪਾਸੇ ਪਹਿਲਕਦਮੀ ਕਰ ਸਕਦੇ ਹਨ। ਇਸ ਪਹਿਲਕਦਮੀ ਨੂੰ ਸਿਆਸਤ ਵੱਲੋਂ ਪੈਦਾ ਕੀਤੀਆਂ ਮੁਸ਼ਕਲਾਂ ਨਾਲ ਜੂਝਣਾ ਪਵੇਗਾ। ਲੋੜ ਹਿੰਮਤ ਕਰਨ ਵਾਲਿਆਂ ਦੀ ਨਿਸ਼ਾਨਦੇਹੀ ਕਰਕੇ ਲਾਮਬੰਦੀ ਕੀਤੇ ਜਾਣ ਦੀ ਹੈ। ਇਹੋ ਜਿਹੇ ਹੁੰਗਾਰੇ ਦੀ ਉਡੀਕ ਚੁਣੌਤੀਆਂ ਕਰਦੀਆਂ ਰਹਿੰਦੀਆਂ ਹਨ।

#

---

**ਸਫਰ ਜ਼ਿੰਦਗੀ ਦਾ**

# ਜਮਾਂਦਰੂ ਬੁਜ਼ਦਿਲ

**ਹਰਪਾਲ ਸਿੰਘ ਪੰਨੂ**

ਪਰਖ ਨਲੀ ਵਿਚ ਪਾ ਕੇ ਮਹਾਤਮਾ ਗਾਂਧੀ ਨੇ ਸੱਚ ਉਪਰ ਜਿਵੇਂ ਜਿਵੇਂ ਤਜਰਬੇ ਕੀਤੇ, ਉਹੋ ਜਿਹੇ ਤਜਰਬੇ ਕਰਨ ਦੇ ਕਾਬਲ ਤਾਂ ਮੈਂ ਨਹੀਂ ਹਾਂ ਪਰ ਬਚਪਨ ਤੋਂ ਲੈ ਕੇ ਹੁਣ ਤੱਕ ਕੁਝ ਨਾ ਕੁਝ ਅਜਿਹਾ ਵਾਪਰਦਾ ਰਿਹਾ, ਜਦੋਂ ਮੈਂ ਉਸ ਬਾਬਤ ਸੋਚਦਾ ਹਾਂ, ਤਦ ਲਗਦਾ ਹੈ-ਕੁਝ ਗੱਲਾਂ ਤਾਂ ਲਿਖੀਆਂ ਜਾ ਸਕਦੀਆਂ ਹਨ।

ਪੰਜ ਸਾਲ ਦੀ ਉਮਰ ਵਿਚ ਮੇਰਾ ਕੱਦ ਮਿਣਿਆਂ ਗਿਆ ਤਾਂ ਮੈਂ ਪੂਰਾ ਇਕ ਗਜ਼ ਦਾ ਨਿਕਲਿਆ, ਯਾਨਿ ਤਿੰਨ ਫੁੱਟ ਲੰਮਾ। ਮੇਰੇ ਚਾਚੇ ਦਾ ਕੱਦ ਮਿਣਿਆਂ ਤਾਂ ਉਹ ਛੇ ਫੁੱਟ ਸਾਬਤ ਹੋਇਆ। ਚੁੱਲ੍ਹੇ ਦੇ ਆਲੇ ਦੁਆਲੇ ਕੰਧੋਲੀ ਮਿਣੀ, ਤਿੰਨ ਫੁੱਟ ਉਚੀ ਨਿਕਲੀ। ਇਹ ਦੇਖਣ ਵਾਸਤੇ ਕਿ ਜਦੋਂ ਮੈਂ ਆਪਣੇ ਚਾਚੇ ਜਿੱਡਾ ਵੱਡਾ ਹੋਇਆ, ਫਿਰ ਮੈਨੂੰ ਧਰਤੀ ਕਿਸ ਤਰ੍ਹਾਂ ਦੀ ਦਿਸਿਆ ਕਰੇਗੀ, ਮੈਂ ਕੰਧੋਲੀ 'ਤੇ ਖੜ੍ਹਾ ਹੋ ਗਿਆ। ਹੇਠਾਂ ਦੇਖਿਆ ਤਾਂ ਡਰ ਲੱਗਿਆ। ਮੈਂ ਤਾਂ ਸੋਚਿਆ ਸੀ ਕਿ ਕੰਧੋਲੀ ਉਪਰ ਆਰਾਮ ਨਾਲ ਤੁਰਾਂਗਾ! ਡਰ ਕੇ ਹੇਠਾਂ ਛਾਲ ਮਾਰੀ। ਮੈਂ ਚਾਚੇ ਨੂੰ ਕਈ ਵਾਰ ਪੁੱਛਦਾ ਕਿ ਤੁਰਦਿਆਂ ਤੁਰਦਿਆਂ ਤੈਨੂੰ ਡਰ ਨਹੀਂ ਲਗਦਾ? ਸੁਣ ਕੇ ਉਹ ਹੱਸ ਪੈਂਦਾ।

ਇਕ ਗੀਤ ਮੈਨੂੰ ਬੜਾ ਦੁਖੀ ਕਰਦਾ। ਜਦੋਂ ਵਿਆਹ ਸ਼ਾਦੀ ਮੌਕੇ ਕਿਸੇ ਦੇ ਘਰ ਸਪੀਕਰ ਵੱਜਣ ਲੱਗਦਾ, ਮੇਰਾ ਜੀਅ ਕਰਦਾ ਮੇਰੀ ਨਾਪਸੰਦ ਵਾਲਾ ਤਵਾ ਬਿਲਕੁਲ ਨਾ ਚਲਾਇਆ ਜਾਵੇ। ਉਹ ਸੀ ਸ਼ਮਸ਼ਾਦ ਬੇਗਮ ਦਾ ਗਾਇਆ ਹੋਇਆ ਗੀਤ-'ਬੱਤੀ ਬਾਲ ਕੇ ਬਨੇਰੇ ਉਤੇ ਰੱਖਨੀ ਆਂ।' ਇਕ ਤਾਂ ਖੂਹ ਵਿਚ ਕਦੀ ਝਾਤ ਮਾਰਦਾ ਤਾਂ ਮੈਨੂੰ ਬੜਾ ਡਰ ਲਗਦਾ, ਦੂਜਾ ਜਦੋਂ ਮੈਂ ਛੱਤ ਦੇ ਬਨੇਰੇ ਤੋਂ ਹੇਠਾਂ ਦੇਖਦਾ, ਉਦੋਂ ਦਹਿਲ ਪੈ ਜਾਂਦਾ। ਬੱਚੇ ਨੂੰ ਬਾਲ ਜਾਂ ਬਾਲਕ ਆਖਿਆ ਜਾਂਦਾ ਸੀ। ਮੈਂ ਇਸ ਪੰਕਤੀ ਦਾ ਅਰਥ ਇਹ ਸਮਝਦਾ ਸਾਂ ਕਿ ਤੀਹ ਜਮ੍ਹਾਂ ਦੋ, ਬੱਤੀ ਬੱਚਿਆਂ ਨੂੰ ਇਹ ਬੀਬੀ ਬਨੇਰੇ ਉਪਰ ਬਿਠਾ ਕੇ ਕਿਧਰੇ ਚਲੀ ਜਾਂਦੀ ਹੈ। ਅੱਧਿਆਂ ਤੋਂ ਵੱਧ ਹੇਠਾਂ ਗਲੀ ਵਿਚ ਡਿਗ ਕੇ ਮਰ ਜਾਣਗੇ, ਇਹ ਪੱਕੀ ਗੱਲ ਹੈ। ਕੰਨਾਂ ਦੁਆਲੇ ਜਿੰਨੀ ਮਰਜੀ ਰਜਾਈ ਵਲ੍ਹੇਟ ਲੈਂਦਾ, ਇਸ ਗੀਤ ਦਾ ਸ਼ੋਰ ਸੁਣਾਈ ਦੇਣਾ ਬੰਦ ਨਾ ਹੁੰਦਾ। ਸੁਫਨਿਆਂ ਵਿਚ ਬਨੇਰੇ ਤੋਂ ਡਿਗ ਕੇ ਸੱਟਾਂ ਖਾਂਦੇ ਬਾਲਕ ਆਮ ਦਿਖਾਈ ਦਿੰਦੇ। ਘੱਟੋ ਘੱਟ ਪੰਜ ਛੇ ਸਾਲ ਇਸ ਗੀਤ ਨੇ ਮੈਨੂੰ ਪੂਰਾ ਡਰਾਇਆ। ਆਪਣੇ ਤੋਂ ਵੱਡੇ ਮੁੰਡੇ ਨੂੰ ਮੈਂ ਪੁੱਛਿਆ-ਤੈਨੂੰ ਨਹੀਂ ਡਰ ਲਗਦਾ ਇਸ ਗੀਤ ਤੋਂ? ਉਹ ਹੱਸ ਪਿਆ। ਜਦੋਂ ਮੈਨੂੰ ਅਸਲੀ ਗੱਲ ਦੀ ਸਮਝ ਆਈ, ਬੜਾ ਪਛਤਾਇਆ ਕਿ ਪਹਿਲੇ ਦਿਨ ਹੀ ਇਸ ਦੇ ਅਰਥ ਕਿਉਂ ਨਾ ਜਾਣ ਲਏ!

ਫਰਾਂਸੀਸੀ ਦਾਰਸ਼ਨਿਕ ਜੀਨ ਜੈਕ ਰੂਸੋ (1712-1778) ਆਪਣੀ ਸਵੈ-ਜੀਵਨੀ 'ਇਕਬਾਲੀਆ ਬਿਆਨ' ਵਿਚ ਲਿਖਦਾ ਹੈ, 'ਮਾਂ ਜਨਮ ਦੇਣ ਸਾਰ ਤੁਰ ਗਈ ਸੀ ਤੇ ਬਾਰਾਂ-ਤੇਰਾਂ ਸਾਲ ਦੀ ਉਮਰ ਵਿਚ ਘੜੀਸਾਜ਼ ਪਿਤਾ ਨੇ ਪੜ੍ਹਨਾ ਸਿਖਾ ਦਿਤਾ। ਮੇਰੇ ਲਈ ਇਹ ਬੇਅੰਤ ਵੱਡੀ ਕਰਾਮਾਤ ਸੀ ਕਿ ਬੇਜਾਨ ਕਾਗਜ਼ ਕਿਵੇਂ ਬੋਲਣ ਲੱਗ ਜਾਂਦੇ ਹਨ। ਮੈਂ ਇੰਨਾ ਸ਼ੁਦਾਈ ਹੋ ਗਿਆ ਕਿ ਜੋ ਕੁਝ ਸਾਹਮਣੇ ਹੱਥ ਆਉਂਦਾ, ਪੜ੍ਹ ਕੇ ਅਗਲਾ ਪੜ੍ਹਨਾ ਸ਼ੁਰੂ ਕਰ ਦਿੰਦਾ। ਇਕ ਪਾਦਰੀ ਦੀ ਕਿਤਾਬ ਘਰ ਵਿਚ ਪਈ ਸੀ, ਉਹ ਪੜ੍ਹੀ। ਉਸ ਕਿਤਾਬ ਵਿਚ ਲਿਖਿਆ ਹੋਇਆ ਸੀ ਕਿ ਬੁਰੇ ਕੰਮ ਕਰਨ ਵਾਲੇ ਸਾਰੇ ਬੰਦੇ ਦੋਜ਼ਖ ਵਿਚ ਜਾਣਗੇ। ਇਹ ਵੀ ਲਿਖਿਆ ਹੋਇਆ ਸੀ ਕਿ ਬੁਰੇ ਕੰਮ ਕਿਹੜੇ ਕਿਹੜੇ ਹਨ, ਤੇ ਸਜ਼ਾਵਾਂ ਕੀ ਕੀ ਭੁਗਤਣੀਆਂ ਪੈਣਗੀਆਂ। ਚੋਰੀ ਕਰਨੀ, ਝੂਠ ਬੋਲਣਾ, ਗੁਸਤਾਖੀ, ਲਾਲਚ, ਵਾਸਨਾ ਆਦਿਕ ਬਾਬਤ ਪੜ੍ਹਨ ਸਾਰ ਮੈਨੂੰ ਦਹਿਲ ਪੈ ਗਿਆ। ਇਹ ਸਾਰੇ ਗੁਨਾਹ ਮੈਂ ਕਰਦਾ ਸਾਂ। ਤਾਂ ਫੇਰ ਮੇਰੇ ਨਾਲ ਦੋਜ਼ਖ ਵਿਚ ਕੀ ਕੀ ਹੋਵੇਗਾ! ਜਦੋਂ ਨੀਂਦ ਆ ਜਾਂਦੀ, ਸੁਫਨੇ ਵਿਚ ਮੈਂ ਅੱਗ ਵਿਚ ਪੁੱਠਾ ਲਟਕਿਆ ਆਪਣੇ ਆਪ ਨੂੰ ਭੁੰਨਿਆਂ ਜਾਂਦਾ ਦੇਖਦਾ। ਇਸ ਬਾਬਤ ਮੈਂ ਕਿਸੇ ਨਾਲ ਗੱਲ ਨਾ ਕਰ ਸਕਦਾ, ਸ਼ਰਮਾ ਜਾਂਦਾ। ਕੋਈ ਇਕ ਮਹੀਨਾ ਮੇਰੀ ਇਹ ਹਾਲਤ ਰਹੀ। ਇਕ ਦਿਨ ਸਵੇਰ ਸਾਰ ਉਠਦਿਆਂ ਹੀ ਮੈਂ ਜੰਗਲ ਵੱਲ ਦੌੜਿਆ। ਹੱਥ ਵਿਚ ਵੱਟਾ ਫੜਿਆ ਤੇ ਆਪਣੇ ਆਪ ਨੂੰ ਕਿਹਾ-ਅਹੁ ਸਾਹਮਣੇ ਜਿਹੜਾ ਦਰਖਤ ਖਲੋਤਾ ਹੈ, ਉਸ ਨੂੰ ਵੱਟਾ ਮਾਰਦਾ ਹਾਂ। ਜੇ ਨਿਸ਼ਾਨਾ ਉਕ ਗਿਆ, ਫੇਰ ਨਰਕ ਵਿਚ ਜਾਵਾਂਗਾ, ਜੇ ਲੱਗ ਗਿਆ, ਬਚਾਂਗਾ। ਜ਼ੋਰ ਨਾਲ ਵੱਟਾ ਮਾਰਿਆ ਤਾਂ ਉਹ ਦਰਖਤ ਦੇ ਐਨ ਵਿਚਕਾਰ ਵੱਜਾ। ਮੈਂ ਖੁਸ਼ੀਆਂ ਨਾਲ ਚੀਕਦਾ ਘਰ ਪੁੱਜਾ। ਹੁਣ ਮੈਂ ਉਸ ਘਟਨਾ ਬਾਬਤ ਸੋਚ ਕੇ ਹੈਰਾਨ ਹੁੰਦਾ ਹਾਂ ਕਿ ਬਚਪਨ ਵਿਚ ਹੀ ਮੈਂ ਕਿੰਨਾ ਚਲਾਕ ਸਾਂ। ਜੋ ਦਰਖਤ ਚੁਣਿਆਂ, ਉਹ ਮੋਟਾ ਸੀ ਤੇ ਨੇੜੇ ਹੀ ਸੀ। ਅਣਜਾਣ ਤੋਂ ਅਣਜਾਣ ਬੰਦਾ ਵੀ ਨਿਸ਼ਾਨਾ ਲਾਏ ਤਾਂ ਉਕ ਨਹੀਂ ਸੀ ਸਕਦਾ। ਕਿੰਨੇ ਆਰਾਮ ਨਾਲ ਮੈਂ ਨਰਕ ਵਿਚੋਂ ਨਿਕਲ ਗਿਆ।'

ਜਿਵੇਂ ਸਾਡੀਆਂ ਬਹੁਤੀਆ ਆਸਾਂ ਪੂਰੀਆਂ ਨਹੀਂ ਹੁੰਦੀਆਂ, ਇਵੇਂ ਹੀ ਬਹੁਤੇ ਡਰ ਸਾਡਾ ਨੁਕਸਾਨ ਨਹੀਂ ਕਰਨਗੇ, ਇਹ ਪਤਾ ਹੋਣ ਦੇ ਬਾਵਜੂਦ ਜਦੋਂ ਮੈਂ ਡਰਿਆ ਹੋਇਆ ਹੁੰਦਾ ਹਾਂ, ਮੇਰੀ ਅਰਦਾਸ ਦੇ ਬੋਲ ਕੰਬਣ ਲੱਗ ਜਾਂਦੇ ਹਨ, ਭਾਵੇਂ ਮੈਨੂੰ ਪੱਕਾ ਪਤਾ ਹੈ, ਅਰਦਾਸ ਤੋਂ ਵਧੀਕ ਮਜ਼ਬੂਤ ਕਿਲਾ ਹੋਰ ਕੋਈ ਨਹੀਂ।

ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਇਤਾਲਵੀ ਫੌਜਾਂ ਦੇ ਜਰਨੈਲ ਨੇ ਮੁਸੋਲੀਨੀ ਨੂੰ ਕਿਹਾ-ਸਾਡੇ ਹਮਾਇਤੀ ਜਰਨੈਲਾਂ ਦੇ ਨਾਮ ਪੜ੍ਹ ਕੇ ਅੰਗਰੇਜ਼ ਜਰਨੈਲਾਂ ਨੂੰ ਕਾਂਬਾ ਛਿੜ ਜਾਏਗਾ। ਮੁਸੋਲੀਨੀ ਨੇ ਪੁੱਛਿਆ-ਤੁਹਾਨੂੰ ਕਿਵੇਂ ਪਤਾ? ਜਰਨੈਲ ਨੇ ਕਿਹਾ-ਪੱਕਾ ਪਤੈ। ਜਦੋਂ ਮੈਂ ਉਨ੍ਹਾਂ ਦੇ ਜਰਨੈਲਾਂ ਦੇ ਨਾਮ ਪੜ੍ਹੇ, ਮੈਨੂੰ ਕਾਂਬਾ ਛਿੜ ਗਿਆ ਸੀ।



ਖਾੜਕੂਆਂ ਵਾਲੇ ਦੌਰ ਵਿਚ ਇਹ ਸੋਚ ਕੇ ਬੰਦੂਕ ਖਰੀਦੀ ਕਿ ਹੁਣ ਜਣਾ-ਖਣਾ ਹੀ ਲੁੱਟ-ਖੋਹ ਕਰਨ ਲੱਗ ਪਿਐ, ਬਚਾਉ ਚਾਹੀਦਾ ਹੈ। ਦੂਜੇ ਜ਼ਿਲ੍ਹੇ ਵਿਚੋਂ ਪਟਿਆਲੇ ਲਿਆਉਣ ਵਾਸਤੇ ਐਸ.ਐਸ.ਪੀ. ਦੀ ਪ੍ਰਵਾਨਗੀ ਚਾਹੀਦੀ ਸੀ। ਪ੍ਰਵਾਨਗੀ ਲੈਣ ਗਿਆ ਤਾਂ ਸਾਹਬ ਬਹਾਦਰ ਬੋਲੇ-ਕੀ ਕਰਨੀ ਐ ਬੰਦੂਕ? ਮੈਂ ਕਿਹਾ-ਦਿਨ ਤਾਂ ਦੇਖੋ ਕਿਹੋ ਜਿਹੇ ਹਨ, ਸੁਰੱਖਿਆ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ-ਖਾੜਕੂ ਖੋਹ ਕੇ ਲੈ ਜਾਣਗੇ। ਉਹ ਤਾਂ ਸਾਡੇ ਕੋਲ ਨਹੀਂ ਛੱਡਦੇ। ਮੈਂ ਕਿਹਾ-ਜੇ ਇਹ ਗੱਲ ਐ, ਮੈਂ ਠਾਣੇ ਵਿਚ ਜਮ੍ਹਾਂ ਕਰਵਾ ਦਿੰਦਾਂ। ਉਹ ਹੱਸ ਪਿਆ-ਫਿਰ ਪੈਸੇ ਖਰਚਣ ਦਾ ਕੀ ਫਾਇਦਾ? ਇਕ ਗੱਲ ਹੋਰ ਤੁਹਾਨੂੰ ਦੱਸ ਦਿਆਂ ਪ੍ਰੋਫੈਸਰ ਸਾਹਿਬ, ਉਨ੍ਹਾਂ ਨੂੰ ਜੇ ਪਤਾ ਲੱਗ ਗਿਆ ਕਿ ਤੁਹਾਡੇ ਕੋਲ ਵਧੀਆ ਬੰਦੂਕ ਐ, ਤੁਹਾਡੇ ਘਰ ਸੁਨੇਹਾ ਪੁੱਜੇਗਾ ਕਿ ਜਮ੍ਹਾਂ ਕਰਵਾਈ ਹੋਈ ਬੰਦੂਕ ਘਰ ਲੈ ਆਉ, ਅਸੀਂ ਫਲਾਣੇ ਦਿਨ ਲੈ ਜਾਵਾਂਗੇ। ਤੁਹਾਨੂੰ ਇਹੋ ਕਰਨਾ ਪਵੇਗਾ। ਮੈਂ ਬੜਾ ਡਰਿਆ, ਪੁੱਛਿਆ ਫਿਰ ਕਰੀਏ ਕੀ? ਉਸ ਨੇ ਕਿਹਾ-ਨਿਤਨੇਮ ਕਰੋ। ਮੈਂ ਵੀ ਕਰਨ ਲੱਗ ਪਿਆਂ ਹੁਣ ਤਾਂ ਨਿਤਨੇਮ। ਬੜਾ ਫਾਇਦੇਮੰਦ ਹੈ। ਮੈਨੂੰ ਇਹ ਤਾਂ ਪਹਿਲੋਂ ਹੀ ਪਤਾ ਸੀ ਕਿ ਨਿਤਨੇਮ ਫਾਇਦੇਮੰਦ ਚੀਜ਼ ਹੈ ਪਰ ਐਸ.ਐਸ.ਪੀ. ਕੋਲੋਂ ਨਿਤਨੇਮ ਦੀ ਗੱਲ ਸੁਣ ਕੇ ਡਰ ਗਿਆ ਮੈਂ। ਇਹ ਬੰਦਾ ਚੰਗੀ ਹੌਸਲਾ-ਅਫਜ਼ਾਈ ਕਰ ਰਿਹੈ!

ਕਿਸੇ ਨੂੰ ਨਹੀਂ ਦੱਸਿਆ, ਸੰਦੂਕ ਵਿਚ ਰਜਾਈਆਂ ਵਿਚ ਬੰਦੂਕ ਲੁਕੋ ਕੇ ਜੰਦਰਾ ਮਾਰ ਦਿਤਾ। ਮੇਰੇ ਅੱਠਵੀਂ ਵਿਚ ਪੜ੍ਹਦੇ ਮੁੰਡੇ ਨੂੰ ਪਤਾ ਸੀ। ਉਹ ਗੁੱਸੇ ਹੋ ਕੇ ਅਕਸਰ ਆਖਦਾ-ਚਲੋ ਕੋਈ ਬੰਦਾ ਮਾਰੀਏ। ਮੈਂ ਝਿੜਕਦਾ ਤਾਂ ਆਖਦਾ-ਜੇ ਬੰਦਾ ਨ੍ਹੀਂ ਮਾਰਨਾ, ਫਿਰ ਖਰੀਦੀ ਕਿਉਂ ਸੀ? ਮੈਂ ਕਿਹਾ-ਉਏ ਪਾਗਲ, ਇਉਂ ਖਾਹ-ਮਖਾਹ ਬੰਦਾ ਮਾਰੀਏ? ਅੱਛਾ ਦੱਸ ਕਿਸ ਨੂੰ ਮਾਰੀਏ। ਉਹ ਬੋਲਿਆ-ਮੈਥ ਮਾਸਟਰ ਨੂੰ। ਜੇ ਤੁਹਾਡੇ ਤੋਂ ਨ੍ਹੀਂ ਮਰਦਾ, ਮੈਂ ਮਾਰ ਦਿੰਨਾਂ। ਮੇਰੀ ਡਾਂਟ ਖਾ ਕੇ ਚੁੱਪ ਕਰ ਜਾਂਦਾ। ਗੁਰੂ ਗੋਬਿੰਦ ਸਿੰਘ ਦਾ ਗੁਰਪੁਰਬ ਮਨਾ ਕੇ ਲੰਗਰ ਛਕ ਕੇ ਘਰ ਆਏ ਤਾਂ ਮੈਂ ਦੋ ਪਟਾਕਿਆਂ ਦੀ ਅਵਾਜ਼ ਸੁਣੀ, ਪਰ ਆਵਾਜ਼ ਕੁਝ ਵੱਖਰੀ ਜਿਹੀ ਲੱਗੀ। ਥੋੜੀ ਦੇਰ ਬਾਅਦ ਇਸ ਮੁੰਡੇ ਨੇ ਕਾਰਤੂਸਾਂ ਦੇ ਗਰਮਾ ਗਰਮ ਦੋ ਖੋਲ ਮੇਰੀ ਹਥੇਲੀ 'ਤੇ ਲਿਆ ਰੱਖੇ। 'ਉਏ ਬਦਤਮੀਜ਼, ਤੈਂ ਚਲਾਈਆਂ ਸਨ ਗੋਲੀਆਂ?' ਉਹ ਹੱਸ ਪਿਆ-'ਪਾਪਾ, ਅੱਜ ਮਹਾਰਾਜ ਦਾ ਹੈਪੀ ਬਰਥ ਡੇ ਹੈ ਨਾ? ਮੈਂ ਸੋਚਦਾ ਰਿਹਾ, ਬਾਬਾ ਜੀ ਗੁੱਸੇ ਹੋ ਰਹੇ ਨੇ ਬਈ ਚੰਗੇ ਜਰਨੈਲ ਨੇ ਮੇਰੇ ਸਿੱਖ, ਮੇਰੇ ਜਨਮ ਦਿਨ 'ਤੇ ਵੀ ਫਾਇਰ ਨਹੀਂ ਮਾਰਦੇ।'

ਉਸ ਨੇ ਪੁੱਛਿਆ-ਤੁਸੀਂ ਕਦੇ ਗੋਲੀ ਚਲਾਈ ਹੈ ਅੱਜ ਤੱਕ? ਮੈਂ ਦੱਸਿਆ ਕਿ ਬਾਹਰਵੀਂ ਕਲਾਸ ਵਿਚ ਪੱਚੀ ਗੋਲੀਆਂ ਚਲਾਈਆ ਸਨ ਐਨ.ਸੀ.ਸੀ. ਵਿਚ ਦਾਖਲਾ ਲੈ ਕੇ। ਥ੍ਰੀ-ਨਟ-ਥ੍ਰੀ ਦੀ ਭਾਰੀ ਬੰਦੂਕ ਸੀ। ਲੇਟ ਕੇ ਚਲਾਈਆਂ ਸਨ। ਸਾਹਮਣੇ ਟਿੱਬੇ ਉਪਰ ਨਿਸ਼ਾਨਾ ਟੰਗਿਆ ਹੋਇਆ ਸੀ। ਇਕ ਅੱਖ ਬੰਦ ਕਰ ਕੇ ਨਿਸ਼ਾਨਾ ਸੇਧਦਾ। ਘੋੜੇ ਉਪਰ ਉਂਗਲ ਹੁੰਦੀ। ਇਹ ਸੋਚ ਕੇ, ਕਿ ਘੋੜਾ ਦੱਬਣ ਸਾਰ ਧਮਾਕਾ ਹੋਏਗਾ ਤੇ ਬੰਦੂਕ ਦਾ ਬੱਟ ਠਾਹ ਕਰ ਕੇ ਮੋਢੇ 'ਤੇ ਵੱਜੇਗਾ, ਘੋੜਾ ਦੱਬਣ ਤੋਂ ਪਹਿਲਾਂ ਦੂਜੀ ਅੱਖ ਵੀ ਬੰਦ ਹੋ ਜਾਂਦੀ। ਪੱਚੀ ਦੀਆਂ ਪੱਚੀ ਗੋਲੀਆਂ ਮੈਂ ਦੋਵੇਂ ਅੱਖਾਂ ਬੰਦ ਕਰ ਕੇ ਚਲਾਈਆਂ। ਸੂਬੇਦਾਰ ਦੱਸਦਾ ਸੀ ਕਿ ਸੱਤ ਨਿਸ਼ਾਨੇ ਠੀਕ ਲੱਗ ਗਏ ਸਨ। ਦੋ ਮਹੀਨੇ ਮੋਢਾ ਦਰਦ ਕਰਨੋਂ ਨਹੀਂ ਹਟਿਆ ਸੀ। ਖੈਰ, ਛੋਕਰੇ ਦੀਆਂ ਕਰਤੂਤਾਂ ਦੇਖਦਿਆਂ ਬੰਦੂਕ ਵੇਚਣੀ ਪਈ।

ਭਾਈ ਮਰਦਾਨਾ ਜੀ ਨੂੰ ਕਿਤੋਂ ਅਸ਼ਰਫੀ ਮਿਲੀ ਜੋ ਉਨ੍ਹਾਂ ਨੇ ਨਜ਼ਰ ਬਚਾ ਕੇ ਝੋਬੇ ਵਿਚ ਪਾ ਲਈ ਕਿਉਂਕਿ ਮਹਾਰਾਜ ਦਾ ਹੁਕਮ ਸੀ, ਅਪਣੇ ਕੋਲ ਕੁਝ ਨਹੀਂ ਰੱਖਣਾ। ਉਜਾੜ ਥਾਵਾਂ ਲੰਘਦਿਆਂ ਰਾਤ ਪਈ ਤਾਂ ਭਾਈ ਮਰਦਾਨਾ ਜੀ ਨੇ ਕਿਹਾ-ਬਾਬਾ ਜੀ ਡਰ ਲਗਦੈ। ਮਹਾਰਾਜ ਨੇ ਫਰਮਾਇਆ-ਜਿਸ ਵਸਤੂ ਕਾਰਨ ਡਰ ਲਗਦਾ ਹੋਵੇ, ਉਹ ਸੁੱਟ ਦੇਈਏ ਤਾਂ ਡਰ ਲੱਗਣੋਂ ਨਾ ਹਟੇ?

ਜਿਸ ਕਮਰੇ ਵਿਚ ਰਹਿੰਦਾ ਸਾਂ, ਉਸ ਦੀ ਛੱਤ ਨਾਲ ਲਟਕਦਾ ਪੱਖਾ ਚੱਲਣ ਵੇਲੇ ਹਿਲਦਾ ਰਹਿੰਦਾ। ਰੈਗੂਲੇਟਰ ਨਾ ਹੋਣ ਕਾਰਨ ਤੇਜ਼ ਬੜਾ ਚਲਦਾ। ਮੈਂ ਡਰਦਾ ਰਹਿੰਦਾ ਕਿ ਜੇ ਇਹ ਉਪਰ ਡਿਗ ਪਿਆ, ਖਾਕੀ ਰੂੰਅ ਵਾਂਗ ਮੇਰੇ ਜਿਸਮ ਦੇ ਤੁੰਬੇ ਉਡਣਗੇ। ਆਪਣੇ ਜਮਾਤੀ ਕੁਲਵੰਤ ਦੀ ਸਲਾਹ ਲਈ ਕਿ ਕੀ ਕਰਾਂ? ਉਹ ਮੁੱਢ ਤੋਂ ਦੂਰਅੰਦੇਸ਼ ਹੈ। ਉਸ ਨੇ ਕਿਹਾ-'ਤੂੰ ਮੂਰਖ ਹੈਂ। ਇਸ ਦਾ ਤਾਂ ਬੜਾ ਸੌਖਾ ਇਲਾਜ ਐ। ਉਪਰ ਸੌਣ ਦੀ ਥਾਂ ਤੂੰ ਮੰਜੀ ਦੇ ਹੇਠ ਵੜ ਕੇ ਸੌਂ ਜਾਇਆ ਕਰ ਬੇਖੌਫ ਹੋ ਕੇ।'

'ਇਕਬਾਲੀਆ ਬਿਆਨ' ਵਿਚ ਰੂਸੋ ਲਿਖਦਾ ਹੈ-ਇਹ ਕਿਤਾਬ ਪਾਠਕੋ ਮੈਂ ਤੁਹਾਡੇ ਲਈ ਘੱਟ, ਰੱਬ ਵਾਸਤੇ ਵੱਧ ਲਿਖੀ ਹੈ। ਉਹਨੂੰ ਬੜੇ ਕੰਮ ਹਨ। ਜਿੰਨੇ ਗੁਨਾਹ ਕੀਤੇ, ਉਹ ਮੈਂ ਇਸ ਕਿਤਾਬ ਵਿਚ ਲਿਖ ਦਿਤੇ। ਰੱਬ ਦੇ ਮੇਜ਼ ਉਪਰ ਆਪਣਾ ਇਕਬਾਲੀਆ ਬਿਆਨ ਰੱਖ ਕੇ ਆਖਾਂਗਾ-ਇਕ ਵੀ ਗੁਨਾਹ ਅਜਿਹਾ ਦੱਸ ਪਿਤਾ, ਜਿਹੜਾ ਮੈਂ ਕੀਤਾ ਹੋਵੇ ਤੇ ਇਸ ਕਿਤਾਬ ਵਿਚ ਦਰਜ ਨਾ ਹੋਇਆ ਹੋਵੇ। ਹੁਣ ਇਕ ਇਕ ਗੁਨਾਹ ਬਾਬਤ ਸਵਾਲ ਨਾ ਕਰ ਕਿ ਕਿਉਂ ਕੀਤਾ ਸੀ। ਜਦੋਂ ਮੈਂ ਇਹ ਗੁਨਾਹ ਕੀਤੇ, ਮੈਨੂੰ ਪਤਾ ਸੀ ਕਿ ਨਹੀਂ ਕਰਨੇ ਚਾਹੀਦੇ,

(ਬਾਕੀ ਸਫਾ 36 'ਤੇ)

## ਕਹਾਣੀ

# ਫੈਸਲਾ

***ਬਹੁਤ ਅਗੇਤੇ ਤੁਰ ਗਏ ਸਾਡੇ ਯਾਰ ਨਰਿੰਦਰ ਭੁੱਲਰ ਦੀ ਕਹਾਣੀ 'ਫੈਸਲਾ' ਦੀਆਂ ਕਈ ਪਰਤਾਂ ਹਨ, ਉਸ ਦੇ ਆਪਣੇ ਜੀਵਨ-ਪੰਧ ਵਾਂਗ ਹੀ। ਇਹ ਕਹਾਣੀ ਪਹਿਲੀ ਵਾਰ 1988 ਵਿਚ ਸਾਹਿਤਕ ਪਰਚੇ 'ਸਿਰਨਾਵਾਂ' ਦੇ ਮਈ ਅੰਕ ਵਿਚ ਛਪੀ ਸੀ। ਉਦੋਂ ਨਰਿੰਦਰ 30 ਵਰ੍ਹਿਆਂ ਦਾ ਭਰ ਜਵਾਨ ਸੀ। ਉਸ ਦੀ ਸਮਾਜਕ ਸੂਝ ਇਸ ਕਹਾਣੀ ਦੀ ਹਰ ਸਤਰ ਵਿਚੋਂ ਝਾਕਦੀ ਪ੍ਰਤੀਤ ਹੁੰਦੀ ਹੈ। ਟੁੱਟਦੇ-ਜੁੜਦੇ ਰਿਸ਼ਤੇ, ਗੂੜ੍ਹਾ-ਫਿੱਕਾ ਹੋ ਰਿਹਾ ਮੋਹ, ਲੀਹੇ ਪਾ ਤੇ ਫਿਰ ਲੀਹੋਂ ਲਾਹ ਰਹੀ ਮਾਇਆ ਅਤੇ ਸੰਕਟ ਦੀਆਂ ਘੜੀਆਂ ਵਿਚ ਰਿੱਝਦੀਆਂ ਰੀਝਾਂ ਦੀਆਂ ਲੜੀਆਂ ਉਸ ਨੇ ਇਸ ਕਹਾਣੀ ਵਿਚ ਪੂਰੇ ਠੁੱਕ ਨਾਲ ਪਰੋਈਆਂ ਹਨ। ਪਿਛਲੇ ਹਫਤੇ ਉਹਦੇ ਬਾਰੇ ਲਿਖੇ ਲੇਖ ਨੂੰ ਅੰਤਿਮ ਛੋਹਾਂ ਦਿੰਦਿਆਂ ਨਰਿੰਦਰ ਦੀਆਂ ਕਈ ਕਹਾਣੀਆਂ ਅਤੇ ਇਨ੍ਹਾਂ ਦੇ ਪਾਤਰ ਦਿਲ ਦਾ ਬੂਹਾ ਖੜਕਾਉਣ ਲੱਗ ਪਏ। ਇਨ੍ਹਾਂ ਵਿਚੋਂ ਇਕ ਕਹਾਣੀ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀ ਕਰਨ ਲਈ ਛਾਂਟ ਲਈ ਹੈ। ਇਸ ਕਹਾਣੀ ਦੀ ਰਵਾਨੀ, ਇਸ ਰਵਾਨੀ ਦੇ ਚਲਦਿਆਂ ਹਾਲਾਤ ਵਿਚ ਪੈਂਦੇ ਵੱਢ ਅਤੇ ਅਖੀਰ ਵਿਚ ਨਰਿੰਦਰ ਦੀ ਫਲਸਫਾਨਾ ਟਿੱਪਣੀ ਜ਼ਿਹਨ ਨੂੰ ਕੁਰੇਦ ਸੁੱਟਦੀ ਹੈ। -ਸੰਪਾਦਕ***

ਅਚਾਨਕ ਹੀ ਪਿਤਾ ਜੀ ਨੇ ਫੈਸਲਾ ਬਦਲ ਦਿੱਤਾ ਸੀ। ਤਾਇਆ ਮੇਰਾ ਕੱਚਾ ਜਿਹਾ ਹੋਇਆ ਮੰਜੇ ਉਤੇ ਬੈਠਾ-ਬੈਠਾ ਭੁੰਜਿਉਂ ਤੀਲ੍ਹਾ ਚੁੱਕ ਕੇ ਲਕੀਰਾਂ ਜਿਹੀਆਂ ਵਾਹੁਣ ਲੱਗ ਪਿਆ ਸੀ। ਉਹਨੂੰ ਕੁਝ ਸੁੱਝ ਨਹੀਂ ਸੀ ਰਿਹਾ। ਬੰਦਾ ਆਪਣੀਆਂ ਨਜ਼ਰਾਂ ਵਿਚ ਡਿੱਗ ਕੇ ਕਿੰਨਾ ਨਿੱਕਾ ਹੋ ਜਾਂਦਾ ਹੈ! ਮੇਰੇ ਤਾਏ ਦੇ ਚਿਹਰੇ ਉਤੇ ਛਾਈ ਸ਼ਰਮਿੰਦਗੀ ਨੇ

ਨਰਿੰਦਰ ਭੁੱਲਰ

ਮੈਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਸੀ ਕਿ ਜਦੋਂ ਵਿਸ਼ਵਾਸ ਟੁੱਟਦਾ ਹੈ ਤਾਂ ਬੰਦਾ ਅੰਦਰੋਂ ਕਿਵੇਂ ਚੀਨਾ-ਚੀਨਾ ਹੋ ਜਾਂਦਾ ਹੈ, ਸ਼ਬਦ ਕਿੰਨੇ ਊਣੇ ਹੋ ਜਾਂਦੇ ਹਨ। ਇਸ ਗੱਲ ਦਾ ਅਹਿਸਾਸ ਮੈਨੂੰ ਆਪਣੇ ਪਿਤਾ ਜੀ ਦੇ ਜ਼ੋਰ-ਜ਼ੋਰ ਦੀ ਹਿਲਦੇ ਹੱਥਾਂ ਅਤੇ ਮੂੰਹ ਵਿਚ ਹੀ ਰਹਿ ਜਾਂਦੇ ਸ਼ਬਦਾਂ ਤੋਂ ਹੋਇਆ ਸੀ।

ਉਹ ਫੌਜ ਵਿਚੋਂ ਝੂਲੇ ਦੀ ਨਾ-ਮੁਰਾਦ ਬਿਮਾਰੀ ਲੈ ਕੇ ਮੁੜੇ ਸਨ। ਉਂਜ ਵੱਖ-ਵੱਖ ਫੌਜੀ ਹਸਪਤਾਲਾਂ ਵਿਚ ਉਨ੍ਹਾਂ ਦਾ ਇਲਾਜ ਹੁੰਦਾ ਰਿਹਾ ਸੀ, ਪਰ ਜਦੋਂ ਰੋਗ ਠੀਕ ਨਾ ਹੋਇਆ ਤਾਂ ਅਗਲਿਆਂ ਨੇ ਪੈਨਸ਼ਨ ਦੇ ਕੇ ਘਰ ਤੋਰ ਦਿੱਤਾ ਸੀ। ਉਹ ਕੋਈ ਕੰਮ ਕਰਨ ਜੋਗੇ ਨਹੀਂ ਸਨ ਰਹੇ। ਕਮਾਈ ਦਾ ਵਸੀਲਾ ਮੁੱਕ ਗਿਆ ਸੀ। ਇਹ ਗੱਲ ਇੰਨੀ ਅਚਾਨਕ ਵਾਪਰੀ ਸੀ ਕਿ ਘਰ ਵਿਚ ਭੁਚਾਲ ਆ ਗਿਆ ਸੀ।

ਪੈਨਸ਼ਨ ਦੇ ਸਿਰ 'ਤੇ ਗੁਜ਼ਾਰਾ ਚੱਲਣਾ ਮੁਸ਼ਕਿਲ ਸੀ। ਬੀਜੀ ਸਾਰਾ ਦਿਨ ਸੋਚਾਂ ਵਿਚ ਗੁਆਚੇ ਰਹਿੰਦੇ। ਇਕ-ਇਕ ਦਿਨ ਟੁੱਟਣਾ ਮੁਹਾਲ ਹੋ ਗਿਆ। ਮਕਾਨ ਦੇ ਕਿਰਾਏ ਦਾ ਸਵਾਲ ਜ਼ਿੰਦਗੀ-ਮੌਤ ਦਾ ਸਵਾਲ ਬਣ ਕੇ ਖੜ੍ਹ ਜਾਂਦਾ।

ਪਿਤਾ ਜੀ ਦੇ ਲਿਆਂਦੇ ਪੈਸੇ ਹੌਲੀ-ਹੌਲੀ ਕਰ ਕੇ ਖੁਰਨ ਲੱਗ ਪਏ। ਵੱਡੀ ਭੈਣ ਨੂੰ ਸਕੂਲੋਂ ਹਟਾ ਲਿਆ। ਬੀਜੀ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਲੋਕਾਂ ਦੇ ਕੱਪੜੇ ਸਿਉਣੇ ਸ਼ੁਰੂ ਕੀਤੇ। ਪਹਿਲੀ ਵਾਰ ਸਾਡੇ ਘਰ ਪੈਲੀਆਂ ਵਿਚੋਂ ਤੋੜ ਕੇ ਲਿਆਂਦਾ ਚੁਲਾਈ ਤੇ ਇੱਟ-ਸਿੱਟ ਦਾ ਸਾਗ ਰਿੱਝਣਾ ਸ਼ੁਰੂ ਹੋਇਆ। ਮੈਂ ਵਰਦੀ ਅਤੇ ਜ਼ਰੂਰੀ ਕਾਪੀਆਂ-ਕਿਤਾਬਾਂ ਤੋਂ ਬਿਨਾਂ ਸਕੂਲ ਜਾਣ ਲੱਗ ਪਿਆ ਤੇ ਸਜ਼ਾ ਵਜੋਂ ਮੈਨੂੰ ਰੋਜ਼, ਜਾਂ ਬੈਂਚ ਉਤੇ ਬਾਹਾਂ ਉਪਰ ਕਰ ਕੇ ਖੜ੍ਹਾ ਹੋਣਾ ਪੈਂਦਾ, ਜਾਂ ਸਵੇਰ ਵੇਲੇ ਠਰੂੰ-ਠਰੂੰ ਕਰਦੇ ਹੱਥਾਂ ਉਤੇ ਬੈਂਤ ਦੀ ਮਾਰ ਸਹਿਣੀ ਪੈਂਦੀ; ਤੇ ਇਨ੍ਹਾਂ ਹੀ ਦਿਨਾਂ ਵਿਚ ਮੈਂ ਸਕੂਲੋਂ ਵਰਦੀ ਲੈਣ ਲਈ ਅਰਜ਼ੀ ਵੀ ਲਿਖੀ।

ਬੀਜੀ ਸਾਰਾ ਦਿਨ ਸਿਲਾਈ ਕਰਦੇ ਰਹਿੰਦੇ, ਮੁਹੱਲੇ ਦੀਆਂ ਜਨਾਨੀਆਂ ਦੀ ਆਵਾਜਾਈ ਚਲਦੀ ਰਹਿੰਦੀ। ਉਹ ਲੀੜੇ ਸਿਉਣ ਦੇਣ ਆਈਆਂ ਸਾਡੇ ਘਰ ਉਤੇ ਪਈ ਰੱਬ ਦੀ ਮਾਰ ਦੀ ਗੱਲ ਛੋਹ ਬੈਠਦੀਆਂ। ਬੀਜੀ ਇਹ ਗੱਲਾਂ ਸੁਣਦੇ-ਸੁਣਦੇ ਕੰਮ ਛੱਡ ਕੇ ਰੋਣ ਲੱਗ ਪੈਂਦੇ।

ਉਹ ਰੱਬ ਉਤੇ ਭਰੋਸਾ ਰੱਖਣ ਲਈ ਕਹਿੰਦੀਆਂ ਅਤੇ ਮੇਰੇ ਵੱਲ ਇਸ਼ਾਰਾ ਕਰ ਕੇ ਕਹਿੰਦੀਆਂ, "ਤੂੰ ਘਾਬਰ ਨਾ, ਕੱਲ੍ਹ ਨੂੰ ਮੁੰਡਾ ਗੱਭਰੂ ਹੋ ਗਿਆ ਤਾਂ ਸਾਰੇ ਧੋਣੇ ਧੋਤੇ ਜਾਣਗੇ। ਉਹਦੇ ਘਰ ਦੇਰ ਆ, ਹਨੇਰ ਨ੍ਹੀਂ।"

"ਤੂੰ ਇਹਨੂੰ ਪੜ੍ਹਨੋਂ ਹਟਾ ਕੇ ਕੰਮ 'ਤੇ ਲਾ ਦੇ। ਸਾਲ ਖੰਡ ਨੂੰ ਕਮਾਈ ਕਰਨ ਜੋਗਾ ਹੋ ਜਾਊ", ਕੋਈ ਹੋਰ ਕਹਿੰਦੀ।

ਮੈਂ ਕਿਤਾਬ ਤੋਂ ਧਿਆਨ ਹਟਾ ਕੇ ਉਹਦੇ ਵੱਲ ਗੁੱਸੇ ਨਾਲ ਵਿੰਹਦਾ ਅਤੇ ਫੇਰ ਪੜ੍ਹਨ ਲੱਗ ਪੈਂਦਾ।

"ਨਾ ਕੁੜੇ, ਪੜ੍ਹਨੋਂ ਨਾ ਹਟਾਈਂ ਤੂੰ ਇਹਨੂੰ। ਇਹਦੀ ਕੰਮ ਕਰਨ ਦੀ ਉਮਰ ਆ ਕੋਈ", ਮਾਸੀ ਤਾਰੋ ਕਹਿੰਦੀ, ਜੀਹਦਾ ਆਪਣਾ ਪੁੱਤ ਐਸਾ ਬਿਮਾਰ ਪਿਆ ਸੀ ਕਿ ਮੁੜ ਮੰਜੇ ਤੋਂ ਜਿਉਂਦਾ ਨਹੀਂ ਸੀ ਉਠਿਆ ਅਤੇ ਉਹਦੇ ਚਾਂਦੀ ਵਰਗੇ ਦਿਨਾਂ ਨੂੰ ਘੁੱਪ ਹਨੇਰੇ ਵਿਚ ਬਦਲ ਗਿਆ ਸੀ। ਉਹ ਮੈਨੂੰ ਪੁੱਤਾਂ ਵਾਂਗ ਹੀ ਪਿਆਰ ਕਰਦੀ ਅਤੇ ਅਜਿਹੇ ਮੌਕੇ ਮੈਨੂੰ ਬੁੱਕਲ ਵਿਚ ਲੈ ਕੇ ਸਿਸਕਣ ਲੱਗ ਪੈਂਦੀ। ਮੈਂ ਉਹਦੀ ਬੁੱਕਲ ਦਾ ਨਿੱਘ ਮਹਿਸੂਸ ਕਰਦਾ ਸਿਰ ਉਹਦੀ ਛਾਤੀ ਨਾਲ ਘੁੱਟ ਦਿੰਦਾ ਅਤੇ ਫਿਰ ਸ਼ਰਾਰਤ ਨਾਲ ਪੋਲੇ ਜਿਹੇ ਉਂਗਲ ਉਹਦੀ ਵੱਖੀ ਵਿਚ ਖੋਭ ਦਿੰਦਾ। ਉਹ ਸਿਸਕਦੀ ਸਿਸਕਦੀ ਇਕ ਦਮ ਹੱਸ ਪੈਂਦੀ। ਉਹਦੀ ਪਕੜ ਢਿੱਲੀ ਪੈ ਜਾਂਦੀ। ਮੈਂ ਬੁੱਕਲ ਵਿਚੋਂ ਨਿਕਲ ਕੇ ਭੱਜ ਪੈਂਦਾ ਅਤੇ ਉਹ "ਖਲੋ ਕੁੱਤਿਆ, ਸੁਆਰਦੀ ਆਂ ਤੇਰੀ ਭੁਗਤ", ਕਹਿੰਦੀ ਮੇਰੇ ਮਗਰ ਭੱਜ ਉਠਦੀ। ਤੇ ਮੈਂ ਦੂਰ ਜਾ ਕੇ ਤਾੜੀ ਮਾਰ ਕੇ ਹੱਸ ਪੈਂਦਾ।

ਮੈਨੂੰ ਸਕੂਲੋਂ ਹਟਾ ਲੈਣ ਦੀ ਗੱਲ ਉਹਨੂੰ ਕਦੇ ਪਸੰਦ ਨਾ ਆਉਂਦੀ।

"ਫੁੱਲ ਵਰਗਾ ਮੁੰਡਾ, ਆਹ ਇਹਦੀ ਕੰਮ ਕਰਨ ਦੀ ਉਮਰ ਆ। ਇਹਦੀ ਉਮਰ ਦੇ ਨਿਆਣੇ ਤਾਂ ਸਵੇਰੇ ਸੁੱਤੇ ਪਏ, ਵਾਜ਼ ਨ੍ਹੀਂ ਦਿੰਦੇ। ਪੜ੍ਹਨ ਦੇ ਸੂ ਇਹਨੂੰ", ਉਹ ਮੇਰੇ ਬੀਜੀ ਨੂੰ ਕਹਿੰਦੀ ਰਹਿੰਦੀ।

ਬੀਜੀ ਇਹ ਗੱਲਾਂ ਸੁਣਦੇ ਅਤੇ ਕੰਮ ਕਰਦੇ ਰਹਿੰਦੇ। ਪਿਤਾ ਜੀ ਜਾਂ ਤਾਂ ਸਾਰਾ ਦਿਨ ਘਰ ਪਏ ਰਹਿੰਦੇ ਜਾਂ ਫੇਰ ਰੰਦਾ ਤੇ ਤੇਸਾ ਬੋਰੀ ਵਿਚ ਪਾ ਕਿਸੇ ਨਾ ਕਿਸੇ ਦੁਕਾਨ ਉਤੇ ਮਾੜਾ ਮੋਟਾ ਕੰਮ ਕਰ ਆਉਂਦੇ। ਸਕੂਲੋਂ ਆ ਕੇ ਮੈਂ ਵੀ ਮੱਦਦ ਕਰਾਉਂਦਾ।

ਸ਼ੁਰੂ-ਸ਼ੁਰੂ ਵਿਚ ਤਾਂ ਰਿਸ਼ਤੇਦਾਰਾਂ ਨੇ ਮੱਦਦ ਕੀਤੀ। ਕੋਈ ਕਣਕ ਦੇ ਜਾਂਦਾ, ਕੋਈ ਮੱਕੀ। ਪਿੰਡ ਗਿਆਂ ਦੇ ਪੱਲੇ ਮਿਰਚਾਂ, ਦਾਲ ਆਦਿ ਬੰਨ੍ਹ ਦਿੰਦੇ, ਪਰ ਘਰ ਵਿਚ ਭੰਗ ਭੁੱਜਣੋਂ ਫਿਰ ਵੀ ਨਹੀਂ ਸੀ ਹਟੀ। ਇਕ ਵੇਲੇ ਦੀ ਖਾ ਕੇ ਦੂਜੇ ਵੇਲੇ ਦਾ ਫਿਕਰ ਪੈ ਜਾਂਦਾ। ਮੇਰੀ ਵੱਡੀ ਭੈਣ ਲਿਫਾਫੇ ਵਿਚੋਂ ਸਾਰਾ ਆਟਾ ਗੁੰਨ ਕੇ ਪਹਿਲਾਂ ਰੋਟੀਆਂ ਪਕਾਉਂਦੀ, ਫਿਰ ਗਿਣਦੀ ਅਤੇ ਸਾਰਿਆਂ ਨੂੰ ਗਿਣਤੀ ਦੀਆਂ ਰੋਟੀਆਂ ਧਰ ਕੇ ਹਦਾਇਤ ਕਰਦੀ, "ਰੋਟੀਆਂ ਇੰਨੀਆਂ ਇੰਨੀਆਂ ਹੀ ਹਨ, ਹੋਰ ਨਾ ਮੰਗਿਉ।"

ਇਹ ਗਿਣਤੀ ਕਦੇ ਵੱਧ ਹੁੰਦੀ, ਕਦੇ ਘੱਟ। ਕਦੇ ਸਭ ਰੱਜ ਕੇ ਉਠਦੇ ਅਤੇ ਕਦੇ ਅੱਧੇ ਭੁੱਖੇ। ਇਨ੍ਹਾਂ ਹੀ ਦਿਨਾਂ ਵਿਚ ਬੀਜੀ ਨੇ ਕਿਸੇ ਨੂੰ ਕਿਹਾ ਕਿ ਪੈਸਾ ਹੱਥਾਂ ਦੀ ਮੈਲ ਨਹੀਂ, ਲਹੂ ਹੁੰਦਾ ਹੈ। ਮੈਨੂੰ ਭਾਵੇਂ ਉਦੋਂ ਇਸ ਗੱਲ ਦੀ ਤੀਬਰਤਾ ਦਾ ਅਹਿਸਾਸ ਨਹੀਂ ਸੀ ਹੋਇਆ, ਪਰ ਮਗਰੋਂ ਦੇ ਵਰ੍ਹਿਆਂ ਵਿਚ ਮੈਨੂੰ ਇਹ ਸੱਚ ਵੀ ਆਪਣੇ ਪਿੰਡੇ ਉਤੇ ਹੰਢਾਉਣਾ ਪਿਆ।

ਹੌਲੀ-ਹੌਲੀ ਰਿਸ਼ਤੇਦਾਰਾਂ ਨੇ ਸਾਨੂੰ ਸਾਡੇ ਹਾਲ ਉਤੇ ਛੱਡ ਦਿੱਤਾ, ਪਰ ਮੇਰੇ ਤਾਏ ਨੂੰ ਭਰਾ ਦਾ ਦੁੱਖ ਮਾਰਦਾ ਸੀ। ਉਹ ਮਨੋਂ ਸਾਡੀ ਮੱਦਦ ਕਰਨੀ ਚਾਹੁੰਦਾ ਸੀ ਪਰ ਸਾਡੇ ਲਈ ਸਭ ਕੁਝ ਸ਼ਹਿਰ ਢੋਣਾ ਉਹਦੇ ਵਾਸਤੇ ਮੁਸ਼ਕਿਲ ਸੀ ਤੇ ਉਹਦੇ ਆਵਦੇ ਘਰ ਲੜਾਈ ਪੈਂਦੀ ਸੀ। ਇਨ੍ਹਾਂ ਹੀ ਦਿਨਾਂ ਵਿਚ ਇਕ ਦਿਨ ਉਹਨੇ ਮੱਸਿਆ ਨਹਾਉਣ ਆਏ ਨੇ ਪਿਤਾ ਜੀ ਨੂੰ ਕਿਹਾ ਸੀ, "ਤੁਸੀਂ ਪਿੰਡ ਚਲੇ ਚਲੋ, ਆਹ ਸ਼ਹਿਰ ਦਾ ਖਰਚਾ ਹੁਣ ਤੁਹਾਥੋਂ ਪੁੱਗਣਾ ਨ੍ਹੀਂ।"

ਰੋਗੀ ਹੋ ਜਾਣ ਕਰ ਕੇ ਪਿਤਾ ਜੀ ਦਾ ਮਨ ਇੰਨਾ ਡੋਲਿਆ ਹੋਇਆ ਸੀ ਕਿ ਉਹ ਕੋਈ ਵੀ ਫੈਸਲਾ ਨਹੀਂ ਸਨ ਕਰ ਸਕਦੇ। ਜਿੱਧਰ ਕੋਈ ਲਾਉਂਦਾ, ਉਧਰ ਲੱਗ ਜਾਂਦੇ। ਰਿਟਾਇਰ ਹੋਣ ਤੋਂ ਮਗਰੋਂ ਕਿਸੇ ਮਾੜੀ-ਮੋਟੀ ਦੁਕਾਨ ਪਾਉਣ ਦੀ ਸਲਾਹ ਦਿੱਤੀ, ਤਾਂ ਉਹ ਝੱਟ ਮੰਨ ਗਏ; ਪਰ ਦੁਕਾਨਦਾਰੀ ਦੇ ਗੁਰਾਂ ਤੋਂ ਬਿਨਾਂ ਦੁਕਾਨਦਾਰੀ ਕਿਵੇਂ ਚੱਲੇ? ਸਾਰੀ ਉਮਰ ਤਾਂ ਫੌਜ ਵਿਚ ਪਰੇਡ ਕੀਤੀ ਸੀ, ਜਾਂ ਬਿਸਤਰਾ ਬੋਰੀਆ ਬੰਨ੍ਹ ਕੇ ਇਕ ਛਾਉਣੀ ਤੋਂ ਦੂਜੀ ਛਾਉਣੀ ਦਾ ਸਫ਼ਰ ਕੀਤਾ ਸੀ। ਦੁਕਾਨ ਚਲਾਉਣ ਲਈ ਗੱਲਾਂ ਮਾਰਨ ਦੀ ਜਾਚ ਆਉਣੀ ਚਾਹੀਦੀ ਸੀ, ਉਹ ਸੀ ਨਹੀਂ। ਸੋ, ਦੁਕਾਨ ਫੇਲ੍ਹ ਹੋ ਗਈ। ਫਿਰ ਉਨ੍ਹਾਂ ਦੀ ਸਿਹਤ ਮੁਤਾਬਿਕ ਲੋਕ ਕੋਈ ਨਾ ਕੋਈ ਕੰਮ ਦੱਸਦੇ ਰਹਿੰਦੇ ਅਤੇ ਉਹ ਕਰਦੇ ਰਹਿੰਦੇ।

ਹੁਣ ਜਦੋਂ ਤਾਏ ਨੇ ਪਿੰਡ ਚੱਲਣ ਲਈ ਕਿਹਾ, ਤਾਂ ਉਹ ਨਾਂਹ ਨਾ ਕਰ ਸਕੇ।

"ਠੀਕ ਆ, ਜਿਵੇਂ ਤੁਸੀਂ ਕਹਿੰਨੇ ਓਂ, ਉਵੇਂ ਕਰ ਲੈਨੇ ਆਂ", ਉਨ੍ਹਾਂ ਸਾਰੀ ਗੱਲ ਤਾਏ ਦੇ ਸਿਰ ਸੁੱਟਦਿਆਂ ਕਿਹਾ।

"ਪਿੰਡ ਵਾਲਾ ਥਾਂ ਖਾਲੀ ਪਿਐ, ਕੁੱਤੇ ਹੱਗਦੇ ਆ ਉਥੇ। ਤੁਹਾਡੇ ਜਾਣ ਨਾਲ ਘਰ ਫਿਰ ਵਸ ਜਾਊ। ਇਕ ਕੋਠਾ ਲਿੰਬ ਪੋਚ ਦਿੰਨੇ ਆਂ ਪਹਿਲਾਂ," ਮੇਰੇ ਤਾਏ ਨੇ ਸਾਰੀ ਸਕੀਮ ਦੱਸੀ। ਉਹ ਸਾਡੇ ਜੱਦੀ ਪਿੰਡੋਂ ਉਠ ਕੇ ਨੇੜੇ ਦੇ ਪਿੰਡ ਸੇਪ ਕਰਦਾ ਸੀ। ਇਸ ਲਈ ਪੁਰਾਣਾ ਘਰ ਕਈ ਵਰ੍ਹਿਆਂ ਤੋਂ ਵਿਹਲਾ ਪਿਆ ਸੀ। ਮੀਂਹਾਂ ਝੜੀਆਂ ਦੀ ਮਾਰ ਸਹਿੰਦਿਆਂ ਕੱਚੀਆਂ ਛੱਤਾਂ ਬਹਿ ਗਈਆਂ ਸਨ। ਕੰਧਾਂ ਤੋਂ ਵੱਡੇ-ਵੱਡੇ ਲਿਉੜ ਡਿੱਗ ਪਏ ਸਨ ਅਤੇ ਕੱਚੀ ਮਿੱਟੀ ਰੋੜਾਂ ਵਿਚ ਵਟ ਗਈ ਸੀ।

"ਅਸੀਂ ਨ੍ਹੀਂ ਜਾਣਾ ਪਿੰਡ," ਮੇਰੇ ਬੀਜੀ ਨੇ ਤਾਏ ਦੀ ਸਕੀਮ ਉਤੇ ਪਾਣੀ ਫੇਰਦਿਆਂ ਕਿਹਾ, "ਇਥੇ ਖਾਈ ਜਾਵਾਂਗੇ ਅਸੀਂ ਰੁੱਖੀ-ਮਿੱਸੀ।"

ਤਾਏ ਨੂੰ ਇਸ ਜਵਾਬ ਦੀ ਆਸ ਨਹੀਂ ਸੀ। ਉਹ ਹੋਰੂੰ-ਹੋਰੂੰ ਜਿਹਾ ਝਾਕਣ ਲੱਗ ਪਿਆ। ਪਤਾ ਨਹੀਂ ਬੀਜੀ ਇੰਜ ਕਿਉਂ ਬੋਲੇ ਸਨ। ਤਾਇਆ ਦਿਲੋਂ ਸਾਡੀ ਮੱਦਦ ਕਰਨੀ ਚਾਹੁੰਦਾ ਸੀ, ਪਰ ਬੀਜੀ ਪਿੰਡ ਜਾਣ ਲਈ ਤਿਆਰ ਨਹੀਂ ਸਨ। ਸ਼ਾਇਦ ਉਨ੍ਹਾਂ ਦੇ ਮਨ ਵਿਚ ਉਹ ਗੁੱਸਾ ਹੋਵੇ, ਜਦੋਂ ਉਨ੍ਹਾਂ ਘਰ ਦੇ ਸਾਂਝੇ ਸਾਮਾਨ ਦੀ ਵੰਡ ਕਰਦਿਆਂ ਸਾਡੇ ਪੱਲੇ ਕੁਝ ਵੀ ਨਹੀਂ ਸੀ ਪਾਇਆ। ਬੀਜੀ ਹੋਰੀਂ ਇਕ ਤਰ੍ਹਾਂ ਖਾਲੀ ਹੀ ਨਿਕਲੇ ਸਨ ਉਸ ਘਰੋਂ। ਹੁਣ ਵੀ ਸ਼ਾਇਦ ਉਨ੍ਹਾਂ ਨੂੰ ਤਾਏ ਉਤੇ ਜਿਵੇਂ ਵਿਸ਼ਵਾਸ ਨਹੀਂ ਸੀ ਆ ਰਿਹਾ।

"ਕਿਥੋਂ ਖਾਈ ਜਾਵਾਂਗੇ ਰੁੱਖੀ-ਮਿੱਸੀ? ਕੰਮ 'ਚ ਲੱਤ ਅੜਾਉਣ ਦੀ ਤਾਂ ਤੇਰੀ ਆਦਤ ਆ," ਪਿਤਾ ਜੀ ਗੁੱਸੇ ਵਿਚ ਬੋਲੇ।

"ਮੈਂ ਤਾਂ ਤੁਹਾਡੀ ਤੰਗੀ ਵੇਖ ਕੇ ਆਹਨਾਂ। ਇਥੇ ਹਰ ਚੀਜ਼ ਮੁੱਲ ਦੀ ਆ। ਉਥੇ ਦੁੱਧ ਘਰ ਦਾ ਹੋਊ। ਨਿਆਣਿਆਂ ਦੇ ਮੂੰਹ 'ਚ ਭੋਰਾ ਥਿੰਦਾ ਪਊ। ਸਾਗ-ਪੱਠੇ ਦੀ ਕੋਈ ਟੋਟ ਨ੍ਹੀਂ ਉਥੇ," ਤਾਏ ਨੇ ਪਿੰਡ ਦੇ ਫਾਇਦੇ ਗਿਣਵਾਏ।

"ਸਾਗ-ਪੱਠੇ ਸਾਡੇ ਲਈ ਕੌਣ ਲਈ ਬੈਠੇ ਉਥੇ? ਸਾਡੇ ਕਿਹੜੇ ਮੁਰੱਬੇ ਆ ਉਥੇ? ਕਾਹਦੇ ਸਿਰ 'ਤੇ ਚਲੇ ਚਲੀਏ ਪਿੰਡ, ਅਹਿ ਢੱਠੇ ਕੋਠਿਆਂ ਦੇ ਸਿਰ 'ਤੇ?" ਬੀਜੀ ਨੇ ਸਿਰ ਦਾ ਪੱਲਾ ਠੀਕ ਕਰਦਿਆਂ ਗੁੱਸੇ ਵਿਚ ਕਿਹਾ।

"ਚੱਲ ਭਾਈ ਬੀਬਾ, ਸਾਡਾ ਕੋਈ ਜ਼ੋਰ ਆ। ਅਸੀਂ ਤਾਂ ਭਲੇ ਦੀ ਆਹਨੇ ਆਂ। ਪਿੰਡੀਂ-ਥਾਂਈਂ ਲੋਕ ਭੁੱਖੇ ਤਾਂ ਨ੍ਹੀਂ ਸੌਂਦੇ! ਜਿਥੇ ਹੋਰ ਕੁੜੀਆਂ ਕੰਮ ਕਰਦੀਆਂ ਨੇ, ਇਹ ਵੀ ਕਰ ਲਿਆ ਕਰਨਗੀਆਂ," ਮੇਰੇ ਤਾਏ ਨੇ ਮੇਰੀਆਂ ਭੈਣਾਂ ਵੱਲ ਇਸ਼ਾਰਾ ਕਰਦਿਆਂ ਕਿਹਾ, ਜਿਹੜੀਆਂ ਉਸ ਵੇਲੇ ਰਸੋਈ ਵਿਚ ਬੈਠੀਆਂ ਆਪਸ ਵਿਚ ਘੁਸਰ-ਮੁਸਰ ਕਰ ਰਹੀਆਂ ਸਨ ਅਤੇ ਕਦੇ-ਕਦੇ ਤਾਏ ਵੱਲ ਕੌੜ ਨਾਲ ਵੇਖ ਲੈਂਦੀਆਂ ਸਨ। ਪਿਤਾ ਜੀ ਚੁੱਪ ਬੈਠੇ ਸਨ ਅਤੇ ਜਿਹੜਾ ਗੱਲ ਕਰਦਾ ਉਹਦੇ ਮੂੰਹ ਵੱਲ ਵੇਖੀ ਜਾਂਦੇ।

"ਕੀ ਕੰਮ ਕਰ ਲੈਣਗੀਆਂ ਕੁੜੀਆਂ?" ਬੀਜੀ ਨੇ ਸਵਾਲ ਕੀਤਾ।

"ਥੋੜੇ ਕੰਮ ਆ ਉਥੇ? ਮਿਰਚਾਂ ਡੁੰਗ ਲਿਆਇਆ ਕਰਨਗੀਆਂ, ਕਪਾਹ ਚੁਗ ਲਿਆਇਆ ਕਰਨਗੀਆਂ, ਵੀਹ ਕੰਮ ਆ," ਉਹਨੇ ਕਹਿੰਦਿਆਂ ਆਪਣੀ ਲੰਮੀ ਦਾੜ੍ਹੀ ਉਤੇ ਹੱਥ ਫੇਰਿਆ, ਢਿਲਕ ਆਇਆ ਪੱਗ ਦਾ ਲੜ ਠੀਕ ਕੀਤਾ, ਸਾਫ਼ੇ ਨਾਲ ਮੱਥੇ ਤੋਂ ਮੁੜ੍ਹਕਾ ਪੂੰਝਿਆ ਅਤੇ ਮੰਜੇ ਉਤੇ ਸੂਤ ਹੋ ਕੇ ਬੈਠ ਗਿਆ।

ਲਗਦਾ ਸੀ, ਤਾਇਆ ਇਸ ਤਰ੍ਹਾਂ ਦੇ ਸਵਾਲ-ਜਵਾਬ ਲਈ ਤਿਆਰ ਹੋ ਕੇ ਨਹੀਂ ਸੀ ਆਇਆ। ਇਸੇ ਲਈ ਉਹਨੇ ਗੱਲ ਹੋਰ ਪਾਸੇ ਪਾਉਣ ਲਈ ਕਿਹਾ, "ਤਵਾੜ ਲਗਿਆ ਪਿਆ ਐ ਅੱਜ ਤਾਂ, 'ਵਾ ਤਾਂ ਜਮ੍ਹਾਂ ਈ ਖਲੋਤੀ ਪਈ ਆ।" ਉਹਨੇ ਇਹ ਗੱਲ ਕਹਿ ਕੇ ਇਕ ਵਾਰ ਫਿਰ ਮੁੜ੍ਹਕਾ ਪੂੰਝਿਆ।

ਫਿਰ ਕਿੰਨਾ ਈ ਚਿਰ ਚੁੱਪ ਛਾਈ ਰਹੀ।

"ਚੰਗਾ ਭਾਈ ਮੈਂ ਚੱਲਦਾਂ," ਕੁਝ ਚਿਰ ਮਗਰੋਂ ਤਾਏ ਨੇ ਕਿਹਾ ਅਤੇ ਮੰਜੇ ਤੋਂ ਉਠ ਖਲੋਤਾ। ਪੈਰੀਂ ਜੁੱਤੀ ਅੜਾਉਂਦਿਆਂ ਉਹਨੇ ਪਿਤਾ ਜੀ ਨੂੰ ਫਿਰ ਪੁੱਛਿਆ, "ਤੇਰੀ ਆਪਣੀ ਕੀ ਸਲਾਹ ਆ ਫਿਰ?"

"ਮੇਰੀ ਸਲਾਹ ਚੱਲਣ ਦਿੰਦੀ ਆ, ਆਹ। ਇਹ ਚਾਹੁੰਦੀ ਆ, ਮੈਂ ਭਰਾਵਾਂ ਨਾਲੋਂ ਟੁੱਟਿਆ ਈ ਰਹਾਂ...।"

"ਆਹੋ ਮੈਂ ਚਾਹੁੰਨੀ ਆਂ," ਬੀਜੀ ਨੇ ਉਨ੍ਹਾਂ ਨੂੰ ਵਿਚੋਂ ਟੋਕ ਕੇ ਕਿਹਾ, "ਭਰਾ ਤਾਂ ਪੌਂਡ ਲਈ ਬੈਠੇ ਆ ਤੇਰੇ ਲਈ, ਮਾਰ ਹੱਥੀਂ ਛਾਂਵਾਂ ਕਰਨਗੇ ਤੇਰੇ 'ਤੇ। ਇਕ ਤਾਂ ਰੱਬ ਨੇ ਵੈਰ ਲਿਆ, ਹੁਣ ਆਹ ਬੰਦੇ ਨ੍ਹੀਂ ਜਿਉਣ ਦਿੰਦੇ," ਕਹਿੰਦਿਆਂ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦਿਆਂ ਬੀਜੀ ਨੇ ਫਿਰ ਕਿਹਾ, "ਮੈਂ ਨ੍ਹੀਂ ਘੱਲਣੀਆਂ ਆਪਣੀਆਂ ਕੁੜੀਆਂ ਮਿਰਚਾਂ ਡੁੰਗਣ। ਜੇ ਰੱਬ ਨੇ ਪਾਈ ਆ ਤਾਂ ਆਪੇ ਕੱਟੂਗਾ। ਇਥੇ ਰਹਿ ਕੇ ਥੋੜੀ ਖਾ ਲਵਾਂਗੇ ਅਸੀਂ, ਪਰ ਜੱਟਾਂ ਦੀਆਂ ਗਾਲਾਂ ਨ੍ਹੀਂ ਲੈਣੀਆਂ। ਮੁੜ ਕੇ ਪਿੰਡ ਜਾਣ ਦਾ ਭੋਗ ਨਾ ਪਾਇਉ ਮੇਰੇ ਕੋਲ।" ਉਨ੍ਹਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ ਅਤੇ ਉਠ ਕੇ ਅੰਦਰ ਚਲੇ ਗਏ।

ਤਾਇਆ ਛਿੱਥਾ ਜਿਹਾ ਪੈ ਕੇ ਪਰਤ ਗਿਆ।

ਫਿਰ ਘਰ ਵਿਚ ਕਈ ਦਿਨ ਕਲੇਸ਼ ਪਿਆ ਰਿਹਾ।

ਬੀਜੀ ਅਤੇ ਪਿਤਾ ਜੀ ਇਸ ਗੱਲ ਨੂੰ ਲੈ ਕੇ ਸਾਰਾ ਦਿਨ ਝਗੜਦੇ ਰਹਿੰਦੇ। ਅਸੀਂ ਨਿਆਣੇ ਕੰਧੀਂ-ਕੌਲੀਂ ਲੱਗੇ, ਡਰੇ ਡਰੇ ਜਿਹੇ ਝਾਕਦੇ ਰਹਿੰਦੇ। ਅਸੀਂ ਆਪ ਪਿੰਡ ਨਹੀਂ ਸੀ ਜਾਣਾ ਚਾਹੁੰਦੇ। ਇਸ ਲਈ ਸਾਨੂੰ ਪਿਤਾ ਜੀ ਅਤੇ ਤਾਇਆ ਬੜੇ ਬੁਰੇ ਲਗਦੇ, ਪਰ ਅਸੀਂ ਕਹਿੰਦੇ ਕੁਝ ਨਾ।

ਪਿਤਾ ਜੀ ਦੀ ਪੱਕੀ ਜ਼ਿੱਦ ਸੀ ਕਿ ਹੁਣ ਸ਼ਹਿਰ ਕਿਰਾਏ ਦੇ ਮਕਾਨ ਵਿਚ ਨਹੀਂ ਰਹਿਣਾ। ਪਿੰਡ ਜਾ ਕੇ ਆਪਣੇ ਘਰ ਵਿਚ ਰਹਾਂਗੇ। ਬੀਜੀ ਵੀ ਇਹ ਧਾਰੀ ਬੈਠੇ ਸਨ ਕਿ ਸ਼ਹਿਰ ਰਹਿੰਦਿਆਂ ਨਿਆਣੇ ਚਾਰ ਅੱਖਰ ਪੜ੍ਹ ਜਾਣਗੇ। ਸਿਲਾਈ ਦਾ ਕੰਮ ਆਖ਼ਰ ਤੁਰ ਹੀ ਪਏਗਾ। ਜਿਹੜੇ ਚਾਰ ਪੈਸੇ ਬਚੇ ਆ, ਉਹ ਲਾ ਕੇ ਥੋੜ੍ਹੀ ਜਿਹੀ ਥਾਂ ਲੈ ਕੇ ਸਿਰ ਲੁਕਾਉਣ ਜੋਗੀ ਛਤੌਂਤ ਕਰ ਲੈਨੇ ਆਂ, ਪਰ ਪਿਤਾ ਜੀ ਦੇ ਇਹ ਗੱਲ ਮਨ ਨਹੀਂ ਸੀ ਲਗਦੀ। ਇਕ ਤਾਂ ਘਰ ਵਿਚ ਭੁੱਖ ਵਰਤੀ ਪਈ ਸੀ ਅਤੇ ਦੂਜਾ ਇਹ ਕਲੇਸ਼। ਸ਼ਾਇਦ ਭੁੱਖ ਹੀ ਲੜੀ ਸੀ ਜਾਂ ਕੋਈ ਹੋਰ ਕਾਰਨ ਸੀ ਕਿ ਇਨ੍ਹਾਂ ਹੀ ਦਿਨਾਂ ਵਿਚ ਪਿਤਾ ਜੀ ਨੇ ਬੀਜੀ ਉਤੇ ਹੱਥ ਚੁੱਕਿਆ ਸੀ। ਫਿਰ ਸਗੋਂ ਲੜਾਈ ਹੋਰ ਮਘ ਪਈ ਸੀ।

ਮੈਨੂੰ ਉਦੋਂ ਤਾਂ ਇਹ ਗੱਲ ਸਮਝ ਨਹੀਂ ਸੀ ਆਈ ਕਿ ਪਿਤਾ ਜੀ ਪਿੰਡ ਕਿਉਂ ਜਾਣਾ ਚਾਹੁੰਦੇ ਸਨ, ਪਰ ਹੁਣ ਸੋਚਦਾ ਹਾਂ ਕਿ ਸ਼ਾਇਦ ਉਨ੍ਹਾਂ ਦੇ ਮਨ ਵਿਚ ਪੁਰਾਣੇ ਦਿਨ ਲਟਕੇ ਹੋਣ। ਉਹ ਦਿਨ, ਜਦੋਂ ਉਹ ਪੰਜੇ ਭਰਾ ਸਾਰੇ ਪਰਿਵਾਰ ਨਾਲ ਹੁਣ ਖੋਲਾ ਬਣ ਚੁੱਕੇ ਘਰ ਵਿਚ ਰਹਿੰਦੇ ਸਨ ਅਤੇ ਉਸੇ ਹੀ ਘਰ ਵਿਚ ਪਰਵਾਨ ਚੜ੍ਹੇ ਸਨ। ਉਹ ਦਿਨ ਜਦੋਂ ਉਸ ਘਰ ਵਿਚ ਰੌਣਕ ਲੱਗੀ ਰਹਿੰਦੀ ਸੀ। ਉਸ ਘਰ ਦੇ ਹਾਸੇ ਦੀ ਗੂੰਜ ਸਾਰੇ ਪਿੰਡ ਦੀ ਫ਼ਿਜ਼ਾ ਵਿਚ ਸ਼ਹਿਦ ਘੋਲ ਦਿੰਦੀ ਸੀ। ਉਹ ਦਿਨ ਜਦੋਂ ਉਹ ਗਰਮੀਆਂ ਦੀ ਰੁੱਤੇ ਅੰਬ ਚੂਪਣ ਜਾਂਦੇ ਸਨ ਤੇ ਮੁੜਦੇ ਹੋਏ ਸੂਏ ਵਿਚ ਤਾਰੀਆਂ ਲਾਉਂਦੇ ਸਨ। ਉਹ ਦਿਨ ਜਦੋਂ ਉਸ ਘਰ ਦੀ ਖੁਰਲੀ ਉਤੇ ਬੂਰੀਆਂ ਬੱਝੀਆਂ ਰਹਿੰਦੀਆਂ ਸਨ ਅਤੇ ਉਹ ਆਪਣੀ ਆਪਣੀ ਮੱਲੀ ਹੋਈ ਮੱਝ ਦੀਆਂ ਧਾਰਾਂ ਲਿਆ ਕਰਦੇ ਸਨ। ਉਹ ਦਿਨ ਜਦੋਂ ਉਹ ਵਾਢੀਆਂ ਦੀ ਰੁੱਤੇ ਦੁਕਾਨ ਉਤੇ ਬੈਠੇ ਪੱਖਾ ਗੇੜਿਆ ਕਰਦੇ ਸਨ ਤੇ ਝੋਲੀ ਵਿਚੋਂ ਭੱਠੀ ਤੋਂ ਭੁਨਾਏ ਦਾਣੇ ਚੱਬਦੇ ਰਹਿੰਦੇ ਸਨ ਅਤੇ ਉਨ੍ਹਾਂ ਦਾ ਬਾਪੂ ਲਾਲ ਸੁਰਖ ਲੋਹੇ ਨੂੰ ਠੱਪਦਾ ਦਾਤੀਆਂ ਰੰਬੇ ਬਣਾਉਂਦਾ ਰਹਿੰਦਾ ਸੀ।

ਫਿਰ ਸਮੇਂ ਦੇ ਬੀਤਣ ਨਾਲ ਸਾਰੇ ਜੀਅ ਪਿੰਡੋਂ ਚਲੇ ਗਏ ਸਨ। ਮੇਰਾ ਵੱਡਾ ਤਾਇਆ ਮੇਰੇ ਪਿਤਾ ਜੀ ਵਾਲੀ ਬਿਮਾਰੀ ਨਾਲ ਹੀ ਚੱਲ ਵਸਿਆ। ਉਹਤੋਂ ਨਿੱਕਾ ਘਰ ਵਾਲੀ ਦਾ ਸਤਾਇਆ ਘਰੋਂ ਨਿਕਲ ਗਿਆ। ਦੂਜੇ ਦੋ ਹੋਰਨੀਂ ਪਿੰਡੀਂ ਜਾ ਬੈਠੇ। ਪਿਤਾ ਜੀ ਫੌਜ ਵਿਚ ਚਲੇ ਗਏ। ਹਾਸੇ ਨਾਲ ਮਹਿਕਦਾ ਘਰ ਸੱਖਣਾ ਹੋ ਗਿਆ। ਚੌਂਕੇ ਦੀਆਂ ਕੰਧਾਂ ਵਾਲੇ ਤੋਤੇ ਕਬੂਤਰ ਗੁਟਕਣੋਂ ਹਟ ਗਏ। ਖੁਰਲੀਆਂ ਯਤੀਮ ਹੋ ਗਈਆਂ। ਲਿੰਬੀਆਂ-ਪੋਚੀਆਂ ਕੰਧਾਂ ਉਤੇ ਹੌਲੀ-ਹੌਲੀ ਘਰਾਲਾਂ ਆਪਣੇ ਨਿਸ਼ਾਨ ਛੱਡਣ ਲੱਗ ਪਈਆਂ।...ਤੇ ਫਿਰ ਕੋਠੇ ਢਹਿਣੇ ਸ਼ੁਰੂ ਹੋ ਗਏ।


ਪਿਤਾ ਜੀ ਜਿਵੇਂ ਬੀਤੇ ਸਮੇਂ ਨੂੰ ਮੋੜ ਲਿਆਉਣਾ ਚਾਹੁੰਦੇ ਸਨ। ਮੈਨੂੰ ਯਾਦ ਹੈ, ਜਦੋਂ ਉਹ ਛੁੱਟੀ ਆਉਂਦੇ ਸਨ, ਪਿੰਡ ਜ਼ਰੂਰ ਜਾਂਦੇ। ਕਈ ਵਾਰ ਮੈਨੂੰ ਵੀ ਨਾਲ ਲੈ ਜਾਂਦੇ। ਉਹ ਕਿਸੇ ਨੂੰ ਸੱਦ ਕੇ ਸਾਰੇ ਵਿਹੜੇ ਵਿਚ ਝਾੜੂ ਫਿਰਵਾਉਂਦੇ। ਥੋੜੀ ਬਹੁਤੀ ਲਿੰਬਾ-ਪੋਚੀ ਵੀ ਕਰਾਉਂਦੇ। ਅਗਲੇ ਸਾਲ ਤੱਕ ਕੋਠੇ ਫਿਰ ਪਹਿਲਾਂ ਵਰਗੇ ਹੀ ਹੋ ਜਾਂਦੇ, ਪਰ ਉਹ ਆਪਣੀ ਕੋਸ਼ਿਸ਼ ਨਾ ਛੱਡਦੇ, ਜਿਵੇਂ ਕੁਦਰਤ ਨਾਲ ਆਢਾ ਲਾਇਆ ਹੋਵੇ।

ਤੇ ਹੁਣ ਜਦੋਂ ਮੁੜ ਪਿੰਡ ਚਲੇ ਜਾਣ ਦੀ ਗੱਲ ਤੁਰੀ ਸੀ ਤਾਂ ਉਹ ਇਕਦਮ ਤਿਆਰ ਹੋ ਗਏ ਸਨ। ਪਤਾ ਨਹੀਂ ਕਿਉਂ, ਇਹ ਗੱਲ ਉਨ੍ਹਾਂ ਦੇ ਮਨ ਵਿਚ ਆਪੇ ਕਿਉਂ ਨਹੀਂ ਸੀ ਆਈ। ਤਾਏ ਦੇ ਕਹਿਣ ਦੀ ਦੇਰ ਸੀ ਕਿ ਉਹ ਮੰਨ ਗਏ ਅਤੇ ਘਰ ਵਿਚ ਝਗੜਾ ਸ਼ੁਰੂ ਹੋ ਗਿਆ।

ਕਈ ਦਿਨ ਕਿੱਚ-ਕਿੱਚ ਹੁੰਦੀ ਰਹੀ ਸੀ। ਇਸ ਦੌਰਾਨ ਮੇਰਾ ਤਾਇਆ ਇਕ-ਦੋ ਵਾਰ ਆਇਆ। ਪਹਿਲਾਂ ਵਾਲੀਆਂ ਹੀ ਗੱਲਾਂ ਹੋਈਆਂ। ਆਖ਼ਰ ਬੀਜੀ ਨੂੰ ਹਾਰ ਮੰਨਣੀ ਪਈ। ਪਿੰਡ ਇਕ ਕੋਠੇ ਦੀ ਲਿਪਾਈ ਕਰਵਾਈ ਗਈ, ਵਿਹੜਾ ਸੰਭਰਿਆ ਗਿਆ। ਸਾਮਾਨ ਲਿਜਾਣ ਲਈ ਗੱਡੇ ਦਾ ਪ੍ਰਬੰਧ ਵੀ ਕਰ ਲਿਆ ਗਿਆ।

ਪਿੰਡ ਚਲੇ ਜਾਣ ਵਿਚ ਅਜੇ ਚਾਰ ਕੁ ਦਿਨ ਰਹਿੰਦੇ ਸਨ ਕਿ ਇਕ ਸਵੇਰ ਮੇਰਾ ਤਾਇਆ ਆਇਆ। ਸੁੱਖ ਸਾਂਦ ਪੁੱਛਣ ਤੋਂ ਮਗਰੋਂ ਚਾਹ ਦਾ

*(ਬਾਕੀ ਅਗਲੇ ਸਫੇ 'ਤੇ)*



*ਬੀਤੀਆਂ ਬਾਤਾਂ! ਪਿੰਡ ਦੇ ਘਰ ਦੀ ਇਕ ਝਲਕ।*

# ਕੀ ਸੰਵਾਰੇਗੀ ਕਲਾਕਾਰਾਂ ਦਾ ਮੌਜੂ ਉਡਵਾਉਣ ਵਾਲੀ ਗਾਇਕੀ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਪੰਜਾਬ 'ਚ ਪੰਜਾਬੀ ਗੀਤ-ਸੰਗੀਤ ਦੇ ਕਈ ਅਜਿਹੇ ਚੈਨਲ ਹਨ, ਜਿਨ੍ਹਾਂ ਨੂੰ ਦੇਖ ਕੇ ਕਾਮੇਡੀ ਦੀ ਭੁੱਖ ਲਹਿ ਜਾਂਦੀ ਏ। ਇਨ੍ਹਾਂ ਚੈਨਲਾਂ 'ਤੇ ਨਵੇਂ-ਨਵੇਂ ਚਿਹਰਿਆਂ ਵਾਲੇ ਕਲਾਕਾਰ, ਗਾਣਿਆਂ ਦੇ ਨਾਂ 'ਤੇ ਨਵੇਂ-ਨਵੇਂ ਖਿਆਲ ਲੈ ਕੇ ਪੇਸ਼ ਹੁੰਦੇ ਨੇ ਤੇ ਉਨ੍ਹਾਂ ਦੇ ਬੋਲ ਸੁਣ ਏਨਾ ਹਾਸਾ ਨਿਕਲਦੈ ਕਿ ਪੁੱਛੋ ਕੁਝ ਨਾ। ਕੀ ਸੋਚ ਸਕਦੇ ਹੋ ਕਿ ਗਾਣੇ ਦੇ ਬੋਲ ਪੱਠੇ ਵੱਢਣ, ਉਂਗਲ 'ਤੇ ਦਾਤੀ ਵੱਜਣ ਉਤੇ ਪੈਦਾ ਹੋਈ ਚੀਸ ਦਾ ਸਬੰਧ ਸੱਜਣਾਂ ਦੀ ਯਾਦ ਨਾਲ ਜੋੜਨ ਵਾਲੇ ਗੀਤ ਵੀ ਦੇਖਣ-ਸੁਣਨ ਨੂੰ ਮਿਲਣਗੇ। ਪਰ ਇੰਜ ਹੋ ਰਿਹੈ, ਇੱਕ ਟੀ.ਵੀ. ਚੈਨਲ 'ਤੇ ਗੀਤ ਚੱਲ ਰਿਹੈ, 'ਪੱਠੇ ਵੱਢਦੇ ਨੂੰ ਯਾਦ ਤੇਰੀ ਆਈ, ਨੀਂ ਉਂਗਲ 'ਤੇ ਦਾਤੀ ਵੱਜਗੀ।' ਗਾਇਕ ਨੇ ਸੋਚਿਆ ਹੋਏਗਾ ਕਿ ਮੈਂ ਕੁਝ ਵੱਖਰਾ ਕਰਕੇ ਦਿਖਾਵਾਂ, ਪਰ ਵੱਖਰਾ ਕੁਝ ਜ਼ਿਆਦਾ ਹੀ ਹੋ ਗਿਆ। ਇਕ ਹੋਰ ਗੀਤ ਇਸ ਤੋਂ ਵੀ ਵੱਧ ਹਾਸੋਹੀਣਾ ਜਾਪਦਾ ਹੈ। ਜਿਸ ਦੇ ਬੋਲਾਂ ਮੁਤਾਬਕ ਉਹ ਪ੍ਰੇਮਿਕਾ ਨੂੰ ਰਾਤ ਵੇਲ਼ੇ ਮਿਲਣ ਲਈ ਘਰੋਂ ਨਿਕਲਿਆ ਸੀ। ਪ੍ਰੇਮਿਕਾ ਦੇ ਘਰ ਦੀ ਕੰਧ ਟੱਪਣ ਲੱਗਾ ਤਾਂ ਪਹਿਰਾ ਦੇਣ ਵਾਲਿਆਂ ਉਸ ਨੂੰ ਕਾਲੇ ਕੱਛਿਆਂ ਵਾਲਾ ਸਮਝ ਲਿਆ। ਉਹ ਗਾ ਰਿਹੈ, 'ਯਾਰ ਟੱਪਿਆ ਗਲੀ 'ਚੋਂ ਜਦੋਂ ਤੇਰਾ, ਨੀਂ ਚੋਰ-ਚੋਰ ਹੋ ਗਈ ਸੋਹਣੀਏ...।' ਇਨ੍ਹਾਂ ਦੋਹਾਂ ਗੀਤਾਂ ਵਰਗੇ ਅੱਧੀ ਦਰਜਨ ਤੋਂ ਵੱਧ ਹੋਰ ਗੀਤ ਚੱਲ ਰਹੇ।

ਦੋ ਕੁ ਸਾਲ ਪਹਿਲਾਂ ਇੱਕ ਨਵੇਂ ਉਠੇ ਕਲਾਕਾਰ ਨੇ ਆਪਣੀ ਤੁਲਨਾ ਹਿਟਲਰ ਨਾਲ ਕਰਦਿਆਂ ਲੋਕਾਂ ਨੂੰ ਖੂਬ ਹੱਸਣ ਲਈ ਮਜਬੂਰ ਕੀਤਾ ਸੀ। ਗਾਣਾ ਸੀ, 'ਹਿਟਲਰ ਬਣ ਗਿਆ ਸੋਹਣੀਏ ਨੀ ਤੇਰੀ ਰਾਖੀ ਕਰਦਾ' ਤੇ ਇਹ ਗਾਣਾ ਇੱਕ ਤੋਂ ਦੂਜੇ, ਦੂਜੇ ਤੋਂ ਤੀਜੇ ਮੋਬਾਈਲ ਵਿਚ ਬੜੀ ਤੇਜ਼ੀ ਨਾਲ ਪਹੁੰਚਿਆ ਸੀ, ਕਿਉਂਕਿ ਹਰ ਕੋਈ ਗਾਇਕ ਦੀ ਸੋਚ 'ਤੇ ਹੱਸਣਾ ਚਾਹੁੰਦਾ ਸੀ। ਹਾਲੇ ਇਹ ਗਾਣਾ ਸਭ ਨੂੰ ਲੋਟ-ਪੋਟ ਕਰ ਹੀ ਰਿਹਾ ਸੀ ਕਿ 'ਹਿਟਲਰ' ਦਾ ਕੁਟਾਪਾ ਚਾੜ੍ਹਨ ਵਾਲਾ ਗੀਤ ਵੀ ਮਾਰਕੀਟ 'ਚ ਵੱਜਣ ਲੱਗਾ, ਜਿਸ ਦੇ ਬੋਲ ਸਨ, 'ਹਿਟਲਰ ਕੁੱਟਣਾ ਸੋਹਣੀਏ, ਜਿਹੜਾ ਤੇਰੀ ਰਾਖੀ ਕਰਦਾ...।' ਪਹਿਲੇ ਗਾਣੇ ਦੀ ਇਕ-ਇਕ ਸਤਰ ਦਾ ਜਵਾਬ ਦੂਜੇ ਗਾਣੇ ਵਿਚ ਏਨੇ ਹਾਸੋਹੀਣੇ ਢੰਗ ਨਾਲ ਦਿੱਤਾ ਗਿਆ ਸੀ ਕਿ ਪੁੱਛੋ ਕੁਝ ਨਾ।

ਹੁਣ ਸਵਾਲ ਹੈ ਕਿ ਅਜਿਹੇ ਹਾਸੋਹੀਣੇ ਗੀਤ ਗਾਉਣ ਵਾਲਿਆਂ ਨੂੰ ਕੋਈ ਆਰਥਕ ਲਾਭ ਹੁੰਦਾ ਹੋਏਗਾ ਜਾਂ ਨਹੀਂ? ਜਦੋਂ ਵੀ ਕਾਮੇਡੀਅਨਾਂ ਮੂੰਹੋਂ ਗੀਤਾਂ ਦੀ ਪੈਰੋਡੀ ਸੁਣਨ ਨੂੰ ਮਿਲਦੀ ਏ ਤਾਂ ਦਰਸ਼ਕਾਂ ਨੂੰ ਚੰਗਾ ਲੱਗਦਾ ਏ ਪਰ ਜਿਹੜੇ ਕਲਾਕਾਰ ਖੁਦ ਨੂੰ ਕਾਮੇਡੀਅਨ ਨਹੀਂ, ਸਗੋਂ ਗਾਇਕ ਅਖਵਾਉਂਦੇ ਨੇ, ਉਨ੍ਹਾਂ ਨੂੰ ਅਜਿਹੇ ਚਾਰਿਆਂ ਨਾਲ ਅੱਜ ਤੱਕ ਕਦੇ ਫ਼ਾਇਦਾ ਹੋਇਆ ਹੋਵੇ, ਇਸ ਗੱਲ ਦੀ ਕੋਈ ਉਮੀਦ ਨਹੀਂ।

ਕਈ ਕਲਾਕਾਰ ਜਗਮੋਹਣ ਕੌਰ-ਕੇ. ਦੀਪ ਦੇ ਗਾਏ ਮਜ਼ਾਹੀਆ ਗੀਤਾਂ ਦੀਆਂ ਉਦਾਹਰਣਾਂ ਦਿੰਦੇ ਨੇ ਕਿ ਉਨ੍ਹਾਂ ਨੇ ਵੀ ਇਸ ਤਰ੍ਹਾਂ ਦਾ ਗਾਇਆ ਹੀ ਸੀ, ਜੇ ਉਹ ਪ੍ਰਵਾਨ ਹੋ ਸਕਦੇ ਨੇ ਤਾਂ ਅਸੀਂ ਕਿਉਂ ਨਹੀਂ। ਪਰ ਇਹ ਕਹਿਣ ਵਾਲੇ ਉਸ ਜੋੜੀ ਦਾ ਕੱਦ ਬੁੱਤ, ਉਨ੍ਹਾਂ ਵੱਲੋਂ ਪੇਸ਼ ਹਰ ਵੰਨਗੀ ਦੇ ਲਏ ਜਾਂਦੇ ਨੋਟਿਸ ਵੱਲ ਨਹੀਂ ਦੇਖਦੇ। ਇੱਕ ਮੁਕਾਮ ਅਜਿਹਾ ਆਉਂਦਾ ਹੈ, ਜਦੋਂ ਕਲਾਕਾਰ ਕੁਝ ਵੀ ਗਾ ਦੇਵੇ, ਉਸ ਦਾ ਨੋਟਿਸ ਜ਼ਰੂਰ ਲਿਆ ਜਾਂਦਾ ਏ। ਪਰ ਜਿਹੜੇ ਕਲਾਕਾਰ ਨਵੇਂ ਉਠਦੇ ਨੇ, ਉਹ ਫਟਾਫਟ ਚਰਚਾ ਲਈ ਜਿਹੋ ਜਹੀਆਂ ਹਾਸੋਹੀਣੀਆਂ ਗੱਲਾਂ ਕਰਦੇ ਨੇ, ਉਨ੍ਹਾਂ ਕਰਕੇ ਲਾਭ ਦੀ ਥਾਂ ਉਨ੍ਹਾਂ ਦਾ ਨੁਕਸਾਨ ਜ਼ਿਆਦਾ ਹੁੰਦਾ ਏ।



ਬਹੁਤ ਸਾਰੇ ਕਲਾਕਾਰ ਇੰਗਲੈਂਡ ਦੀ ਸੰਗੀਤ ਮੰਡੀ ਦੀ ਉਦਾਹਰਣ ਦਿੰਦੇ ਹਨ ਕਿ ਉਥੇ ਹਲਕੇ-ਫੁਲਕੇ ਗੀਤ ਚੱਲਦੇ ਨੇ, ਪਾਏਦਾਰ ਸ਼ਾਇਰੀ ਜਾਂ ਅਰਥ ਭਰਪੂਰ ਗਾਇਕੀ ਦੀ ਥਾਂ ਉਹ ਕੁਝ ਪਸੰਦ ਕੀਤਾ ਜਾਂਦੈ, ਜਿਹੜਾ ਇਕਦਮ ਪਿੜ ਪੱਲੇ ਪੈ ਸਕਦਾ ਹੋਵੇ। ਓਧਰਲੇ ਨਿਆਣੇ, ਜਿਹੜੇ ਪੰਜਾਬੀ ਬਾਰੇ ਏਧਰਲਿਆਂ ਜਿੰਨਾ ਨਹੀਂ ਜਾਣਦੇ, ਉਨ੍ਹਾਂ ਨੂੰ ਹਲਕੇ-ਫੁਲਕੇ ਗਾਣੇ ਪਸੰਦ ਆ ਜਾਂਦੇ ਨੇ, ਪਰ ਪੰਜਾਬ 'ਚ ਰਹਿੰਦਿਆਂ ਦਾ ਤਾਂ ਲੋਰੀਆਂ ਤੋਂ ਵੈਣਾਂ ਤੱਕ ਵਾਹ ਹੀ ਮਾਂ ਬੋਲੀ ਪੰਜਾਬੀ ਨਾਲ ਪੈਂਦਾ ਏ, ਫੇਰ ਇਨ੍ਹਾਂ ਨੂੰ ਅਰਥ ਭਰਪੂਰ ਗਾਇਕੀ ਸਮਝਣ ਵਿਚ ਭਲਾ ਕਿਹੜੀ ਪ੍ਰੇਸ਼ਾਨੀ ਹੋ ਸਕਦੀ ਏ।

ਇੱਕ ਦਿਨ ਇੰਗਲੈਂਡ ਦੇ ਗਾਇਕ ਮਾਣਕੀ ਨਾਲ ਓਧਰਲੀ ਤੇ ਏਧਰਲੀ ਗਾਇਕੀ ਬਾਰੇ ਲੰਮੀ-ਚੌੜੀ ਵਿਚਾਰ ਹੋਈ। ਉਸ ਨੇ ਦੱਸਿਆ ਕਿ ਅਸੀਂ ਆਪਣੇ ਨਿਆਣਿਆਂ ਨੂੰ ਪੰਜਾਬੀ ਨਾਲ ਜੋੜਨ ਲਈ ਸਰਲ ਸ਼ਬਦਾਂ ਦੀ ਵਰਤੋਂ ਕਰਦੇ ਹਾਂ ਤਾਂ ਜੁ ਇਨ੍ਹਾਂ ਨੂੰ ਪੰਜਾਬੀ ਦਾ ਭੁਸ ਪਵੇ। ਜੇਕਰ ਅਸੀਂ ਇਨ੍ਹਾਂ ਨੂੰ ਉਲਝਵੇਂ ਸ਼ਬਦਾਂ ਵਾਲੇ ਗੀਤ ਸੁਣਾਵਾਂਗੇ ਤਾਂ ਇਹ ਪੰਜਾਬੀ ਨਾਲੋਂ ਉਸ ਭਾਸ਼ਾ ਵਾਲੇ ਗੀਤ ਸੁਣਨੇ ਪਸੰਦ ਕਰਨ ਲੱਗਣਗੇ, ਜਿਹੜੀ ਇਨ੍ਹਾਂ ਨੂੰ ਸਕੂਲਾਂ ਵਿਚ ਸਿਖਾਈ ਜਾਂਦੀ ਏ। ਉਸ ਨੇ ਕਿਹਾ ਕਿ ਉਸ ਦਾ ਗੀਤ 'ਛਿੱਤਰ ਪੈਣਗੇ' ਇੰਗਲੈਂਡ ਵਿਚ ਖੂਬ ਚੱਲਿਆ, ਪਰ ਜੇ ਇਸ ਦਾ ਵੀਡੀਓ ਬਣਾ ਕੇ ਪੰਜਾਬ ਵਿਚ ਚਲਾਇਆ ਜਾਵੇ ਤਾਂ ਹੋ ਸਕਦੈ ਲੋਕ ਪਸੰਦ ਨਾ ਕਰਨ। ਇਸ ਗਾਣੇ ਵਿਚ ਮਾਪਿਆਂ ਦੀ ਪੁੱਤ ਨੂੰ ਝਿੜਕ ਹੈ ਕਿ ਜੇ ਤੂੰ ਟਾਈਮ ਨਾਲ ਘਰ ਨਾ ਆਇਆ ਤਾਂ ਤੇਰੇ ਛਿੱਤਰ ਪੈਣਗੇ ਤੇ ਯੂ.ਕੇ. ਦੇ ਨਿਆਣੇ ਜਿਹੜੇ ਅੱਧੀ-ਅੱਧੀ ਰਾਤ ਪੱਬਾਂ ਤੇ ਕਲੱਬਾਂ ਵਿਚ ਡਾਂਸ ਕਰਕੇ ਘਰ ਜਾਣਾ ਭੁੱਲ ਜਾਂਦੇ ਨੇ, ਨੂੰ ਇਹ ਗੀਤ ਆਪਣਾ-ਆਪਣਾ ਲੱਗਾ।

ਕੁਝ ਸਮਾਂ ਪਹਿਲਾਂ ਪੰਜਾਬ ਦੇ ਟੀ.ਵੀ. ਚੈਨਲਾਂ 'ਤੇ ਇੱਕ ਦੋਗਾਣਾ ਅਜਿਹੇ ਵਿਸ਼ੇ ਵਾਲਾ ਦਿਸਣ ਲੱਗਾ ਸੀ ਕਿ ਹੱਸ-ਹੱਸ ਵੱਖੀਆਂ ਟੁੱਟ ਜਾਂਦੀਆਂ ਸਨ। ਗਾਣਾ ਰਾਤ ਦੇ ਹਨੇਰੇ ਵਿਚ ਪ੍ਰੇਮੀ ਵੱਲੋਂ ਪ੍ਰੇਮਿਕਾ ਦੇ ਘਰ ਵੜਨ ਨਾਲ ਸਬੰਧਤ ਸੀ। ਪਰ ਪ੍ਰੇਮਿਕਾ ਰਾਤ ਨੂੰ ਕੁੱਤਾ ਬੰਨ੍ਹਣਾ ਭੁੱਲ ਜਾਂਦੀ ਏ ਤੇ ਕੁੱਤਾ ਪ੍ਰੇਮੀ ਨੂੰ ਲਹੂ ਲੁਹਾਣ ਕਰ ਛੱਡਦਾ ਏ। ਗੀਤ ਵਿਚ ਪ੍ਰੇਮਿਕਾ ਕਹਿੰਦੀ ਏ, 'ਮਾਫ਼ ਕਰੀਂ ਵੇ ਸੋਹਣਿਆ, ਸਾਡੇ ਭਈਏ ਕੋਲੋਂ ਕੁੱਤਾ ਖੁੱਲ੍ਹਾ ਰਹਿ ਗਿਆ' ਤੇ ਅੱਗੋਂ ਪ੍ਰੇਮੀ ਆਪਣੀ ਵਿਗੜੀ ਹਾਲਤ ਬਿਆਨ ਕਰਦਾ ਕਹਿੰਦਾ ਏ, 'ਕੁੱਤੇ ਥੋਡੇ ਨੇ ਯਾਰ ਤੇਰਾ ਹਦਵਾਣੇ ਵਾਂਗੂੰ ਪਾੜ'ਤਾ।'

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਹ ਗੀਤ ਲੋਕਾਂ ਸੁਣਿਆ ਵੀ, ਉਹ ਹੱਸੇ ਵੀ, ਪਰ ਕਲਾਕਾਰ ਜੋੜੀ ਦਾ ਕਿਸੇ ਨੂੰ ਨਾਂ ਚੇਤੇ ਨਹੀਂ, ਕਿਉਂਕਿ ਨਾਂ ਚੇਤੇ ਕਰਾਉਣ ਲਈ ਪਾਏਦਾਰ ਕੰਮ ਕਰਨਾ ਪੈਂਦਾ ਏ। ਜਿਹੜੇ ਟੀ.ਵੀ. ਚੈਨਲਾਂ 'ਤੇ ਇਹੋ ਜਿਹੇ ਗੀਤ ਚੱਲਦੇ ਨੇ, ਉਨ੍ਹਾਂ 'ਤੇ ਸਿਰਫ਼ ਨਵੇਂ-ਨਵੇਂ ਕਲਾਕਾਰ ਇਸ ਕਰਕੇ ਦਿਸਦੇ ਨੇ ਕਿਉਂਕਿ ਮਿਆਰੀ ਚੈਨਲਾਂ ਦੇ ਪ੍ਰੋਮੋ ਦਾ ਰੇਟ ਬਹੁਤ ਜ਼ਿਆਦਾ ਏ, ਨਾਲੇ ਉਹ ਗਾਣੇ ਦੇ ਫ਼ਿਲਮਾਂਕਣ ਦਾ ਪੱਧਰ ਦੇਖਦੇ ਨੇ ਕਿ ਇਹ ਕਿੰਨੇ ਕੁ ਬੱਜਟ ਵਿਚ ਤਿਆਰ ਕੀਤਾ ਗਿਆ ਏ। ਜਦਕਿ ਛੋਟੇ ਚੈਨਲ ਵਿਆਹ ਵਾਲੇ ਕੈਮਰੇ 'ਤੇ ਤਿਆਰ ਕੀਤੇ ਗਾਣੇ ਵੀ ਚਲਾ ਦਿੰਦੇ ਨੇ। ਛੋਟੀ ਆਰਥਿਕਤਾ ਵਾਲੇ ਕਲਾਕਾਰਾਂ ਦਾ ਬੱਜਟ ਬਹੁਤ ਘੱਟ ਹੁੰਦੈ, ਇਸ ਕਰਕੇ ਉਨ੍ਹਾਂ ਨੂੰ ਘੱਟ ਰੇਟ 'ਤੇ ਗਾਣੇ ਪੇਸ਼ ਕਰਨ ਵਾਲੇ ਚੈਨਲਾਂ ਦੀ ਜ਼ਿਆਦਾ ਲੋੜ ਹੁੰਦੀ ਏ।

ਠੁੱਸ ਹੁੰਦਾ ਹਨੀ ਸਿੰਘ ਵਿਵਾਦ

ਭਾਰਤ ਵਿਚ ਜਿੰਨੇ ਵੀ ਮਸਲੇ ਸਾਹਮਣੇ ਆਉਂਦੇ ਨੇ, ਉਹ ਸਿਰਫ਼ ਮੀਡੀਏ ਦੀ ਦੇਣ ਨੇ। ਜਦੋਂ ਮੀਡੀਆ ਪਹਿਲੇ ਮਸਲੇ ਨੂੰ ਛੱਡ ਹੋਰ ਮਸਲੇ 'ਤੇ ਧਿਆਨ ਕੇਂਦਰਤ ਕਰ ਲੈਂਦੈ ਤਾਂ ਪਹਿਲੇ ਦੀ ਗੰਭੀਰਤਾ ਲੋਕ ਭੁੱਲਣ ਲੱਗਦੇ ਨੇ। ਕਿੰਨੀਆਂ-ਕਿੰਨੀਆਂ ਵੱਡੀਆਂ ਘਟਨਾਵਾਂ ਸਾਡੇ ਸਾਹਮਣੇ ਆਈਆਂ, ਕਿੰਨੇ ਵੱਡੇ ਅੰਦੋਲਨ ਹੋਏ, ਪਰ ਉਹ ਸਿਰਫ਼ ਓਨਾ ਚਿਰ ਲੋਕਾਂ ਦੇ ਜ਼ਿਹਨ 'ਚ ਰਹੇ, ਜਿੰਨਾ ਚਿਰ ਚੈਨਲਾਂ ਤੇ ਅਖ਼ਬਾਰਾਂ ਨੇ ਉਨ੍ਹਾਂ ਦੀ ਪੈਰਵੀ ਕੀਤੀ। ਲੋਕਾਂ ਦੀ ਯਾਦ ਸ਼ਕਤੀ ਏਨੀ ਮਾੜੀ ਹੋ ਚੁੱਕੀ ਏ ਕਿ ਦੋ ਹਫ਼ਤੇ ਮਸਲੇ ਨੂੰ ਨਾ ਫਰੋਲਿਆ ਜਾਵੇ ਤਾਂ ਦਹਾਕਿਆਂ ਦੀ ਗੱਲ ਜਾਪਣ ਲੱਗਦੀ ਏ।

ਕੱਲ੍ਹ ਤੱਕ ਅੰਨਾ ਹਜ਼ਾਰੇ ਦੇ ਅੰਦੋਲਨ ਦੀ ਗੱਲ ਹਰ ਥਾਂ ਛਿੜਦੀ ਸੀ, ਪਰ ਜਦੋਂ ਮੀਡੀਏ ਨੇ ਧਿਆਨ ਹੋਰ ਪਾਸੇ ਕਰ ਲਿਆ ਤਾਂ ਅੰਨਾ ਨੂੰ ਲੋਕ ਭੁੱਲਣ ਲੱਗ ਗਏ। ਫੇਰ ਵਾਰੀ ਆ ਗਈ ਕੇਜਰੀਵਾਲ ਦੀ, ਜਿੰਨੀ ਦੇਰ ਉਸ ਨੇ ਭ੍ਰਿਸ਼ਟਾਚਾਰੀਆਂ ਦੇ ਨਾਂਵਾਂ ਦੇ ਖੁਲਾਸੇ ਕੀਤੇ, ਸਭ ਚੈਨਲਾਂ ਨੇ ਉਸ ਨੂੰ ਕਈ-ਕਈ ਘੰਟਿਆਂ ਦੇ ਪ੍ਰੋਗਰਾਮਾਂ 'ਚ ਪੇਸ਼ ਕੀਤਾ, ਪਰ ਅੱਜ ਉਹ ਵੀ ਪਿਛਾਂਹ ਚਲਾ ਗਿਐ। ਹੁਣ ਦਿੱਲੀ ਜਬਰ-ਜਨਾਹ ਵਾਲਾ ਮਸਲਾ ਗਰਮਾਇਆ ਹੋਇਐ ਤੇ ਕੁਝ ਚਿਰ ਬਾਅਦ 'ਚ ਇਸ ਮਸਲੇ ਨੇ ਵੀ ਉਰੇ-ਪਰ੍ਹੇ ਹੋ ਜਾਣੈ।

ਅਸੀਂ ਪਿਛਲੇ ਲੇਖ ਵਿਚ ਵੀ ਲਿਖਿਆ ਸੀ ਕਿ ਹਨੀ ਸਿੰਘ ਦੀ ਲੁੱਚੀ ਗਾਇਕੀ ਦਾ ਮਸਲਾ ਪੰਜਾਬੀਆਂ ਵੱਲੋਂ ਇਕ ਵਾਰ ਸ਼ਿੱਦਤ ਨਾਲ ਚੁੱਕ ਲਿਆ ਗਿਐ, ਪਰ ਇਹ ਜੋਸ਼ ਹਫ਼ਤੇ ਕੁ ਬਾਅਦ ਠੰਢਾ ਪੈ ਜਾਣੈ ਤੇ ਹੁਣ ਇੰਜ ਹੁੰਦਾ ਜਾਪ ਵੀ ਰਿਹੈ। ਜਿਹੜੇ ਹਨੀ ਸਿੰਘ ਦੀ ਮਾੜੀ ਗਾਇਕੀ ਸਬੰਧੀ ਪਟੀਸ਼ਨਾਂ ਪਾਉਣ ਦੀ ਲੜੀ ਤੁਰੀ ਸੀ, ਉਹ ਕਿਧਰੇ ਗੁੰਮ ਹੁੰਦੀ ਜਾਪਦੀ ਹੈ।

ਪੰਜਾਬ ਦੇ ਲੋਕ ਜਿੰਨਾ ਚਿਰ ਹਰ ਸਮਾਜਿਕ ਸਰੋਕਾਰ ਨੂੰ ਸਿੱਖੀ ਨਾਲ ਜੁੜੇ ਮਸਲਿਆਂ ਵਾਂਗ ਨਹੀਂ ਲੈਂਦੇ, ਓਨਾ ਚਿਰ ਕਿਸੇ ਮਸਲੇ ਦੇ ਹੱਲ ਦੀ ਸੰਭਾਵਨਾ ਨਹੀਂ ਜਾਪਦੀ। ਅਸੀਂ ਧਰਮ-ਕਰਮ ਦੇ ਮਾਮਲਿਆਂ ਦੀਆਂ ਗੱਲਾਂ ਦਹਾਕਿਆਂ ਤੱਕ ਯਾਦ ਰੱਖਦੇ ਹਾਂ, ਪਰ ਬਾਕੀ ਮਸਲਿਆਂ ਨੇ ਲੋਕਾਈ ਦਾ ਕਿਵੇਂ ਨੁਕਸਾਨ ਕੀਤੈ, ਇਸ ਨੂੰ ਚਾਰ ਦਿਨ ਚਿਤਾਰਨ ਮਗਰੋਂ ਭੁੱਲ ਭੁਲਾ ਜਾਂਦੇ ਹਾਂ। ਸਾਡੀ ਇਸੇ ਸੋਚ ਕਰਕੇ ਹੀ ਪੰਜਾਬੀ ਗਾਇਕੀ ਦੇ ਨਾਂ 'ਤੇ ਆਏ ਦਿਨ ਕੂੜ ਪ੍ਰਚਾਰ ਹੋ ਰਿਹੈ। ਪਹਿਲੀ ਗੱਲ ਤਾਂ ਅਸੀਂ ਇਹ ਸਭ ਪੇਸ਼ ਕਰਨ ਵਾਲਿਆਂ ਦਾ ਵਿਰੋਧ ਹੀ ਨਹੀਂ ਕਰਦੇ ਤੇ ਜੇ ਕਰਦੇ ਹਾਂ ਤਾਂ ਚਾਰ ਕੁ ਦਿਨ ਅਖ਼ਬਾਰਾਂ 'ਚ ਫੋਟੋਆਂ ਛਪਵਾ ਕੇ ਚੁੱਪ ਵੱਟ ਲੈਂਦੇ ਹਾਂ। ਇੰਜ ਕਦੇ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦਾ, ਸਾਨੂੰ ਇਸ ਬਾਬਤ ਸੋਚਣ ਦੀ ਲੋੜ ਹੈ।

# ਫੈਸਲਾ

*(ਪਿਛਲੇ ਸਫੇ ਤੋਂ ਜਾਰੀ)*

ਗਲਾਸ ਫੜਦਿਆਂ ਉਹਨੇ ਮੇਰੇ ਪਿਤਾ ਜੀ ਨਾਲ ਗੱਲ ਸ਼ੁਰੂ ਕੀਤੀ,

"ਆਪਣਾ ਪਿੰਡ ਵਾਲਾ ਥਾਂ ਆ ਨਾ, ਉਹ ਵਿਕਦੈ। ਸਿੰਗਾਪੁਰ ਵਾਲਿਆਂ ਦਾ ਮੁੰਡਾ ਪੁੱਛਦਾ ਸੀ। ਮੈਂ ਕਹਿ ਦਿੱਤਾ, ਅਸੀਂ ਨ੍ਹੀਂ ਵੇਚਣਾ, ਅਸਾਂ ਆਪ ਰਿਹਾਇਸ਼ ਕਰਨੀ ਆ ਇਥੇ", ਉਹਨੇ ਰੁਕ ਰੁਕ ਕੇ ਸਾਰੀ ਗੱਲ ਕਹਿ ਦਿੱਤੀ। ਹੁਣ ਜਦੋਂ ਅਸੀਂ ਚਹੁੰ ਦਿਨਾਂ ਨੂੰ ਪਿੰਡ ਚਲੇ ਜਾਣਾ ਸੀ ਤਾਂ ਇਸ ਗੱਲ ਦਾ ਕੀ ਮਤਲਬ! ਸੁਣਦਿਆਂ ਹੀ ਪਿਤਾ ਜੀ ਆਪੇ ਤੋਂ ਬਾਹਰ ਹੋ ਗਏ। ਰੋਗ ਕਾਰਨ ਹਿਲਦੇ ਹੱਥ ਪੈਰ ਜ਼ੋਰ ਦੀ ਹਿੱਲਣ ਲੱਗ ਪਏ ਅਤੇ ਸਿਰ ਜ਼ੋਰ ਜ਼ੋਰ ਦੀ ਵੱਜਣ ਲੱਗ ਪਿਆ। ਉਨ੍ਹਾਂ ਪੂਰੇ ਗੁੱਸੇ ਨਾਲ ਤਾਏ ਦੇ ਚਿਹਰੇ ਵੱਲ ਵੇਖਿਆ, ਜਿਹੜਾ ਪਿਤਾ ਜੀ ਦਾ ਅਚਾਨਕ ਬਦਲਿਆ ਰੰਗ ਵੇਖ ਕੇ ਡਰ ਗਿਆ ਸੀ। ਅੰਦਰਲੀ ਨਮੋਸ਼ੀ ਕਰ ਕੇ ਉਹਦਾ ਰੰਗ ਹੋਰ ਕਾਲਾ ਹੋ ਗਿਆ ਸੀ, ਅੱਖਾਂ ਝੁਕ ਗਈਆਂ ਸਨ। ਪਿਤਾ ਜੀ ਨੂੰ ਉਠਦਿਆਂ ਵੇਖ ਕੇ ਉਹ ਥੋੜ੍ਹਾ ਜਿਹਾ ਕੰਧ ਵੱਲ ਸਰਕ ਗਿਆ ਅਤੇ ਥੋੜ੍ਹਾ ਜਿਹਾ ਚੌਕਸ ਵੀ ਹੋ ਗਿਆ।

"ਕਿਹੜਾ ਕੰਜਰ ਲੈਂਦਾ ਆ ਥਾਂ?" ਪਿਤਾ ਜੀ ਨੇ ਹੱਥ ਹਵਾ ਵਿਚ ਲਹਿਰਾਉਂਦਿਆਂ ਕਿਹਾ। "...ਤੂੰ ਆਪਣੇ ਹਿੱਸੇ ਦੇ ਪੈਸੇ ਭਾਲਦਾਂ, ਹੋਰ ਕੁਝ ਨ੍ਹੀਂ ਗੱਲ ਵਿਚੋਂ...ਕਿਸੇ ਸਾਲੇ ਤੋਂ ਮੁੱਲ ਪੁਆ ਆਇਆ ਹੋਏਂਗਾ...ਥਾਂ ਵਿਕਦੈ...ਕਿੰਨੇ ਦਾ ਵਿਕਦੈ...ਦੱਸ ਖਾਂ ਕਿੰਨੇ ਦਾ ਵਿਕਦੈ...ਪਿੰਡ ਨਾ ਹੋ ਗਿਆ ਚੰਡੀਗੜ੍ਹ ਹੋ ਗਿਆ...ਦੋ ਸੌ ਦਾ ਹੋਊ, ਵਿਚੋਂ ਸੌ ਲਈ ਝੂਠ ਬੋਲਦਿਆਂ ਸ਼ਰਮ ਤਾਂ ਨ੍ਹੀਂ ਆਈ ਹੋਣੀ," ਪਿਤਾ ਜੀ ਗੁੱਸੇ ਵਿਚ ਲਗਾਤਾਰ ਬੋਲੀ ਜਾ ਰਹੇ ਸਨ। ਤਾਇਆ ਨਿੰਮੋਝੂਣਾ ਹੋਇਆ ਬੈਠਾ ਸੀ।

ਸਦਾ ਮੱਦਦ ਕਰਨ ਦਾ ਵਾਅਦਾ ਕਰਨ ਵਾਲਾ ਤਾਇਆ, ਪਤਾ ਨ੍ਹੀਂ ਇੰਨੇ ਥੋੜੇ ਜਿਹੇ ਪੈਸਿਆਂ ਉਤੇ ਕਿਉਂ ਡੋਲ ਗਿਆ ਸੀ। ਪਿਤਾ ਜੀ ਦੀਆਂ ਗੱਲਾਂ ਸੁਣ ਕੇ ਉਹਦੇ ਚਿਹਰੇ ਉਤੇ ਪਛਤਾਵੇ ਦੀਆਂ ਰੇਖਾਵਾਂ ਵੀ ਉਭਰ ਆਈਆਂ ਸਨ, ਪਰ ਹੁਣ ਗੱਲ ਤਾਂ ਹੱਥੋਂ ਨਿਕਲ ਚੁੱਕੀ ਸੀ। ਉਹਨੇ ਪਿਤਾ ਜੀ ਨੂੰ ਸ਼ਾਂਤ ਕਰਨ ਲਈ ਕਿਹਾ, "ਲੈ, ਹੈ ਕਮਲਾ, ਮੈਂ ਕੀ ਕਰਨੇ ਆਂ ਪੈਸੇ, ਮੈਂ ਤਾਂ ਤੈਨੂੰ ਗੱਲ ਦੱਸੀ ਆ।"

"ਨਾ ਗੱਲ ਦੱਸਣ ਨੂੰ ਹੈ ਕਿਹੜੀ! ਮੈਥੋਂ ਭੁਲਿਆ ਨ੍ਹੀਂ ਤੂੰ! ਜਾਹ, ਜਾ ਕੇ ਵੇਚ ਦੇ ਥਾਂ...ਤੇ ਮੇਰੇ ਹਿੱਸੇ ਦੇ ਪੈਸੇ ਫੜਾ ਜਾਈਂ ਇਥੇ...ਅਸੀਂ ਨ੍ਹੀਂ ਜਾਂਦੇ ਹੁਣ ਪਿੰਡ...ਬੱਸ ਦੱਸ ਦਿੱਤਾ ਤੈਨੂੰ," ਪਿਤਾ ਜੀ ਨੇ ਫੈਸਲਾ ਸੁਣਾਇਆ ਅਤੇ ਫਿਰ ਹਵਾ ਨੂੰ ਘੂਰਨ ਲੱਗ ਪਏ।

ਅੰਬਾਂ ਦੇ ਬਾਗ ਫਿਰ ਦੂਰ ਚਲੇ ਗਏ। ਚੌਂਕੇ ਦੀਆਂ ਕੰਧਾਂ ਵਾਲੇ ਤੋਤੇ ਕਬੂਤਰ ਫਿਰ ਮਿੱਟੀ ਦੇ ਬਣ ਗਏ। ਪੁਰਾਣੇ ਦਿਨ ਨੇੜੇ ਆਉਂਦੇ-ਆਉਂਦੇ ਬੀਤੇ ਦੇ ਹਨੇਰੇ ਵਿਚ ਗੁਆਚ ਗਏ। ਇਸ ਹਨੇਰੇ ਵਿਚ ਮੈਂ ਵੇਖਿਆ, ਪਿਤਾ ਜੀ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਸਨ। ਉਨ੍ਹਾਂ ਦਾ ਪਹਿਲਾਂ ਹੀ ਨਿਤਾਣਾ ਹੋ ਚੁੱਕਾ ਬਦਨ ਹੋਰ ਨਿਤਾਣਾ ਹੋ ਗਿਆ। ਉਨ੍ਹਾਂ ਨੇ ਹਿਕਾਰਤ ਨਾਲ ਤਾਏ ਵੱਲ ਵੇਖਿਆ ਅਤੇ ਉਠ ਕੇ ਦਰੋਂ ਬਾਹਰ ਹੋ ਗਏ। ਫਿਰ ਤਾਇਆ ਵੀ ਚਲਿਆ ਗਿਆ।

ਇਸ ਗੱਲ ਨੂੰ ਕਈ ਵਰ੍ਹੇ ਹੋ ਗਏ ਹਨ। ਵਾਰੀ ਵਾਰੀ ਪਿਤਾ ਜੀ ਅਤੇ ਤਾਇਆ ਸਮੇਂ ਦੀ ਧੂੜ ਵਿਚ ਮਿਲ ਗਏ, ਪਰ ਉਹ ਥਾਂ ਅਜੇ ਤੱਕ ਨਹੀਂ ਵਿਕਿਆ। ਗੁਆਚ ਗਏ ਹਾਸਿਆਂ ਨੂੰ ਉਹ ਅਜੇ ਵੀ ਤਰਸ ਰਿਹਾ ਹੈ।

# ਕਿਸੇ ਨਾ ਤੇਰੀ ਜਾਤ ਪੁੱਛਣੀ...

## ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਜਾਤ-ਪਾਤ ਅਜਿਹੀ ਅਦਿੱਖ ਤਲਵਾਰ ਹੈ ਜੋ ਇਨਸਾਨੀਅਤ ਦੇ ਟੁਕੜੇ ਟੁਕੜੇ ਕਰ ਕੇ ਰੱਖ ਦਿੰਦੀ ਹੈ। ਜਾਤ-ਪਾਤ ਇਨਸਾਨ ਨੇ ਆਪ ਬਣਾਈ ਅਤੇ ਸਮਾਜ ਵਿਚ ਲਕੀਰਾਂ ਪਾ ਦਿੱਤੀਆਂ। ਜਾਤ-ਪਾਤ ਵਾਂਗ ਹੀ ਵੱਖ ਵੱਖ ਮਜ਼ਹਬਾਂ ਵਿਚਲੀਆਂ ਲਕੀਰਾਂ ਵੀ ਮਨੁੱਖ ਨੂੰ ਅਲੱਗ ਅਲੱਗ ਕਰ ਦਿੰਦੀਆਂ ਹਨ। ਅਗਾਂਹ ਰੱਬ ਦੀਆਂ ਵੀ ਵੰਡੀਆਂ ਪਾ ਦਿੱਤੀ ਗਈਆਂ। ਇਹੀ ਨਹੀਂ, ਵੱਖ ਵੱਖ ਧਰਮਾਂ ਵਿਚਾਲੇ ਉੱਚੀਆਂ ਕੰਧਾਂ ਖੜ੍ਹੀਆਂ ਕਰ ਦਿੱਤੀਆਂ ਹਨ। ਕੋਈ ਵੀ ਧਰਮ ਗ੍ਰੰਥ ਦੇਖ ਲਉ, ਇਹੀ ਲੱਭੇਗਾ ਕਿ ਰੱਬ ਇਕ ਹੈ। ਇਨਸਾਨ ਦੀਆਂ ਥੋਥੀਆਂ ਸਿਆਣਪਾਂ ਨੇ ਕਈ ਰੱਬ ਜ਼ਰੂਰ ਬਣਾ ਦਿੱਤੇ ਹਨ। ਹਰ ਧਰਮ ਦਾ ਉਪਦੇਸ਼ ਇਕੋ ਹੈ-ਸਾਂਝੀਵਾਲਤਾ। ਸੱਭੇ ਧਰਮ ਗ੍ਰੰਥ ਵੀ ਏਕਤਾ ਦੀ ਹੀ ਕਹਾਣੀ ਪਾਉਂਦੇ ਹਨ ਪਰ ਸਾਡੇ ਮਨਾਂ ਵਿਚਲੇ ਭਰਮ ਸਾਨੂੰ ਨਿਆਰੇਪਣ ਵਾਲੀਆਂ ਜੰਜ਼ੀਰਾਂ ਵਿਚ ਜਕੜੀ ਬੈਠੇ ਹਨ। ਹਰ ਇਨਸਾਨ ਜੇ ਸੱਚਾ-ਸੁੱਚਾ ਬਣ ਕੇ ਆਪਣੇ ਧਰਮ ਦੇ ਉਪਦੇਸ਼ਾਂ ਉਤੇ ਚੱਲਣ ਦੀ ਜਾਚ ਸਿੱਖ ਲਵੇ ਤਾਂ ਸੱਭੇ ਇਨਸਾਨ ਰੱਬ ਦੇ ਇਕੋ ਵਿਹੜੇ ਵਿਚ ਇਕੱਠੇ ਹੋ ਜਾਣਗੇ ਕਿਉਂਕਿ ਸਭ ਧਰਮਾਂ ਦੀਆਂ ਪਗਡੰਡੀਆਂ ਰੱਬ ਦੇ ਘਰ ਨੂੰ ਹੀ ਜਾਂਦੀਆਂ ਹਨ:

ਜਾਤਾਂ ਰੱਬ ਨੇ ਨਹੀਂ, ਇਨਸਾਨ ਨੇ ਬਣਾਈਆਂ ਨੇ।
ਰੱਬ ਵਿਚ ਵੀ ਵੰਡੀਆਂ, ਇਸੇ ਨੇ ਪਾਈਆਂ ਨੇ।
ਮਨੁੱਖਤਾ ਨੂੰ ਵੰਡਣ ਵਾਲੀਆਂ, ਕੁਝ ਲੀਕਾਂ ਵਾਹੀਆਂ ਨੇ।
ਕਿਸੇ ਪੁੱਛਣੀ ਜਾਤ ਨਹੀਂ, ਨਬੇੜੇ ਕਰਨੇ ਕਮਾਈਆਂ ਨੇ।
ਜੋ ਨਾਲ ਜਾਣੀਆਂ ਨੇ, ਉਹ ਸਭ ਭੁਲਾਈਆਂ ਨੇ।
ਜੋ ਰਹਿ ਜਾਣੀਆਂ ਇਥੇ, ਉਹੋ ਗਲ ਨਾਲ ਲਾਈਆਂ ਨੇ।
ਕਰ ਨਿੰਮਿਆ ਜੋ ਨਾਲ ਜਾਏ ਕਿਉਂ ਉਮਰਾਂ ਗੰਵਾਈਆਂ ਨੇ।

ਜਨਮ ਲੈਣ ਤੋਂ ਪਹਿਲਾਂ ਮਾਂ ਦੀ ਕੁੱਖ ਵਿਚ ਬੱਚੇ ਦੀ ਕੋਈ ਜਾਤ ਨਹੀਂ ਹੁੰਦੀ, ਪਰ ਜੱਗ ਵਿਚ ਪ੍ਰਵੇਸ਼ ਕਰ ਕੇ ਪਹਿਲੀ ਪਲਕ ਪੁੱਟਣ ਸਾਰ ਉਸ ਪਰਿਵਾਰ ਨਾਲ ਸਬੰਧਤ ਜਾਤ ਅਤੇ ਧਰਮ ਵਾਲਾ ਟਿੱਕਾ ਉਸ ਦੇ ਮਸਤਕ ਉਤੇ ਲੱਗ ਜਾਂਦਾ ਹੈ। ਹੌਲੀ ਹੌਲੀ ਉਹ ਵੀ ਉਸੇ ਮਾਹੌਲ ਵਿਚ ਢਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਮਾਹੌਲ ਮੁਤਾਬਕ ਜਾਤ-ਪਾਤ ਅਤੇ ਧਰਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਜਾਤ-ਪਾਤ ਸਮਾਜ ਦੀਆਂ ਬੁਰਾਈਆਂ ਵਿਚੋਂ ਇਕ ਹੈ, ਜੋ ਇਕ ਹੋਰ ਊਚ-ਨੀਚ ਵਰਗੀ ਬੁਰਾਈ ਨੂੰ ਜਨਮ ਦਿੰਦੀ ਹੈ। ਜਾਤ-ਪਾਤ ਸਮਾਜ ਵਿਚ ਪਿਆ ਅਜਿਹਾ ਪਾੜ ਹੈ, ਜੋ ਕਦੀ ਵੀ ਨਹੀਂ ਭਰਦਾ, ਸਗੋਂ ਦਿਲਾਂ ਵਿਚ ਪੈਣ ਵਾਲੇ ਪਾੜੇ ਨੂੰ ਹੋਰ ਵਧਾਈ ਜਾਂਦਾ ਹੈ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਨਸਾਨ ਦੀ ਪਰਖ ਉਸ ਦੀ ਜਾਤ ਤੋਂ ਨਹੀਂ; ਉਸ ਦੀ ਸੋਚ, ਬੁੱਧੀ ਤੇ ਗੁਣਾਂ ਤੋਂ ਹੁੰਦੀ ਹੈ। ਕਈ ਵਾਰੀ ਉਚੀ ਜਾਤ ਨਾਲ ਸਬੰਧ ਰੱਖਣ ਵਾਲੇ ਲੋਕ ਵੀ ਬੜੇ ਨੀਚ ਕੰਮ ਕਰ ਜਾਂਦੇ ਹਨ ਅਤੇ ਕਈ ਨੀਵੀਂ ਸ਼੍ਰੇਣੀ ਵਿਚ ਜਨਮ ਲੈ ਕੇ ਵੀ ਉਚੇ ਤੇ ਸੁੱਚੇ ਕੰਮ ਕਰ ਜਾਂਦੇ ਹਨ। ਉਚੀ ਜਾਤ ਵਾਲੀ ਤਖ਼ਤੀ ਗਲ ਵਿਚ ਪਾ ਕੇ ਕੋਈ ਵੀ ਇਨਸਾਨ ਉਚਾ ਨਹੀਂ ਬਣਦਾ। ਸੁੱਚੀ ਸੋਚ, ਉਚੀਆਂ ਅਕਲਾਂ ਅਤੇ ਚੰਗੇ ਕੰਮਾਂ ਨਾਲ ਹੀ ਇਨਸਾਨ ਉਚਾ ਬਣਦਾ ਹੈ। ਜਾਤ ਕਿਸੇ ਦੇ ਚਿਹਰੇ 'ਤੇ ਨਹੀਂ ਲਿਖੀ ਹੁੰਦੀ ਪਰ ਇਨਸਾਨ ਦੇ ਚੰਗੇ ਗੁਣ ਜ਼ਰੂਰ ਬਿਨਾਂ ਬੋਲਿਆਂ ਮਨੁੱਖ ਬਾਰੇ ਦੱਸ ਦਿੰਦੇ ਹਨ:

ਹਿੰਦੂ ਸਿੱਖ ਇਸਾਈ,
ਚਾਹੇ ਕੋਈ ਮੁਸਲਮਾਨ ਹੈ।
ਕੋਈ ਵੀ ਹੋਵੇ ਰੰਗ ਰੂਪ,
ਪਰ ਹਰ ਕੋਈ ਇਨਸਾਨ ਹੈ।
ਸਭ ਤੋਂ ਉਚੀ ਜਾਤ ਉਸ ਦੀ,
ਜਿਸ ਦੇ ਕੋਲ ਇਮਾਨ ਹੈ।
ਸਭ ਰੱਬ ਦੇ ਘੜੇ ਕਲਬੂਤ ਨੇ,
ਚਾਹੇ ਸਿੰਘ ਤੇ ਚਾਹੇ ਖਾਨ ਹੈ।
ਜਾਤ-ਪਾਤ ਤਾਂ ਨਿੰਮਿਆ ਵੇ,
ਇਕ ਸੌ ਦੇ ਨੋਟ ਦੀ ਭਾਨ ਹੈ।

ਅਗਰ ਜਾਤ-ਪਾਤ ਤੋਂ ਹਟ ਕੇ ਗੱਲ ਕਰੀਏ ਤਾਂ ਇਨਸਾਨ ਆਪਣੀ ਅਸਲ ਜਾਤ ਤੋਂ ਅਣਜਾਣ ਹੋਇਆ ਦਿਸਦਾ ਹੈ। ਕਿਸੇ ਨਾ ਕਿਸੇ ਧਰਮ ਨਾਲ ਸਾਂਝ ਰੱਖਣ ਵਾਲਾ ਹਰ ਕੋਈ ਇਨਸਾਨ ਆਪਣੇ ਅਸਲ ਧਰਮ ਤੋਂ ਬੇਮੁੱਖ ਹੋਇਆ ਨਜ਼ਰ ਆਉਂਦਾ ਹੈ, ਕਿਉਂਕਿ ਇਨਸਾਨ ਦੀ ਅਸਲ ਜਾਤ ਅਤੇ ਧਰਮ ਤਾਂ ਇਨਸਾਨੀਅਤ ਹੈ। ਸਰਬੱਤ ਦਾ ਭਲਾ ਮੰਗਣਾ ਅਤੇ ਵੈਰ ਦਾ ਵਿਰੋਧ ਕਰਨਾ ਅਸਲ ਧਰਮੀ ਹੋਣ ਦਾ ਪ੍ਰਤੀਕ ਹੈ। ਅਗਰ ਅਸੀਂ ਆਪਣੇ ਧਰਮ ਪ੍ਰਤੀ ਇਮਾਨਦਾਰ ਰਹੀਏ, ਤਦ ਜਾਤ-ਪਾਤ ਵਰਗੀ ਬੁਰਾਈ ਤੋਂ ਛੁਟਕਾਰਾ ਮਿਲ ਸਕਦਾ ਹੈ; ਕਿਉਂਕਿ ਕੋਈ ਵੀ ਧਰਮ ਮਤਭੇਦ ਵਾਲਾ ਪਾਠ ਨਹੀਂ ਪੜ੍ਹਾਉਂਦਾ, ਸਗੋਂ ਹਰ ਇਨਸਾਨ ਨੂੰ ਬਰਾਬਰੀ ਵਾਲੀ ਤੱਕੜੀ ਵਿਚ ਤੋਲਦਾ ਹੈ। ਸਿੱਖ ਧਰਮ ਦੇ ਪੰਨਿਆਂ ਉਤੇ ਵਾਹੀ ਗਈ ਲਕੀਰ ਜਾਤ-ਪਾਤ ਦਾ ਖੰਡਨ ਕਰਦੀ ਹੈ। ਸਿੱਖ ਧਰਮ ਦੇ ਮਹਿਲ ਪੰਥ ਖਾਲਸੇ ਦੀ ਨੀਂਹ ਪੰਜ ਵੱਖੋ ਵੱਖ ਜਾਤਾਂ ਨਾਲ ਸਬੰਧਤ ਸਿਰਾਂ 'ਤੇ ਰੱਖੀ ਗਈ ਹੈ। ਗੁਰੂ ਸਾਹਿਬ ਵੱਲੋਂ ਪੰਜਾਂ ਨੂੰ ਦਿੱਤਾ ਹੋਇਆ ਇਕੋ ਜਿਹਾ ਰੂਪ ਊਚ-ਨੀਚ ਨੂੰ ਮਿਟਾਉਣ ਵਾਲਾ ਸੰਦੇਸ਼ ਹੈ।


ਅੱਜ ਲੋੜ ਸਾਨੂੰ ਆਪਣੇ ਅੰਦਰਲੇ ਸੁੱਤੇ ਇਨਸਾਨ ਨੂੰ ਜਗਾਉਣ ਦੀ ਹੈ ਕਿਉਂਕਿ ਬਾਹਰਲੇ ਇਨਸਾਨ ਉਤੇ ਕਈ ਬੁਰਾਈਆਂ ਦੀ ਗਰਦ ਪੈ ਚੁੱਕੀ ਹੈ। ਇਸ ਗਰਦ ਨੂੰ ਸਾਫ ਕਰਨ ਵਾਲਾ ਚੰਗਿਆਈਆਂ ਵਾਲਾ ਪਾਣੀ ਵੀ ਸੁੱਕਦਾ ਜਾ ਰਿਹਾ ਹੈ। ਅਗਰ ਅਸੀਂ ਆਪਣੇ ਮਰਨ ਦਾ ਫਿਕਰ ਛੱਡ ਕੇ ਜ਼ਮੀਰਾਂ ਦੇ ਮਰ ਜਾਣ ਦਾ ਫਿਕਰ ਕਰੀਏ ਤਾਂ ਜ਼ਿੰਦਗੀ ਨੂੰ ਹੋਰ ਖੂਬਸੂਰਤ ਬਣਾਉਣ ਵਾਲੇ ਕੁਝ ਹੋਰ ਵੀ ਫੁੱਲ ਉਗ ਸਕਦੇ ਹਨ। ਮੰਨਿਆ ਕਿ ਦੌਲਤਾਂ ਸ਼ੁਹਰਤਾਂ ਨੇ ਜ਼ਿੰਦਗੀ ਵਿਚ ਕੁਝ ਵੱਖੋ ਵੱਖ ਰੰਗਾਂ ਨੂੰ ਜਨਮ ਦਿੱਤਾ ਹੈ ਪਰ ਇਹ ਰੰਗ ਰੁੱਖ ਦੇ ਪਰਛਾਵੇਂ ਵਾਂਗ ਹਨ ਜੋ ਸਵੇਰੇ ਇਸ ਘਰ ਵੱਲ ਅਤੇ ਸ਼ਾਮੀਂ ਉਸ ਘਰ ਵੱਲ ਹੁੰਦੇ ਹਨ। ਅਗਰ ਮਾਇਆ ਨਗਰੀ ਤੋਂ ਬਾਹਰ ਨਿਕਲ ਕੇ ਵੇਖੀਏ ਤਾਂ ਹੱਕ, ਸੱਚ, ਇਮਾਨ ਵਰਗੇ ਕਈ ਰੰਗ ਹਨ ਜਿਨ੍ਹਾਂ ਨੂੰ ਬਰਕਰਾਰ ਰੱਖਣ ਦੀ ਲੋੜ ਹੈ। ਕਾਲੇ ਵਾਲਾਂ 'ਚ ਆਉਣ ਵਾਲੀ ਸਫੈਦੀ ਨੂੰ ਰੋਕਣ ਦੇ ਉਪਰਾਲੇ ਅਸੀਂ ਕਰਦੇ ਰਹਿੰਦੇ ਹਾਂ ਪਰ ਲੋੜ ਹੈ ਲਾਲ ਰੰਗ ਦੇ ਲਹੂ 'ਚ ਭਰਨ ਵਾਲੀ ਸਫੈਦੀ ਨੂੰ ਨੱਥ ਪਾਉਣ ਦੀ ਜੋ ਅਵਾਰਾ ਪਸ਼ੂ ਵਾਂਗ ਹਰ ਦਿਲ ਦੇ ਵਿਹੜੇ ਵੜ ਗਈ ਹੈ। ਹੁਣ ਸੌ ਦੀ ਇਕ ਨਬੇੜਾਂ:

ਲੜ ਛੱਡ ਦਿਉ ਜਾਤਾਂ ਦਾ, ਦਿਲੋਂ ਕੱਢ ਦਿਉ ਭਰਮਾਂ ਨੂੰ।
ਮਾੜੇ ਕੰਮ ਵੀ ਛੱਡ ਦਿਉ, ਕਰੋ ਚੰਗੇ ਕਰਮਾਂ ਨੂੰ।
ਪਰਦੇ ਕੱਜੇ ਰਹਿਣ ਦਿਉ, ਦਿਉ ਲਹਿਣ ਨਾ ਸ਼ਰਮਾਂ ਨੂੰ।
ਲੇਖ ਜਾਣਗੇ ਨਾਲੇ, ਨਾ ਜਾਇਉ ਬਰਮਾ ਨੂੰ।
ਨਿੰਮਾ ਆਖੇ ਸੀਸ ਝੁਕਾਵੋ, ਤੁਸੀਂ ਸਾਰਿਆਂ ਧਰਮਾਂ ਨੂੰ।

ਖੇਡ ਤੇ ਖਿਡਾਰੀ

# ਦਿਲ ਹੋਣਾ ਚਾਹੀਦੈ ਜੁਆਨ-ਬਾਬਾ ਫੌਜਾ ਸਿੰਘ

ਬਾਬਾ ਫੌਜਾ ਸਿੰਘ ਇਨ੍ਹੀਂ ਦਿਨੀਂ ਪੰਜਾਬ ਆਇਆ ਹੋਇਐ। ਉਹ ਰੌਣਕੀ ਬੰਦਾ ਹੈ। ਸਿਰੇ ਦਾ ਗਾਲੜੀ। ਬੇਫਿਕਰ, ਬੇਪਰਵਾਹ, ਦਾਨੀ ਤੇ ਦਇਆਵਾਨ। ਲੰਮੀਆਂ ਦੌੜਾਂ ਦਾ ਬਾਦਸ਼ਾਹ। ਉਹਨੇ ਗੁੰਮਨਾਮੀ 'ਚ ਚੱਲ ਵਸਣਾ ਸੀ, ਜੇ ਲੰਮੀਆਂ ਦੌੜਾਂ ਨਾ ਲਾਉਂਦਾ। ਉਸ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਿਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਆਸ ਹੈ ਉਹ 2016 ਦੀਆਂ ਓਲੰਪਿਕ ਖੇਡਾਂ ਦੀ ਮਿਸ਼ਾਲ ਵੀ ਫੜੇਗਾ। ਉਸ ਨੂੰ ਮਹਾਰਾਣੀ ਬਰਤਾਨੀਆ ਨੇ ਸੌ ਸਾਲ ਦਾ ਹੋ ਜਾਣ ਦੀ ਵਧਾਈ ਦਿੱਤੀ ਤੇ ਮਹਿਲਾਂ ਵਿਚ ਖਾਣੇ 'ਤੇ ਸੱਦਿਆ। ਉਹ ਸੌ ਸਾਲ ਤੋਂ ਵਡੇਰੀ ਉਮਰ ਦਾ ਪਹਿਲਾ ਮਨੁੱਖ ਹੈ ਜਿਸ ਨੇ ਅਕਤੂਬਰ 2011 ਵਿਚ ਟੋਰਾਂਟੋ ਦੀ ਵਾਟਰ ਫਰੰਟ ਮੈਰਾਥਨ ਦੌੜਦਿਆਂ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸੈਕੰਡ ਵਿਚ ਪੂਰਾ ਕੀਤਾ। ਉਹਦਾ ਨਾਂ ਗਿੱਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਆ ਜਾਣਾ ਸੀ ਜੇ ਉਹਦੀ ਜਨਮ ਤਾਰੀਖ਼ ਦਾ ਅਸਲੀ ਸਰਟੀਫਿਕੇਟ ਲੱਭ ਜਾਂਦਾ!

ਫੌਜਾ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ 1999 ਵਿਚ ਲੰਡਨ ਲਾਗੇ ਈਰਥ ਵੂਲਿਚ ਦੇ ਟੂਰਨਾਮੈਂਟ 'ਤੇ ਹੋਈ ਸੀ। ਉਥੇ ਉਹ ਕਬੱਡੀ ਦੇ ਦਾਇਰੇ ਦੁਆਲੇ ਦੌੜ ਰਿਹਾ ਸੀ। ਉਹਦੀ ਲੰਮੀ ਦਾਹੜੀ ਝੂਲ ਰਹੀ ਸੀ ਤੇ ਪੱਗ ਉਤੇ ਲਾਇਆ ਖੰਡਾ ਲਿਸ਼ਕ ਰਿਹਾ ਸੀ। ਮੈਂ ਸਮਝਿਆ ਕੋਈ ਖ਼ਬਤੀ ਬੁੱਢਾ ਪੀਤੀ ਬੀਅਰ ਖਿੜਾ ਰਿਹਾ ਹੈ ਪਰ ਪਿੱਛੋਂ ਪਤਾ ਲੱਗਾ ਕਿ ਉਹ ਤਾਂ ਮੈਰਾਥਨ ਦੌੜ ਦਾ ਵੈਟਰਨ ਵਰਲਡ ਚੈਂਪੀਅਨ ਸੀ। ਦੂਜੀ ਮੁਲਾਕਾਤ ਟੋਰਾਂਟੋ ਵਿਚ ਸਕੋਸ਼ੀਆ ਬੈਂਕ ਦੀ ਮੈਰਾਥਨ ਦੌੜ ਸਮੇਂ ਹੋਈ। ਉਥੇ ਉਸ ਨੇ 92 ਸਾਲ ਦੀ ਉਮਰ ਵਿਚ 42.2 ਕਿਲੋਮੀਟਰ ਦੀ ਦੌੜ 5 ਘੰਟੇ 40 ਮਿੰਟ 04 ਸਕਿੰਟ ਵਿਚ ਪੂਰੀ ਕਰ ਕੇ ਵਡਉਮਰਿਆਂ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ ਸੀ।

ਤੀਜੀ ਮੁਲਾਕਾਤ ਬਰਮਿੰਘਮ ਲਾਗੇ ਟੈਲਫੋਰਡ ਦੇ ਟੂਰਨਾਮੈਂਟ ਵਿਚ ਹੋਈ ਜਿਥੇ ਉਹ ਐਡੀਦਾਸ ਦੇ ਬੂਟ ਪਾਈ ਫਿਰਦਾ ਸੀ ਜਿਨ੍ਹਾਂ ਦੀ ਮਸ਼ਹੂਰੀ ਲਈ ਕੰਪਨੀ ਨੇ ਉਸ ਨੂੰ ਆਪਣਾ ਬਰਾਂਡ ਅੰਬੈਸਡਰ ਬਣਾਇਆ ਸੀ। ਉਸ ਦੇ ਇਕ ਬੂਟ ਉਤੇ 'ਫੌਜਾ' ਛਪਿਆ ਹੋਇਆ ਸੀ ਤੇ ਦੂਜੇ ਉਤੇ 'ਸਿੰਘ'। ਚੌਥੀ ਮੁਲਾਕਾਤ ਵੈਨਕੂਵਰ ਵਿਚ 15 ਸਤੰਬਰ 2006 ਨੂੰ ਵੈਨਕੂਵਰ ਨੇੜੇ ਨਿਊ ਵੈਸਟਮਿਨਸਟਰ ਦੇ ਕਬੱਡੀ ਟੂਰਨਾਮੈਂਟ 'ਤੇ ਹੋਈ। ਮੈਂ ਟੋਰਾਂਟੋ ਤੋਂ ਗਿਆ ਸਾਂ ਤੇ ਉਹ ਇੰਗਲੈਂਡ ਤੋਂ ਆਇਆ ਸੀ।

ਮੈਂ ਫੌਜਾ ਸਿੰਘ ਨੂੰ ਬਾਬਾ ਕਹਿਣੋਂ ਸੰਗਦਾ ਸਾਂ ਕਿਉਂਕਿ ਉਹ ਜੁਆਨਾਂ ਵਾਂਗ ਦੌੜ ਰਿਹਾ ਸੀ। ਉਸ ਨੇ ਕਿਹਾ ਕਿ ਜਿਹੜਾ ਬੰਦਾ ਪੜਦਾਦਾ ਬਣ ਗਿਆ ਹੋਵੇ ਉਹਨੂੰ ਬਾਬਾ ਤਾਂ ਕਹਿਣਾ ਹੀ ਬਣਦੈ। ਉਦੋਂ ਉਹਦੀ ਉਮਰ 96 ਸਾਲਾਂ ਦੀ ਸੀ। ਉਹ 1 ਅਪ੍ਰੈਲ 1911 ਨੂੰ ਬਿਆਸ ਪਿੰਡ 'ਚ ਜੰਮਿਆ ਸੀ। ਆਪਣੇ ਇਕ ਪੁੱਤਰ ਦੀ ਮੌਤ ਹੋ ਜਾਣ ਪਿੱਛੋਂ ਉਹ ਬੁਢਾਪੇ ਵਿਚ ਆਪਣੇ ਦੂਜੇ ਪੁੱਤਰ ਪਾਸ ਇੰਗਲੈਂਡ ਰਹਿਣ ਲੱਗਾ ਜਿਥੇ ਕੋਚ ਹਰਮਿੰਦਰ ਸਿੰਘ ਨੇ ਉਸ ਨੂੰ ਮੈਰਾਥਨ ਦੌੜ ਲਈ ਤਿਆਰ ਕੀਤਾ। ਲੰਡਨ ਦੀ ਮੈਰਾਥਨ ਵਿਚ 32860 ਦੌੜਾਕ ਦੌੜੇ ਜਿਨ੍ਹਾਂ 'ਚ 65 ਸਾਲ ਤੋਂ ਵਡੇਰੀ ਉਮਰ ਵਾਲਿਆਂ 'ਚ 85 ਸਾਲਾਂ ਦਾ ਫੌਜਾ ਸਿੰਘ ਪ੍ਰਥਮ ਰਿਹਾ।


ਵੈਨਕੂਵਰ ਵਿਚ ਅਸੀਂ ਰੇਡੀਓ ਤੋਂ 'ਕੱਠਿਆਂ ਇੰਟਰਵਿਊ ਦਿੱਤੇ। ਉਹ ਨਹਿਲੇ 'ਤੇ ਦਹਿਲਾ ਧਰੀ ਗਿਆ। ਕਿਸੇ ਨੇ ਵਿਆਹ ਦੀ ਪੇਸ਼ਕਸ਼ ਕਰ ਦਿੱਤੀ। ਉਹ ਬੜਾ ਹਾਜ਼ਰ ਜਵਾਬ ਨਿਕਲਿਆ। ਕਹਿੰਦਾ, "ਵਿਆਹ ਤਾਂ ਕਰਾ ਲਈਏ। ਵਿਚੋਲਾ ਵੀ ਮਿਲਜੂ ਤੇ ਸਰਬਾਲ੍ਹਾ ਵੀ। ਪਰ ਕੁੜਮ ਕਿਥੋਂ ਲੱਭਾਂਗੇ?"

ਉਸ ਨੂੰ ਗੁਰੂ ਘਰ ਨੇ ਸਿਰੋਪੇ ਨਾਲ 1100 ਡਾਲਰ ਬਖ਼ਸ਼ਸ਼ ਕੀਤੇ ਤਾਂ ਉਸ ਨੇ ਉਥੇ ਹੀ ਗੋਲਕ ਵਿਚ ਪਾ ਦਿੱਤੇ। ਮੈਂ ਆਖਿਆ, "ਜੇ ਤੁਹਾਡਾ ਗਿਆਰਾਂ ਲੱਖ ਰੁਪਏ ਨਾਲ ਮਾਨ ਸਨਮਾਨ ਹੋਵੇ ਤਾਂ ਪੈਸੇ ਕਿਵੇਂ ਵਰਤੋਗੇ?" ਉਸ ਨੇ ਪੁੱਛਿਆ, "ਕਿਥੋਂ ਦੁਆਓਗੇ ਗਿਆਰਾਂ ਲੱਖ?" ਮੈਂ ਕਿਹਾ, "ਕੀ ਪਤਾ ਸ਼੍ਰੋਮਣੀ ਕਮੇਟੀ ਹੀ ਦੇ ਦੇਵੇ?" ਫੌਜਾ ਸਿੰਘ ਦਾ ਉਤਰ ਸੀ, "ਚਮਕੌਰ ਸਾਹਿਬ ਤੋਂ ਫਤਿਹਗੜ੍ਹ ਸਾਹਿਬ ਤਕ ਦੌੜਨ ਵੇਲੇ ਪੰਜਾਬ ਸਰਕਾਰ ਨੇ ਲੱਖ ਰੁਪਿਆ ਦਿੱਤਾ ਸੀ। ਉਹ ਆਪਾਂ ਓਥੇ ਈ ਵੰਡ ਦਿੱਤਾ। ਹੁਣ ਜੇ ਕੋਈ ਗਿਆਰਾਂ ਲੱਖ ਦੀ ਥਾਂ ਗਿਆਰਾਂ ਕਰੋੜ ਵੀ ਦੇਵੇ ਤਾਂ ਆਪਾਂ ਓਹ ਵੀ ਓਥੇ ਈ ਲੋੜਵੰਦਾਂ 'ਚ ਵੰਡ ਦਿਆਂਗੇ। ਆਪਾਂ ਨੂੰ ਤਾਂ ਆਪਣੀ ਪਿਲਸ਼ਨ ਨੀ ਮੁੱਕਦੀ।"

ਕਿਥੇ ਫੌਜਾ ਸਿੰਘ ਤੇ ਕਿਥੇ ਕਰੋੜਾਂ ਰੁਪਏ 'ਕੱਠੇ ਕਰਨ ਵਾਲੇ ਨੇਤਾ ਤੇ ਵੱਡੇ ਵੱਡੇ ਅਫਸਰ! ਉਹ ਕਰੋੜਾਂ ਰੁਪਏ ਕੋਲ ਹੋਣ ਨਾਲ ਵੀ ਨਹੀਂ ਰੱਜਦੇ ਜਦ ਕਿ ਫੌਜਾ ਸਿੰਘ ਬਿਨਾਂ ਬੈਂਕ ਬੈਲੈਂਸ ਦੇ ਰੱਜਿਆ ਫਿਰਦਾ ਹੈ। ਉਸ ਦੇ ਪੁੱਤਰ ਹਨ, ਧੀਆਂ, ਅੱਗੋਂ ਪੋਤਰੇ ਤੇ ਦੋਹਤਰੇ ਹਨ। ਜੇ ਉਹ ਚਾਹੁੰਦਾ ਤਾਂ ਦੌੜਾਂ ਦੇ ਸਿਰ 'ਤੇ ਜਿੰਨੇ ਮਰਜ਼ੀ ਪੈਸੇ ਕਮਾ ਲੈਂਦਾ। ਉਸ ਨੇ ਲੰਮੀ ਦੌੜ ਦਾ ਰਿਕਾਰਡ ਹੀ ਨਹੀਂ ਰੱਖਿਆ ਮਾਇਆ ਦੇ ਤਿਆਗ ਦਾ ਰਿਕਾਰਡ ਵੀ ਰੱਖਿਆ ਹੈ।

ਲੰਮੀ ਉਮਰ ਦਾ ਭੇਤ ਦੱਸਦਿਆਂ ਉਹ ਕਹਿੰਦਾ ਹੈ ਕਿ ਘੱਟ ਖਾਓ ਤੇ ਵੱਧ ਤੁਰੋ। ਹੱਸੋ ਖੇਡੋ ਤੇ ਖ਼ੁਸ਼ ਰਹੋ। ਆਪਣੇ ਆਪ ਨੂੰ ਕਿਸੇ ਆਹਰੇ ਲਾਈ ਰੱਖੋ। ਦਵਾਈ ਦੀ ਥਾਂ ਪ੍ਰਹੇਜ਼ ਕਰੋ। ਉਹ ਆਪ ਸਾਰੇ ਦਿਨ 'ਚ ਦੋ ਫੁਲਕੇ ਖਾਂਦਾ ਹੈ ਤੇ ਇਕ ਦੋ ਕੱਪ ਚਾਹ ਦੁੱਧ ਦੇ ਪੀਂਦਾ ਹੈ। ਕਦੇ ਕਦੇ ਸੁੰਢ ਦੀ ਤਰੀ ਪੀ ਲੈਂਦਾ ਤੇ ਅਲਸੀ ਦੀ ਪਿੰਨੀ ਖਾ ਲੈਂਦਾ ਹੈ। ਉਸ ਦੀ ਅਸਲੀ ਖ਼ੁਰਾਕ ਹਾਸਾ ਮਜ਼ਾਕ ਹੈ ਜਿਸ ਵਿਚ ਉਹ ਆਪਣੇ ਆਪ ਨੂੰ ਵੀ ਨਹੀਂ ਬਖ਼ਸ਼ਦਾ। ਭਾਰ ਬਵੰਜਾ ਕਿੱਲੋ ਹੈ, ਨੈਣ ਪ੍ਰਾਣ ਕਾਇਮ ਹਨ ਤੇ ਬਣਦੀ ਸਰਦੀ ਸ਼ੁਕੀਨੀ ਵੀ ਲਾਉਂਦਾ ਹੈ। ਉਸ ਦਾ ਨਿਸ਼ਾਨਾ ਉਸ ਗੋਰੇ ਦਾ ਰਿਕਾਰਡ ਤੋੜਨਾ ਸੀ ਜਿਸ ਨੇ 98 ਸਾਲ ਦੀ ਉਮਰ ਵਿਚ ਮੈਰਾਥਨ ਪੂਰੀ ਕੀਤੀ ਸੀ। ਫੌਜਾ ਸਿੰਘ ਨੇ ਮੈਨੂੰ ਕਿਹਾ ਸੀ, "ਜੇ ਮੈਂ ਜੀਂਦਾ ਰਿਹਾ ਤਾਂ ਸੌ ਸਾਲ ਦੀ ਉਮਰ ਭੋਗ ਕੇ ਵੀ ਮੈਰਾਥਨ ਲਾਵਾਂਗਾ, ਭਾਵੇਂ ਓਥੋਂ ਸਿੱਧਾ ਈ ਸਿਵਿਆਂ ਨੂੰ ਜਾਣਾ ਪਵੇ!" ਉਹ ਸੌ ਸਾਲ ਤੋਂ ਟੱਪ ਗਿਆ ਹੈ ਤੇ ਅਜੇ ਵੀ ਦੌੜੀ ਜਾਂਦਾ ਹੈ।

ਬਾਬੇ ਨਾਲ ਮੇਰੀ ਪੰਜਵੀਂ ਮੁਲਾਕਾਤ ਟੋਰਾਂਟੋ ਵਿਚ 2012 'ਚ ਹੋਈ ਤਾਂ ਮੈਂ ਪੁੱਛਿਆ, "ਇਸ ਉਮਰ 'ਚ ਕੀ ਚੰਗਾ ਲੱਗਦੈ?" ਜਵਾਬ ਸੀ, "ਬੱਚੇ। ਬੱਚੇ ਰੱਬ ਦਾ ਰੂਪ ਹੁੰਦੇ ਨੇ। ਜਦੋਂ ਮੈਨੂੰ ਸਕੂਲਾਂ 'ਚ ਜਾਣ ਦਾ ਮੌਕਾ ਮਿਲਦੈ ਤਾਂ ਬੱਚਿਆਂ ਨੂੰ ਦੇਖ ਕੇ ਮੇਰੀ ਰੂਹ ਖਿੜ ਜਾਂਦੀ ਐ। ਮੈਂ ਆਪ ਤਾਂ ਸਕੂਲ ਗਿਆ ਨੀ, ਪਰ ਕਿੰਨੇ ਚੰਗੇ ਭਾਗ ਆ ਮੇਰੇ ਕਿ ਹੁਣ ਸਕੂਲਾਂ 'ਚ ਜਾਣ ਦਾ ਮੌਕਾ ਮਿਲ ਰਿਹੈ। ਬੱਚਿਆਂ ਵਾਂਗ ਮੈਂ ਵੀ ਲੋਭ-ਲਾਲਚ ਤੋਂ ਪਰੇ ਆਂ। ਤਾਂਹੀਓਂ ਉਹ ਮੈਨੂੰ ਭਾਉਂਦੇ ਆ। ਮੈਂ ਨਵੀਆਂ ਜੰਮੀਆਂ ਬੱਚੀਆਂ ਲਈ ਚੈਰਿਟੀ ਦੌੜਾਂ ਦੌੜਦਾਂ। ਮੇਰਾ ਸੁਭਾਗ ਐ ਕਿ ਬੁੱਢੀ ਉਮਰ ਦਾ ਆਦਮੀ ਨਿੱਕੀ ਉਮਰ ਵਾਲਿਆਂ ਲਈ ਦੌੜਦੈ।




ਵੈਸੇ ਮੈਂ ਬੁੱਢਾ ਨਹੀਂ, ਲੋਕਾਂ ਨੂੰ ਐਵੇਂ ਵਹਿਮ ਈ ਐਂ। ਧੁਰ ਅੰਦਰੋਂ ਤਾਂ ਮੈਂ ਬੱਚਾ ਈ ਆਂ।"

"ਜੀਵਨ ਜਿਥੇ ਲੈ ਆਇਆ, ਉਸ ਮੁਕਾਮ 'ਤੇ ਕੀ ਮਹਿਸੂਸ ਕਰਦੇ ਓ?"

"ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇ 'ਚੋਂ ਗੁਜ਼ਰ ਰਿਹਾ ਸੀ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਂ ਕੌਣ ਆਂ ਦੌੜਨ ਵਾਲਾ? ਹਾਂ, ਇਕ ਗੱਲ ਪੱਕੀ ਐ ਕਿ ਮੈਂ ਕਦੇ ਲਾਲਚ ਲਈ ਨ੍ਹੀਂ ਦੌੜਿਆ। ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਿਟੀ ਦੇ ਕੰਮਾਂ ਨੂੰ ਦਾਨ ਦੇ ਦਿੱਤਾ। ਸੋਚਦਾਂ ਖੌਰੇ ਕਦੇ ਕਿਸੇ ਗ਼ਰੀਬ ਦਾ ਭਲਾ ਕੀਤਾ ਹੋਊ ਜੀਹਦੀਆਂ ਅਸੀਸਾਂ ਨਾਲ ਦੌੜੀ ਜਾ ਰਿਹਾਂ।"

"ਕਦੇ ਤੰਗਦਿਲ ਲੋਕਾਂ ਨਾਲ ਵੀ ਵਾਹ ਪਿਆ?"

"ਇਹ ਭਾਈ ਸਭ ਥਾਂਵਾਂ ਉਤੇ ਈ ਮਿਲਦੇ ਆ। ਇਨ੍ਹਾਂ ਪਿੱਛੇ ਲੱਗ ਕੇ ਕੋਈ ਕੰਮ ਪੂਰਾ ਨਹੀਂ ਕੀਤਾ ਜਾ ਸਕਦਾ। ਮੈਂ ਆਪਣੇ ਸਾਥੀ ਬਜ਼ੁਰਗਾਂ ਨੂੰ ਆਮ ਆਖਦਾਂ ਕਿ ਮਿਹਨਤ ਕਰਨ ਵਾਲੇ ਦੇ ਦਿਲ ਦੀ ਹਾਲਤ ਵਿਹਲੜ ਨਹੀਂ ਸਮਝ ਸਕਦੇ। ਇਸ ਕਰਕੇ ਉਲਟੀਆਂ ਸਿੱਧੀਆਂ ਗੱਲਾਂ ਕਰਨ ਵਾਲਿਆਂ ਵੱਲ ਧਿਆਨ ਈ ਨਾ ਦਿਓ। ਜੇ ਕੁਝ ਆਖੋਗੇ ਤਾਂ ਇਹ ਭੱਦਰ ਪੁਰਸ਼ ਔਖੇ ਹੋਣਗੇ ਤੇ ਜੇ ਕੁਝ ਨਾ ਆਖਿਆ ਤਾਂ ਔਖੇ ਹਨ ਹੀ। ਇਨ੍ਹਾਂ ਬਾਰੇ ਤਾਂ ਏਹੋ ਆਖਿਆ ਜਾ ਸਕਦੈ 'ਜੇ ਨਾ ਬੋਲਾਂ ਤਾਂ ਕਹਿੰਦੇ ਨੇ ਲੜੀ ਹੋਈ ਏ, ਜੇ ਕੁਝ ਬੋਲਾਂ ਤਾਂ ਕਹਿੰਦੇ ਨੇ ਰਲੀ ਹੋਈ ਏ!' ਇਕ ਵਾਰ ਸੱਸੀ ਦੇ ਕਮੀਜ਼ ਨੂੰ ਵੇਖ ਕੇ ਇਕ ਮਨਚਲਾ ਆਖਣ ਲੱਗਾ ਕਿ ਕਮੀਜ਼ ਕਿੰਨਾ ਭਾਗਾਂ ਵਾਲਾ ਹੈ ਜੀਹਨੂੰ ਸੱਸੀ ਨਿੱਤ ਪ੍ਰੇਮ ਨਾਲ ਗਲੇ ਲਾਉਂਦੀ ਹੈ। ਆਖਦੇ ਹਨ ਕਿ ਕਮੀਜ਼ ਨੇ ਜਵਾਬ ਦਿੱਤਾ, ਜੇਕਰ ਤੂੰ ਵੀ ਮੇਰੇ ਵਾਂਗ ਪਹਿਲਾਂ ਬੀਜ ਬਣ ਕੇ ਮਿੱਟੀ ਵਿਚ ਮਿਲਣ, ਡਾਲੀਓਂ ਟੁੱਟਣ, ਪੇਂਜੇ ਦੀਆਂ ਤੁਣਕਾਂ ਸਹਿਣ ਤੇ ਹੋਰ ਜੱਫਰਾਂ ਵਿਚੋਂ ਦੀ ਲੰਘਣ ਲਈ ਤਿਆਰ ਏਂ ਤਾਂ ਸ਼ਰਤੀਆ ਸੱਸੀ ਤੈਨੂੰ ਵੀ ਗਲੇ ਲਾ ਸਕਦੀ ਹੈ। ਇਹ ਜਲਣ ਵਾਲੇ ਨਹੀਂ ਜਾਣਦੇ ਕਿ ਸਫਲਤਾ ਲਈ ਕਿੰਨੇ ਜਫ਼ਰ ਜਾਲਣੇ ਪੈਂਦੇ ਨੇ। ਇਸ ਕਰਕੇ ਕਦੇ ਵੀ ਇਨ੍ਹਾਂ ਵੱਲ ਧਿਆਨ ਨਾ ਦਿਓ। ਬੱਸ ਸ਼ੁਕਰ-ਸ਼ੁਕਰ ਕਰਦੇ ਆਪਣੀ ਚਾਲੇ ਤੁਰਦੇ ਜਾਓ। ਜੇ ਜੀਵਨ ਦੌੜ ਬਣ ਜਾਵੇ ਤਾਂ ਕਹਿਣੇ ਹੀ ਕੀ?"

"ਤੁਸੀਂ ਦੁਨੀਆਂ ਦੇਖੀ ਹੈ, ਸਭ ਤੋਂ ਚੰਗੀ ਥਾਂ ਕਿਹੜੀ ਹੈ।"

ਮੈਰਾਥਨ ਦਾ ਮਹਾਂਰਥੀ ਮੁਸਕਰਾਇਆ, "ਜਿਥੇ ਤੁਸੀਂ ਵਸਦੇ ਓ, ਓਹੀ ਥਾਂ ਸਭ ਤੋਂ ਚੰਗੀ ਐ। ਗੁਰਦਾਸ ਮਾਨ ਦਾ ਗੀਤ 'ਜਿਹੜੇ ਮੁਲਕ ਦਾ ਖਾਈਏ ਉਸ ਦਾ ਬੁਰਾ ਨ੍ਹੀਂ ਮੰਗੀਦਾ' ਮੇਰਾ ਪਸੰਦੀਦਾ ਗੀਤ ਐ। ਇਹ ਜੀਵਨ ਦਾ ਸੱਚ ਬਿਆਨਦੈ। ਵੈਸੇ ਬੱਚੇ ਨੂੰ ਉਹ ਥਾਂ ਚੰਗੀ ਲੱਗਦੀ ਐ ਜਿਥੇ ਉਹਦੇ ਮਾਪੇ ਹੋਣ, ਬਾਲਗ ਨੂੰ ਉਹ ਥਾਂ ਚੰਗੀ ਲੱਗਦੀ ਐ ਜਿਥੇ ਉਹਨੂੰ ਰੁਜ਼ਗਾਰ ਮਿਲੇ ਤੇ ਪ੍ਰੇਮੀ ਨੂੰ ਉਹ ਥਾਂ ਪਿਆਰੀ ਜਿਥੇ ਉਹਦਾ ਪਿਆਰਾ ਵੱਸਦਾ ਹੋਵੇ।"

"ਹੋਰ ਕਿੰਨੀ ਕੁ ਉਮਰ ਜਿਊਣ ਦਾ ਇਰਾਦੈ?"

ਬਾਬਾ ਖੇੜੇ ਵਿਚ ਸੀ, "ਦਿਲ ਹੋਣਾ ਚਾਹੀਦੈ ਜੁਆਨ ਉਮਰਾਂ 'ਚ ਕੀ ਰੱਖਿਐ?"

## ਜਮਾਂਦਰੂ ਬੁਜ਼ਦਿਲ

(ਸਫਾ 33 ਦੀ ਬਾਕੀ)

ਮੈਨੂੰ ਪਤਾ ਸੀ ਰੱਬ ਸਜ਼ਾ ਦੇਵੇਗਾ, ਫਿਰ ਵੀ ਕੀਤੇ। ਆਪਣੇ ਸਾਹਮਣੇ ਦੇਰ ਤਕ ਖੜ੍ਹਾ ਕਰ ਕੇ ਮੈਨੂੰ ਸ਼ਰਮਿੰਦਾ ਨਾ ਕਰ। ਸਜ਼ਾ ਸੁਣਾ ਕੇ ਤੋਰ। ਤੈਨੂੰ ਸਜ਼ਾ ਦੇਣ ਦਾ ਪੂਰਾ ਹੱਕ ਹੈ, ਮੈਨੂੰ ਜ਼ਲੀਲ ਕਰਨ ਦਾ ਕੋਈ ਹੱਕ ਨਹੀਂ।

ਬਚਪਨ ਵਿਚ ਜਿਹੜਾ ਬੁਜ਼ਦਿਲ ਸੀ, ਜਵਾਨੀ ਵਿਚ ਇੰਨਾ ਦਲੇਰ ਹੋਇਆ ਕਿ ਰੂਸੋ ਨੇ ਫਰਾਂਸ ਦੀ ਹਕੂਮਤ ਡੇਗ ਦਿੱਤੀ ਤੇ ਆਖਰੀ ਸਮੇਂ ਰੱਬ ਸਾਹਮਣੇ ਸੀਨਾ ਤਾਣ ਕੇ ਖਲੋ ਗਿਆ। ਮੇਰੇ ਵਿਚ ਅਜਿਹੀ ਦਲੇਰੀ ਸਾਰੀ ਉਮਰ ਨਹੀਂ ਆ ਸਕੀ। ਬੁੱਢਾ ਹੋ ਗਿਆ ਹਾਂ, ਫਿਰ ਵੀ ਇੰਨਾ ਬੁਜ਼ਦਿਲ ਕਿ ਸੋਹਣੀ ਸੂਰਤ ਸਾਹਮਣੇ ਦੇਖਣ ਸਾਰ ਮੈਨੂੰ ਕਾਂਬਾ ਛਿੜ ਜਾਂਦਾ ਹੈ। ਬੁਜ਼ਦਿਲੀ ਦਾ ਰਿਆਜ਼ ਕਰਦਿਆਂ ਕਰਦਿਆਂ ਮੈਂ ਇਸ ਨਤੀਜੇ ਉਪਰ ਪੁੱਜਾ ਹਾਂ ਕਿ ਜਿਹੜੇ ਕਾਇਰ ਨਹੀਂ ਹੁੰਦੇ, ਉਹ ਮੂਰਖ ਹਨ।

ਜੇ ਸਾਰੀ ਦੁਨੀਆਂ ਬਹਾਦਰਾਂ ਨਾਲ ਭਰੀ ਹੁੰਦੀ ਤਾਂ ਸਾਰੇ ਇਕ ਦੂਜੇ ਨੂੰ ਮਾਰ ਦਿੰਦੇ, ਕਿਉਂਕਿ ਬਹਾਦਰ ਬਹਾਦਰ ਨੂੰ ਬਰਦਾਸ਼ਤ ਨਹੀਂ ਕਰਦਾ। ਜੇ ਅੱਧੇ ਬਹਾਦਰ, ਅੱਧੇ ਬੁਜ਼ਦਿਲ ਹੁੰਦੇ ਤਾਂ ਬਹਾਦਰ ਪਹਿਲਾਂ ਬੁਜ਼ਦਿਲਾਂ ਨੂੰ ਮਾਰਦੇ, ਫਿਰ ਇਕ ਦੂਜੇ ਨੂੰ। ਇਹ ਦੁਨੀਆਂ ਇਸ ਕਰ ਕੇ ਜਿਉਂ ਰਹੀ ਹੈ ਕਿ ਸਾਰੇ ਹੀ ਡਰਪੋਕ ਹਨ, ਨੀਵੀਂ ਪਾਈ ਦਿਨ ਕਟੀ ਕਰੀ ਜਾਂਦੇ ਹਨ ਮੇਰੇ ਵਾਂਗ।

ਨਾਗਸੈਨ ਨੇ ਕਿਹਾ ਸੀ-ਮਿੱਤਰਾਂ ਪਿਆਰਿਆਂ ਦੀ ਹਾਜ਼ਰੀ ਵਿਚ ਨਿੱਕੇ-ਮੋਟੇ ਫਿਕਰ ਇਰਦ-ਗਿਰਦ ਤੁਰਦੇ ਫਿਰਦੇ ਹਨ। ਇਕੱਲੇ ਰਹਿ ਜਾਂਦੇ ਹਾਂ ਤਾਂ ਵੱਡਾ ਖਤਰਨਾਕ ਖੌਫ ਸਾਹਮਣੇ ਖਲੋ ਜਾਂਦਾ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਤਿੱਖੀ ਹਵਾ ਨਿੱਕੀਆਂ ਮੋਮਬੱਤੀਆਂ ਬੁਝਾ ਦਿੰਦੀ ਹੈ ਜਦੋਂ ਕਿ ਇਸੇ ਤੇਜ਼ ਹਵਾ ਨਾਲ ਜੰਗਲੀ ਅੱਗ ਦੀਆਂ ਲਾਟਾਂ ਹੋਰ ਉਚੀਆਂ ਹੋ ਜਾਂਦੀਆਂ ਹਨ।

ਮੈਂ ਕਿਤਾਬਾਂ ਨੂੰ ਇਸ ਕਰ ਕੇ ਰੱਟੇ ਮਾਰਦਾ ਕਿ ਡਰ ਸੀ, ਕਿਤੇ ਪਿੱਛੇ ਨਾ ਰਹਿ ਜਾਵਾਂ। ਹੁਣ ਤੱਕ ਮੈਨੂੰ ਸਾਲ ਵਿਚ ਦੋ ਤਿੰਨ ਵਾਰ ਇਕ ਸੁਫਨਾ ਡਰਾਉਂਦਾ ਰਹਿੰਦਾ ਹੈ। ਇਮਤਿਹਾਨ ਹੋ ਰਿਹਾ ਹੈ, ਮਾਸਟਰ ਜੀ ਨੇ ਪੇਪਰ ਵੰਡੇ, ਹਿਸਾਬ ਦਾ ਪ੍ਰਸ਼ਨ ਪੱਤਰ ਪੜ੍ਹ ਕੇ ਪਸੀਨਾ ਛੁੱਟ ਜਾਂਦਾ ਹੈ। ਇਕ ਵੀ ਸਵਾਲ ਨਹੀਂ ਆਉਂਦਾ। ਤੋਤੇ ਉਡ ਗਏ ਹਨ। ਦਸਵੀਂ ਵਿਚ ਮੈਨੂੰ ਹਿਸਾਬ ਦੇ ਸਾਰੇ ਸਵਾਲ ਆਉਂਦੇ ਸਨ, ਸਭ ਤੋਂ ਵਧੀਕ ਨੰਬਰ ਇਸ ਵਿਸ਼ੇ ਵਿਚ ਲਏ, ਫਿਰ ਵੀ ਹੁਣ ਤੱਕ ਮੈਨੂੰ ਹਿਸਾਬ ਤੋਂ ਕਿਉਂ ਡਰ ਲਗਦਾ ਹੈ, ਪਤਾ ਨਹੀਂ। ਕਿਤੇ ਮੈਂ ਉਸ ਹਿਸਾਬ ਤੋਂ ਤਾਂ ਨਹੀਂ ਡਰਨ ਲੱਗਾ ਜਿਹੜਾ ਹੁਣ ਰੱਬ ਆਪਣੇ ਕੋਲ ਬੁਲਾ ਕੇ ਮੇਰੇ ਕੋਲੋਂ ਮੰਗੇਗਾ?

ਬਚਪਨ ਵਿਚ ਮਾਪਿਆਂ ਨੇ ਹਿਸਾਬ ਮੰਗਿਆ, ਜੁਆਨੀ ਵਿਚ ਪਤਨੀ ਅਤੇ ਸ਼ਰੀਕਾਂ ਨੇ। ਬੁਢਾਪੇ ਵਿਚ ਬੱਚਿਆਂ ਨੇ ਹਿਸਾਬ ਮੰਗਿਆ। ਇੰਨੀ ਥਾਂ ਹਿਸਾਬ ਦੇ ਚੁੱਕੇ ਹਾਂ, ਹੁਣ ਰੱਬ ਨੂੰ ਚਾਹੀਦਾ ਹੈ-ਕੁਝ ਦਿਲ ਦਿਖਾਵੇ, ਹਿਸਾਬ ਨਾ ਈ ਮੰਗੇ। ਸੁਣਿਆ ਹੈ ਉਸ ਦਾ ਨਾਮ ਮਿਹਰਬਾਨ ਹੈ। ਜਿੰਨੀ ਬਾਮੁਸ਼ਕਤ ਉਮਰ ਕੈਦ ਮਿਲੀ ਸੋ ਭੁਗਤੀ, ਹੁਣ ਵਹੀ ਕਿਉਂ ਖੋਲ੍ਹਦਾ ਹੈ? ਹੁਣ ਰਿਹਾ ਕਰੇ!!

## ਕਾਵਿ-ਜਗਤ

### ਬੁੱਢੇ ਤੇ ਬੁੱਢੀ ਦਾ ਪਿਆਰ

ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।
ਮਿਲ ਬੈਠਣ ਨਾ ਮਿੱਠੀਆਂ ਮਾਰਨ,
ਕੋਈ ਇਜ਼ਹਾਰ ਨਹੀਂ ਹੈ।

ਜਦ ਵੀ ਦੇਖੋ ਬੁੜੀ ਬੁੜੇ ਨੂੰ,
ਕੋਸਣ ਤੋਂ ਨਾ ਹਟਦੀ ਏ।
ਉਸ ਤੋਂ ਪਾਸੇ ਜਾ ਕੇ ਪਰ ਉਹ,
ਇਕ ਪਲ ਵੀ ਨਾ ਕਟਦੀ ਏ।
ਏਥੇ ਕੀ ਐ, ਘਰ ਨੂੰ ਚੱਲੋ,
ਘਰ ਪਰਿਵਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

ਨਾ ਮਰਦਾ ਨਾ ਮੰਜਾ ਛਡਦਾ,
ਸ਼ਾਮ ਸਵੇਰੇ ਕਹਿੰਦੀ।
ਸਿਰ ਦੇ ਸਾਂਈ ਦੀ ਸੁੱਖ ਰੱਖੀਂ,
ਰੱਬ ਤੋਂ ਮੰਗਦੀ ਰਹਿੰਦੀ।
ਇਹਦੇ ਬਿਨ ਕਿਸ ਪੁੱਛਣਾ ਮੈਨੂੰ,
ਹੁਣ ਇਤਬਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

ਮੇਰਾ ਤਾਂ ਬਸ ਏਹੋ ਈ ਐ,
ਇਸ ਸੰਗ ਜੀਣਾ ਮਰਨਾ।
ਇਹ ਤੁਰ ਜੂ ਤਾਂ, ਇਸ ਦੇ
ਪਿੱਛੋਂ ਮੈਂ ਕੀ ਜੀ ਕੇ ਕਰਨਾ।
ਇਹ ਸਰਦੀ ਕਢਵਾ ਦੇ,
ਹੁੰਦੀ ਹੋਰ ਸਹਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

ਰੋਟੀ ਪਾਣੀ ਚਾਹ ਵੇਲੇ ਸਿਰ,
ਵੇਲਾ ਨਹੀਂ ਖੁੰਝਾਉਂਦੀ।
ਚੌਂਕੇ ਤੋਂ ਬੁੱਢੇ ਤੱਕ ਦਿਨ ਵਿਚ,
ਛੱਤੀ ਚੱਕਰ ਲਾਉਂਦੀ।
ਆਪਸ ਵਿਚ ਦੋਨਾਂ ਦੇ ਬੋਲਣ ਦਾ,
ਆਸਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

ਬੁੱਢਾ ਪਾਇਆ ਬਾਹਰ ਬਰਾਂਡੇ,
ਬੁੱਢੀ ਪਾਈ ਖੋਲੀ।
ਬੁੱਢਾ ਜਦ ਵੀ ਖਊਂ ਖਊਂ ਕਰਦਾ,
ਬੁੱਢੀ ਖਲਾਵੇ ਗੋਲੀ।
ਤਪਨੇ ਅੱਗ ਪਾ ਰੱਖਦੀ ਥੱਲੇ,
ਮੰਨਦੀ ਭਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

ਗੱਲ ਗੱਲ 'ਤੇ ਲੜ ਪੈਂਦੇ ਦੋਨੋਂ,
ਫਿਰ ਵੀ ਅੱਡ ਨਾ ਰਹਿੰਦੇ।
ਦੂਰ ਨਾ ਹੁੰਦੇ ਇੱਕ ਦੂਜੇ ਤੋਂ,
ਇਕ ਮੰਜੇ ਨਹੀਂ ਬਹਿੰਦੇ।
ਗੁੱਸੇ ਹੋ ਕੇ ਮੁੜ ਬੋਲਣ ਦਾ,
ਕੋਈ ਆਧਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

ਜੀਵਨ ਏ ਮਜ਼ਬੂਰੀ ਭਾਵੇਂ,
ਮਰਨੇ ਤੋਂ ਡਰ ਲਗਦਾ।
ਸਾਥ ਨਾ ਟੁੱਟੇ ਆਖਰ ਦਮ ਤੱਕ,
ਬੁੜਾ ਦੁਆਵਾਂ ਕਰਦਾ।
ਬੋਲੋਂ ਮਾੜੀ ਦਿਲ ਦੀ ਚੰਗੀ,
ਸ਼ਿਸ਼ਟਾਚਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

ਰੱਬਾ ਸਦਾ ਸਲਾਮਤ ਰੱਖੀਂ,
ਵਡਭਾਗੀ ਇਹ ਜੋੜੀ।
ਧੁਰ ਰੂਹਾਂ 'ਚੋਂ ਪਿਆਰ ਜੋ ਕਰਦੇ,
ਹੋਰ ਮੁਹੱਬਤ ਥੋੜੀ।
ਮੱਤ ਦੇ ਬੱਚਿਆਂ ਨੂੰ,
ਮਾਂ ਪਿਉ ਬਿਨ ਸੰਸਾਰ ਨਹੀਂ ਹੈ।
ਕਹਿੰਦੇ ਬੁੱਢੇ ਤੇ ਬੁੱਢੀ ਵਿਚ,
ਭੋਰਾ ਪਿਆਰ ਨਹੀਂ ਹੈ।

-ਡਾ. ਦਲਵਿੰਦਰ ਸਿੰਘ ਗਰੇਵਾਲ

# ਆਸਕਰ ਉਡਾਣ

85ਵੇਂ ਆਸਕਰ ਐਵਾਰਡ ਦੇ ਹੋਸਟ ਸੇਠ ਮੈਕਫਰਲੇਨ ਤੇ ਅਦਾਕਾਰਾ ਇਮਾ ਸਟੋਨ ਨੇ ਆਸਕਰ ਪੁਰਸਕਾਰਾਂ ਲਈ ਨਾਮਜਦਗੀਆਂ 10 ਜਨਵਰੀ 2013 ਨੂੰ ਲਾਂਸ ਏਂਜਲਸ ਵਿਚ ਘੋਸ਼ਿਤ ਕਰ ਦਿੱਤੀਆਂ ਹਨ। ਪਿਛਲੇ 40 ਸਾਲ ਦੀ ਰਵਾਇਤ ਨੂੰ ਤੋੜਦਿਆਂ ਪਹਿਲੀ ਵਾਰ ਆਸਕਰ ਦੇ ਹੋਸਟ ਵਲੋਂ ਇਹ ਨਾਮਜ਼ਦਗੀਆਂ ਐਲਾਨੀਆਂ ਗਈਆਂ ਹਨ। ਇਸ ਤੋਂ ਪਹਿਲਾ ਇਹ ਰਸਮ ਆਸਕਰ ਕਮੇਟੀ ਦੇ ਅਧਿਕਾਰੀਆਂ ਵਲੋਂ ਨਿਭਾਈ ਜਾਂਦੀ ਸੀ।

ਫਿਲਮ 'ਲਿੰਕਨ' ਨੂੰ ਸਭ ਤੋਂ ਜਿਆਦਾ 12 ਸ੍ਰੇਣੀਆਂ ਵਿਚ ਨਾਮਜ਼ਦਗੀ ਮਿਲੀ ਹੈ। ਇਹ ਫਿਲਮ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਇਬਰਾਹਿਮ ਲਿੰਕਨ ਬਾਰੇ ਹੈ ਜਿਨ੍ਹਾਂ ਨੇ ਸਿਵਲ ਵਾਰ ਦੌਰਾਨ ਸੰਵਿਧਾਨ ਵਿਚ 13ਵੀਂ ਸੋਧ ਕਰਕੇ ਗੁਲਾਮਾਂ ਨੂੰ ਮੁਕਤੀ ਦੁਆਈ ਸੀ। ਫਿਲਮ ਦਾ ਨਿਰਦੇਸ਼ਨ ਮਸ਼ਹੂਰ ਨਿਰਦੇਸ਼ਕ ਸਟੀਵਨ ਸਪੀਲਬਰਗ ਨੇ ਕੀਤਾ ਹੈ, ਜਿਸ ਨੂੰ ਸਰਵੋਤਮ ਨਿਰਦੇਸ਼ਕ ਦੀ ਸ੍ਰੇਣੀ ਵਿਚ ਸ਼ਾਮਿਲ ਕੀਤਾ ਗਿਆ ਹੈ। ਹਾਲੀਵੁੱਡ ਵਿਚ ਸਪੀਲਬਰਗ ਦਾ ਬੜਾ ਨਾਂ ਹੈ। 11 ਵਾਰ ਉਸ ਦੀਆਂ ਫਿਲਮਾਂ ਤੇ ਛੇ ਵਾਰ ਉਹ ਆਪ ਸਰਵੋਤਮ ਫਿਲਮਸਾਜ਼ ਦੇ ਪੁਰਸਕਾਰ ਲਈ ਨਾਮਜ਼ਦ ਹੋ ਚੁੱਕਾ ਹੈ ਅਤੇ ਦੋ ਵਾਰ ('ਸੇਵਿੰਗ ਪ੍ਰਾਈਵੇਟ ਰਿਆਨ' ਅਤੇ 'ਸ਼ਿਡਲਰ'ਜ਼ ਲਿਸਟ') ਉਸ ਨੇ ਆਸਕਰ ਅਵਾਰਡ ਹਾਸਿਲ ਵੀ ਕੀਤਾ ਹੈ। ਇਹ ਫਿਲਮ ਸਰਵੋਤਮ ਨਿਰਦੇਸ਼ਨ, ਅਦਾਕਾਰ (ਡੇਨੀਅਲ ਡੇਅ-ਲੂਈਸ), ਸਹਾਇਕ ਅਦਾਕਾਰਾ (ਸੈਲੀ ਫੀਲਡ), ਸਹਾਇਕ ਅਦਾਕਾਰ (ਟੌਮੀ ਲੀ ਜੋਨਸ) ਅਤੇ ਸਰਵੋਤਮ ਪਟਕਥਾ (ਟੋਨੀ ਕੁਸ਼ਾਰ) ਲਈ ਨਾਮਜ਼ਦ ਹੋਈ ਹੈ।

ਆਂਗ ਲੀ ਦੀ ਫਿਲਮ 'ਲਾਈਫ ਆਫ ਪਾਈ' ਨੂੰ 11 ਅਤੇ ਰੋਮਾਂਟਿਕ ਕਾਮੇਡੀ ਫਿਲਮ 'ਸਿਲਵਰ ਲਾਈਨਿੰਗ ਪਲੇਬੁੱਕ' ਨੂੰ 8 ਵਰਗਾਂ ਵਿਚ ਨਾਮਜ਼ਦਗੀਆਂ ਮਿਲੀਆਂ ਹਨ। ਰਾਜਨੀਤਕ ਥ੍ਰਿਲਰ ਫਿਲਮ 'ਆਰਗੋ' ਤੇ ਸੰਗੀਤਕ ਫਿਲਮ 'ਲੈਸ ਮਿਜ਼ਰੇਬਲ' ਨੂੰ 7 ਵਰਗਾਂ, ਬਹੁਤ ਹੀ ਚਰਚਿੱਤ ਫਿਲਮ 'ਜੀਰੋ ਡਾਰਕ ਥਰਟੀ' ਤੇ 'ਜਾਂਗੋ ਅਨਚੇਨਡ' ਨੂੰ ਪੰਜ ਅਤੇ ਜੇਮਜ ਬਾਂਡ ਦੀ ਫਿਲਮ 'ਸਕਾਈ ਫਾਲ' ਨੂੰ ਚਾਰ ਵਰਗਾਂ ਵਿਚ ਨਾਮਜ਼ਦਗੀ ਹਾਸਿਲ ਹੋਈ ਹੈ।

**ਸਰਵੋਤਮ ਫਿਲਮ:** ਲਿੰਕਨ, ਜ਼ੀਰੋ ਡਾਰਕ ਥਰਟੀ, ਲਾਈਫ ਆਫ਼ ਪਾਈ, ਲੈਸ ਮਿਜ਼ਰੇਬਲ, ਸਿਲਵਰ ਲਾਈਨਿੰਗ ਪਲੇਬੁੱਕ, ਜਾਂਗੋ ਅਨਚੇਨਡ, ਬੀਸਟਸ ਆਫ਼ ਦਿ ਸਾਊਦਰਨ ਵਾਈਲਡ, ਆਰਮਰ ਤੇ ਆਰਗੋ।

**ਬੈਸਟ ਐਕਟਰ:** ਡੇਨੀਅਲ ਡੇਅ-ਲੂਇਸ (ਲਿੰਕਨ), ਬਰੈਡਲੇ ਕੂਪਰ (ਸਿਲਵਰ ਲਾਈਨਿੰਗ ਪਲੇਬੁੱਕ), ਜੋਕਿਨ ਫਿਨਿਕਸ (ਦਿ ਮਾਸਟਰ), ਡੇਂਜ਼ਲ ਵਾਸ਼ਿੰਗਟਨ (ਫਲਾਈਟ) ਤੇ ਹਿਊਗ ਜੈਕ ਮੈਨ (ਲੈਸ ਮਿਜ਼ਰੇਬਲ),

**ਬੈਸਟ ਐਕਟਰੈਸ:** ਜੈਸਿਕਾ ਚੈਸਟਨ (ਜ਼ੀਰੋ ਡਾਰਕ ਥਰਟੀ), ਇਮਾਨਉਲ ਰੀਵਾ (ਆਰਮਰ), ਕੁਵੈਨਜ਼ਨ ਵੈਲਿਸ (ਬੀਸਟਸ ਆਫ਼ ਦਿ ਸਾਊਦਰਨ ਵਾਈਲਡ), ਜੈਨੀਫਰ ਲਾਰੈਂਸ (ਸਿਲਵਰ ਲਾਈਨਿੰਗ ਪਲੇਬੁੱਕ) ਤੇ ਨੋਮੀ ਵਾਟਸ (ਦਿ ਇੰਪੌਸੀਬਲ)।




*ਇਮਾਨਉਲ ਰੀਵਾ* *ਕੁਵੈਨਜ਼ਨ ਵੈਲਿਸ*

**ਸਰਵੋਤਮ ਡਾਇਰੈਕਟਰ:** ਸਟੀਵਨ ਸਪੀਲਬਰਗ (ਲਿੰਕਨ), ਮਾਈਕਲ ਹੈਨੇਕ (ਆਰਮਰ), ਡੇਵਿਡ ਓ. ਰੱਸੇਲ (ਸਿਲਵਰ ਲਾਈਨਿੰਗ ਪਲੇਬੁੱਕ) ਆਂਗ ਲੀ (ਲਾਈਫ ਆਫ਼ ਪਾਈ) ਤੇ ਬੈਨ ਜ਼ੇਟਲਿਨ (ਬੀਸਟਸ ਆਫ਼ ਦਿ ਸਾਊਦਰਨ ਵਾਈਲਡ)।

'ਜੀਰੋ ਡਾਰਕ ਥਰਟੀ' ਦੀ ਨਿਰਦੇਸ਼ਕ ਕੈਥਰੀਨ ਬਿਗਲੋਅ ਤੇ 'ਆਰਗੋ' ਦੇ ਨਿਰਦੇਸ਼ਕ ਐਫਲਕ ਬੈਨ ਨੂੰ ਸਰਵੋਤਮ ਡਾਇਰੈਕਟਰ ਦੀ ਸੂਚੀ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਹੈ। ਫਿਲਮੀ ਹਲਕਿਆਂ ਤੇ ਆਲੋਚਕਾਂ ਵਿਚ ਆਮ ਚਰਚਾ ਹੈ ਕਿ ਇਹ ਦੋਵੇਂ ਫਿਲਮਾਂ ਰਾਜਨੀਤਕ ਵਿਸ਼ੇ ਨਾਲ ਸਬੰਧਤ ਹਨ, ਇਸ ਲਈ ਇਸ ਦੇ ਨਿਰਦੇਸ਼ਕਾਂ ਨੂੰ ਬੈਸਟ ਡਾਇਰੈਕਟਰ ਦੀ ਸ੍ਰੇਣੀ ਵਿਚ ਸਾਮਿਲ ਨਹੀ ਕੀਤਾ ਗਿਆ ਹੈ। ਕਈ ਫਿਲਮੀ ਪੰਡਿਤ ਤਾਂ ਇਥੋਂ ਤਕ ਵੀ ਕਹਿੰਦੇ ਹਨ ਕਿ ਜੇ ਇਨ੍ਹਾਂ ਫਿਲਮਾਂ ਦੇ ਨਿਰਦੇਸ਼ਕਾਂ ਨੂੰ ਨਹੀਂ ਚੁਣਿਆ ਗਿਆ ਤਾਂ ਇਸ ਦਾ ਸਾਫ ਮਤਲਬ ਹੈ ਕਿ ਇਹ ਫਿਲਮਾਂ ਬੈਸਟ ਫਿਲਮ ਦੀ ਸ਼੍ਰੇਣੀ ਵਿਚ ਹੁੰਦੇ ਹੋਏ ਵੀ ਬੈਸਟ ਫਿਲਮ ਦਾ ਇਨਾਮ ਨਹੀਂ ਜਿੱਤ ਸਕਣਗੀਆਂ ਤੇ ਇਸ ਨਾਲ ਫਿਲਮ 'ਲਿੰਕਨ' ਲਈ ਆਸਕਰ ਇਨਾਮ ਜਿੱਤਣ ਦਾ ਰਾਹ ਪੱਧਰਾ ਹੋ ਗਿਆ ਹੈ। ਕਿਉਂਕਿ ਸ਼ੁਰੂ ਤੋਂ ਹੀ 'ਲਿੰਕਨ' ਤੇ 'ਜੀਰੋ ਡਾਰਕ ਥਰਟੀ' ਵਿਚ ਇਨਾਮ ਜਿੱਤਣ ਲਈ ਫਸਵਾਂ ਮੁਕਾਬਲਾ ਸਮਝਿਆ ਜਾ ਰਿਹਾ ਸੀ। ਇਕ ਫਿਲਮ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਦੇ ਜੀਵਨ ਨਾਲ ਤੇ ਦੂਸਰੀ ਉਸਾਮਾ-ਬਿਨ ਲਾਦੇਨ ਨੂੰ ਮਾਰਨ ਦੇ ਕਾਂਡ ਨਾਲ ਜੁੜੀ ਹੈ।

ਜਿਨ੍ਹਾਂ ਫਿਲਮਾਂ ਨੂੰ ਆਸਕਰ ਨਾਮਜ਼ਦਗੀ ਸੂਚੀ ਵਿਚ ਸਥਾਨ ਮਿਲਿਆ ਹੈ ਤੇ ਜਿਹੜੀਆਂ ਆਖਰੀ ਸੂਚੀ ਵਿਚ ਨਾਮਜ਼ਦਗੀ ਹਾਸਿਲ ਨਹੀਂ ਕਰ ਸਕੀਆਂ, ਇਸ ਬਾਰੇ ਵਿਚਾਰ ਸਾਂਝੇ ਕਰਨ ਲਈ ਸੰਨ ਟਾਈਮਜ਼ ਅਖਬਾਰ ਪਬਲੀਕੇਸ਼ਨ ਦੇ ਸਪਾਲਸ਼ ਅਦਾਰੇ ਵਲੋਂ ਇਕ ਵਿਸ਼ੇਸ਼ ਵਿਚਾਰ-ਚਰਚਾ ਸ਼ਿਕਾਗੋ ਦੇ ਜੀਨ ਸਿਸਕਲ ਫਿਲਮ ਸੈਂਟਰ ਵਿਚ ਕਰਵਾਈ ਗਈ ਜਿਸ 'ਚ ਸ਼ਿਕਾਗੋ ਟ੍ਰਿਬਿਊਨ ਦੇ ਫਿਲਮ ਆਲੋਚਕ ਮਾਈਕਲ ਫਿਲਿਪਸ, ਏ.ਬੀ.ਸੀ. ਚੈਨਲ 7 ਦੀ ਹੋਸਟ ਜੈਨਟ ਡੇਵਿਸ, ਸ਼ਿਕਾਗੋ ਪਬਲਿਕ ਰੇਡੀਓ (ਡਬਲਿਯੂ. ਬੀ. ਈ. ਜੀ 91.5) ਦੀ ਐਲੀਸਨ ਕਾਉਡੀ, ਸ਼ਿਕਾਗੋ ਦੇ ਫਿਲਮੀ ਰਾਈਟਰ ਸਟੀਫ ਪਰੋਕੋਪੀ ਤੇ ਮਸ਼ਹੂਰ ਜਰਨਲਿਸਟ ਬੈਨ ਕਿਨਸਬਰਗ ਨੇ ਹਿੱਸਾ ਲਿਆ। ਇਸ ਗੋਸ਼ਟੀ ਵਿਚ ਸ਼ਿਕਾਗੋ ਦੇ ਫਿਲਮ ਪ੍ਰੇਮੀ ਵੀ ਚੋਖੀ ਗਿਣਤੀ ਵਿਚ ਹਾਜਰ ਹੋਏ।




ਸਟੀਫ ਪਰੋਕੋਪੀ ਨੇ ਕਿਹਾ ਕਿ ਆਸਕਰ ਲਈ ਫਿਲਮਾਂ ਦੀ ਚੋਣ 'ਚ ਬੋਧਿਕ ਨਾਲੋਂ ਜਜ਼ਬਾਤੀ ਪੱਖ ਜਿਆਦਾ ਹਾਵੀ ਹੈ। ਮਾਈਕਲ ਫਿਲਿਪਸ ਨੇ ਕਿਹਾ ਕਿ ਫਿਲਮਾਂ ਦੀ ਚੋਣ ਸਿਨੇਮਾ ਦੇ ਪੱਖ ਤੋਂ ਕੀਤੀ ਜਾਣੀ ਚਾਹੀਦੀ ਹੈ। ਐਲੀਸਨ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਆਮ ਦਰਸ਼ਕਾਂ ਦੇ ਫਿਲਮ ਪਸੰਦ ਕਰਨ ਦੀ ਰੁਚੀ ਤੇ ਫਿਲਮੀ ਆਲੋਚਕਾਂ ਦੀ ਪਸੰਦ ਵਿਚ ਵੱਡਾ ਫਰਕ ਨਜ਼ਰ ਆਉਂਦਾ ਹੈ।

ਜੈਨਟ ਡੇਵਿਸ ਦਾ ਵਿਚਾਰ ਸੀ ਕਿ 'ਲਿੰਕਨ' ਦੇ ਡਾਇਰੈਕਟਰ ਸਟੀਵਨ ਸਪੀਲਬਰਗ ਤੇ ਫਿਲਮ 'ਦੀ ਸੈਸ਼ਨ' ਦੇ ਆਸਕਰ ਜਿੱਤਣ ਦੇ ਅਸਾਰ ਜਿਆਦਾ ਦਿਸਦੇ ਹਨ। ਬੇਨ ਨੇ ਕਿਹਾ ਲਿੰਕਨ ਦਾ ਰੌਲ ਕਰਨ ਵਾਲੇ ਡੇਨੀਅਲ ਡੇਅ-ਲੂਇਸ ਬੈਸਟ ਐਕਟਰ ਦਾ ਇਨਾਮ ਜਿੱਤ ਸਕਦੇ ਹਨ।

ਇਸ ਵਾਰ ਆਸਕਰ ਸਮਾਗਮ ਵਿਚ ਮਸਹੂਰ ਪਾਤਰ ਜਾਸੂਸ ਜੇਮਸ ਬਾਂਡ ਦੀਆਂ ਫਿਲਮਾਂ ਦੇ 50 ਸਾਲ ਪੂਰੇ ਹੋਣ 'ਤੇ ਉਸ ਦਾ ਜਨਮ ਦਿਨ ਮਨਾਉਂਦੇ ਹੋਏ ਵਿਸ਼ੇਸ ਪ੍ਰੋਗਰਾਮ ਰੱਖਿਆ ਗਿਆ ਹੈ। ਜੇਮਸ ਬਾਂਡ ਦੀ ਫਿਲਮ 'ਸਕਾਈਫਾਲ' ਵੀ ਸਿਨੇਮਾਟੋਗ੍ਰਾਫੀ, ਮੌਲਿਕ ਸੰਗੀਤ, ਮੌਲਿਕ ਗੀਤ ਤੇ ਸਾਊਂਡ ਐਡਿਟਿੰਗ ਦੇ ਵਰਗ ਵਿਚ ਸ਼ਾਮਿਲ ਹੈ।

85ਵੇਂ ਆਸਕਰ ਅਵਾਰਡ ਦੀ ਇਕ ਹੋਰ ਦਿਲਸਚਪ ਗੱਲ ਇਹ ਹੈ ਕਿ ਸਰਵੋਤਮ ਅਭਿਨੇਤਰੀ ਸ਼੍ਰੇਣੀ 'ਚ ਸਭ ਤੋਂ ਘੱਟ ਉਮਰ 9 ਸਾਲ ਦੀ ਕੁਵੈਨਜ਼ਨ ਵੈਲਿਸ (ਫਿਲਮ ਬੀਸਟਸ ਆਫ ਦਿ ਸਾਊਦਰਨ ਵਾਈਲਡ) ਤੇ ਸਭ ਤੋਂ ਵੱਡੀ ਉਮਰ 85 ਸਾਲ ਦੀ ਇਮਾਨਉਲ ਰੀਵਾ (ਫਿਲਮ ਆਰਮਰ) ਵੀ ਮੁਕਾਬਲੇ ਵਿਚ ਹਨ।

ਹਾਜਰ ਸਿਨੇ ਪ੍ਰੇਮੀਆਂ ਦਾ ਵਿਚਾਰ ਸੀ ਕਿ ਇਸ ਸਾਲ 'ਆਰਗੋ', 'ਲਿੰਕਨ' ਤੇ 'ਜੀਰੋ ਡਾਰਕ ਥਰਟੀ' ਫਿਲਮਾਂ ਦੇ ਰਾਜਨੀਤੀ ਤੋਂ ਪ੍ਰੇਰਿਤ ਵਿਸ਼ੇ ਹੋਣ ਕਰਕੇ ਆਸਕਰ ਅਵਾਰਡ ਵਿਚ ਰਾਜਨੀਤਕ ਮਾਹੌਲ ਜਿਆਦਾ ਗਰਮ ਹੈ। ਉਸਾਮਾ ਬਿਨ ਲਾਦੇਨ 'ਤੇ ਬਣੀ ਫਿਲਮ 'ਜੀਰੋ ਡਾਰਕ ਥਰਟੀ' ਵਿਚ ਦਿਖਾਏ ਕਈ ਤੱਥਾਂ ਦੀ ਕਾਫੀ ਨੁਕਤਾਚੀਨੀ ਹੋ ਰਹੀ ਹੈ।

ਵਿਦੇਸ਼ੀ ਫਿਲਮ ਵਰਗ ਵਿਚ ਕੋਈ ਭਾਰਤੀ ਫਿਲਮ ਨਹੀਂ ਹੈ ਪਰ ਆਸਕਰ ਲਈ ਨਾਮਜ਼ਦ ਕਈ ਫਿਲਮਾਂ ਦਾ ਭਾਰਤ ਨਾਲ ਸਬੰਧ ਹੈ। ਨਿਰਦੇਸ਼ਕ ਆਂਗ ਲੀ ਦੀ ਫਿਲਮ 'ਲਾਈਫ ਆਫ ਪਾਈ' ਵਿਚ ਭਾਰਤੀ ਫਿਲਮ ਕਲਾਕਾਰ ਸੂਰਜ ਸ਼ਰਮਾ, ਇਰਫਾਨ ਖਾਨ, ਤਬੂ ਤੇ ਆਦਿਲ ਹੁਸੈਨ ਨੇ ਕੰਮ ਕੀਤਾ ਹੈ। ਫਿਲਮ 'ਸਿਲਵਰ ਲਾਈਨਿੰਗ ਪਲੇਬੁਕ' ਵਿਚ ਮਸ਼ਹੂਰ ਅਦਾਕਾਰ ਅਨੁਪਮ ਖੇਰ ਨੇ ਅਦਾਕਾਰੀ ਦੇ ਜੌਹਰ ਦਿਖਾਏ ਹਨ। ਉਸਾਮਾ ਬਿਨ ਲਾਦੇਨ ਬਾਰੇ ਫਿਲਮ 'ਜੀਰੋ ਡਾਰਕ ਥਰਟੀ' ਦੀ ਸੂਟਿੰਗ ਚੰਡੀਗੜ੍ਹ ਦੇ ਨੇੜੇ ਇਕ ਸੈਟ ਲਗਾ ਕੇ ਕੀਤੀ ਗਈ ਸੀ ਜਿਸ ਦਾ ਭਾਰਤ ਵਿਚ ਕਾਫੀ ਵਿਰੋਧ ਵੀ ਹੋਇਆ ਸੀ।

ਇਸੇ ਫਿਲਮ ਦੀ ਬੈਸਟ ਅਦਾਕਾਰ ਦੇ ਵਰਗ ਵਿਚ ਸ਼ਾਮਿਲ ਹਾਲੀਵੁਡ ਅਭਿਨੇਤਰੀ ਜੈਸਿਕਾ ਇਸ ਗੱਲ ਦਾ ਆਮ ਜ਼ਿਕਰ ਕਰਦੀ ਹੈ ਕਿ ਕਿਸ ਤਰ੍ਹਾਂ 25 ਘੰਟੇ ਦੇ ਹਵਾਈ ਸਫਰ ਤੋਂ ਬਾਅਦ ਸਿੱਧਾ ਹੀ ਸੈਟ 'ਤੇ ਜਾ ਕੇ ਸੂਟਿੰਗ ਸ਼ੂਰੂ ਕਰਨੀ ਪਈ। ਇਕ ਹੋਰ ਭਾਰਤੀ ਗੀਤਕਾਰ ਤੇ ਗਾਇਕ ਕਲਾਕਾਰ ਬੰਬੇ ਜੈ ਸ੍ਰੀ ਨੇ ਡਾਨਾ ਨਾਲ ਫਿਲਮ 'ਲਾਈਫ ਆਫ ਪਾਈ' ਵਿਚ ਇਕ ਲੋਰੀ ਗਾਈ ਹੈ ਤੇ ਇਹ ਮੌਲਿਕ ਗੀਤ ਵਰਗ ਵਿਚ ਨਾਮਜ਼ਦ ਹੋਈ ਹੈ। ਇਨ੍ਹਾਂ ਫਿਲਮਾਂ ਵਿਚੋਂ ਕਿਸੇ ਨੂੰ ਵੀ ਆਸਕਰ ਮਿਲਦਾ ਹੈ ਤਾਂ ਇਹ ਭਾਰਤੀ ਕਲਾਕਾਰ ਲਈ ਮਾਣ ਵਾਲੀ ਗੱਲ ਹੋਵੇਗੀ। ਆਸਕਰ ਅਵਾਰਡ ਸਮਾਗਮ 24 ਫਰਵਰੀ 2013 ਨੂੰ ਡੋਲਬੀ ਥਿਏਟਰ ਬੈਵਰਲੀ ਹਿੱਲ, ਕੈਲੀਫੋਰਨੀਆ 'ਚ ਹੋ ਰਿਹਾ ਹੈ।

***-ਸੁਰਿੰਦਰ ਸਿੰਘ ਭਾਟੀਆ***

# ਪੰਜਾਬੀ ਸਿਨੇਮਾ: ਤਜਰਬਿਆਂ ਦਾ ਦੌਰ

ਸਾਲ 2012 ਪੰਜਾਬੀ ਸਿਨੇਮਾ ਜਗਤ ਲਈ ਨਵੇਂ ਤਜਰਬਿਆਂ ਭਰਿਆ ਰਿਹਾ। ਇਹ ਵਰ੍ਹਾ ਪਿਛਲੇ ਸਮੇਂ ਦੀ ਨਿਸਬਤ ਕਈ ਪੱਖਾਂ ਤੋਂ ਪੰਜਾਬੀ ਸਿਨੇਮੇ ਲਈ ਖ਼ਾਸ ਕਿਹਾ ਜਾ ਸਕਦਾ ਹੈ। ਇਸ ਵਰ੍ਹੇ ਪਿਛਲੇ ਕੋਈ 5 ਸਾਲਾਂ ਦੇ ਮੁਕਾਬਲੇ ਸਭ ਤੋਂ ਵੱਧ 27 ਫ਼ਿਲਮਾਂ ਰਿਲੀਜ਼ ਹੋਈਆ। ਇਹ ਫ਼ਿਲਮਾਂ ਬੇਸ਼ੱਕ ਵਿਸ਼ਾ ਪੱਖ ਤੋਂ ਇਕ ਦੂਜੇ ਤੋਂ ਵੱਖਰੀਆਂ ਸਨ ਪਰ ਫਿਰ ਵੀ ਜ਼ਿਆਦਾਤਰ ਫ਼ਿਲਮਸਾਜ਼ਾਂ ਨੇ ਮੌਲਿਕਤਾ ਦੇ ਨਾਂ 'ਤੇ ਦੁਹਰਾਅ ਹੀ ਪੇਸ਼ ਕੀਤਾ। ਇਨ੍ਹਾਂ ਫ਼ਿਲਮਾਂ ਰਾਹੀਂ ਪ੍ਰਚਾਰੀ ਜਾ ਰਹੀ ਪੰਜਾਬੀਆਂ ਦੀ ਜੀਵਨ ਸ਼ੈਲੀ, ਸੁਹਜ, ਸੁਆਦ ਬਿਲਕੁਲ ਆਮ ਵਿਅਕਤੀ ਦੇ ਉਲਟ ਹਨ। ਇਹ ਫ਼ਿਲਮਾਂ ਪੰਜਾਬੀ ਸਮਾਜ ਦੀ ਖਾਂਦੀ-ਪੀਂਦੀ ਸ਼੍ਰੇਣੀ ਦਾ ਸੱਚ ਤਾਂ ਹੋ ਸਕਦੀਆਂ ਹਨ ਪਰ ਆਮ ਵਿਅਕਤੀ ਦੀ ਜ਼ਿੰਦਗੀ ਦੇ ਨੇੜੇ ਵੀ ਨਹੀਂ ਢੁਕਦੀਆਂ।

ਕਿਸੇ ਭਾਸ਼ਾ ਦੇ ਪ੍ਰਚਾਰ, ਪ੍ਰਸਾਰ ਤੇ ਉਸ ਦੀ ਹੋਂਦ ਨੂੰ ਬਣਾਈ ਰੱਖਣ ਲਈ ਸਿਨੇਮੇ ਵਰਗੇ ਮਾਧਿਅਮ ਦਾ ਹੋਣਾ ਲਾਜ਼ਮੀ ਹੈ ਕਿਉਂਕਿ ਸਿਨੇਮਾ ਸੰਚਾਰ ਦਾ ਇਕ ਅਜਿਹਾ ਮਾਧਿਅਮ ਹੈ ਜਿਸ ਦਾ ਪ੍ਰਭਾਵ ਨਾ ਸਿਰਫ ਪੜ੍ਹੇ ਲਿਖੇ ਲੋਕ ਕਬੂਲਦੇ ਹਨ ਸਗੋਂ ਅਨਪੜ੍ਹ ਵਿਅਕਤੀ ਨੂੰ ਵੀ ਇਹ ਓਨਾ ਹੀ ਪ੍ਰਭਾਵਤ ਕਰਦਾ ਹੈ। ਅਜੋਕੀਆਂ ਪੰਜਾਬੀ ਫ਼ਿਲਮਾਂ ਵਿੱਤੀ ਤੌਰ 'ਤੇ ਸਫ਼ਲ ਤਾਂ ਹੋ ਰਹੀਆਂ ਹਨ ਪਰ ਆਮ ਬੰਦਾ ਜਾਂ ਪੰਜਾਬੀ ਜਨ ਜੀਵਨ ਇਨ੍ਹਾਂ ਵਿਚੋਂ ਭਾਲਿਆ ਨਹੀਂ ਮਿਲਦਾ।

ਇਸ ਸਾਲ ਰਿਲੀਜ਼ ਹੋਈਆਂ ਫ਼ਿਲਮਾਂ ਵਿਚੋਂ ਗਾਇਕ ਦਿਲਜੀਤ ਦੁਸਾਂਝ ਅਭਿਨੀਤ ਤੇ ਨਿਰਦੇਸ਼ਕ ਅਨੁਰਾਗ ਸਿੰਘ ਦੀ ਫ਼ਿਲਮ 'ਜੱਟ ਐਂਡ ਜੂਲੀਅਟ' ਤੇ ਗਿੱਪੀ ਗਰੇਵਾਲ ਅਭਿਨੀਤ ਤੇ ਨਿਰਦੇਸ਼ਕ ਸਮੀਪ ਕੰਗ ਦੀ ਫ਼ਿਲਮ 'ਕੈਰੀ ਆਨ ਜੱਟਾ' ਨੇ ਸਫ਼ਲਤਾ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ। ਕਮੇਡੀ ਤੇ ਰੁਮਾਂਸ ਦੀ ਸ਼੍ਰੇਣੀ ਵਿਚ ਸ਼ਾਮਲ ਇਨ੍ਹਾਂ ਫ਼ਿਲਮਾਂ ਨੇ ਪੰਜਾਬੀ ਸਿਨੇਮਾ ਤੋਂ ਉਕਤਾ ਚੁੱਕੇ ਸ਼ਹਿਰੀ ਵਰਗ ਨੂੰ ਵੀ ਮੁੜ ਪੰਜਾਬੀ ਸਿਨੇਮੇ ਨਾਲ ਜੋੜਿਆ। ਨਿਰਦੇਸ਼ਕ ਮਨਮੋਹਨ ਸਿੰਘ ਦੀਆਂ ਪਰਦੇਸ ਬਾਰੇ ਫ਼ਿਲਮਾਂ 'ਜੀ ਆਇਆਂ ਨੂੰ' ਤੇ 'ਅਸਾਂ ਨੂੰ ਮਾਣ ਵਤਨਾਂ ਦਾ' ਤੋਂ ਬਾਅਦ ਬਹੁਗਿਣਤੀ ਫ਼ਿਲਮਾਂ ਇਸੇ ਵਿਸ਼ੇ ਦੇ ਇਰਦ-ਗਿਰਦ ਘੁੰਮਣ ਲੱਗ ਗਈਆਂ ਸਨ।




ਉਸੇ ਤਰ੍ਹਾਂ ਹੁਣ ਇਨ੍ਹਾਂ ਦੋਵਾਂ ਫ਼ਿਲਮਾਂ ਤੋਂ ਬਾਅਦ ਬਿਨਾਂ ਸਿਰ ਪੈਰ ਤੋਂ ਕਮੇਡੀ ਫ਼ਿਲਮਾਂ ਦਾ ਰੁਝਾਨ ਸ਼ੁਰੂ ਹੋ ਗਿਆ। ਇਨ੍ਹਾਂ ਦੋਵਾਂ ਫ਼ਿਲਮਾਂ ਤੋਂ ਬਾਅਦ ਹੋਰਾਂ ਫ਼ਿਲਮਾਂ ਦੀ ਗੱਲ ਕਰੀਏ ਤਾਂ ਨਿਰਦੇਸ਼ਕ ਬਲਜੀਤ ਦਿਓ ਤੇ ਗਿੱਪੀ ਗਰੇਵਾਲ ਦੀ ਫ਼ਿਲਮ 'ਮਿਰਜ਼ਾ', ਬੱਬੂ ਮਾਨ ਦੀ ਫ਼ਿਲਮ 'ਦੇਸੀ ਰੋਮੀਓ' ਨੂੰ ਵੀ ਕਿਸੇ ਹੱਦ ਤਕ ਦਰਸ਼ਕਾਂ ਨੇ ਪਸੰਦ ਕੀਤਾ ਪਰ ਇਹ ਫ਼ਿਲਮਾਂ ਉਹ ਕਮਾਲ ਨਾ ਕਰ ਸਕੀਆਂ ਜਿਸ ਦੀ ਇਨ੍ਹਾਂ ਤੋਂ ਆਸ ਸੀ। ਉਘੇ ਫ਼ਿਲਮਸਾਜ਼ ਮਨਮੋਹਨ ਸਿੰਘ ਦੀ ਫ਼ਿਲਮ 'ਅੱਜ ਦੇ ਰਾਂਝੇ', ਗਾਇਕ ਰਵਿੰਦਰ ਗਰੇਵਾਲ ਦੀ ਪਲੇਠੀ ਫ਼ਿਲਮ 'ਰੌਲਾ ਪੈ ਗਿਆ' ਤੇ ਗੈਵੀ ਚਾਹਲ ਤੇ ਨੀਰੂ ਬਾਜਵਾ ਦੀ ਫ਼ਿਲਮ 'ਪਿੰਕੀ ਮੋਗੇ ਵਾਲੀ' ਵੀ ਬੇਸ਼ੱਕ ਦਰਸ਼ਕਾਂ ਨੂੰ ਖਿੱਚਣ ਵਿਚ ਕਾਮਯਾਬ ਰਹੀਆਂ ਪਰ ਇਨ੍ਹਾਂ ਫ਼ਿਲਮਾਂ ਦਾ ਹਸ਼ਰ ਕੋਈ ਬਹੁਤਾ ਵਧੀਆ ਨਹੀਂ ਹੋਇਆ।

ਮਰਹੂਮ ਜਸਪਾਲ ਭੱਟੀ ਦੀ ਫ਼ਿਲਮ 'ਪਾਵਰ ਕੱਟ' ਬੇਸ਼ੱਕ 'ਮਾਹੌਲ ਠੀਕ ਹੈ' ਦੀ ਸਫ਼ਲਤਾ ਨਹੀਂ ਦੁਹਰਾ ਸਕੀ ਪਰ ਇਸ ਫ਼ਿਲਮ ਨੇ ਸ਼ਹਿਰੀ ਵਰਗ ਨਾਲ ਸਬੰਧਤ ਪਰਿਵਾਰਾਂ ਨੂੰ ਸਿਨੇਮਾ ਘਰਾਂ ਨਾਲ ਜ਼ਰੂਰ ਜੋੜਿਆ। 'ਬੁਰਰਰਹਾ' ਫ਼ਿਲਮ ਵੀ ਨੌਜਵਾਨਾਂ ਦੀ ਪਸੰਦ ਬਣੀ ਪਰ ਵਿੱਤ ਪੱਖੋਂ ਇਸ ਦੀਆਂ ਗੋਡੀਆਂ ਲੱਗ ਗਈਆਂ। ਫ਼ਿਲਮ 'ਮੁੰਡੇ ਪਟਿਆਲੇ ਦੇ', 'ਯਾਰਾਂ ਨਾਲ ਬਹਾਰਾਂ-2', 'ਦਿਲ ਤੈਨੂੰ ਕਰਦਾ ਹੈ ਪਿਆਰ', 'ਯਾਰ ਪਰਦੇਸੀ' ਤੇ 'ਸਾਡੀ ਵੱਖਰੀ ਹੈ ਸ਼ਾਨ' ਨੂੰ ਸਭ ਤੋਂ ਘੱਟ ਦਰਸ਼ਕ ਨਸੀਬ ਹੋਏ।


## 2012
### ਰਿਲੀਜ਼ ਫ਼ਿਲਮਾਂ

'ਪਿਓਰ ਪੰਜਾਬੀ', 'ਪਤਾ ਨਹੀਂ ਰੱਬ ਕਿਹੜਿਆਂ ਰੰਗਾਂ 'ਚ ਰਾਜ਼ੀ', 'ਰਹਿਮਤਾਂ', 'ਮਿਰਜ਼ਾ', 'ਆਪਾਂ ਫਿਰ ਮਿਲਾਂਗੇ', 'ਰਹੇ ਚੜ੍ਹਦੀ ਕਲਾ ਪੰਜਾਬ ਦੀ', 'ਕਬੱਡੀ ਵੰਨਸ ਅਗੇਨ', 'ਦੇਸੀ ਰੋਮੀਓ', 'ਜੱਟ ਐਂਡ ਜੂਲੀਅਟ', 'ਯਾਰਾਂ ਨਾਲ ਬਹਾਰਾਂ-2, 'ਕੈਰੀ ਆਨ ਜੱਟਾ', 'ਸਿਰਫਿਰੇ', 'ਅੰਨ੍ਹੇ ਘੋੜੇ ਦਾ ਦਾਨ', 'ਯਾਰ ਪਰਦੇਸੀ', 'ਰੌਲਾ ਪੈ ਗਿਆ', 'ਅੱਜ ਦੇ ਰਾਂਝੇ', 'ਪਿੰਕੀ ਮੋਗੇ ਵਾਲੀ', 'ਸਾਡੀ ਵੱਖਰੀ ਹੈ ਸ਼ਾਨ', 'ਬੁਰਰਰਹਾ', 'ਪਾਵਰ ਕੱਟ', 'ਦਿਲ ਤੈਨੂੰ ਕਰਦਾ ਹੈ ਪਿਆਰ' ਤੇ 'ਮੁੰਡੇ ਪਟਿਆਲੇ ਦੇ'।

ਪਿਛਲੇ ਦੋ ਸਾਲਾਂ ਤੋਂ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਫ਼ਿਲਮ 'ਅੰਨ੍ਹੇ ਘੋੜੇ ਦਾ ਦਾਨ' ਬੇਸ਼ੱਕ ਰਿਲੀਜ਼ ਕਰ ਦਿੱਤੀ ਗਈ ਹੈ ਪਰ ਇਹ ਕੁਝ ਕੁ ਹੀ ਸਿਨੇਮਾਘਰਾਂ ਵਿਚ ਲੱਗਣ ਕਾਰਨ ਆਮ ਦਰਸ਼ਕਾਂ ਦੀ ਪਹੁੰਚ ਵਿਚ ਨਾ ਆ ਸਕੀ। ਪਦਮਸ੍ਰੀ ਗੁਰਦਿਆਲ ਸਿੰਘ ਦੇ ਨਾਵਲ 'ਅੰਨ੍ਹੇ ਘੋੜੇ ਦਾ ਦਾਨ' 'ਤੇ ਬਣੀ ਇਸ ਫ਼ਿਲਮ ਨੂੰ ਹੋਰਾਂ ਐਵਾਰਡਾਂ ਸਮੇਤ ਨਵੰਬਰ ਵਿਚ ਗੋਆ ਵਿਚ ਹੋਏ 43ਵੇਂ ਕੌਮਾਂਤਰੀ ਫ਼ਿਲਮ ਫੈਸਟੀਵਲ ਵਿਚ ਕੌਮਾਂਤਰੀ ਸ਼੍ਰੇਣੀ ਵਿਚ ਬਿਹਤਰੀਨ ਫ਼ਿਲਮ ਦਾ ਐਵਾਰਡ ਮਿਲਿਆ ਹੈ। ਫ਼ਿਲਮ ਨੂੰ ਐਵਾਰਡ ਮਿਲਣ ਦੇ ਨਾਲ ਨਾਲ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਆਖਰ ਇਸ ਫ਼ਿਲਮ ਨੂੰ ਖੁੱਲ੍ਹੇ ਰੂਪ ਵਿਚ ਦਰਸ਼ਕਾਂ ਦੇ ਸਨਮੁਖ ਕਿਉਂ ਨਹੀਂ ਕੀਤਾ ਜਾਂਦਾ। ਇਸ ਵਰ੍ਹੇ ਗਾਇਕ ਤੋਂ ਨਾਇਕ ਬਣਨ ਦਾ ਰੁਝਾਨ ਜਾਰੀ ਰਿਹਾ ਤੇ ਕੁਟ ਨਵੇਂ ਚਿਹਰੇ ਵੀ ਸਾਹਮਣੇ ਆਏ। ਰਵਿੰਦਰ ਗਰੇਵਾਲ ਤੇ ਗੀਤਾ ਜ਼ੈਲਦਾਰ ਵਰਗੇ ਕੁਝ ਗਾਇਕਾਂ ਤੇ ਮਾਡਲਾਂ ਨੇ ਵੀ ਫ਼ਿਲਮਾਂ ਵਿਚ ਹੱਥ ਅਜਮਾਇਆ ਹੈ। ਪੰਜਾਬੀ ਸਿਨੇਮਾ ਤਕਨੀਕ ਪੱਖੋਂ ਵੀ ਮਜ਼ਬੂਤ ਹੁੰਦਾ ਜਾ ਰਿਹਾ ਹੈ।

ਬੇਸ਼ੱਕ ਪਿਛਲੇ ਦੋ ਦਹਾਕਿਆਂ ਤੋਂ ਪੰਜਾਬੀ ਸੱਭਿਆਚਾਰ ਵਿਚ ਆ ਰਹੀਆਂ ਲਗਾਤਾਰ ਤਬਦੀਲੀਆਂ ਦਾ ਅਸਰ ਪੰਜਾਬੀ ਫ਼ਿਲਮਾਂ 'ਤੇ ਵੀ ਪੈ ਰਿਹਾ ਹੈ ਪਰ ਪੰਜਾਬੀ ਫ਼ਿਲਮਾਂ ਵਿਚ ਜਿਸ ਤਰ੍ਹਾਂ ਦਾ ਮਾਹੌਲ ਤੇ ਵਾਤਾਵਰਣ ਸਿਰਜਿਆ ਜਾ ਰਿਹਾ ਹੈ ਇਹ ਪੰਜਾਬ ਦੀ ਧਨਾਢ ਸ਼੍ਰੇਣੀ ਦਾ ਸੱਚ ਤਾਂ ਹੋ ਸਕਦਾ ਹੈ ਪਰ ਸਮੁੱਚੇ ਸਮਾਜ ਦਾ ਨਹੀਂ। ਅਸਲ ਵਿਚ ਪੰਜਾਬੀ ਫ਼ਿਲਮਾਂ ਵਿਚ ਪ੍ਰਤੀਬੱਧਤਾ ਦੀ ਘਾਟ ਲਗਾਤਾਰ ਦ੍ਰਿਸ਼ਟੀਗੋਚਰ ਹੋ ਰਹੀ ਹੈ। ਇਸ ਪੱਖੋਂ 2013 ਵਿਚ ਰਿਲੀਜ਼ ਹੋ ਰਹੀਆਂ ਦੋ ਫਿਲਮਾਂ 'ਸਰਸਾ' (ਡਾਇਰੈਕਟਰ ਜਤਿੰਦਰ ਮੌਹਰ) ਅਤੇ 'ਨਾਬਰ' (ਡਾਇਰੈਕਟਰ ਰਾਜੀਵ ਸ਼ਰਮਾ) ਆਸ ਬੰਨ੍ਹਾਉਂਦੀਆਂ ਹਨ ਕਿ ਇਸ ਦੌਰ ਵਿਚ ਅਜਿਹੀਆਂ ਵਿਚਾਰ-ਉਕਸਾਊ ਫਿਲਮਾਂ ਵੀ ਬਣ ਰਹੀਆਂ ਹਨ।

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF | MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information



www.markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

United Sports Club of California
33272 Palomino Common, Fremont, CA, USA 94555
Phone: 510-468-9381
Website: http://usportsca.org/

ਨਸ਼ੇ ਛੱਡੋ। DRUGS ਨਸ਼ਾ ਵਿਰੋਧੀ ਅਪੀਲ DRUGS ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ।ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।



ਭਾਰਤ ਸਰਕਾਰ ਦੁਆਰਾ ਮੰਨਜੂਰਸ਼ੁਦਾ ਮੁਫਤ ਨਸ਼ਾ ਛਡਾਊ ਕੇਦਰਾਂ ਵਿੱਚ ਲੋੜਵੰਦ ਵਲੰਟੀਅਰ ਬਣਕੇ ਅੱਗੇ ਆਉਣ- ਸ. ਗੁਰਮੁੱਖ ਸਿੰਘ (98555-82239)

ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) ਬਲਵੀਰ ਸਿੰਘ ਭਾਟੀਆ (ਪ੍ਰਧਾਨ) ਗੁਰਦਾਵਰ ਸਿੰਘ ਮਹੇੜੂ ਜੁਗਰਾਜ ਸਿੰਘ ਸਹੋਤਾ

831-247-4637 510-677-6248 2gsmann@gmail.com 510-673-0825

Makhan S. Bains Narinder S. Sahota Palwinder S. Gakhal Kuldip S. Mann

Iqbal S. Gakhal Parmjit S. Sandhu Dalvinder S. Padda Sadhu S. Khalour

www.punjabtimesusa.com

Radio Chardi Kala
Listen Live 24/7
www.radiock.com
Dial To Listen
832-551-5038

Promotes Healthy Enviornment

ਮਾਂ ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ।

ਲੱਚਰ ਗਾਇਕੀ ਰਾਹੀ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਦਾ ਸਮਾਜਕ ਬਾਈਕਾਟ ਕਰੋ।

# ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦਸ਼ਮੇਸ਼ ਪਿਤਾ ਦੇ ਜਨਮ ਦਿਹਾੜੇ ਦੀ ਲੱਖ ਲੱਖ ਵਧਾਈ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

**If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.**

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

ਨਿਰਵਿਘਨ ਪ੍ਰਕਾਸ਼ਨ ਦੇ 14ਵੇਂ ਸਾਲ 'ਚ (ਪਹਿਲੀ ਜਨਵਰੀ 2000-2013)

ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸ਼ੁਭਚਿੰਤਕਾਂ ਵਲੋਂ ਸਭ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ

ਪਿਛਲੇ 13 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ



ਜਗਦੀਸ਼ਰ ਸਿੰਘ ਕਲੇਰ | ਹੈਪੀ ਹੀਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਥਿਆੜਾ | ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਅਯੁਧਿਆ ਸਲਵਾਨ

**ਪੰਜਾਬ ਟਾਈਮਜ਼**
**ਦੀ 13ਵੀਂ ਵਰ੍ਹੇਗੰਢ ਮੌਕੇ**
**ਪੰਜਾਬ ਟਾਈਮਜ਼ ਨਾਈਟ**
**6 ਅਪਰੈਲ 2013**
(ਇੰਡੀਆ ਹਾਊਸ, ਸ਼ਾਮਬਰਗ)

## ਸਾਡੇ ਕਾਲਮਨਵੀਸ



ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਸੁਰਜੀਤ ਕੌਰ | ਬਲਜੀਤ ਬਾਸੀ | ਜਤਿੰਦਰ ਪਨੂੰ | ਕੁਲਵੰਤ ਸਿੰਘ ਰੋਮਾਣਾ | ਮੇਜਰ ਕੁਲਾਰ | ਇਕਬਾਲ ਜੱਬੋਵਾਲ | ਸਵਰਨ ਟਹਿਣਾ | ਨਿੰਮਾ ਡੱਲੇਵਾਲਾ | ਬੌਬ ਖਹਿਰਾ

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*